**Reo-Bankowned Properties**
From San Jose to Sacramento
JASSI GILL Broker/Owner
510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969

Jassi Gill
CA DRE# 00966763

**Hardeep S.Rai**
ਇੰਮੇਗਰੇਸ਼ਨ ਵਕੀਲ Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Twelfth Year in Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 49, December 3, 2011 20451 N Plum Grove Rd. Palatine, IL 60074 Ph:847-359-0746, Fax:847-705-9388



*ਵਿਰਾਸਤ-ਏ-ਖਾਲਸਾ ਦਾ ਉਦਘਾਟਨ:ਅਨੰਦਪੁਰ ਸਾਹਿਬ ਵਿਚ ਵਿਰਾਸਤ-ਏ-ਖਾਲਸਾ ਦੀ ਉਦਘਾਟਨੀ ਰਸਮ ਮੌਕੇ ਪੰਜਾਂ ਤਖਤਾਂ ਦੇ ਜਥੇਦਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਭਾਜਪਾ ਪ੍ਰਧਾਨ ਨਿਤਿਨ ਗਡਕਰੀ ਅਤੇ ਆਰਚੀਟੈਕਟ ਮੋਸ਼ੇ ਸਫਦੀ ਨਾਲ। ਹੋਰ ਖਬਰਾਂ ਸਫ਼ਾ 8 ਅਤੇ 22 ਉਤੇ ਪੜ੍ਹੋ।*

# ਅਕਾਲੀਆਂ ਦੀ ਕਾਹਲੀ ਨੂੰ ਫਿਲਹਾਲ ਬੂਰ ਨਾ ਪਿਆ

## ਤੀਜੇ ਮੋਰਚੇ ਨੇ ਸੱਚੀਂ-ਮੁੱਚੀਂ ਮੱਲਿਆ ਮੋਰਚਾ

**ਚੰਡੀਗੜ੍ਹ (ਪਰਤਾਪ ਸਿੰਘ ਵਿਰਕ):** ਸ਼੍ਰੋਮਣੀ ਅਕਾਲੀ ਦਲ ਭਾਵੇਂ ਆ ਰਹੀਆਂ ਵਿਧਾਨ ਸਭਾ ਚੋਣਾਂ ਜਿੱਤਣ ਲਈ ਹਰ ਤਰੱਦਦ ਕਰ ਰਿਹਾ ਹੈ ਪਰ ਪਿਛਲੇ 5 ਸਾਲ ਦੀ ਮਾੜੀ ਕਾਰਗੁਜ਼ਾਰੀ ਅਤੇ ਮਾੜੇ ਫੈਸਲਿਆਂ ਕਾਰਨ ਰੁੱਸੇ ਅਤੇ ਰੋਹ ਜ਼ਾਹਿਰ ਕਰ ਰਹੇ ਲੋਕ ਅਕਾਲੀਆਂ ਦੇ ਹੱਕ ਵਿਚ ਨੰਗੇ ਧੜ ਤੁਰਨ ਤੋਂ ਟਾਲਾ ਹੀ ਵੱਟ ਰਹੇ ਹਨ।

**ਪੰਜਾਬ ਦਾ ਸਿਆਸੀ ਦ੍ਰਿਸ਼**

ਲੋਕ ਭਲਾਈ ਪਾਰਟੀ ਦੇ ਅਕਾਲੀ ਦਲ ਵਿਚ ਰਲੇਵੇਂ ਨੂੰ ਜਿਸ ਪੱਧਰ 'ਤੇ ਪ੍ਰਚਾਰਿਆ ਗਿਆ ਸੀ, ਲੋਕਾਂ ਨੇ ਉਸ ਵੱਲ ਬਹੁਤੀ ਤਵੱਜੋ ਹੀ ਨਹੀਂ ਦਿੱਤੀ ਹੈ ਅਤੇ ਨਾ ਹੀ ਸਿਆਸੀ ਪੰਡਿਤਾਂ ਨੇ ਇਸ ਨੂੰ ਅਕਾਲੀਆਂ ਲਈ ਹੁੱਬਣ ਵਾਲਾ ਕੋਈ ਫੈਸਲਾ ਕਰਾਰ ਦਿੱਤਾ ਹੈ।

ਸਿਆਸੀ ਪੰਡਿਤਾਂ ਦਾ ਕਹਿਣਾ ਹੈ ਕਿ ਲੋਕ ਭਲਾਈ ਪਾਰਟੀ ਦੇ ਮੁਖੀ ਬਲਵੰਤ ਸਿੰਘ ਰਾਮੂਵਾਲੀਆ ਦਾ 'ਵਨ ਮੈਨ ਸ਼ੋਅ' ਹੀ ਸੀ। ਪੰਜਾਬ ਦੀ ਸਿਆਸਤ ਵਿਚ ਇਸ ਦਾ ਕੋਈ ਵੱਡਾ ਅਸਰ ਨਹੀਂ ਪੈਣਾ।

ਉਂਜ, ਸੂਬੇ ਵਿਚ ਇਸ ਵੇਲੇ ਸਿਆਸੀ ਘਮਸਾਣ ਸਿਖਰ 'ਤੇ ਹੈ। ਸਿਆਸੀ ਪਰਟੀਆਂ ਦੇ ਨਾਲ-ਨਾਲ ਸਿਆਸਤ ਦੀ ਪੜਚੋਲ ਕਰਨ ਵਾਲਿਆਂ ਲਈ ਵੀ ਇਸ ਵਾਰ ਵੋਟਰਾਂ ਦੀ ਮਾਨਸਿਕਤਾ ਨੂੰ ਪੜ੍ਹਨਾ ਔਖਾ ਸਾਬਤ ਹੋ ਰਿਹਾ ਹੈ। ਸਾਰੀਆਂ ਪਾਰਟੀਆਂ ਭਾਵੇਂ ਵੱਡੇ-ਵੱਡੇ ਦਾਅਵੇ ਕਰ ਰਹੀਆਂ ਹਨ ਪਰ ਲੋਕਾਂ ਦੀ 'ਸਮਝਦਾਰੀ ਵਾਲੀ ਪਹੁੰਚ' ਨੂੰ ਵੇਖਦਿਆਂ ਭਵਿੱਖ ਪ੍ਰਤੀ ਫਿਕਰਮੰਦ ਵੀ ਹਨ। ਕਾਂਗਰਸ ਤੇ ਅਕਾਲੀ ਦਲ

*(ਬਾਕੀ ਸਫਾ 6 'ਤੇ)*

# ਸਿੱਧੇ ਵਿਦੇਸ਼ੀ ਨਿਵੇਸ਼ ਬਾਰੇ ਅਕਾਲੀ ਦਲ ਕਸੂਤਾ ਫਸਿਆ

## ਅਕਾਲੀਆਂ ਵੱਲੋਂ ਪ੍ਰਧਾਨ ਮੰਤਰੀ ਨੂੰ ਵਧਾਈ, ਭਾਜਪਾ ਵੱਲੋਂ ਅਕਾਲੀਆਂ 'ਤੇ ਦਬਾਅ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਯੂ.ਪੀ.ਏ. ਸਰਕਾਰ ਵੱਲੋਂ ਬਹੁ-ਬ੍ਰਾਂਡ ਪਰਚੂਨ ਸੈਕਟਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਖੁੱਲ੍ਹ ਦੇਣ ਦੀ ਹਮਾਇਤ ਕਰਕੇ ਸ਼੍ਰੋਮਣੀ ਅਕਾਲੀ ਦਲ ਕਸੂਤੀ ਹਾਲਤ 'ਚ ਫਸ ਗਿਆ ਹੈ ਕਿਉਂਕਿ ਉਸ ਦੀ ਭਾਈਵਾਲ ਪਾਰਟੀ ਭਾਜਪਾ ਇਸ ਮਾਮਲੇ 'ਤੇ ਕੇਂਦਰ ਸਰਕਾਰ ਦਾ ਤਿੱਖਾ ਵਿਰੋਧ ਕਰ ਰਹੀ ਹੈ। ਭਾਜਪਾ ਦਾ ਕਹਿਣਾ ਹੈ ਕਿ ਇਸ ਫ਼ੈਸਲੇ ਨਾਲ ਛੋਟੇ ਕਾਰੋਬਾਰ ਨੂੰ ਨੁਕਸਾਨ ਹੋਵੇਗਾ ਜਦੋਂਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਫ਼ੈਸਲੇ ਲਈ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਵਧਾਈ ਦਿੰਦਿਆਂ ਆਸ ਪ੍ਰਗਟਾਈ ਹੈ ਕਿ ਇਸ ਨਾਲ ਕਿਸਾਨਾਂ ਨੂੰ ਬੇਹੱਦ ਲਾਹਾ ਹੋਵੇਗਾ। ਭਾਰਤੀ ਕਮਿਊਨਿਸਟ ਪਾਰਟੀ, ਸਮਾਜਵਾਦੀ ਜਨਤਾ ਪਾਰਟੀ, ਤ੍ਰਿਣਮੂਲ ਕਾਂਗਰਸ ਸਮੇਤ ਕਈ ਹੋਰ ਪਾਰਟੀਆਂ ਨੇ ਵੀ ਕੇਂਦਰੀ ਵਜ਼ਾਰਤ ਦੇ ਫੈਸਲੇ ਦਾ ਵਿਰੋਧ ਕੀਤਾ ਹੈ।

ਉਧਰ, ਐਨ.ਡੀ.ਏ. ਵੱਲੋਂ ਗਠਜੋੜ ਵਿਚ ਸ਼ਾਮਲ ਪਾਰਟੀਆਂ ਨੂੰ ਇਸ ਮੁੱਦੇ 'ਤੇ ਸਰਕਾਰ ਖਿਲਾਫ ਘੋਲ ਵਿਚ ਸ਼ਾਮਲ ਕਰਨ ਲਈ ਮੀਟਿੰਗ ਸੱਦੀ ਗਈ ਹੈ ਜਿਸ ਬਾਰੇ ਅਕਾਲੀ ਦਲ ਨੂੰ ਵੀ ਸੱਦਾ ਪੱਤਰ ਭੇਜਿਆ ਗਿਆ ਹੈ। ਸੂਤਰਾਂ ਅਨੁਸਾਰ ਐਨ.ਡੀ.ਏ. ਇਸ ਗੱਲ 'ਤੇ ਬਜ਼ਿੱਦ ਹੈ ਕਿ ਇਸ ਸੰਘਰਸ਼ ਵਿਚ ਸਾਰੀਆਂ ਭਾਈਵਾਲ ਪਾਰਟੀਆਂ ਨੂੰ ਵੀ ਸ਼ਾਮਲ ਕੀਤਾ ਜਾਵੇ। ਭਾਜਪਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਕੇਂਦਰੀ ਵਣਜ ਮੰਤਰੀ ਆਨੰਦ ਸ਼ਰਮਾ ਨੂੰ ਪੱਤਰ ਭੇਜ ਕੇ ਬਹੁ-ਬ੍ਰਾਂਡ ਪਰਚੂਨ ਸੈਕਟਰ ਵਿਚ ਵਿਦੇਸ਼ੀ ਨਿਵੇਸ਼ ਖੋਲ੍ਹਣ ਦੇ ਫੈਸਲੇ ਦੀ ਹਮਾਇਤ ਕਰਨ ਤੋਂ ਖਫਾ ਹੈ।

ਇਸੇ ਦੌਰਾਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਇਸ ਫੈਸਲੇ ਨੂੰ ਸਹੀ ਅਤੇ ਸੋਚ-ਵਿਚਾਰ ਕੇ ਕੀਤੀ ਕਾਰਵਾਈ ਕਰਾਰ ਦਿੱਤਾ ਹੈ ਤੇ ਨਾਲ ਹੀ ਇਸ ਮਸਲੇ ਨੂੰ ਲੈ ਕੇ ਵਿਰੋਧੀ ਧਿਰ ਵੱਲੋਂ

*(ਬਾਕੀ ਸਫਾ 6 'ਤੇ)*

**REAL ESTATE & HOME LOANS**

- Low Interest Rate
- 3.5% Down Payment
- Free Credit Report
- Free Pre-Approval

Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
M&M and Associates
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
**Raja SWEETS & CATERING**
follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ

Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

Union Trucking Inc.

Wanted Owner Operators
Immediately

ਬੇਏਰੀਆ ਅਤੇ ਸਟਾਕਟਨ ਏਰੀਏ ਵਿਚ
ਲੋਕਲ ਕੰਮ ਕਰਨ ਲਈ
ਓਨਰ ਅਪਰੇਟਰਾਂ ਦੀ ਤੁਰੰਤ ਲੋੜ ਹੈ



■ ਪੈਸੇ ਦਾ ਭੁਗਤਾਨ ਸਮੇਂ ਸਿਰ
■ ਤੁਸੀਂ ਸਾਡੇ ਟਰੇਲਰ ਵੀ ਵਰਤ ਸਕਦੇ ਹੋ।



ਜੇ ਤੁਸੀਂ ਅਮਰੀਕਾ ਦੀਆਂ 48 ਸਟੇਟਾਂ ਵਿਚ ਕੰਮ ਕਰਨਾ ਚਾਹੁੰਦੇ ਹੋ ਤਾਂ ਵੀ ਸਾਡੇ ਨਾਲ ਸੰਪਰਕ ਕਰ ਸਕਦੇ ਹੋ

ਫੋਨ:510-324-2700

ਯੂਨੀਅਨ ਟਰੱਕਿੰਗ ਇੰਕ



ਸੁੱਖ ਸੰਧੂ
ਫੋਨ:510-673-4537

3995 ਸਮਿਥ ਸਟਰੀਟ, #4 ਯੂਨੀਅਨ ਸਿਟੀ, ਕੈਲੀਫੋਰਨੀਆ
Email: uniontruckinginc@gmail.com


ਹਰਜੋਗ ਪੂਨੀਆ
ਫੋਨ:510-714-6039

Global Eagle Transportation Inc.

Wanted Owner Operator and Drivers Immediately

From Oakland Port and Rail to Red Bluff, Woodland & Sacramento area

- ➔Loads available from Oakland to Tracy and Stockton area.
- ➔Dedicated Local Container work from Oakland Port and Rail
- ➔Hook and Drop in Red Bluff, Woodland & Sac.
- ➔Paid Weekly
- ➔24 Hours Dispatch Available.



Hook & Drop Available

Contact :Bobby Thiara, Jas Gill
Toll Free Phone # 1-800-788-2993
Phone: 510-832-4444, Fax : 510-832-

web site : www.globaleagletrans.com

# ਪੀਪਲਜ਼ ਪਾਰਟੀ ਆਫ ਪੰਜਾਬ ਦੇ ਜਥੇਬੰਦਕ ਢਾਂਚੇ ਦਾ ਐਲਾਨ

**ਚੰਡੀਗੜ੍ਹ:** ਪਾਰਟੀ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਨੇ ਆਪਣੇ ਪਹਿਲੇ ਜਥੇਬੰਦਕ ਢਾਂਚੇ ਦਾ ਐਲਾਨ ਕਰਦਿਆਂ ਮਨਪ੍ਰੀਤ ਸਿੰਘ ਬਾਦਲ ਨੂੰ ਪਾਰਟੀ ਦਾ ਪਹਿਲਾ ਪ੍ਰਧਾਨ ਅਤੇ ਉਘੇ ਅਰਥ ਸ਼ਾਸਤਰੀ ਡਾ. ਸਰਦਾਰਾ ਸਿੰਘ ਜੌਹਲ ਨੂੰ ਸਰਪ੍ਰਸਤ ਬਣਾਇਆ ਹੈ। ਸੀਨੀਅਰ ਮੀਤ ਪ੍ਰਧਾਨਾਂ ਵਿਚ ਜਗਬੀਰ ਸਿੰਘ ਬਰਾੜ, ਕੁਸ਼ਲਦੀਪ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਭੱਟੀ ਤੇ ਦਰਸ਼ਨ ਸਿੰਘ ਮਧੀਰ ਸ਼ਾਮਲ ਹਨ। ਭਗਵੰਤ ਮਾਨ, ਅਭੈ ਸਿੰਘ ਸੰਧੂ (ਸ਼ਹੀਦ ਭਗਤ ਸਿੰਘ ਦਾ ਭਤੀਜਾ), ਕੁਲਦੀਪ ਸਿੰਘ ਢੋਸ, ਬੀਬੀ ਗੁਰਦਿਆਲ ਕੌਰ ਮੱਲਣ, ਸਾਬਕਾ ਮੰਤਰੀ ਰਘੁਬੀਰ ਸਿੰਘ ਤੇ ਸਮਸ਼ੇਰ ਸਿੰਘ ਲਿੱਟ ਨੂੰ ਮੀਤ ਪ੍ਰਧਾਨ ਬਣਾਇਆ ਹੈ। ਜਨਰਲ ਸਕੱਤਰਾਂ ਵਿਚ ਮਾਨਵ ਸਿੰਘ, ਭਾਰਤਭੂਸ਼ਣ ਥਾਪਰ (ਸ਼ਹੀਦ ਸੁਖਦੇਵ ਦਾ ਭਤੀਜਾ), ਗੁਰਮੀਤ ਸਿੰਘ ਦਾਦੂਵਾਲ,

## ਮਨਪ੍ਰੀਤ ਬਣੇ ਪਹਿਲੇ ਪ੍ਰਧਾਨ

ਜਗਜੀਤ ਸਿੰਘ ਘੁੰਗਰਾਣਾ, ਸਾਬਕਾ ਮੰਤਰੀ ਹਰਨੇਕ ਸਿੰਘ ਘੜੂੰਆਂ, ਸੰਤੋਖ ਸਿੰਘ ਰਿਆੜ,





*ਮਨਪ੍ਰੀਤ ਬਾਦਲ ਤੇ ਸਰਦਾਰਾ ਸਿੰਘ ਜੌਹਲ*

ਹਰਭੁਪਿੰਦਰ ਸਿੰਘ ਲਾਡੀ, ਜਗਦੀਪ ਸਿੰਘ ਜਗਰਾਓਂ, ਐਡਵੋਕੇਟ ਬੀ.ਐਸ. ਰਿਆੜ, ਸਤਪਾਲ (ਕਰਤਾਰਪੁਰ), ਰਣਜੋਧ ਸਿੰਘ ਜੋਧਾ ਤੇ ਜਸਵਿੰਦਰ ਸਿੰਘ ਬਿੱਲਾ ਸ਼ਾਮਲ ਹਨ। ਰਾਮਸ਼ਰਨਪਾਲ ਸ਼ਰਮਾ ਖ਼ਜ਼ਾਨਚੀ ਤੇ ਅਰੁਨਜੋਤ ਸਿੰਘ ਸੋਢੀ ਦਫ਼ਤਰ ਦੇ ਪ੍ਰੈਸ ਸਕੱਤਰ ਹੋਣਗੇ।

ਸਕੱਤਰ ਦੇ ਅਹੁਦੇ ਲਈ ਬੀਬੀ ਰਣਜੀਤ ਕੌਰ ਭੱਟੀ, ਸਰਬਜੀਤ ਸਿੰਘ ਮੱਖਣ, ਦਲਜੀਤ ਸਿੰਘ ਸਦਰਪੁਰਾ, ਸਰਵਣ ਸਿੰਘ ਧੁੰਨ, ਸੁਰਿੰਦਰ ਕੁਮਾਰ ਪੱਪੀ, ਮਨਿੰਦਰਪਾਲ ਸਿੰਘ ਪਲਾਸੌਰ, ਕੁਲਵੰਤ ਸਿੰਘ ਲੋਹਗੜ੍ਹ, ਲਖਵਿੰਦਰ ਸਿੰਘ ਲੱਖੀ, ਸਿਤਾਰ ਭੱਟੀ, ਜਸਪਾਲ ਸਿੰਘ ਮੌੜ, ਸਤਪ੍ਰੀਤ ਸਿੰਘ ਤੂਰਾਂ, ਪੰਡਿਤ ਆਨੰਦ ਸ਼ਰਮਾ ਤੇ ਪ੍ਰਦੀਪ ਸਿਬੀਆ ਦੇ ਨਾਮ ਸ਼ਾਮਲ ਹਨ।

ਚੌਧਰੀ ਵਿਜੇਪਾਲ, ਕੁਲਦੀਪ ਸਿੰਘ ਚੀਮਾ, ਸ੍ਰੀਮਤੀ ਰੀਤੂ ਪੰਡਿਤ, ਜਸਬੀਰ ਸਿੰਘ ਜੱਸੀ ਸੇਖੋਂ, ਭੁਪਿੰਦਰ ਸਿੰਘ ਪੱਪੂ ਅਜੜਾਮ, ਅਮਨਪ੍ਰੀਤ ਸਿੰਘ ਛੀਨਾ, ਗੁਰਜੀਵਨ ਸਿੰਘ ਡਿੰਪਲ ਦੁਗਾਲ, ਸੁਖਜਿੰਦਰ ਸਿੰਘ ਟਾਂਡਾ, ਸੁਖਪਾਲ ਸਿੰਘ ਭੁੱਲਰ, ਰੁਪਿੰਦਰ ਸਿੰਘ ਬਰਾੜ, ਮਹਿੰਦਰ ਸਿੰਘ ਸਿੱਧੂ ਤੇ ਗੁਰਮੀਤ ਸਿੰਘ ਬੱਲੋਂ ਸੰਯੁਕਤ ਸਕੱਤਰ ਬਣਾਏ ਗਏ ਹਨ। ਇਨ੍ਹਾਂ ਤੋਂ ਇਲਾਵਾ 51 ਆਗੂਆਂ ਨੂੰ ਸਪੈਸ਼ਲ ਇਨਵਾਇਟੀ ਬਣਾਇਆ ਗਿਆ ਹੈ। ਇਨ੍ਹਾਂ 'ਚ ਐਡਵੋਕੇਟ ਕਰਮਜੀਤ ਕੌਰ ਦੁੱਮਣਾ, ਐਡਵੋਕੇਟ ਕਮਲੇਸ਼ ਕੁਮਾਰੀ ਬਾਵਾ, ਐਡਵੋਕੇਟ ਦਿਲਬਾਗ ਸਿੰਘ ਮਾਂਗਟ, ਅਵਤਾਰ ਸਿੰਘ ਹਰਪਾਲਪੁਰ, ਅਵਤਾਰ ਸਿੰਘ ਮੱਲਾ, ਭਗਵੰਤ ਸਿੰਘ ਬਲਟਾਣਾ, ਬੀਬੀ ਬਲਵਿੰਦਰ ਕੌਰ ਖੁਸਰੋਪੁਰ, ਬ੍ਰਿਗੇ. ਹਰਵੰਤ ਸਿੰਘ, ਚੌਧਰੀ ਨੇਮ ਚੰਦ, ਦਲਬੀਰ ਸਿੰਘ ਧੂਰੀ, ਦੀਪਕ ਪੁਰੀ, ਡਾ. ਏ.ਐਸ. ਮਾਨ, ਡਾ. ਕਸ਼ਮੀਰ ਸੋਹਲ, ਡਾ. ਨਵਜੋਤ ਸਿੰਘ ਦਹੀਆ, ਡਾ. ਰਾਜ ਸਿੰਘ ਜਲਾਲਾਬਾਦ, ਡਾ. ਰਵਿੰਦਰ ਸਿੰਘ ਧਾਰੀਵਾਲ, ਗੁਰਦੇਵ ਸਿੰਘ ਗਿੱਲ, ਗੁਰਮੀਤ ਸਿੰਘ ਨਡਾਲਾ, ਹਰਦੇਵ ਸਿੰਘ ਬਾਦਲ, ਹਰਜੀਵਨਪਾਲ ਸਿੰਘ ਗਿੱਲ, ਹਰਮਨਪ੍ਰੀਤ ਸਿੰਘ ਡਿੱਕੀ, ਜਗਜੀਤ ਸਿੰਘ ਸਿੱਧੂ ਤਲਵੰਡੀ ਸਾਬੋ, ਜੈਮਲ ਸਿੰਘ ਸੁਲਤਾਨਪੁਰ ਲੋਧੀ, ਜਸਮੇਲ ਸਿੰਘ ਬੋਂਦਲੀ, ਜਸਬੀਰ ਸਿੰਘ ਸ਼ਾਮ, ਜਸਵਿੰਦਰ ਸਿੰਘ ਕੁੱਸਾ, ਜਥੇਦਾਰ ਅਜੀਤ ਸਿੰਘ ਸਾਹਿਬਆਣਾ, ਜੋਗਾ ਸਿੰਘ ਚੱਪੜ, ਕਿਰਪਾਲ ਸਿੰਘ ਗੇਰਾ, ਕੁਲਵਿੰਦਰ ਸਿੰਘ ਕਾਲਾ, ਮਹਿੰਦਰ ਪਾਲ ਸਿੰਘ ਜੱਸਲ, ਮਨਮੋਹਣ ਸਿੰਘ ਗੁਮਟਾਲਾ, ਨਿਰਮਲ ਸਿੰਘ ਨਿੰਮਾ, ਐਡਵੋਕੇਟ ਨਟਰਾਜਨ ਕੌਸ਼ਲ, ਪ੍ਰਕਾਸ਼ ਸਿੰਘ ਮਠਾੜੂ, ਪ੍ਰਿੰ. ਹਰਦੀਪ ਸਿੰਘ, ਪ੍ਰੋ. ਤੇਜਾ ਸਿੰਘ ਟਿਵਾਣਾ, ਰਾਜ ਸਿੰਘ ਖੇੜੀ, ਰਾਜਵਿੰਦਰ ਸਿੰਘ ਹਿੱਸੋਵਾਲ, ਰੂਪ ਸਿੰਘ ਗੁੜੀ ਸੰਗਰ, ਸਤਪਾਲ ਜੋਸ਼ੀਲਾ, ਸੁਬੇਗ ਸਿੰਘ ਅਜਨਾਲਾ, ਸੁਖਜਿੰਦਰ ਸਿੰਘ ਕਾਕਾ ਬਰਖੰਡੀ, ਸੁਖਮੰਦਰ ਭੱਠਲ, ਸੁਲੱਖਣ ਸਿੰਘ ਜੱਗੀ, ਸੁਰਜੀਤ ਸਿੰਘ ਗਿੱਲ, ਤੀਰਥ ਸਿੰਘ ਚਾਹਲ, ਸੁਖਪ੍ਰੀਤ ਸਿੰਘ ਰੰਧਾਵਾ, ਗੁਰਨਾਮ ਸਿੰਘ ਸੰਧੂ, ਚੌਧਰੀ ਪਰਵਿੰਦਰ ਸਹਾਰਨ ਸ਼ਾਮਲ ਹਨ।

## ਯੁੱਗ ਗਾਇਕ ਕੁਲਦੀਪ ਮਾਣਕ ਲਈ ਦੁਆਵਾਂ

**ਐਸ. ਅਸ਼ੋਕ ਭੌਰਾ**

ਕਲੀਆਂ ਦਾ ਬਾਦਸ਼ਾਹ, ਜਿਸ ਨੂੰ ਵੇਖਣ ਲਈ ਲੋਕ ਧੱਕਮ-ਧੱਕਾ ਹੁੰਦੇ ਸਨ, ਅੱਜ ਪਰਿਵਾਰ ਸਮੇਤ ਰਾਜੇ ਹਰੀਸ਼ ਚੰਦਰ ਵਾਂਗ ਹਰ ਪਾਸਿਓਂ ਦੁੱਖਾਂ ਦੇ ਪਹਾੜ ਨਾਲ ਘੁਲ ਰਿਹਾ ਹੈ। ਲੁਧਿਆਣਾ ਦੇ ਦਯਾਨੰਦ ਹਸਪਤਾਲ ਵਿਚ ਜ਼ੇਰੇ-ਇਲਾਜ ਮਾਣਕ ਦੀ ਤਬੀਅਤ ਦਿਨ-ਬ-ਦਿਨ ਨਿਘਰਦੀ ਜਾ ਰਹੀ ਹੈ। ਜਿਸ ਗਾਇਕ ਨੇ ਪੰਜਾਬ ਦੀ ਵਿਰਾਸਤੀ ਗਾਇਕੀ ਨੂੰ ਜਿਉਂਦਿਆਂ ਰੱਖਣ ਲਈ ਵਾਹ ਲਾਈ, ਸਿੱਖ ਇਤਿਹਾਸ ਨੂੰ ਰੱਜ ਕੇ ਜੋਸ਼ੀਲੇ ਢੰਗ ਨਾਲ ਗਾਇਆ, ਅੱਜ ਵਕਤ ਇਹ ਹੈ ਕਿ ਜਸਵੰਤ ਸਿੰਘ ਕੰਵਲ ਦੇ ਕਹਿਣ ਵਾਂਗ 'ਕੋਈ ਤਾਂ ਐਨਿਆਂ 'ਚੋਂ ਉਠੇ ਸੂਰਮਾ!' ਸਰਬੱਤ ਦਾ ਭਲਾ ਮੰਗਣ ਵਾਲੇ ਪੰਜਾਬੀ ਆਪਣੇ ਦਿਲਾਂ 'ਚ ਵਸਦੇ ਮਾਣਕ ਨੂੰ ਵਿਸਾਰ ਕਿਉਂ ਰਹੇ ਹਨ? ਜਿਸ ਢੰਗ ਨਾਲ ਉਪਰਲਾ ਡਾਢਾ ਹੋ ਕੇ ਇਸ ਪਰਿਵਾਰ ਨਾਲ ਸਿਤਮਜ਼ਰੀਫ਼ੀ ਕਰ ਰਿਹਾ ਹੈ, ਰੱਬ ਦੇ ਵਾਸਤੇ ਰੱਬ ਇੰਦਾਂ ਨਾ ਕਰੇ। ਸੁਰੀਲਾ ਗਾਉਣ ਵਾਲਾ ਪੁੱਤ ਨਕਾਰਾ ਹੋ ਗਿਆ ਹੈ। ਯਾਦ ਸ਼ਕਤੀ ਰਹੀ ਨਹੀਂ, ਖਾਣ ਪੀਣ ਪਹਿਨਣ ਦਾ ਕੁਝ ਪਤਾ ਨਹੀਂ; ਇਕ ਪੁੱਤ ਦੇ ਹਾਲਾਤ ਇਹ। ਕਿਥੇ ਚਲੇ ਗਏ ਨੇ ਨਿਆਸਰਿਆਂ ਦੇ ਆਸਰੇ ਤੇ ਨਿਓਟਿਆਂ ਦੀ ਓਟ ਵਾਲੇ ਪੰਜਾਬੀ?



ਜ਼ਿੰਦਗੀ 'ਚ ਕੁਝ ਵੀ ਸਦੀਵੀ ਨਹੀਂ ਹੈ। ਮੌਤ ਦੀ ਬੁੱਕਲ 'ਚ ਹਰ ਕੋਈ ਜਾਵੇਗਾ ਹੀ। ਪੰਜਾਬ ਤੇ ਪੰਜਾਬੀ ਗਾਇਕੀ, ਸਿੱਖ ਇਤਿਹਾਸ ਨੂੰ ਇੰਨਾ ਕੁਝ ਦੇਣ ਵਾਲੇ ਕੁਲਦੀਪ ਮਾਣਕ ਨਾਲ ਹਮਦਰਦੀ ਦੀ ਚੁੱਪ ਕਿਉਂ ਹੋ ਗਈ ਹੈ? ਜਦੋਂ ਹਾਲਾਤ ਠੀਕ ਨਾ ਹੋਣ, ਅਫਵਾਹਾਂ ਫੈਲਦੀਆਂ ਹੀ ਹੁੰਦੀਆਂ ਹਨ। ਵਕਤ ਮਾੜਾ ਹੋਵੇ ਤਾਂ ਰੱਸੀਆਂ ਦੇ ਸੱਪ ਬਣਦੇ ਹੀ ਆਏ ਹਨ। ਘਰ ਜਾਊਗੇ ਤਾਂ ਯੁੱਧਵੀਰ ਨੂੰ ਵੇਖ ਕੇ ਵਕਤ ਖਾਣ ਨੂੰ ਆਵੇਗਾ, ਹਸਪਤਾਲ ਜਾਊਗੇ ਤਾਂ ਇਸ ਮਹਾਨ ਗਾਇਕ ਦੀ ਦੁਰਦਸ਼ਾ ਦੇਖ ਕੇ ਅੱਖਾਂ ਰੋਣਗੀਆਂ, ਆਂਦਰਾਂ ਵਿਲਕਣਗੀਆਂ। ਇਸ ਲਈ ਦੇਸ਼ ਵਿਦੇਸ਼ ਵਿਚ ਵਸਦੇ ਸਮੂਹ ਪੰਜਾਬੀਆਂ ਨੂੰ ਬੇਨਤੀ ਕਰਾਂਗਾ ਕਿ ਜੇ ਵਿਰਸੇ ਦੀਆਂ ਬਾਤਾਂ ਪਾਉਂਦੇ ਹੋ ਤਾਂ ਮਾਣਕ ਦੀ ਬਾਤ ਦਾ ਹੁੰਗਾਰਾ ਵੀ ਭਰੋ। ਉਹਦੀ ਪਤਨੀ ਸਰਬਜੀਤ ਨਾਲ ਫੋਨ ਨੰਬਰ +91-98766-72785 ਉਤੇ ਜੇ ਹੋਰ ਨਹੀਂ ਤਾਂ ਹਮਦਰਦੀ ਦੀ ਗੱਲ ਹੀ ਕਰ ਲਵੋ।

## ਐਸ. ਅਸ਼ੋਕ ਭੌਰਾ ਦੀ ਅਗਵਾਈ 'ਚ ਤਿਆਰ ਹੋਵੇਗੀ ਪੁਸਤਕ 'ਦਾ ਗ੍ਰੇਟ ਇੰਡੀਅਨਜ਼ ਇਨ ਅਮੈਰਿਕਾ'

**ਫਰੀਮਾਂਟ (ਬਿਊਰੋ):** ਅਮਰੀਕਾ ਦੀ ਧਰਤੀ 'ਤੇ ਭਾਰਤੀਆਂ, ਖਾਸ ਕਰਕੇ ਪੰਜਾਬੀਆਂ ਦੀ ਤਰੱਕੀ, ਖੁਸ਼ਹਾਲੀ, ਆਮਦ, ਖੇਡਾਂ, ਸਾਹਿਤ, ਧਰਮ, ਮੀਡੀਆ, ਰਾਜਨੀਤੀ, ਖੇਤੀਬਾੜੀ, ਸਿਹਤ ਸੇਵਾਵਾਂ, ਪ੍ਰਾਪਤੀਆਂ ਬਾਰੇ ਇਕ ਵੱਡ-ਅਕਾਰੀ ਪੁਸਤਕ ਲੇਖਕ ਐਸ. ਅਸ਼ੋਕ ਭੌਰਾ ਦੀ ਅਗਵਾਈ ਹੇਠ ਸ੍ਰੀ ਗੁਰਮੁੱਖ ਸਿੰਘ ਭੁੱਲਰ ਸ਼ਿਕਾਗੋ, ਇਕਬਾਲ ਜੱਬੋਵਾਲੀਆ ਨਿਊ ਯਾਰਕ, ਜਗਤਾਰ ਗਿੱਲ ਫਰੀਮਾਂਟ ਤੇ ਅਮਰਜੀਤ ਢਿੱਲੋਂ ਡੈਲਸ ਦੀ ਸਾਂਝੀ ਸੰਪਾਦਨਾ ਹੇਠ 'ਦਾ ਗ੍ਰੇਟ ਇੰਡੀਅਨਜ਼ ਇਨ ਅਮੈਰਿਕਾ' ਤਿਆਰ ਹੋਵੇਗੀ। ਇਸ ਵਿਚ ਵਿਅਕਤੀਗਤ ਤੌਰ 'ਤੇ ਵੀ ਹਰ ਖੇਤਰ ਦੀਆਂ ਸਮੂਹਿਕ ਸੰਸਥਾਵਾਂ ਦਾ ਵਿਸਥਾਰ 'ਚ ਜ਼ਿਕਰ ਹੋਵੇਗਾ।

ਸ੍ਰੀ ਭੌਰਾ ਅਨੁਸਾਰ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਵਿਚ ਛਪਣ ਵਾਲੀ ਇਸ ਇਤਿਹਾਸਕ ਦਸਤਾਵੇਜ਼ੀ ਪੁਸਤਕ ਵਿਚ ਭਾਵੇਂ ਸਾਰੇ ਪੱਖਾਂ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਹੋਵੇਗੀ। ਇਹ ਪੁਸਤਕ ਫਿਲਹਾਲ 'ਭਾਗ ਇਕ' ਵਜੋਂ ਹੋਵੇਗੀ ਕਿਉਂਕਿ ਇਕ ਪੁਸਤਕ ਵਿਚ ਸਮੁੱਚੇ ਅਮਰੀਕਾ ਦੀ ਗੱਲ ਕਰਨੀ ਔਖੀ ਹੈ। ਪੁਸਤਕ ਲਈ ਵੀਹ ਫੀਸਦੀ ਕੰਮ ਮੁਕੰਮਲ ਕਰ ਲਿਆ ਹੈ ਤੇ ਜਨਵਰੀ 2013 ਤੱਕ ਇਹ ਪੁਸਤਕ ਪਾਠਕਾਂ ਤੱਕ ਪਹੁੰਚ ਜਾਵੇਗੀ। ਸ੍ਰੀ ਭੁੱਲਰ, ਇਕਬਾਲ, ਜਗਤਾਰ ਤੇ ਅਮਰਜੀਤ ਨੇ ਦਾਅਵਾ ਕੀਤਾ ਕਿ ਆਉਣ ਵਾਲੀਆਂ ਨਸਲਾਂ ਲਈ ਇਹ ਹਵਾਲਾ ਪੁਸਤਕ ਹਵੇਗੀ। ਜਾਣਕਾਰੀ ਹਿੱਤ ਜਾਂ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਦੇਣ, ਸੂਚਨਾ ਭੇਜਣ ਲਈ ਗੁਰਮੁੱਖ ਭੁੱਲਰ ਨਾਲ 708-288-2426, ਇਕਬਾਲ ਜੱਬੋਵਾਲੀਆ ਨਾਲ 917-375-6395, ਜਗਤਾਰ ਗਿੱਲ ਨਾਲ 408-857-4455 ਅਤੇ ਅਮਰਜੀਤ ਢਿੱਲੋਂ ਨਾਲ 972-375-8628 'ਤੇ ਗੱਲਬਾਤ ਹੋ ਸਕਦੀ ਹੈ।

# ਗੁਰਦੁਆਰਾ ਟਾਇਰਾ ਬਿਊਨਾ ਦੇ ਪ੍ਰਬੰਧਕਾਂ ਨੇ ਸੰਗਤ ਨੂੰ ਵਿਸਾਰਿਆ

**ਯੂਬਾ ਸਿਟੀ (ਬਿਊਰੋ):** ਗੁਰਦੁਆਰਾ ਟਾਇਰਾ ਬਿਊਨਾ ਦੀ ਸੰਗਤ ਵਿਚ ਅੱਜ ਕੱਲ੍ਹ ਜਿਹੜੀ ਗੱਲ ਸਭ ਤੋਂ ਵੱਧ ਚਰਚਾ ਦਾ ਵਿਸ਼ਾ ਹੈ, ਉਹ ਹੈ ਗੁਰੂ ਘਰ ਦੇ ਪ੍ਰਬੰਧਕੀ ਬੋਰਡ ਦੇ 73 ਡਾਇਰੈਕਟਰਾਂ ਦੀ ਵਿਧੀ ਵਿਧਾਨ ਅਨੁਸਾਰ ਕੋਈ ਮੀਟਿੰਗ ਨਾ ਹੋਣਾ। ਪਤਾ ਲੱਗਾ ਹੈ ਕਿ ਪਿਛਲੇ ਲੰਬੇ ਸਮੇਂ ਤੋਂ ਗੁਰੂਘਰ ਦੇ 73 ਡਾਇਰੈਕਟਰਾਂ ਦਾ ਆਮ ਇਜਲਾਸ ਹੀ ਨਹੀਂ ਹੋਇਆ। ਜਦੋਂ ਮੌਜੂਦਾ ਡਾਇਰੈਕਟਰਾਂ ਦੀ ਚੋਣ ਹੋਈ ਸੀ ਤਾਂ ਉਸ ਤੋਂ ਬਾਅਦ ਇਕ ਜਨਰਲ ਇਜਲਾਸ ਹੋਇਆ ਜਿਸ ਵਿਚ 73 ਡਾਇਰੈਕਟਰਾਂ 'ਚੋਂ ਚੁਣੀ ਜਾਂਦੀ ਅਗਜ਼ੈਕਟਿਵ ਭੰਗ ਕਰ ਦਿੱਤੀ ਗਈ ਤੇ ਕਿਹਾ ਗਿਆ ਕਿ ਅਗਜ਼ੈਕਟਿਵ ਦੀ ਲੋੜ ਨਹੀਂ, ਕਿਉਂਕਿ ਹਰ ਡਾਇਰੈਕਟਰ ਬਰਾਬਰ ਹੈ। ਹਰ ਫੈਸਲਾ ਡਾਇਰੈਕਟਰ ਵੋਟਾਂ ਰਾਹੀਂ ਕਰਨਗੇ। ਨਾਲ ਹੀ ਇਹ ਵੀ ਕਿਹਾ ਗਿਆ ਕਿ ਕਮੇਟੀ ਦੇ ਪ੍ਰਧਾਨ, ਸਕੱਤਰ ਅਤੇ ਖ਼ਜ਼ਾਨਚੀ ਹਰ ਸਾਲ ਬਦਲੇ ਜਾਇਆ ਕਰਨਗੇ ਪਰ ਅਸਲ ਵਿਚ ਪ੍ਰਧਾਨ, ਸਕੱਤਰ ਤੇ ਖ਼ਜ਼ਾਨਚੀ ਦੀ ਮਿਆਦ ਦੋ ਸਾਲ ਲਈ ਪਾਸ ਕਰਵਾ ਲਈ ਗਈ ਅਤੇ ਦੋ ਸਾਲ ਹੋਰ ਵਧਾਉਣ ਦੀਆਂ ਗੱਲਾਂ ਵੀ ਹੋਈਆਂ।

ਸੂਤਰਾਂ ਅਨੁਸਾਰ ਪ੍ਰਧਾਨ, ਸਕੱਤਰ ਅਤੇ ਖ਼ਜ਼ਾਨਚੀ ਦਾ ਕਾਰਜ ਕਾਲ ਇਕ ਸਾਲ ਰੱਖਣ ਦਾ ਸੁਝਾਅ ਗੁਰੂਘਰ ਦੇ ਮੌਜੂਦਾ ਸਕੱਤਰ ਸ. ਤਜਿੰਦਰ ਸਿੰਘ ਦੁਸਾਂਝ ਦਾ ਸੀ। ਬਾਅਦ ਵਿਚ ਪ੍ਰਧਾਨ, ਸਕੱਤਰ ਅਤੇ ਖ਼ਜ਼ਾਨਚੀ ਦੀ ਚੋਣ ਵੋਟਾਂ ਰਾਹੀਂ ਨਹੀਂ ਹੋਈ ਸਗੋਂ ਇਸਿਸ ਸਮਾਗਮ ਵਿਚ ਇਕ ਹੋਰ ਡਾਇਰੈਕਟਰ ਨੇ ਇਨ੍ਹਾਂ ਅਹੁਦੇਦਾਰਾਂ ਦੇ ਨਾਂਵਾਂ ਦਾ ਐਲਾਨ ਕਰ ਦਿੱਤਾ। ਉਸ ਵਕਤ ਪ੍ਰਧਾਨ ਬਲਰਾਜ ਸਿੰਘ ਢਿੱਲੋਂ ਤੇ ਸਕੱਤਰ ਸੁਖਦੇਵ ਸਿੰਘ ਮੁੰਡੀ ਬਣਾਏ ਗਏ। ਜਦੋਂ ਗੈਰ-ਸੰਵਿਧਾਨਿਕ ਅਤੇ ਗੈਰ-ਜਮਹੂਰੀ ਢੰਗ ਨਾਲ ਇਨ੍ਹਾਂ ਨਾਂਵਾਂ ਦਾ ਐਲਾਨ ਕੀਤਾ ਗਿਆ ਤਾਂ ਇਕ ਹੋਰ ਡਾਇਰੈਕਟਰ ਮਹਿੰਦਰ ਸਿੰਘ ਨਿੱਜਰ ਜਿਹੜੇ ਬੜੇ ਬੇਬਾਕ ਤੇ ਨਿਧੜਕ ਹੋ ਕੇ ਸੱਚ ਦੀ ਆਵਾਜ਼ ਬੁਲੰਦ ਕਰਨ ਕਰਕੇ ਜਾਣੇ ਜਾਂਦੇ ਹਨ, ਨੇ ਇਸ ਦਾ ਵਿਰੋਧ ਕੀਤਾ। ਇਹ ਜ਼ਿਕਰਯੋਗ ਹੈ ਕਿ ਮੌਜੂਦਾ ਗੁਰੂਘਰ ਉਤੇ ਕਾਬਜ਼ ਧੜੇ ਨੂੰ ਜਿਤਾਉਣ 'ਚ ਵੀ ਸ. ਨਿੱਜਰ ਦਾ ਵੱਡਾ ਰੋਲ ਸੀ। ਜਦੋਂ ਉਨ੍ਹਾਂ ਨੇ ਹੱਕ, ਸੱਚ ਅਤੇ ਇਨਸਾਫ਼ ਦੀ ਆਵਾਜ਼ ਉਠਾਈ ਤਾਂ ਕਥਿਤ ਤੌਰ 'ਤੇ ਉਨ੍ਹਾਂ ਦੇ ਹੀ ਕੁਝ ਸਾਥੀਆਂ ਨੇ ਉਨ੍ਹਾਂ ਉਤੇ ਝੂਠੇ ਇਲਜ਼ਾਮ ਲਾ ਕੇ ਗ੍ਰਿਫ਼ਤਾਰ ਕਰਵਾ ਦਿੱਤਾ। ਬਾਅਦ ਵਿਚ ਇਨ੍ਹਾਂ ਦੋਸ਼ਾਂ 'ਚੋਂ ਉਹ ਸਾਫ਼ ਬਰੀ ਹੋ ਗਏ ਪਰ ਉਦੋਂ ਤੱਕ ਕਾਬਜ਼ ਧੜੇ ਨੇ ਉਨ੍ਹਾਂ ਨੂੰ ਗੁਰੂਘਰ ਦੇ 'ਬੋਰਡ ਆਫ਼ ਡਾਇਰੈਕਟਰਜ਼' ਤੋਂ ਇਕ ਸਾਲ ਲਈ ਮੁਅੱਤਲ ਕਰਵਾ ਦਿੱਤਾ। ਹੁਣ ਸਥਿਤੀ ਇਹ ਹੈ ਕਿ ਉਨ੍ਹਾਂ ਦੀ ਮੁਅੱਤਲੀ ਦਾ ਇਕ ਸਾਲ ਪੁੱਗ ਚੁੱਕਾ ਹੈ ਪਰ ਗੁਰੂਘਰ ਦੇ 73 ਡਾਇਰੈਕਟਰਾਂ ਦੀ ਮੀਟਿੰਗ ਹੀ ਨਹੀਂ ਸੱਦੀ ਜਾ ਰਹੀ। ਪਿਛਲੇ ਤਿੰਨ ਸਾਲਾਂ ਵਿਚ ਇਹ ਮੀਟਿੰਗ ਕੇਵਲ ਦੋ ਵਾਰ ਸੱਦੀ ਗਈ ਹੈ।

ਜ਼ਿਕਰਯੋਗ ਹੈ ਕਿ ਇਨ੍ਹਾਂ ਨੀਤੀਆਂ ਤੋਂ ਖਫ਼ਾ ਹੋ ਕੇ ਕੁਝ ਡਾਇਰੈਕਟਰਾਂ ਨੇ ਬੋਰਡ ਤੋਂ ਅਸਤੀਫ਼ਾ ਦੇ ਦਿੱਤਾ। ਗੁਰੂਘਰ ਦੇ ਸੰਵਿਧਾਨ ਦੀ ਧਾਰਾ 2 ਏ.ਬੀ. 3 ਅਨੁਸਾਰ ਅਸਤੀਫ਼ਾ 73 ਡਾਇਰੈਕਟਰਾਂ ਦੀ ਹਾਜ਼ਰੀ 'ਚ ਬਹੁਸੰਮਤੀ ਨਾਲ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ। ਫਿਰ ਖਾਲੀ ਥਾਂਵਾਂ ਭਰਨ ਲਈ ਡਾਇਰੈਕਟਰ ਨਵੇਂ ਨਾਂਵਾਂ 'ਤੇ ਵਿਚਾਰ ਕਰਕੇ ਵੋਟਿੰਗ ਕਰਦੇ ਹਨ ਪਰ ਅਜਿਹਾ ਕੁਝ ਵੀ ਨਹੀਂ ਹੋਇਆ। ਕਾਨੂੰਨੀ ਤੌਰ ਉਤੇ ਅਸਤੀਫ਼ਾ ਦੇਣ ਵਾਲੇ ਡਾਇਰੈਕਟਰ ਅਜੇ ਵੀ ਗੁਰੂਘਰ ਦੇ ਨੁਮਾਇੰਦੇ ਹਨ। ਖਾਲੀ ਹੋਈਆਂ ਥਾਂਵਾਂ ਭਰਨ ਲਈ ਕਦੇ ਵੀ ਗੁਰੂਘਰ ਦੇ ਪ੍ਰਬੰਧਕਾਂ ਵੱਲੋਂ ਮੈਂਬਰਾਂ ਨੂੰ ਸੂਚਿਤ ਨਹੀਂ ਕੀਤਾ ਗਿਆ। ਇੱਥੋਂ ਤੱਕ ਕਿ ਇਕ ਸਾਲ ਲਈ ਮੁਅੱਤਲ ਕੀਤੇ ਗਏ ਸੀਨੀਅਰ ਡਾਇਰੈਕਟਰ ਮਹਿੰਦਰ ਸਿੰਘ ਨਿੱਜਰ ਦੀ ਥਾਂ ਵੀ ਨਵਾਂ ਡਾਇਰੈਕਟਰ ਰੱਖ ਲਿਆ ਗਿਆ। ਸੂਤਰਾਂ ਅਨੁਸਾਰ ਸ.ਨਿੱਜਰ ਦੀ ਇਕ ਸਾਲ ਦੀ ਮੁਅੱਤਲੀ ਖ਼ਤਮ ਹੋ ਚੁੱਕੀ ਹੈ, ਉਨ੍ਹਾਂ ਦਾ ਬਹਾਲ ਹੋਣਾ ਲਾਜ਼ਮੀ ਹੈ। ਡਾਇਰੈਕਟਰਾਂ ਦੇ ਅਸਤੀਫ਼ੇ ਕਾਨੂੰਨੀ ਢੰਗ ਨਾਲ ਪ੍ਰਵਾਨ ਨਹੀਂ ਹੋਏ। ਸੋ, ਜੇਕਰ ਦੂਜੇ ਡਾਇਰੈਕਟਰ ਅਤੇ ਗੁਰੂਘਰ ਦੇ ਮੈਂਬਰ ਉਨ੍ਹਾਂ ਦੇ ਅਸਤੀਫ਼ੇ ਅਪ੍ਰਵਾਨ ਕਰਦੇ ਹਨ ਤਾਂ ਉਹ ਕਾਨੂੰਨੀ ਤੌਰ ਉਤੇ ਡਾਇਰੈਕਟਰ ਹਨ। ਅਜਿਹਾ ਗੁਰੂਘਰ ਦੇ ਇਤਿਹਾਸ 'ਚ ਪਹਿਲਾਂ ਹੋ ਚੁੱਕਾ ਹੈ।

ਨਵੰਬਰ ਦੇ ਪਹਿਲੇ ਹਫਤੇ ਨਗਰ ਕੀਰਤਨ ਮੌਕੇ ਸੰਗਤਾਂ ਦਾ ਭਾਰੀ ਇਕੱਠ ਹੋਇਆ ਪਰ ਇਸ ਤੋਂ ਇਕ ਹਫਤਾ ਬਾਅਦ ਹੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸੰਗਤ ਦੀ ਘਾਟ ਰੜਕ ਰਹੀ ਸੀ। ਸੰਗਤ ਦਾ ਖਿਆਲ ਸੀ ਕਿ ਗੁਰਦੁਆਰਾ ਲਾਈਵ ਓਕ ਵਿਚ ਚੱਲ ਰਹੇ ਇਕੋਤਰ ਸੌ ਅਖੰਡ ਪਾਠਾਂ ਦੀ ਲੜੀ ਕਾਰਨ ਵੀ ਸੰਗਤ ਘੱਟ ਹੋ ਸਕਦੀ ਹੈ। ਜ਼ਿਕਰਯੋਗ ਹੈ ਕਿ ਲਾਈਵ ਓਕ ਦੀ ਸੰਗਤ ਗੁਰੂ ਘਰ ਲਈ ਸ਼ਹਿਰ ਤੋਂ ਬਾਹਰ ਨਵੀਂ ਅਤੇ ਵੱਡੀ ਬਿਲਡਿੰਗ ਉਸਾਰਨ ਦੇ ਉਪਰਾਲੇ 'ਚ ਹੈ। ਗੁਰੂ ਨਾਨਕ ਦੇਵ ਜੀ ਦੇ ਆਗਮਨ ਦਿਵਸ 'ਤੇ ਅਖੰਡ ਪਾਠ ਗੁਰੂਘਰ ਦੇ ਸਟੇਜ ਸਕੱਤਰ ਗੁਰਮੇਜ ਸਿੰਘ ਗਿੱਲ ਦੇ ਪਰਿਵਾਰ ਵੱਲੋਂ ਸੀ। ਕੁਝ ਸੰਗਤ ਦਾ ਖਿਆਲ ਹੈ ਕਿ ਇੰਜ ਇਹ ਕੌਮੀ ਦਿਹਾੜਾ ਸੰਗਤ ਦਾ ਨਾ ਹੋ ਕੇ ਇਕ ਪਰਿਵਾਰ ਦਾ ਹੋ ਕੇ ਰਹਿ ਗਿਆ। ਯੂਬਾ ਸਿਟੀ ਦਾ ਨਾਮਵਰ ਸੱਜਣ ਮਹਿੰਦਰ ਸਿੰਘ ਥਿਆੜਾ ਪਿਛਲੇ ਕੁਝ ਸਾਲਾਂ ਤੋਂ ਨਗਰ ਕੀਰਤਨ ਦੇ ਮੌਕੇ ਨਿਸ਼ਾਨ ਸਾਹਿਬ ਦੀ ਸੇਵਾ ਕਰਦਾ ਸੀ ਜੋ ਬੰਦ ਕਰਕੇ ਸਾਲਾਨਾ ਨਗਰ ਕੀਰਤਨ ਦੇ ਮੌਕੇ ਨਿਸ਼ਾਨ ਸਾਹਿਬ ਸੰਗਤ ਵਲੋਂ ਚੜ੍ਹਾਉਣ ਦੀ ਪੁਰਾਣੀ ਰੀਤ ਸ਼ੁਰੂ ਕੀਤੀ ਗਈ, ਜੋ ਇਕ ਚੰਗਾ ਕਾਰਜ ਹੈ, ਪਰ ਪ੍ਰਬੰਧਕ ਇਥੇ ਕਈ ਮਾਮਲਿਆਂ 'ਚ ਦੋਹਰਾ ਮਾਪਦੰਡ ਵਰਤ ਰਹੇ ਹਨ। ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਤਜਿੰਦਰ ਸਿੰਘ ਦੁਸਾਂਝ ਆਪਣੇ ਲੜਕੇ ਦੇ ਜਨਮ ਦਿਨ ਦਾ ਅਖੰਡ ਪਾਠ ਹਰ ਸਾਲ ਗੁਰੂ ਗੋਬਿੰਦ ਸਿੰਘ ਦੇ ਪੁਰਬ ਦੇ ਦਿਨ ਹੀ ਰਖਵਾਉਂਦੇ ਹਨ। ਗੁਰਪੁਰਬ ਸਭ ਦੇ ਸਾਂਝੇ ਹੁੰਦੇ ਹਨ। ਇਨ੍ਹਾਂ ਦਿਨਾਂ ਵਿਚ ਬੱਚਿਆਂ ਦੇ ਜਨਮ ਦਿਨ ਦੇ ਅਖੰਡ ਪਾਠ ਕਰਵਾ ਕੇ ਕੌਮੀ ਤਿਉਹਾਰਾਂ ਨੂੰ ਨਿੱਜੀ ਬਣਾਉਣ ਨੂੰ ਸੰਗਤ ਠੀਕ ਨਹੀਂ ਸਮਝਦੀ।

ਸੰਗਤ ਵਿਚ ਚਰਚਾ ਹੈ ਕਿ ਮੌਜੂਦਾ ਪ੍ਰਬੰਧਕਾਂ ਨੇ ਗੁਰੂਘਰ ਦੇ ਲੰਬੇ ਸਮੇਂ ਤੋਂ ਹੈਡ ਗ੍ਰੰਥੀ ਗੁਰਦੇਵ ਸਿੰਘ, ਜਿਨ੍ਹਾਂ ਕੋਲ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪੰਜਾਬੀ ਭਾਸ਼ਾ ਤੇ ਸਾਹਿਤ 'ਚ ਐਮ. ਏ. ਡਿਗਰੀ ਹੈ ਤੇ ਗੁਰਬਾਣੀ ਤੇ ਸਿੱਖ ਧਰਮ ਨਾਲ ਸਬੰਧਤ ਡਿਪਲੋਮਾ ਵੀ ਹੈ, ਨੂੰ ਗਲਤ ਢੰਗ ਨਾਲ ਸੇਵਾ-ਮੁਕਤ ਕਰਕੇ ਉਨ੍ਹਾਂ ਦੀ ਥਾਂ ਰਜਿੰਦਰ ਸਿੰਘ ਖਹਿਰਾ ਨੂੰ ਹੈਡ ਗ੍ਰੰਥੀ ਥਾਪ ਦਿੱਤਾ ਗਿਆ। ਪਤਾ ਲੱਗਾ ਹੈ ਕਿ ਸ. ਰਾਜਿੰਦਰ ਸਿੰਘ ਖਹਿਰਾ ਅਜੇ ਵੀ ਭਾਰਤੀ ਰੇਲਵੇ ਦੇ ਮੁਲਾਜ਼ਮ ਹਨ। ਉਨ੍ਹਾਂ ਕੋਲ ਗ੍ਰੰਥੀ ਦਾ ਕੋਈ ਤਜਰਬਾ ਨਹੀਂ। ਪਿਛਲੇ ਨਗਰ ਕੀਰਤਨ ਦੌਰਾਨ ਸ. ਖਹਿਰਾ ਨੇ ਨਾ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਚੁੱਕੀ, ਨਾ ਅਰਦਾਸ ਕੀਤੀ; ਤਾਂ ਫਿਰ ਉਹ ਹੈਡ ਗ੍ਰੰਥੀ ਤਾਂ ਕਾਗਜ਼ਾਂ 'ਚ ਹੀ ਹਨ। ਇਸ ਬਾਰੇ ਗੁਰੂਘਰ ਦੇ ਕੁਝ ਡਾਇਰੈਕਟਰਾਂ ਦਾ ਕਹਿਣਾ ਸੀ ਕਿ ਰਾਜਿੰਦਰ ਸਿੰਘ ਖਹਿਰਾ ਸੰਤ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਬੜਾ ਨੇੜੇ ਰਿਹਾ ਹੈ। ਉਸ ਦੀ ਨਿਯੁਕਤੀ ਯੂਬਾ ਸਿਟੀ ਇਲਾਕੇ ਦੀ ਸੰਗਤ ਨੂੰ ਖ਼ੁਸ਼ ਕਰਨ ਲਈ ਕੀਤੀ ਗਈ ਹੈ ਜੋ ਸੰਤਾਂ ਦੀ ਉਪਾਸ਼ਕ ਹੈ। ਇਸ ਨਾਲ ਗੁਰੂਘਰ ਦੀਆਂ ਚੋਣਾਂ ਵਿਚ ਵੀ ਲਾਹਾ ਲਿਆ ਜਾ ਸਕਦਾ ਹੈ। ਦੂਜੇ ਪਾਸੇ ਸੰਤਾਂ ਦੇ ਕੁਝ ਉਪਾਸ਼ਕਾਂ ਦਾ ਕਹਿਣਾ ਹੈ ਕਿ ਇਹ ਸੰਤਾਂ ਨਾਲ ਵੀ ਧੋਖਾ ਹੈ। ਹੈਰਾਨੀ ਦੀ ਗੱਲ ਹੈ ਕਿ ਜਦੋਂ ਸੰਤ ਯੂਬਾ ਸਿਟੀ ਆਏ ਸਨ ਤਾਂ ਪ੍ਰਬੰਧਕ ਉਨ੍ਹਾਂ ਦਾ ਵਿਰੋਧ ਕਰ ਰਹੇ ਸਨ।

ਗੁਰੂਘਰ ਦੇ ਕੁਝ ਹੋਰ ਡਾਇਰੈਕਟਰਾਂ ਦਾ ਕਹਿਣਾ ਹੈ ਕਿ ਤਜਿੰਦਰ ਸਿੰਘ ਨੇ ਖੁਦ ਸੁਝਾਅ ਦਿੱਤਾ ਸੀ ਕਿ ਗੁਰੂਘਰ ਦੇ ਮੁੱਖ ਅਹੁਦੇਦਾਰ ਹਰ ਸਾਲ ਬਦਲੇ ਜਾਣੇ ਚਾਹੀਦੇ ਹਨ। ਉਨ੍ਹਾਂ ਅਹੁਦੇਦਾਰਾਂ ਦੀ ਸਹਿਮਤੀ ਨਾਲ ਪਹਿਲੇ ਦੋ ਸਾਲ ਪ੍ਰਧਾਨ, ਸਕੱਤਰ ਤੇ ਖ਼ਜ਼ਾਨਚੀ ਦੀਆਂ ਸਾਰੀਆਂ ਤਾਕਤਾਂ ਆਪਣੇ ਕੋਲ ਰੱਖੀਆਂ ਸਨ। ਉਹ ਗੁਰੂਘਰ ਦੇ ਮੈਨੇਜਰ ਵਜੋਂ ਐਕਟ ਕਰ ਰਹੇ ਹਨ। ਉਂਜ, ਪਿਛਲੇ ਸਾਲ ਤੋਂ ਉਹ ਗੁਰੂਘਰ ਦੇ ਸਕੱਤਰ ਹਨ। ਸੋ, ਆਪਣੇ ਕੀਤੇ ਵਾਅਦੇ ਮੁਤਾਬਿਕ ਉਨ੍ਹਾਂ ਨੂੰ ਹੁਣ ਇਹ ਸੇਵਾ ਕਿਸੇ ਹੋਰ ਨੂੰ ਦੇ ਦੇਣੀ ਚਾਹੀਦੀ ਹੈ। ਇਸ ਸਬੰਧੀ ਗੁਰੂਘਰ ਦੇ ਪ੍ਰਧਾਨ ਪਵਿੱਤਰ ਸਿੰਘ ਕਰੀਹਾ ਨਾਲ ਕਈ ਵਾਰ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਹੋ ਨਹੀਂ ਸਕਿਆ। ਉਨ੍ਹਾਂ ਦੇ ਪੱਕੇ ਸਮਰੱਥਕਾਂ ਦਾ ਕਹਿਣਾ ਹੈ ਕਿ ਪ੍ਰਧਾਨ ਅਤੇ ਉਨ੍ਹਾਂ ਦੇ ਸਾਥੀ ਆਪਣੇ ਅਹੁਦੇ ਛੱਡ ਕੇ ਕਿਸੇ ਨਵੇਂ ਗੁਰਸਿੱਖ ਨੂੰ ਮੌਕਾ ਦੇਣ ਦੇ ਹੱਕ 'ਚ ਹਨ। ਉਨ੍ਹਾਂ ਮੁਅੱਤਲ ਕੀਤੇ ਡਾਇਰੈਕਟਰ ਮਹਿੰਦਰ ਸਿੰਘ ਨਿੱਜਰ ਨੂੰ ਬਹਾਲ ਕਰਨ ਦਾ ਵੀ ਸਮਰਥਨ ਕੀਤਾ।

ਚਰਚਾ ਹੈ ਕਿ ਬਹੁਤੇ ਡਾਇਰੈਕਟਰ ਇਸ ਵਾਰ ਮੌਜੂਦਾ ਮੀਤ ਪ੍ਰਧਾਨ ਰਸ਼ਪਾਲ ਸਿੰਘ ਪੁਰੇਵਾਲ ਨੂੰ ਪ੍ਰਧਾਨ ਬਣਾਉਣਾ ਚਾਹੁੰਦੇ ਹਨ। ਉਨ੍ਹਾਂ ਦੇ ਪਰਿਵਾਰ ਦਾ ਗੁਰੂਘਰ ਬਣਾਉਣ ਵਿਚ ਵੱਡਾ ਯੋਗਦਾਨ ਹੈ। ਗੁਰੂਘਰ ਦੇ ਪਹਿਲੇ ਦੋ ਏਕੜ ਵੀ ਉਨ੍ਹਾਂ ਦੇ ਪਿਤਾ ਅਤੇ ਤਾਇਆ ਜੀ ਨੇ ਹੀ ਦਾਨ ਦਿੱਤੇ ਸਨ। ਪਤਾ ਲੱਗਾ ਹੈ ਕਿ ਪ੍ਰਧਾਨ ਕਰੀਹਾ ਦੇ ਸਮਰਥਕ ਅਤੇ ਕੁਝ ਹੋਰ ਨਿਰਪੱਖ ਡਾਇਰੈਕਟਰ ਵੀ ਇਸੇ ਪੱਖ 'ਚ ਹਨ ਪਰ ਇਕ ਅੰਮ੍ਰਿਤਧਾਰੀ ਡਾਇਰੈਕਟਰ ਜਿਸ ਦਾ ਦਾਮਨ ਦੇਣਦਾਰੀਆਂ ਕਾਰਨ ਕਾਫੀ ਦਾਗ਼ਦਾਰ ਹੈ, ਇਹ ਪ੍ਰਚਾਰ ਕਰ ਰਿਹਾ ਹੈ ਕਿ ਪ੍ਰਧਾਨ ਅੰਮ੍ਰਿਤਧਾਰੀ ਹੋਣਾ ਚਾਹੀਦਾ ਹੈ। ਇਸ ਬਾਰੇ ਨਿਰਪੱਖ ਡਾਇਰੈਕਟਰਾਂ ਦਾ ਕਹਿਣਾ ਹੈ ਕਿ ਗੁਰੂ ਘਰ ਦੇ ਵਿਧਾਨ ਵਿਚ ਅਜਿਹੀ ਕੋਈ ਸ਼ਰਤ ਨਹੀਂ ਅਤੇ ਜੇਕਰ ਦੇਖਿਆ ਜਾਵੇ ਤਾਂ ਮੋਨੇ ਪ੍ਰਧਾਨ ਪ੍ਰੀਤਮ ਸਿੰਘ ਪੂਨੀ, ਮਾਸਟਰ ਗੁਲਜ਼ਾਰ ਸਿੰਘ ਬੈਂਸ, ਬਖ਼ਤਾਵਰ ਸਿੰਘ ਪੁਰੇਵਾਲ, ਮਹਿੰਗਾ ਸਿੰਘ ਭੱਟੀ ਤੇ ਹਰਭਜਨ ਸਿੰਘ ਸੰਧੂ ਵੇਲੇ ਗੁਰੂਘਰ ਵੱਲੋਂ ਜੋ ਕਾਰਜ ਹੋਏ ਅਤੇ ਜਿਵੇਂ ਸਿੱਖ ਫਲਸਫ਼ੇ ਦਾ ਪ੍ਰਚਾਰ ਕੀਤਾ ਗਿਆ, ਉਤਨੇ ਕਈ ਅੰਮ੍ਰਿਤਧਾਰੀਆਂ ਵੇਲੇ ਵੀ ਨਹੀਂ ਹੋਏ। ਖੁਦ ਰਸ਼ਪਾਲ ਸਿੰਘ ਪੁਰੇਵਾਲ ਦੀ ਇਸ ਸਬੰਧੀ ਕੀ ਰਾਏ ਹੈ, ਇਸ ਬਾਰੇ ਪਤਾ ਨਹੀਂ ਚਲ ਸਕਿਆ।

ਇਹ ਵੀ ਜ਼ਿਕਰਯੋਗ ਹੈ ਕਿ ਬਹੁਤ ਸਾਰੇ ਡਾਇਰੈਕਟਰਾਂ ਤੇ ਮੈਂਬਰਾਂ ਨੂੰ ਆਪਣੇ ਹੱਕਾਂ ਦਾ ਹੀ ਨਹੀਂ ਪਤਾ। ਵਿਧਾਨ ਅਨੁਸਾਰ ਗੁਰੂਘਰ ਦੀ ਮੀਟਿੰਗ ਕੋਈ ਇਕ ਡਾਇਰੈਕਟਰ ਤੇ ਕੋਈ ਇਕ ਮੈਂਬਰ ਵੀ ਸੱਦ ਸਕਦਾ ਹੈ। ਹੈਰਾਨੀ ਦੀ ਗੱਲ ਹੈ ਕਿ ਪਿਛਲੇ ਤਿੰਨ ਸਾਲਾਂ 'ਚ ਬੋਰਡ ਦੀ ਕੋਈ ਮੀਟਿੰਗ ਹੀ ਨਹੀਂ ਹੋਈ। ਚੰਦ ਬੰਦੇ ਡਿਕਟੇਟਰ ਬਣੇ ਹੋਏ ਹਨ। ਸਿਰਫ਼ ਚੌਧਰ, ਦਿਖਾਵੇ ਅਤੇ ਨਿੱਜੀ ਫਾਇਦਿਆਂ ਲਈ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਕੁਝ ਡਾਇਰੈਕਟਰਾਂ ਨੂੰ ਕਿਹਾ ਜਾ ਰਿਹਾ ਹੈ ਕਿ ਵਿਰੋਧ ਕਰਨ 'ਤੇ ਉਨ੍ਹਾਂ ਨੂੰ ਕੱਢ ਦਿੱਤਾ ਜਾਵੇਗਾ ਤੇ ਮੁੜ ਵੋਟਾਂ ਨਹੀਂ ਹੋਣਗੀਆਂ।

# ਯੂਨਾਈਟਡ ਸਿੱਖਸ ਨੇ ਮਾਨਵ ਸੇਵਾ ਲਈ ਚੇਜ਼ ਬੈਂਕ ਤੋਂ ਢਾਈ ਲੱਖ ਡਾਲਰ ਦੀ ਰਕਮ ਜਿੱਤੀ

**ਫਰੀਮਾਂਟ (ਤਰਲੋਚਨ ਸਿੰਘ ਦੁਪਾਲਪੁਰ):** ਅਮਰੀਕਾ ਵਿਚ ਸਿੱਖ ਨੌਜਵਾਨਾਂ ਵਲੋਂ ਮਨੁੱਖੀ ਸੇਵਾ ਲਈ ਬਣਾਈ ਗਈ ਸੰਸਥਾ ਯੂਨਾਈਟਡ ਸਿੱਖਸ ਨੂੰ ਚੇਜ਼ ਬੈਂਕ ਵੱਲੋਂ ਮਨੁੱਖੀ ਭਾਈਚਾਰੇ ਲਈ ਢਾਈ ਲੱਖ ਡਾਲਰ ਦੀ ਰਕਮ ਦਿਤੀ ਗਈ ਹੈ। ਇਹ ਰਕਮ ਜਥੇਬੰਦੀ ਨੇ ਬੜੇ ਸਖ਼ਤ ਮੁਕਾਬਲੇ ਵਿਚ ਜਿੱਤੀ ਹੈ। ਬੈਂਕ ਨੇ ਇਹ ਰਕਮ ਕਿਸੇ ਵੀ ਅਮਰੀਕੀ ਮਨੁੱਖੀ ਸੇਵਾ ਸੰਸਥਾ ਨੂੰ ਦੇਣ ਲਈ ਫ਼ੇਸਬੁੱਕ ਤੇ ਆਨਲਾਈਨ ਵੋਟਾਂ ਪਵਾਈਆਂ ਸਨ, ਜਿਸ ਵਿਚ ਯੂਨਾਈਟਡ ਸਿਖਸ ਨੂੰ 22,685 ਵੋਟ ਪਏ ਤੇ ਉਹ ਬਾਜ਼ੀ ਮਾਰ ਗਈ। ਇਸ ਨਾਲ ਮਨੁੱਖੀ ਸੇਵਾ ਤੇ ਮਨੁੱਖੀ ਅਧਿਕਾਰਾਂ ਦੇ ਖੇਤਰ ਵਿਚ ਯੂਨਾਈਟਡ ਸਿੱਖਸ ਇਕ ਮੋਹਰੀ ਸੰਸਥਾ ਦੇ ਤੌਰ 'ਤੇ ਉਭਰ ਕੇ ਸਾਹਮਣੇ ਆਈ ਹੈ। ਇਸ ਨਾਲ ਸਿੱਖ ਕੌਮ ਦੀ ਵੱਖਰੀ ਪਛਾਣ ਬਣਾਉਣ ਵਿਚ ਹੋਰ ਮਦਦ ਮਿਲੇਗੀ।



ਯੂਨਾਈਟਡ ਸਿੱਖਸ ਦੇ ਪ੍ਰਧਾਨ ਭਾਈ ਕੁਲਦੀਪ ਸਿੰਘ ਨੇ ਨਿਊ ਯਾਰਕ ਤੋਂ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਉਹ ਸੰਸਾਰ ਪੱਧਰ ਤੇ ਫੈਲੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ ਤੇ ਹੋਰ ਜਥੇਬੰਦੀਆਂ ਅਤੇ ਫੇਸਬੁੱਕ ਮੈਂਬਰਾਂ ਦਾ ਧੰਨਵਾਦ ਕੀਤਾ ਹੈ ਜਿਨ੍ਹਾਂ ਨੇ ਇਸ ਕਾਰਜ ਵਿਚ ਆਪ ਅਤੇ ਦੂਜਿਆਂ ਕੋਲੋਂ ਵੋਟਾਂ ਪਵਾ ਕੇ ਯੂਨਾਈਟਡ ਸਿੱਖਸ ਵਲੋਂ ਕੀਤੀ ਗਈ ਹੁਣ ਤੱਕ ਦੀ ਸੇਵਾ ਪ੍ਰਵਾਨ ਕਰਕੇ ਭਵਿੱਖ ਵਿਚ ਵੀ ਸੇਵਾ ਦਾ ਮੌਕਾ ਬਖਸ਼ਿਆ। ਯੂਨਾਈਟਡ ਸਿੱਖਸ ਵਾਸਤੇ ਇਹ ਪਰਖ ਦੀ ਘੜੀ ਸੀ ਜਿਸ ਵਿਚ ਇਸ ਨੂੰ ਸਫਲ ਬਣਾਉਣ ਲਈ ਦਿਤੇ ਸਹਿਯੋਗ ਵਾਸਤੇ ਇਹ ਸੰਸਥਾ ਸਭ ਦੀ ਰਿਣੀ ਹੈ।

ਜਥੇਬੰਦੀ ਦੇ ਸੰਚਾਲਕ ਭਾਈ ਪਵਨਜੀਤ ਸਿੰਘ ਨੇ 99 ਹੋਰ ਮਨੁੱਖੀ ਸੇਵਾ ਸੰਸਥਾਵਾਂ ਨੂੰ ਵਧਾਈ ਦਿਤੀ ਹੈ ਜਿਨ੍ਹਾਂ ਨੇ ਪੱਚੀ ਹਜ਼ਾਰ ਤੋਂ ਲੈ ਕੇ ਇਕ ਲੱਖ ਡਾਲਰ ਦੀ ਰਕਮ ਸੇਵਾ ਕਾਰਜਾਂ ਲਈ ਜਿੱਤੀ। ਉਨਾਂ ਨੇ ਅਮਰੀਕਾ, ਕੈਨੇਡਾ, ਏਸ਼ੀਆ, ਅਫ਼ਰੀਕਾ, ਯੋਰਪ, ਆਸਟਰੇਲੀਆ ਵਿਚਲੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਖਾਸ ਤੌਰ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵੀ ਧੰਨਵਾਦ ਕੀਤਾ।

ਯੂਨਾਈਟਡ ਸਿੱਖਸ ਦੇ ਹੋਰ ਡਾਇਰੈਕਟਰਾਂ ਭਾਈ ਜਤਿੰਦਰ ਸਿੰਘ, ਭਾਈ ਕਸ਼ਮੀਰ ਸਿੰਘ, ਭਾਈ ਗੁਰਵਿੰਦਰ ਸਿੰਘ ਨੇ ਵਿਸ਼ੇਸ਼ ਤੌਰ ਤੇ ਉਨਾਂ ਸਿੱਖ ਨੌਜਵਾਨਾਂ ਦਾ ਧੰਨਵਾਦ ਕੀਤਾ ਹੈ, ਜਿਨ੍ਹਾਂ ਦੇ ਸਹਿਯੋਗ ਨਾਲ ਇਹ ਪ੍ਰਾਪਤੀ ਹੋਈ ਹੈ ਤੇ ਵੱਖ ਵੱਖ ਯੂਨੀਵਰਸਿਟੀਆਂ, ਕਾਲਜਾਂ ਤੇ ਸਕੂਲਾਂ ਦੇ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ ਤੇ ਬੇਹੱਦ ਫ਼ਖ਼ਰ ਵੀ ਹੋਇਆ ਹੈ।

ਯੂਨਾਈਟਡ ਸਿੱਖਸ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਸਿੱਖ ਸੰਗਤਾਂ ਦੇ ਸ਼ਹਿਯੋਗ ਨਾਲ ਸੈਨ ਫਰਾਂਸਿਸਕੋ ਬੇ-ਏਰੀਏ ਦੇ ਸ਼ਹਿਰ ਫਰੀਮਾਂਟ ਵਿਚ ਦਫਤਰ ਦੇ ਉਦਘਾਟਨ ਵਾਲੇ ਮਹੀਨੇ ਵਿਚ ਹੀ ਹਾਸਲ ਹੋਈ ਇਕ ਹੋਰ ਸਫਲਤਾ ਚੰਗੇ ਭਵਿੱਖ ਦੀ ਆਸ ਜਗਾਉਂਦੀ ਹੈ ਅਤੇ ਯੂਨਾਈਟਡ ਸਿੱਖਸ ਸਭ ਦੇ ਸਾਂਝੇ ਸਹਿਯੋਗ ਨਾਲ ਮਿਲ ਕੇ ਸੰਸਾਰ ਭਾਈਚਾਰੇ ਦੀ ਸੇਵਾ ਵਿਚ ਕੋਈ ਕਸਰ ਬਾਕੀ ਨਹੀਂ ਛੱਡੇਗੀ।

ਜ਼ਿਕਰਯੋਗ ਹੈ ਕਿ ਯੂਨਾਈਟਡ ਸਿੱਖਸ ਨੇ ਭਾਰਤੀ ਪੰਜਾਬ ਵਿਚ ਹੜ੍ਹ ਪੀੜਤਾਂ ਦੀ ਮਦੱਦ ਕਰਨ, ਖ਼ੁਦਕੁਸ਼ੀਆਂ ਕਰ ਰਹੇ ਕਿਸਾਨਾਂ ਲਈ ਪੈਨਸ਼ਨ ਦਾ ਪ੍ਰਬੰਧ ਕਰਨ ਤੇ ਸਿੱਖ ਦੀ ਦਸਤਾਰ ਉਤਾਰਨ ਵਾਲੇ ਪੁਲਸੀਆਂ ਵਿਰੁਧ ਮੁਕਦਮਾ ਕਰਨ ਦੀ ਪਹਿਲ ਕੀਤੀ। ਇਸ ਤੋਂ ਬਿਨਾ ਪਾਕਿਸਤਾਨ ਵਿਚ ਹੜ੍ਹ ਪੀੜਤਾਂ ਤੇ ਭੁਚਾਲ ਪੀੜਤਾਂ, ਅਮਰੀਕਾ ਦੇ ਨਿਊ ਓਰਲੀਅਨਜ਼ ਸੂਬੇ ਵਿਚ ਹੜਾਂ ਵਿਚ ਘਿਰੇ ਲੋਕਾਂ, ਹੈਤੀ ਦੇ ਭੁਚਾਲ ਪੀੜਤਾਂ ਤੇ ਇੰਡੋਨੇਸ਼ੀਆ ਦੇ ਤੂਫਾਨੀ ਇਲਾਕਿਆਂ ਵਿਚ ਪਹੁੰਚ ਕੇ ਲੰਗਰ ਦੀ ਸੇਵਾ ਕੀਤੀ ਜਿਸ ਦੀ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਵੀ ਪ੍ਰਸ਼ੰਸਾ ਕੀਤੀ ਸੀ।

## ਕੈਲੀਫੋਰਨੀਆ ਸਿਹਤ ਵਿਭਾਗ ਵਲੋਂ ਰਿਓੜੀਆਂ ਬਾਰੇ ਚਿਤਾਵਨੀ

**ਸੈਕਰਾਮੈਂਟੋ (ਬਿਊਰੋ):** ਕੈਲੀਫੋਰਨੀਆ ਦੇ ਜਨ ਸਿਹਤ ਵਿਭਾਗ ਨੇ ਜਨਤਾ ਨੂੰ ਭਾਰਤ ਤੋਂ ਆਉਂਦੀਆਂ 4 ਮਾਅਰਕਿਆਂ ਦੀਆਂ ਰਿਓੜੀਆਂ ਪ੍ਰਤੀ ਸਾਵਧਾਨ ਕੀਤਾ ਹੈ। ਸਿਹਤ ਵਿਭਾਗ ਵਲੋਂ ਕਰਵਾਈ ਗਈ ਜਾਂਚ ਵਿਚ ਇਨ੍ਹਾਂ ਰਿਓੜੀਆਂ ਵਿਚ ਸਿੱਕੇ ਦੀ ਮਾਤਰਾ ਨਿਰਧਾਰਤ ਪੈਮਾਨੇ ਨਾਲੋਂ ਕਿਤੇ ਵੱਧ ਪਾਈ ਗਈ ਹੈ। ਭਾਰਤ ਤੋਂ ਦਰਾਮਦ ਕੀਤੀਆਂ ਜਾਂਦੀਆਂ ਇਹ ਰਿਓੜੀਆਂ ਹਨ: ਜਯੋਤੀ ਖੰਡ ਦੀ ਰਿਓੜੀ, ਹੰਸ ਖੰਡ ਦੀ ਰਿਓੜੀ, ਪੰਜਾਬ ਬਜ਼ਾਰ ਖੰਡ ਅਤੇ ਗੁੜ ਦੀ ਰਿਓੜੀ। ਖਪਤਕਾਰਾਂ ਨੂੰ ਇਹ ਰਿਓੜੀਆਂ ਜਾਂ ਕੈਂਡੀਆਂ ਤੁਰਤ ਸੁੱਟ ਦੇਣ ਦੀ ਸਲਾਹ ਦਿੱਤੀ ਗਈ ਹੈ।

ਹਾਲ ਹੀ ਵਿਚ ਸਿਹਤ ਵਿਭਾਗ ਵਲੋਂ ਕਰਵਾਏ ਗਏ ਨਿਰੀਖਣ ਵਿਚ ਪਾਇਆ ਗਿਆ ਹੈ ਕਿ ਜਯੋਤੀ ਰਿਓੜੀ ਵਿਚ ਸਿੱਕੇ ਦੀ ਮਾਤਰਾ 0.13 ਪੀ ਪੀ ਐਮ, ਪੰਜਾਬ ਬਾਜ਼ਾਰ ਦੀ ਖੰਡ ਅਤੇ ਗੁੜ ਦੀ ਰਿਓੜੀ ਵਿਚ ਕ੍ਰਮਵਾਰ 0.31 ਤੇ 0.69 ਅਤੇ ਹੰਸ ਰਿਓੜੀ ਵਿਚ 0.33 ਪੀ ਪੀ ਐਮ ਪਾਈ ਗਈ ਹੈ। ਜਯੋਤੀ ਰਿਓੜੀ ਇਕ ਕਿਲੋ ਦੇ ਪੈਕ ਵਿਚ ਆਉਂਦੀ ਹੈ ਅਤੇ ਆਰਟੇਸ਼ੀਆ, ਕੈਲੀਫੋਰਨੀਆ ਦੀ ਕੰਪਨੀ ਐਸ ਐਲ ਬੀ ਗਲੋਬਲ ਇੰਕ ਵਲੋਂ ਦਰਾਮਦ ਕੀਤੀ ਜਾਂਦੀ ਹੈ। ਪੰਜਾਬ ਬਾਜ਼ਾਰ ਰਿਓੜੀ 14 ਔਂਸ ਦੇ ਪੈਕ ਵਿਚ ਆਉਂਦੀ ਹੈ ਅਤੇ ਇਹ ਯੂਬਾ ਸਿਟੀ ਦੀ ਕੰਪਨੀ ਪੰਜਾਬ ਬਾਜ਼ਾਰ ਵਲੋਂ ਡਿਸਟੀਬਿਊਟ ਕੀਤੀ ਜਾਂਦੀ ਹੈ। ਹੰਸ ਮਾਅਰਕੇ ਦੀ ਰਿਓੜੀ ਹੇਵਰਡ ਦੀ ਗੋਲਡਨ ਸਪਾਈਸਿਜ਼ ਇੰਕ ਵਲੋਂ ਡਿਸਟੀਬਿਊਟ ਕੀਤੀ ਜਾਂਦੀ ਹੈ।

## ਡੈਨਮਾਰਕ ਤੇ ਫਿਨਲੈਂਡ 'ਚ ਭਾਰਤੀਆਂ ਦੇ 1500 ਖਾਤਿਆਂ ਦਾ ਖੁਲਾਸਾ

**ਨਵੀਂ ਦਿੱਲੀ:** ਦੋਹਰੇ ਕਰਾਂ ਤੋਂ ਬਚਾਓ ਲਈ ਕੀਤੇ ਸਮਝੌਤਿਆਂ ਤਹਿਤ ਭਾਰਤ ਨੂੰ ਡੈਨਮਾਰਕ ਤੇ ਫਿਨਲੈਂਡ ਤੋਂ 1500 ਮਾਮਲਿਆਂ ਦੀ ਸੂਚਨਾ ਪ੍ਰਾਪਤ ਹੋਈ ਹੈ ਜਿਸ ਦੀ ਕੇਂਦਰੀ ਡਾਇਰੈਕਟ ਟੈਕਸ ਬੋਰਡ (ਸੀ.ਬੀ.ਡੀ.ਟੀ.) ਵੱਲੋਂ ਪੁਣਛਾਣ ਕੀਤੀ ਜਾ ਰਹੀ ਹੈ।

ਵਿੱਤ ਰਾਜ ਮੰਤਰੀ ਐਸ.ਐਸ. ਪਲਾਨੀਮਨੀਕਮ ਨੇ ਰਾਜ ਸਭਾ ਵਿਚ ਇਹ ਜਾਣਕਾਰੀ ਦਿੱਤੀ ਹੈ।


ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

4491 W. Shaw Ave.,
Suite 300 B
(Near Costco)
Fresno, CA 93722
Ph: 559-271-5511

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440



Law Offices of Gill & Heridis

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

Personal Injury
- Auto Collision



Bhupinder Gill
Attorney at Law
(Admitted in CA)

Call for free initial consultation

(408) 940-6065, (408) 736-5203

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085



ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.

*99% approved same day.* We specialize in high risk businesses.

ATMs – TRANAX/TRITON/WRG, starting at $69/mo.*
*(Perfect for retail stores, hotels, gas stations, etc.)*

*Need Money?* We provide cash advance against credit card processing with NO collateral or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: 773-416-8526
or 773-935-VISA, SagarATM@yahoo.com

www.GoldCoastATM.com






ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ

ੴ ਸਤਿਗੁਰ ਪ੍ਰਸਾਦਿ॥
ਆਇਆ ਤਾ ਕਾ ਸਫਲ ਹੈ ਜਾ ਪਰ ਉਪਕਾਰੀ ਹੋਇ॥

ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਵਲੋਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਉਪਦੇਸ਼ ਨੂੰ ਘਰ ਘਰ ਪਹੁੰਚਾਉਣ ਲਈ ਹਫਤਾਵਾਰੀ ਪ੍ਰੋਗਰਾਮ ਹਰੇਕ ਸਨਿਚਰਵਾਰ ਨੂੰ ਯੂਬਾ ਸਿਟੀ ਇਲਾਕੇ ਵਿਚ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਸੰਗਤ ਰੂਪ ਵਿਚ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦੇ ਪਾਠ ਤੋਂ ਇਲਾਵਾ ਕੀਰਤਨ, ਕਥਾ ਅਤੇ ਨਾਮ ਸਿਮਰਨ ਕੀਤਾ ਜਾਂਦਾ ਹੈ। ਸੁਸਾਇਟੀ ਵਲੋਂ ਇਹ ਨਿਸ਼ਕਾਮ ਸੇਵਾ ਕੀਤੀ ਜਾਂਦੀ ਹੈ, ਕੋਈ ਵੀ ਸ਼ਰਧਾਵਾਨ ਪਰਿਵਾਰ ਇਹ ਸੇਵਾ ਆਪਣੇ ਘਰ ਵਿਚ ਕਰਵਾਉਣਾ ਚਾਹੁੰਦਾ ਹੈ ਤਾਂ ਹੇਠ ਲਿਖੇ ਸੱਜਣਾਂ ਨਾਲ ਸੰਪਰਕ ਕਰ ਸਕਦਾ ਹੈ:

ਨਰਿੰਦਰ ਸਿੰਘ 530-682-7383
ਜੋਗਿੰਦਰ ਸਿੰਘ 530-870-3440
ਨਿਰਮਲ ਸਿੰਘ 530-635-0273

# ਪਾਕਿਸਤਾਨ ਤੇ ਅਮਰੀਕਾ ਵਿਚਾਲੇ ਤਣਾਅ ਵਧਿਆ

## ਨਾਟੋ ਹਮਲੇ ਵਿਚ 25 ਪਾਕਿ ਫੌਜੀ ਹਲਾਕ

**ਇਸਲਾਮਾਬਾਦ:** ਨਾਟੋ ਹਮਲੇ ਵਿਚ ਆਪਣੇ 28 ਫੌਜੀਆਂ ਦਾ ਖੂਨ ਡੁੱਲਣ ਤੋਂ ਨਾਰਾਜ਼ ਪਾਕਿਸਤਾਨ ਨੇ ਆਪਣੇ ਪੁਰਾਣੇ ਬੇਲੀ ਅਮਰੀਕਾ ਨੂੰ ਅੱਖਾਂ ਵਿਖਾਉਂਦਿਆਂ ਕਿਹਾ ਹੈ ਕਿ ਇਸ ਹਮਲੇ ਕਾਰਨ ਦੋਵਾਂ ਦੇ ਬਿਹਤਰ ਹੋ ਰਹੇ ਸਬੰਧਾਂ ਵਿਚ ਮੁੜ ਕੁੜੱਤਣ ਪੈਦਾ ਹੋ ਗਈ ਹੈ ਤੇ ਇਸ ਕਾਰਨ ਉਹ ਭਾਈਵਾਲੀ ਦੀਆਂ ਸ਼ਰਤਾਂ ਨੂੰ ਬਦਲਣ ਲਈ ਸੋਚਣ ਵਾਸਤੇ ਮਜਬੂਰ ਹੈ। ਪਾਕਿਸਤਾਨ ਨੇ ਅਮਰੀਕਾ ਨੂੰ ਆਖ ਦਿੱਤਾ ਹੈ ਕਿ ਉਹ ਉਸ ਦਾ ਸ਼ਮਸੀ ਹਵਾਈ ਅੱਡਾ 15 ਦਿਨਾਂ ਦੇ ਅੰਦਰ-ਅੰਦਰ ਖਾਲੀ ਕਰ ਦੇਵੇ।

ਉਧਰ ਵਿਗੜਦੇ ਸਬੰਧਾਂ ਵਿਚ ਮੁੜ ਮਿਠਾਸ ਭਰਨ ਲਈ ਅਮਰੀਕਾ ਨੇ ਇਸ ਮਾਮਲੇ ਵਿਚ ਜਾਂਚ ਦਾ ਪੂਰਾ ਸਮਰਥਨ ਕੀਤਾ ਹੈ ਪਰ ਪਾਕਿ ਵਿਦੇਸ਼ ਮੰਤਰੀ ਹਿਨਾ ਰੱਬਾਨੀ ਖ਼ਾਰ ਨੇ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੂੰ ਸਪਸ਼ਟ ਕਰ ਦਿੱਤਾ ਹੈ ਕਿ "ਮੁਹੰਮਦ ਏਜੰਸੀ ਵਿਚ ਪਾਕਿਸਤਾਨੀ ਫੌਜ ਦੇ ਨਾਕੇ ਉਪਰ ਨਾਟੋ ਤੇ ਕੌਮਾਂਤਰੀ ਫੌਜਾਂ ਦੇ ਹੈਲੀਕਾਪਟਰ ਹਮਲੇ ਵਿਚ 28 ਫੌਜੀਆਂ ਮਾਰੇ ਜਾਣ ਕਾਰਨ ਦੇਸ਼ ਵਾਸੀ ਭੜਕੇ ਹੋਏ ਹਨ। ਇਸ ਬੇਮਤਲਬ ਦੇ ਹਮਲੇ ਕਾਰਨ ਦੋਵਾਂ ਮੁਲਕਾਂ ਵੱਲੋਂ ਸਬੰਧ ਬਿਹਤਰ ਬਣਾਉਣ ਦੀ ਪ੍ਰਕਿਰਿਆ ਦੇ ਰਾਹ ਵਿਚ ਲਕੀਰ ਖਿੱਚੀ ਗਈ ਹੈ ਜਿਸ ਕਾਰਨ ਪਾਕਿਸਤਾਨ ਤੈਅ ਭਾਈਵਾਲੀ ਦੀਆਂ ਸ਼ਰਤਾਂ ਉਪਰ ਮੁੜ ਸੋਚ ਵਿਚਾਰ ਕਰਨ ਲਈ ਮਜਬੂਰ ਹੈ।"

ਜ਼ਿਕਰਯੋਗ ਹੈ ਕਿ ਪਾਕਿ ਤੇ ਅਮਰੀਕਾ ਦੇ ਸਬੰਧਾਂ ਵਿਚ 2 ਮਈ ਨੂੰ ਐਬਟਾਬਾਦ ਵਿਖੇ ਓਸਾਮਾ ਬਿਨ ਲਾਦਿਨ ਨੂੰ ਮਾਰੇ ਜਾਣ ਤੋਂ ਬਾਅਦ ਪਹਿਲਾਂ ਹੀ ਖਟਾਸ ਆ ਚੁੱਕੀ ਸੀ ਤੇ ਤਾਜ਼ਾ ਹਮਲੇ ਕਾਰਨ ਇਹ ਖਟਾਸ ਹੁਣ ਕੁੜੱਤਣ ਵਿਚ ਬਦਲ ਗਈ ਹੈ। ਇਸ ਘਟਨਾ ਬਾਰੇ ਵਾਸ਼ਿੰਗਟਨ ਵਿਖੇ ਅਮਰੀਕੀ ਵਿਦੇਸ਼ ਤੇ ਰੱਖਿਆ ਵਿਭਾਗਾਂ ਨੇ ਸਾਂਝੇ ਬਿਆਨ ਵਿਚ ਕਿਹਾ ਹੈ, ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਤੇ ਰੱਖਿਆ ਮੰਤਰੀ ਲਿਓਨ ਪਨੇਟਾ ਇਸ ਘਟਨਾ ਦੀ ਰਿਪੋਰਟ ਦੀ ਪੂਰੀ ਘੋਖ ਕਰ ਰਹੇ ਹਨ।

ਇਸ ਦੇ ਨਾਲ ਹੀ ਆਪਣੇ 28 ਜਵਾਨਾਂ ਦੀਆਂ ਲਾਸ਼ਾਂ ਵਿਛੀਆਂ ਦੇਖ ਕੇ ਪਾਕਿਸਤਾਨ ਨੇ ਅਫਗਾਨਿਸਤਾਨ ਲਈ ਜਾਂਦੀ ਰਸਦ ਰੋਕ ਲਈ ਹੈ। ਇਸ ਨਾਲ ਅਫਗਾਨਿਸਤਾਨ ਵਿਚਲੀਆਂ ਅਮਰੀਕੀ ਤੇ ਉਸ ਦੀਆਂ ਸਹਿਯੋਗੀ ਫੌਜਾਂ ਲਈ ਨਵੀਂ ਮੁਸੀਬਤ ਖੜ੍ਹੀ ਹੋ ਗਈ ਹੈ। ਇਸ ਨਾਕਾਬੰਦੀ ਨੂੰ ਤੁੜਵਾਉਣ ਤੇ ਸਬੰਧਾਂ ਨੂੰ ਸਹੀ ਕਰਨ ਲਈ ਹਿਲੇਰੀ ਕਲਿੰਟਨ, ਅਮਰੀਕੀ ਫੌਜਾਂ ਦੇ ਚੇਅਰਮੈਨ ਜਨਰਲ ਮਾਰਟਿਨ ਡੈਮਪਸੇ ਤੇ ਅਫਗਾਨਿਸਤਾਨ ਵਿਚਲੀ ਅਮਰੀਕੀ ਤੇ ਨਾਟੋ ਫੌਜ ਦੇ ਕਮਾਂਡਰ ਜਨਰਲ ਜੌਹਨ ਐਲੇਨ ਨੇ ਇਸ ਹਮਲੇ ਮਗਰੋਂ ਪਾਕਿਸਤਾਨ ਦੇ ਹਮਰੁਤਬਾ ਨਾਲ ਗੱਲਬਾਤ ਕੀਤੀ।

ਇਸਲਾਮਾਬਾਦ ਵਿਚਲੇ ਅਮਰੀਕੀ ਰਾਜਦੂਤ ਕੈਮਰੌਨ ਮੁੰਟਰ ਨੇ ਪਾਕਿਸਤਾਨ ਸਰਕਾਰ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਨਾਟੋ ਦੀ ਹਰਕਤ ਤੋਂ ਨਾਰਾਜ਼ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸੁਫ ਰਜ਼ਾ ਗਿਲਾਨੀ ਨੇ ਕੈਬਨਿਟ ਦੀ ਰੱਖਿਆ ਕਮੇਟੀ ਦੀ ਹੰਗਾਮੀ ਮੀਟਿੰਗ ਵਿਚ ਨਾਟੋ ਤੇ ਕੌਮਾਂਤਰੀ ਫੌਜਾਂ ਦੀ ਸਪਲਾਈ ਲਾਈਨ ਤੁਰੰਤ ਤੋੜ ਦੇਣ ਤੇ ਅਮਰੀਕਾ ਨੂੰ 15 ਦਿਨਾਂ ਦੇ ਅੰਦਰ-ਅੰਦਰ ਸ਼ਮਸੀ ਹਵਾਈ ਅੱਡਾ ਖਾਲੀ ਕਰਨ ਦਾ ਫੈਸਲਾ ਕੀਤਾ ਗਿਆ। ਜਨਰਲ ਕਿਆਨੀ ਨੇ ਹਮਲੇ ਦੀ ਨਿਖੇਧੀ ਕਰਦਿਆਂ ਅਜਿਹੇ ਹਮਲਿਆਂ ਦਾ ਢੁਕਵਾਂ ਜਵਾਬ ਦੇਣ ਦੇ ਹੁਕਮ ਦੇ ਦਿੱਤੇ। ਪਾਕਿਸਤਾਨ ਦੇ ਵਿਦੇਸ਼ ਸਕੱਤਰ ਸਲਮਾਨ ਬਸ਼ੀਰ ਨੇ ਅਮਰੀਕੀ ਸਫੀਰ ਮੁੰਟਰ ਕੋਲ ਸਖ਼ਤ ਰੋਸ ਦਰਜ ਕਰਵਾਇਆ ਹੈ। ਕੈਬਨਿਟ ਦੀ ਰੱਖਿਆ ਕਮੇਟੀ ਦੇ ਫੈਸਲਿਆਂ ਬਾਰੇ ਖ਼ਾਰ ਨੇ ਕਲਿੰਟਨ ਨੂੰ ਦੱਸ ਦਿੱਤਾ ਹੈ। ਨਾਟੋ ਦੇ ਬੁਲਾਰੇ ਬ੍ਰਿਗੇਡੀਅਰ ਜਨਰਲ ਸੀ. ਜੈਕਬਸਨ ਨੇ ਬੀ.ਬੀ.ਸੀ. ਨੂੰ ਦੱਸਿਆ ਕਿ ਅਫਗਾਨਿਸਤਾਨ ਵਿਚਲੀਆਂ ਸਾਂਝੀਆਂ ਫੌਜਾਂ ਹਮਲੇ ਦੀ ਜਾਂਚ ਕਰ ਰਹੀਆਂ ਹਨ। ਨਾਟੋ ਮੁਖੀ ਆਂਦਰੇਸ ਫੋਗ ਨੇ ਪ੍ਰਧਾਨ ਮੰਤਰੀ ਗਿਲਾਨੀ ਕੋਲ ਇਸ ਹਮਲੇ ਪ੍ਰਤੀ ਅਫਸੋਸ ਪ੍ਰਗਟ ਕੀਤਾ ਹੈ।




## ਪਾਕਿ ਵੱਲੋਂ ਬੌਨ ਕਾਨਫਰੰਸ ਦਾ ਬਾਈਕਾਟ

**ਇਸਲਾਮਾਬਾਦ:** ਪਾਕਿਸਤਾਨ ਨੇ ਨਾਟੋ ਹੈਲੀਕਾਪਟਰਾਂ ਵੱਲੋਂ ਉਸ ਦੇ 28 ਫੌਜੀਆਂ ਨੂੰ ਮਾਰਨ ਖਿਲਾਫ ਰੋਸ ਦੇ ਮੱਦੇਨਜ਼ਰ ਅਫਗਾਨਿਸਤਾਨ ਬਾਰੇ ਬੋਨ ਵਿਖੇ ਹੋ ਰਹੀ ਕਾਨਫਰੰਸ ਦਾ ਬਾਈਕਾਟ ਕਰਨ ਦਾ ਫੈਸਲਾ ਕੀਤਾ ਹੈ। ਇਹ ਮੀਟਿੰਗ 5 ਦਸੰਬਰ ਨੂੰ ਹੋਣੀ ਹੈ। ਕੈਬਨਿਟ ਦੀ ਰੱਖਿਆ ਕਮੇਟੀ ਦੀ ਮੀਟਿੰਗ ਮਗਰੋਂ ਪ੍ਰਧਾਨ ਮੰਤਰੀ ਯੂਸੁਫ ਰਜ਼ਾ ਗਿਲਾਨੀ ਦੇ ਹਵਾਲੇ ਨਾਲ ਅਖ਼ਬਾਰਾਂ ਨੇ ਲਿਖਿਆ ਹੈ ਕਿ ਤ"ਕਰੀਬਨ 90 ਮੁਲਕ ਇਸ ਕਾਨਫਰੰਸ ਵਿਚ ਆ ਰਹੇ ਹਨ ਪਰ ਪਾਕਿ ਬਾਈਕਾਟ ਕਰ ਰਿਹਾ ਹੈ।" ਪਾਕਿ ਦੀ ਗੈਰਹਾਜ਼ਰੀ ਨੂੰ ਅਮਰੀਕਾ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ।"

## ਸ਼ੈਰੀ ਰਹਿਮਾਨ ਬਣੀ ਅਮਰੀਕਾ ਵਿਚ ਪਾਕਿਸਤਾਨ ਦੀ ਸਫ਼ੀਰ

**ਇਸਲਾਮਾਬਾਦ:** ਸੀਨੀਅਰ ਸਿਆਸਤਦਾਨ ਸ਼ੈਰੀ ਰਹਿਮਾਨ ਨੂੰ ਅਮਰੀਕਾ ਵਿਚ ਪਾਕਿਸਤਾਨ ਦੀ ਸਫ਼ੀਰ ਨਾਮਜ਼ਦ ਕੀਤਾ ਗਿਆ ਹੈ। ਬੀਬੀ ਰਹਿਮਾਨ ਕੱਟੜਤਾ ਦੀ ਮੁਖ਼ਾਲਫ਼ਤ ਕਰਨ ਕਰਕੇ ਪਹਿਲਾਂ ਹੀ ਅਤਿਵਾਦੀ ਤੇ ਮੂਲਵਾਦੀਆਂ ਦੇ ਨਿਸ਼ਾਨੇ 'ਤੇ ਹੈ। 50 ਸਾਲਾ ਰਹਿਮਾਨ ਹੁਸੈਨ ਹੱਕਾਨੀ ਦੀ ਥਾਂ ਲੈਣਗੇ ਜਿਨ੍ਹਾਂ ਨੂੰ 'ਮੀਮੋਗੇਟ' ਕਾਰਨ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਸੀ। ਰਹਿਮਾਨ ਸੰਘੀ ਸੂਚਨਾ ਮੰਤਰੀ ਰਹਿ ਚੁੱਕੀ ਹੈ ਤੇ ਜਾਣੀ-ਪਛਾਣੀ ਪੱਤਰਕਾਰ ਹੈ। ਸੱਤਾਧਾਰੀ ਪਾਕਿਸਤਾਨ ਪੀਪਲਜ਼ ਪਾਰਟੀ ਵਿਚ ਉਹ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੇ ਕਾਫੀ ਨੇੜੇ ਸੀ।

2009 ਵਿਚ ਮੀਡੀਆ ਨਾਲ ਨਜਿੱਠੇ ਜਾਣ ਦੇ ਮੁੱਦੇ 'ਤੇ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਨਾਲ ਮਤਭੇਦ ਪੈਦਾ ਹੋਣ ਮਗਰੋਂ ਉਨ੍ਹਾਂ ਸਰਕਾਰ ਤੋਂ ਅਸਤੀਫਾ ਦੇ ਦਿੱਤਾ ਸੀ। ਰਹਿਮਾਨ ਭਾਰਤ ਨਾਲ ਗੈਰ-ਸਰਕਾਰੀ ਪੱਧਰ 'ਤੇ ਕੂਟਨੀਤੀ ਵਿਚ ਸ਼ਾਮਲ ਰਹੀ ਹੈ ਤੇ ਉਨ੍ਹਾਂ ਪਿਛਲੇ ਮਹੀਨੇ ਬੈਂਕਾਕ ਵਿਚ ਭਾਰਤ ਤੇ ਪਾਕਿਸਤਾਨ ਦੇ ਗੈਰ-ਸਰਕਾਰੀ ਨੁਮਾਇੰਦਿਆਂ ਦੀ ਵਿਚਾਰ ਚਰਚਾ ਵਿਚ ਹਿੱਸਾ ਲਿਆ ਸੀ।

ਸ਼ੈਰੀ ਰਹਿਮਾਨ ਔਰਤਾਂ ਤੇ ਘੱਟ-ਗਿਣਤੀਆਂ ਦੇ ਹੱਕਾਂ ਦੀ ਪੁਰਜ਼ੋਰ ਹਮਾਇਤੀ ਹੈ ਤੇ ਉਸ ਨੂੰ ਕੱਟੜਪੰਥੀਆਂ ਤੋਂ ਮੌਤ ਦੀਆਂ ਧਮਕੀਆਂ ਮਿਲਦੀਆਂ ਰਹੀਆਂ ਹਨ।

## ਭਾਰਤ ਬਣਿਆ ਸਾਂਝੀ ਨਿਗਰਾਨ ਇਕਾਈ ਦਾ ਮੈਂਬਰ

**ਸੰਯੁਕਤ ਰਾਸ਼ਟਰ:** ਭਾਰਤ ਨੇ ਚੀਨ ਨਾਲ ਸਿੱਧੀ ਟੱਕਰ ਵਿਚ ਸੰਯੁਕਤ ਰਾਸ਼ਟਰ ਦੀ ਸਾਂਝੀ ਨਿਗਰਾਨ ਇਕਾਈ (ਜੇ.ਆਈ.ਯੂ.) ਦੀ ਅਹਿਮ ਸੀਟ ਜਿੱਤ ਲਈ ਹੈ। ਭਾਰਤ 35 ਸਾਲਾਂ ਬਾਅਦ ਇਸ ਇਕਾਈ ਦਾ ਮੈਂਬਰ ਬਣਿਆ ਹੈ। ਸੰਯੁਕਤ ਰਾਸ਼ਟਰ ਦੇ ਜਨੇਵਾ ਦਫਤਰ ਵਿਚ ਭਾਰਤ ਦੇ ਸਥਾਈ ਪ੍ਰਤੀਨਿਧੀ ਏ. ਗੋਪੀਨਾਥਨ ਨੇ ਚੀਨ ਦੇ ਭਾਰਤ ਵਿਚਲੇ ਸਫ਼ੀਰ ਸ਼ਿਆਂਗ ਯਾਨ ਨੂੰ ਮਾਤ ਦਿੱਤੀ।

ਪੰਜ ਸਾਲਾ ਲਈ ਚੁਣੇ ਗਏ ਸ੍ਰੀ ਗੋਪੀਨਾਥਨ 1 ਜਨਵਰੀ, 2013 ਨੂੰ ਅਹੁਦਾ ਸੰਭਾਲਣਗੇ।

## ਸਟਾਲਿਨ ਦੀ ਧੀ ਸਵੇਤਲਾਨਾ ਦਾ ਦੇਹਾਂਤ

**ਸ਼ਿਕਾਗੋ:** ਸੋਵੀਅਤ ਰੂਸ ਦੇ ਮਿਸਾਲੀ ਆਗੂ ਜੋਸਫ ਸਟਾਲਿਨ ਦੀ ਧੀ ਲਾਨਾ ਪੀਟਰਸ ਉਰਫ ਸਵੇਤਲਾਨਾ ਅਲੀਲੂਯੇਵਾ ਦਾ ਦੇਹਾਂਤ ਹੋ ਗਿਆ ਹੈ। ਉਹ 85 ਵਰ੍ਹਿਆਂ ਦੀ ਸੀ। ਗੌਰਤਲਬ ਹੈ ਕਿ ਸਵੇਤਲਾਨਾ ਜਦੋਂ 1966 ਵਿਚ ਭਾਰਤ ਆਈ ਹੋਈ ਸੀ ਤਾਂ ਰੂਸ ਪਰਤਣ ਦੀ ਥਾਂ ਉਹ ਪਹਿਲਾਂ ਸਵਿਟਜ਼ਰਲੈਂਡ ਤੇ ਫਿਰ ਅਮਰੀਕਾ ਚਲੀ ਗਈ।

ਉਸ ਨੇ ਰੂਸ ਦੇ ਕਮਿਊਨਿਸਟ ਨਿਜ਼ਾਮ ਦੀ ਤਿੱਖੀ ਨੁਕਤਾਚੀਨੀ ਕੀਤੀ ਸੀ। ਅਮਰੀਕਾ ਵਿਚ ਉਹ 1967 ਵਿਚ ਪੁੱਜੀ ਸੀ। ਉਸ ਦੀ ਮੌਤ 22 ਨਵੰਬਰ ਨੂੰ ਹੋ ਗਈ ਸੀ। ਉਹ ਵੱਡੀ ਆਂਦਰ ਦੇ ਕੈਂਸਰ ਤੋਂ ਪੀੜਤ ਸੀ। ਸਵੇਤਲਾਨਾ ਭਾਰਤੀ ਕਮਿਊਨਿਸਟ ਬ੍ਰਿਜੇਸ਼ ਸਿੰਘ ਨੂੰ ਪਿਆਰ ਕਰਦੀ ਸੀ। ਬ੍ਰਿਜੇਸ਼ ਸਿੰਘ ਦੀ 1966 ਵਿਚ ਰੂਸ ਵਿਚ ਹੀ ਮੌਤ ਹੋ ਗਈ ਸੀ। ਉਹ ਭਾਰਤ, ਬ੍ਰਿਜੇਸ਼ ਸਿੰਘ ਦੀਆਂ ਅਸਥੀਆਂ ਲੈ ਕੇ ਆਈ ਸੀ। ਅਮਰੀਕਾ ਪੁੱਜਣ ਤੋਂ ਚੰਦ ਮਹੀਨਿਆਂ ਬਾਅਦ ਉਸ ਦੀ ਕਿਤਾਬ 'ਟਵੰਟੀ ਲੈਸ਼ਰਜ਼ ਟੂ ਏ ਫਰੈਂਡ' ਛਪੀ ਜੋ ਬਹੁਤ ਵਿਕੀ ਸੀ।




Buy a Home With Zero Cash! No Money Down!

Amardeep Singh
Ph:916-712-2735
DRE#01357217

For FREE list of properties and pre-recorded information on how "NO MONEY DOWN" Program Work. Govt. Loans, USDA, VA, Down Assistance Program and many more. Call Toll Free:1-888-450-6603 ID#4074



$151,000
Antelope - $576 Payment
Great School. Ready to move. Clean. Family Home. Safe Neighborhood. Trees line street. FREE INFO: 1-888-450-6603, ID # 4251




$165,000
Natomas – $630 Payment.
Open floor plan. First time homebuyer. Bank Owned. Clean. Less than Rent. Beautiful FREE INFO: 1-888-450-6603, ID # 4252



$139,900
Vintage – $529 Payment
Great deal for home buyer. Walking distance to park, Desirable location. Family Home. FREE INFO: 1-888-450-6603, ID # 4253



$179,900
Vintage – $566 Payment
Beds. 3 Car garage. Quite Street. Pvt. backyard. Eat in Kitchen. Near school. Bright rooms. FREE INFO: 1-888-450-6603, ID # 4254



I am making over $2,750
With the help of Statewide Team, I am proud owner of two rentals in Sacramento. Each month I am making over $2,750 after all expenses. I live in Bay area and was nervous to invest in Sacramento. Statewide not only educated me but helped me in preparing the properties and finding good tenants. Great investment for my kids education.
-Mr. Sood.



$189,000
Sacramento – $765 Payment
2 story. Separate family living room. Desirable location. Beautiful. Tree lined streets. Great Area. FREE INFO: 1-888-450-6603, ID #4256



$159,000
Elk Grove – $607 Payment
Clean. Family room. Desirable location. Comfortable. Pvt. back yard. Beautiful Neighbourhood. FREE INFO: 1-888-450-6603, ID # 4257



$175,000
Natomas - $668 Payment
Preferable area. Quite Street. Open lay out. Good neighborhood. Family home. Lively. Walk to Park. FREE INFO: 1-888-450-6603, ID # 4258



$245,000
Elk Grove – $935 Payment
Preferable location. Tree lined street. Hardwood Floors. Formal Dining. Granite Counters. FREE INFO: 1-888-450-6603, ID # 4259

Get Free list of Homes at www.statewideteam.net

**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana
**California:**
Shiara Dhindsa
Photographer
661-703-6664
**Bay Area**
Charanjit Singh Pannu
408-608-4961
**Sacramento**
Gurbarinder Singh Raja
916-533-2678
**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿੱਧੇ ਵਿਦੇਸ਼ੀ ਨਿਵੇਸ਼ ਬਾਰੇ ਅਕਾਲੀ ਦਲ ਕਸੂਤਾ ਫਸਿਆ

ਵਿਚਾਲੇ ਵੰਡੇ ਜਾਂਦੇ ਪੰਜਾਬ ਦੇ ਵੋਟਰਾਂ ਕੋਲ ਇਸ ਵਾਰ ਬਾਦਲ ਪਰਿਵਾਰ ਦੇ ਫ਼ਰਜ਼ੰਦ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ‘ਚ ਸਾਂਝੇ ਫਰੰਟ ਦਾ ਬਦਲ ਵੀ ਹੈ।

ਸ. ਮਨਪ੍ਰੀਤ ਸਿੰਘ ਬਾਦਲ ਆਪਣੇ ਤਾਏ ਤੋਂ ਸਿੱਖੇ ਸਿਆਸੀ ਪੈਂਤੜੇ ਹੁਣ ‘ਆਪਣਿਆਂ’ ਖ਼ਿਲਾਫ਼ ਹੀ ਵਰਤ ਰਹੇ ਹਨ ਜਿਸ ਨਾਲ ਕਈ ਵਾਰ ਅਕਾਲੀ ਹਲਕਿਆਂ ’ਚ ਘਬਰਾਹਟ ਦਾ ਝਲਕਾਰਾ ਵੀ ਪੈਂਦਾ ਹੈ। ਅਕਾਲੀ ਦਲ ’ਚ ਰਹਿੰਦਿਆਂ ‘ਗਲਤ’ ਨੀਤੀਆਂ ਦੀ ਮੁਖ਼ਾਲਫਤ ਕਰਨ ਵੇਲੇ ਮਨਪ੍ਰੀਤ ਸਿੰਘ ਬਾਦਲ ਦੀ ਜ਼ੁਬਾਨ ਥਿਰਕਦੀ ਸੀ ਪਰ ਅੱਜਕੱਲ੍ਹ ਉਹ ਖੁੱਲ੍ਹ ਕੇ ਸਰਕਾਰ ਦੀਆਂ ਨਾਕਾਮੀਆਂ ਦੀ ਪੋਲ ਖੋਲ੍ਹ ਰਹੇ ਹਨ। ਇਸ ਗੱਲ ਤੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਭਲੀ ਭਾਂਤ ਵਾਕਫ ਹਨ ਕਿ ਘਰ ਦਾ ਭੇਤੀ ਕਿਸੇ ਵੇਲੇ ਵੀ ਲੰਕਾ ਨੂੰ ਤਬਾਹ ਕਰ ਸਕਦਾ ਹੈ।

ਇਸ ਦੇ ਨਾਲ ਹੀ ਮਨਪ੍ਰੀਤ ਬਾਦਲ ਨੇ ਖੱਬੇ ਪੱਖੀਆਂ ਅਤੇ ਸਿਆਸਤ ‘ਚ ਨਵੀਂ ਪਾਰੀ ਖੇਡਣ ਲਈ ਬੇਤਾਬ ਸੁਰਜੀਤ ਸਿੰਘ ਬਰਨਾਲਾ ਨਾਲ ਹੱਥ ਮਿਲਾ ਕੇ ਦੋਵੇਂ ਵੱਡੀਆਂ ਪਾਰਟੀਆਂ (ਅਕਾਲੀ ਦਲ ਤੇ ਕਾਂਗਰਸ) ਨੂੰ ਫਿਕਰਾਂ ‘ਚ ਪਾ ਦਿੱਤਾ ਹੈ। ਉਂਜ, ਖੱਬੇ ਪੱਖੀ ਪਾਰਟੀਆਂ ਲਗਾਤਾਰ ਹਾਸ਼ੀਏ ਤੋਂ ਬਾਹਰ ਜਾ ਰਹੀਆਂ ਹਨ ਤੇ ਅਕਾਲੀ ਦਲ (ਲੌਂਗੋਵਾਲ) ਵੀ ਇੱਕ-ਦੋ ਹਲਕਿਆਂ ਤੱਕ ਹੀ ਮਹਿਦੂਦ ਹੈ।

ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਨਾਅਰੇ ਹੇਠ ਮਨਪ੍ਰੀਤ ਬਾਦਲ ‘ਜਾਗੋ ਪੰਜਾਬ ਯਾਤਰਾ’ ਜ਼ਰੀਏ ਆਵਾਮ ਨੂੰ ਜਗਾਉਣ ਦਾ ਇਕ ਹੰਭਲਾ ਮਾਰ ਚੁੱਕੇ ਹਨ ਤੇ ਤੇ ਹੁਣ ‘ਇਜ਼ਤ ਬਚਾਓ ਯਾਤਰਾ’ ਰਾਹੀਂ ਲੋਕਾਂ ਨੂੰ ਹਲੂਣਾ ਦੇ ਰਹੇ ਹਨ। ਸਿਆਸੀ ਮਾਹਿਰਾਂ ਅਨੁਸਾਰ ਮਨਪ੍ਰੀਤ ਦਾ ਸਾਂਝਾ ਮੋਰਚਾ ਪੰਜਾਬ ਦੀ ਸਿਆਸਤ ਦੇ ਧੁਰੇ ਮਾਲਵੇ ਵਿਚ ਅਕਾਲੀ ਦਲ ਅਤੇ ਕਾਂਗਰਸ, ਦੋਹਾਂ ਦੇ ਵੋਟ ਬੈਂਕ ਨੂੰ ਖੋਰਾ ਲਾ ਸਕਦਾ ਹੈ।

ਪੰਜਾਬ ਦੀ ਸਿਆਸਤ ‘ਚ ਡੇਰਿਆਂ ਨੇ ਪੂਰੀ ਤਰ੍ਹਾਂ ਪੈਂਠ ਬਣਾ ਲਈ ਹੈ। ਮਨਪ੍ਰੀਤ ਬਾਦਲ ਵੀ ਇਸ ਸੱਚਾਈ ਤੋਂ ਚੰਗੀ ਤਰ੍ਹਾਂ ਜਾਣੂ ਹੈ। ਉਸ ਨੇ ਪਿਛਲੇ ਦਿਨੀਂ ਡੇਰਾ ਸਿਰਸਾ ਦਾ ਚੱਕਰ ਲਾਇਆ ਸੀ ਜਿਸ ਨੂੰ ਲੈ ਕੇ ਸ੍ਰੀ ਆਕਲ ਤਖ਼ਤ ਦੇ ਜਥੇਦਾਰ ਨੇ ਵੀ ਉਸ ਨੂੰ ਚਿਤਾਵਨੀ ਜਾਰੀ ਕਰ ਦਿੱਤੀ ਹੈ।

ਉਧਰ, ਹੁਕਮਰਾਨ ਧਿਰ ਅਕਾਲੀ ਦਲ-ਭਾਜਪਾ ਦੀ ਪੰਜ ਸਾਲਾਂ ਦੀ ਕਾਰਗੁਜ਼ਾਰੀ ਦਾ ਕੱਚਾ ਚਿੱਠਾ ਲੋਕਾਂ ‘ਚ ਖੋਲ੍ਹਣ ਦੇ ਦਾਅਵੇ ਨਾਲ ‘ਪੰਜਾਬ ਬਚਾਓ ਯਾਤਰਾ’ ‘ਤੇ ਨਿਕਲੇ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀਆਂ ਰੈਲੀਆਂ ‘ਚ ਜੁੜ ਰਹੀ ਭੀੜ ਨੂੰ ਦੇਖ ਕੇ ਕਾਂਗਰਸੀ ਵੀ ਆਸਵੰਦ ਨਜ਼ਰ ਆ ਰਹੇ ਹਨ। ਜਲੰਧਰ ਦੀ ਰੈਲੀ ‘ਚ ਇਕੱਠ ਥੋੜ੍ਹਾ ਰਹਿਣ ਕਰਕੇ ਕੈਪਟਨ ਦੀ ਘੁਰਕੀ ਦਾ ਅਸਰ ਬਾਕੀ ਹਲਕਿਆਂ ਦੀਆਂ ਰੈਲੀਆਂ ‘ਚ ਦੇਖਣ ਨੂੰ ਮਿਲ ਰਿਹਾ ਹੈ। ਇਸ ਦੇ ਨਾਲ ਹੀ ਕਾਂਗਰਸ ਦੀ ਇਸ ਮੁਹਿੰਮ ‘ਚ ਸੀਨੀਅਰ ਆਗੂਆਂ ਵੱਲੋਂ ਇਕਜੁਟਤਾ ਦਾ ਇਜ਼ਹਾਰ ਖਾਸ ਅਰਥ ਰੱਖਦਾ ਹੈ। ਬੀਬੀ ਰਾਜਿਦਰ ਕੌਰ ਭੱਠਲ, ਕੈਪਟਨ ਅਮਰਿੰਦਰ ਸਿੰਘ, ਜਗਮੀਤ ਸਿੰਘ ਬਰਾੜ ਤੇ ਹੋਰ ਮਝੈਲ ਆਗੂ ਹੁਣ ਇਕਸੁਰ ਹਨ।

ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਚੋਣ ਦੰਗਲ ਦੇ ਸੈਮੀਫਾਈਨਲ ਵਜੋਂ ਪ੍ਰਚਾਰੀਆਂ ਜਾਂ ਰਹੀਆਂ ਸ਼੍ਰੋਮਣੀ ਕਮੇਟੀ ਚੋਣਾਂ ‘ਚ ਵੱਡੀ ਜਿੱਤ ਦਰਜ ਕਰ ਕੇ ਹੁਕਮਰਾਨ ਧਿਰ ਸੱਤਾ ‘ਚ ਵਾਪਸੀ ਦੇ ਸੁਫਨੇ ਵੇਖ ਰਹੀ ਹੈ। ਅਕਾਲੀ ਦਲ ਵਾਲੇ ਲੋਕ ਭਲਾਈ ਪਾਰਟੀ ਦਾ ਭੋਗ ਪਾ ਕੇ ਬਲਵੰਤ ਸਿੰਘ ਰਾਮੂਵਾਲੀਏ ਦੇ ਦਲ ‘ਚ ਪਰਤਣ ਤੋਂ ਵੀ ਬਾਗੋਬਾਗ ਹਨ। 1989 ‘ਚ ਵਿਚਾਰਕ ਵਖਰੇਵਿਆਂ ਕਾਰਨ ਅਕਾਲੀ ਦਲ ਛੱਡ ਗਏ ਬਲਵੰਤ ਸਿੰਘ ਰਾਮੂਵਾਲੀਆ ਨੇ ਸਿਆਸੀ ਪਿੜ ‘ਚ ਕਾਇਮ ਹੋਣ ਲਈ ਬਥੇਰੇ ਹੱਥ ਪੈਰ ਮਾਰੇ ਤੇ ਕਾਂਗਰਸ ਨਾਲ ਨਜ਼ਦੀਕੀਆਂ ਵਧਾਉਣ ਦੀ ਕੋਸ਼ਿਸ਼ ਕੀਤੀ ਪਰ ਕੁਝ ਪੱਲੇ ਨਾ ਪਿਆ।

ਪੰਜਾਬ ‘ਚ ਸੱਤਾ ਵਿਰੋਧੀ ਤੱਤ ਸੱਤਾ ਦਾ ਮੁਹਾਂਦਰਾ ਤੈਅ ਕਰਦਾ ਆਇਆ ਹੈ ਪਰ ਇਸ ਵਾਰ ਹਾਲਾਤ ਸਪਸ਼ਟ ਨਹੀਂ ਹੋਏ। ਸਾਲ 2007 ਦੀਆਂ ਵਿਧਾਨ ਸਭਾ ਚੋਣਾਂ ‘ਚ ਵੋਟ ਫੀਸਦੀ ਪੱਖੋਂ ਕਾਂਗਰਸ ਮਜ਼ਬੂਤੀ ਨਾਲ ਸਾਹਮਣੇ ਆਈ ਸੀ। ਸ਼੍ਰੋਮਣੀ ਅਕਾਲੀ ਦਲ ਨੂੰ ਇਨ੍ਹਾਂ ਚੋਣਾਂ ‘ਚ 37.09 ਫੀਸਦੀ ਵੋਟਾਂ ਮਿਲੀਆਂ ਸਨ ਜਦਕਿ ਭਾਈਵਾਲ ਭਾਜਪਾ ਦੇ ਖਾਤੇ ‘ਚ 8.28 ਫੀਸਦੀ ਵੋਟਾਂ ਭੁਗਤੀਆਂ ਸਨ। ਕਾਂਗਰਸ ਬੇਸ਼ੱਕ ਸੱਤਾ ‘ਚ ਵਾਪਸੀ ਤੋਂ ਖੁੰਝ ਗਈ ਪਰ 40.90 ਵੋਟ ਫ਼ੀਸਦੀ ਨਾਲ ਕਾਂਗਰਸ ਦੀ ਕਾਰਗੁਜ਼ਾਰੀ ਬਿਹਤਰ ਰਹੀ ਸੀ।

ਸੂਬੇ ‘ਚ ਖਾਸਾ ਦਲਿਤ ਵੋਟ ਬੈਂਕ ਹੋਣ ਦੇ ਬਾਵਜੂਦ ਬਹੁਜਨ ਸਮਾਜ ਪਾਰਟੀ ਆਪਣੀਆਂ ਜੜ੍ਹਾਂ ਜਮਾਉਣ ‘ਚ ਸਫਲ ਨਹੀਂ ਹੋ ਸਕੀ। ਬਸਪਾ ਨੂੰ ਪਿਛਲੀਆਂ ਵਿਧਾਨ ਸਭਾ ਚੋਣਾਂ ‘ਚ 4.13 ਫ਼ੀਸਦੀ ਵੋਟਾਂ ਮਿਲੀਆਂ ਸਨ। ਪਾਰਟੀ ਨੇ ਇਸ ਵਾਰ ਇਕੱਲਿਆਂ ਹੀ ਚੋਣ ਮੈਦਾਨ ‘ਚ ਨਿਤਰਨ ਦਾ ਐਲਾਨ ਕੀਤਾ ਹੋਇਆ ਹੈ ਪਰ ਕਿਆਸੇ ਇਹ ਵੀ ਲਾਏ ਜਾ ਰਹੇ ਨੇ ਕਿ ਬਸਪਾ ਤੀਜੇ ਮੋਰਚੇ ਨਾਲ ਹੱਥ ਮਿਲਾ ਸਕਦੀ ਹੈ।

# ਕਾਂਗਰਸ ਦੇ ਐਨ. ਆਰ. ਆਈ. ਕੌਂਸਲ ਮੈਂਬਰਾਂ ਵਲੋਂ ਪੰਜਾਬ ਦਾ ਦੌਰਾ

**ਸ਼ਿਕਾਗੋ (ਬਿਊਰੋ):** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵਲੋਂ ਲੰਘੇ ਸਤੰਬਰ ਮਹੀਨੇ ਗਠਿਤ ਕੀਤੀ ਗਈ ਐਨ. ਆਰ. ਆਈ. ਕੌਂਸਲ ਦੇ ਮੈਂਬਰਾਂ ਦੇ ਇਕ ਵਫਦ ਨੇ ਨਵੰਬਰ ਮਹੀਨੇ 3 ਹਫਤਿਆਂ ਲਈ ਪੰਜਾਬ ਦਾ ਦੌਰਾ ਕੀਤਾ। ਆਪਣੀ ਇਸ ਪੰਜਾਬ ਫੇਰੀ ਦੌਰਾਨ ਇਹ ਮੈਂਬਰ ਪਾਰਟੀ ਪ੍ਰਧਾਨ ਸਮੇਤ ਪੰਜਾਬ ਕਾਂਗਰਸ ਦੇ ਬਹੁਤ ਸਾਰੇ ਆਗੂਆਂ ਨੂੰ ਮਿਲੇ ਅਤੇ ਉਨ੍ਹਾਂ ਨੂੰ ਆ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਦੀ ਮੁਕੰਮਲ ਹਮਾਇਤ ਦਾ ਭਰੋਸਾ ਦਿਤਾ। ਇਸ ਦੇ ਨਾਲ ਹੀ ਉਨ੍ਹਾਂ ਪ੍ਰਵਾਸੀ ਪੰਜਾਬੀਆਂ ਦੇ ਵਖ ਵਖ ਮਸਲੇ ਵੀ ਇਨ੍ਹਾਂ ਆਗੂਆਂ ਨਾਲ ਵਿਚਾਰੇ। ਐਨ ਆਰ ਆਈ ਕੌਂਸਲ ਦੇ ਪੰਜਾਬ ਗਏ ਇਨ੍ਹਾਂ ਆਗੂਆਂ ਵਿਚ ਚੀਫ ਕੋ-ਆਰਡੀਨੇਟਰ ਭੁਪਿੰਦਰ ਸਿੰਘ ਹੁੰਦਲ, ਵੈਸਟ ਕੋਸਟ ਦੇ ਕੋ-ਆਰਡੀਨੇਟਰ ਸਰਬਜੀਤ ਸਿੰਘ ਮਾਨ ਤੋਂ ਇਲਾਵਾ ਪਾਰਟੀ ਮੈਂਬਰ ਪਰਮਿੰਦਰ ਵਾਲੀਆ, ਦਲੀਪ ਸਿੰਘ ਸਿੱਧੂ, ਸੰਤ ਸਿੰਘ, ਮਨਜੀਤ ਸਿੰਘ ਬਾਠ ਅਤੇ ਕਈ ਹੋਰ ਮੈਂਬਰ ਸ਼ਾਮਲ ਸਨ।



*ਸੁਰਿੰਦਰ ਸਿੰਗਲਾ, ਭੁਪਿੰਦਰ ਹੁੰਦਲ ਅਤੇ ਜੱਸੀ ਖੰਗੂੜਾ*

ਪੰਜਾਬ ਫੇਰੀ ਤੋਂ ਵਾਪਸ ਪਰਤੇ ਸ੍ਰੀ ਭੁਪਿੰਦਰ ਸਿੰਘ ਹੁੰਦਲ ਨੇ ਦਸਿਆ ਕਿ ਆਪਣੀ ਇਸ ਫੇਰੀ ਦੌਰਾਨ ਉਹ ਸਾਬਕਾ ਮੰਤਰੀ ਤ੍ਰਿਪਤੀ ਬਾਜਵਾ, ਕਾਂਗਰਸ ਦੀ ਗੁਰਦਾਸਪੁਰ ਇਕਾਈ ਦੇ ਪ੍ਰਧਾਨ ਅਤੇ ਸਾਬਕਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਪੰਜਾਬ ਦੇ ਸਾਬਕਾ ਵਿਤ ਮੰਤਰੀ ਸੁਰਿੰਦਰ ਸਿੰਗਲਾ, ਅੰਮ੍ਰਿਤਸਰ ਰੂਰਲ ਇਕਾਈ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਅਜਨਾਲਾ, ਮੀਤ ਪ੍ਰਧਾਨ ਸੁਖ ਸਰਕਾਰੀਆ, ਹੁਸ਼ਿਆਰਪੁਰ ਜਿਲੇ ਦੇ ਪ੍ਰਧਾਨ ਸ਼ਿਆਮ ਸੁੰਦਰ ਅਰੋੜਾ, ਵਿਧਾਇਕ ਲਵ ਕੁਮਾਰ ਗੋਲਡੀ, ਸੰਗਤ ਸਿੰਘ ਗਿਲਜ਼ੀਆਂ ਤੇ ਜੱਸੀ ਖੰਗੂੜਾ, ਸਾਬਕਾ ਲੋਕ ਸਭਾ ਮੈਂਬਰ ਸਤਨਾਮ ਕੈਂਥ ਤੋਂ ਇਲਾਵਾ ਹੋਰ ਬਹੁਤ ਸਾਰੇ ਆਗੂਆਂ ਨੂੰ ਮਿਲੇ। ਸ੍ਰੀ ਹੁੰਦਲ ਅਨੁਸਾਰ ਇਨ੍ਹਾਂ ਆਗੂਆਂ ਨਾਲ ਮੁਲਾਕਾਤ ਦੌਰਾਨ ਜਿਹੜੇ ਮਾਮਲਿਆਂ ਉਪਰ ਉਚੇਚੀ ਗੱਲਬਾਤ ਹੋਈ, ਉਨ੍ਹਾਂ ਵਿਚ ਐਨ. ਆਰ. ਆਈ. ਕੌਂਸਲ ਵਲੋਂ ਆ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ‘ਚ ਕਾਂਗਰਸੀ ਉਮੀਦਵਾਰਾਂ ਦੀ ਮਦਦ ਲਈ ਵਡੇ ਪੱਧਰ ਉਤੇ ਯਤਨ ਕੀਤੇ ਜਾਣਾ, ਪੰਜਾਬ ਨੂੰ ਮੁੜ ਤਰੱਕੀ ਦੇ ਰਾਹ ਪਾਉਣ ਲਈ ਯਤਨ ਕਰਨਾ ਅਤੇ ਪ੍ਰਵਾਸੀ ਪੰਜਾਬੀਆਂ ਨੂੰ ਦਰਪੇਸ਼ ਮਸਲੇ ਅਤੇ ਉਨ੍ਹਾਂ ਦੇ ਹੱਲ ਲਈ ਯਤਨ ਕਰਨਾ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਐਨ. ਆਰ. ਆਈ. ਕੌਂਸਲ ਪੰਜਾਬ ਚੋਣਾਂ ਦੌਰਾਨ ਕਾਂਗਰਸੀ ਉਮੀਦਵਾਰਾਂ ਦੀ ਮਦਦ ਲਈ ਵਡੇ ਪੱਧਰ ਉਤੇ ਪੰਜਾਬੀ ਪ੍ਰਵਾਸੀਆਂ ਨੂੰ ਪੰਜਾਬ ਜਾਣ ਲਈ ਮਨਾਉਣ ਦੇ ਯਤਨ ਕਰੇਗੀ।

ਸ੍ਰੀ ਹੁੰਦਲ ਨੇ ਕਿਹਾ ਕਿ ਸਾਡਾ ਯਕੀਨ ਹੈ ਕਿ ਬਹੁ-ਗਿਣਤੀ ਪ੍ਰਵਾਸੀ ਪੰਜਾਬੀ ਕਾਂਗਰਸ ਦੇ ਹਮਾਇਤੀ ਹਨ ਅਤੇ ਇਹ ਗੱਲ ਪਿਛਲੇ ਦੋ ਕੁ ਸਾਲਾਂ ਵਿਚ ਅਮਰੀਕਾ ਦੇ ਵਖ ਵਖ ਇਲਾਕਿਆਂ ਵਿਚ ਕਾਂਗਰਸ ਦੇ ਨਾਂ ਉਤੇ ਜਥੇਬੰਦੀਆਂ ਖੜ੍ਹੇ ਹੋਣ ਤੋਂ ਸਪਸ਼ਟ ਹੈ। ਇਨ੍ਹਾਂ ਸਭ ਜਥੇਬੰਦੀਆਂ ਦਾ ਇਕੋ ਹੀ ਮਨੋਰਥ ਹੈ, ਕਾਂਗਰਸ ਨੂੰ ਚੋਣਾਂ ਵਿਚ ਜਿੱਤ ਦਵਾਉਣ ਦਾ ਯਤਨ ਕਰਨਾ ਅਤੇ ਪ੍ਰਵਾਸੀ ਪੰਜਾਬੀਆਂ ਦੇ ਮਸਲਿਆਂ ਦਾ ਹੱਲ ਕਰਨਾ। ਉਨ੍ਹਾਂ ਐਨ. ਆਰ. ਆਈ. ਕੌਂਸਲ ਵਲੋਂ ਸਮੂਹ ਪੰਜਾਬੀ ਅਮਰੀਕਨਾਂ ਨੂੰ ਇਸ ਟੀਚੇ ਨੂੰ ਹਾਸਲ ਕਰਨ ਲਈ ਰਲ ਕੇ ਚਲਣ ਦੀ ਅਪੀਲ ਕੀਤੀ।

ਆਪਣੇ ਪੰਜਾਬ ਦੌਰੇ ਦੇ ਤਜਰਬੇ ਦੀ ਗੱਲ ਕਰਦਿਆਂ ਸ੍ਰੀ ਹੁੰਦਲ ਨੇ ਆਖਿਆ ਕਿ ਪੰਜਾਬ ਦੇ ਲੋਕ ਭ੍ਰਿਸ਼ਟ, ਨਿਕੰਮੀ, ਹੈਂਕੜਬਾਜ਼ ਅਤੇ ਪਰਿਵਾਰਵਾਦੀ ਅਕਾਲੀ-ਭਾਜਪਾ ਹਕੂਮਤ ਤੋਂ ਸਤੇ ਹੋਏ ਹਨ ਜਿਸ ਨੇ ਪੰਜਾਬ ਦੇ ਪੱਲੇ ਭ੍ਰਿਸ਼ਟਾਚਾਰ, ਨਸ਼ਾਖੋਰੀ, ਬੇਰੋਜਗਾਰੀ ਅਤੇ ਨਿਰਾਸ਼ਾ ਤੋਂ ਵਧ ਕੁਝ ਨਹੀਂ ਪਾਇਆ। ਉਹ ਇਸ ਹਕੂਮਤ ਤੋਂ ਜਲਦ ਤੋਂ ਜਲਦ ਛੁਟਕਾਰਾ ਪਾਉਣਾ ਚਾਹੁੰਦੇ ਹਨ ਅਤੇ ਉਨ੍ਹਾਂ ਨੂੰ ਆਉਂਦੀਆਂ ਚੋਣਾਂ ਤੋਂ ਬਾਅਦ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਬਣਨ ਵਾਲੀ ਸਰਕਾਰ ਤੋਂ ਬਹੁਤ ਉਮੀਦਾਂ ਹਨ। ਸ੍ਰੀ ਹੁੰਦਲ ਨੇ ਉਮੀਦ ਜਾਹਰ ਕੀਤੀ ਕਿ ਆ ਰਹੀਆਂ ਚੋਣਾਂ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਵਡੀ ਜਿੱਤ ਹਾਸਲ ਕਰੇਗੀ ਅਤੇ ਪੰਜਾਬ ਮੁੜ ਤਰੱਕੀ ਦੇ ਰਾਹ ਪਵੇਗਾ।

# ਅਕਾਲੀਆਂ ਦੀ ਕਾਹਲੀ ਨੂੰ ਫਿਲਹਾਲ ਬੂਰ ਨਾ ਪਿਆ

ਸੰਸਦ ਨਾ ਚੱਲਣ ਦੇਣ ਦੀ ਨਿੰਦਾ ਕੀਤੀ ਹੈ। ਉਨ੍ਹਾਂ ਸਪਸ਼ਟ ਸੰਕੇਤ ਦਿੱਤੇ ਹਨ ਕਿ ਇਹ ਫੈਸਲਾ ਵਾਪਸ ਨਹੀਂ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਮੰਡਲ ਦਾ ਇਹ ਫੈਸਲਾ ਲਾਗੂ ਕਰਨਾ ਰਾਜਾਂ ਦੀ ਮਜਬੂਰੀ ਨਹੀਂ ਹੈ। ਉਨ੍ਹਾਂ ਕੋਲ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਲਾਗੂ ਨਾ ਕਰਨ ਦੀ ਚੋਣ ਵੀ ਹੈ। ਉਨ੍ਹਾਂ ਦੱਸਿਆ ਕਿ ਪਰਚੂਨ ਖੇਤਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਗਿਆ ਨੌਕਰੀਆਂ ਪੈਦਾ ਕਰਨ, ਕਿਸਾਨਾਂ ਨੂੰ ਲਾਹੇਵੰਦ ਭਾਅ ਮਿਲਣ ਤੇ ਖਪਤਕਾਰਾਂ ਦੇ ਲਾਭਾਂ ਤੋਂ ਇਲਾਵਾ ਤਕਨਾਲੋਜੀ ਦੀ ਦਰਾਮਦ ਦੇ ਸਮਰੱਥ ਹੋਣ ਦੀ ਆਸ ਨਾਲ ਦਿੱਤੀ ਗਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਥੋਕ ਤੇ ਪਰਚੂਨ ਕੀਮਤਾਂ ਵਿਚਲਾ ਪਾੜਾ ਘਟਣ ਨਾਲ ਖਪਤਕਾਰਾਂ ਨੂੰ ਲਾਭ ਮਿਲੇਗਾ।

ਪਰਚੂਨ ਖੇਤਰ ਵਿਚ 51 ਫੀਸਦੀ ਵਿਦੇਸ਼ੀ ਨਿਵੇਸ਼ ਬਾਰੇ ਸੱਦੀ ਸਰਬ ਪਾਰਟੀ ਮੀਟਿੰਗ ਵੀ ਬੇਸਿੱਟਾ ਰਹੀ। ਕਾਂਗਰਸ ਹਲਕਿਆਂ ਨੂੰ ਆਸ ਹੈ ਕਿ ਟਕਰਾਅ ਦਾ ਹੱਲ ਨਿਕਲ ਆਵੇਗਾ। ਉਂਜ ਸਰਕਾਰ ਪਰਚੂਨ ਖੇਤਰ ਵਿਚ ਵਿਦੇਸ਼ੀ ਪੂੰਜੀ ਨਿਵੇਸ਼ ਦਾ ਫੈਸਲਾ ਵਾਪਸ ਲੈਣ ਲਈ ਤਿਆਰ ਨਹੀਂ ਹੈ ਕਿਉਂਕਿ ਇਸ ਦੇ ਕੌਮਾਂਤਰੀ ਮਾਰਕੀਟ ਵਿਚ ਗਲਤ ਸੰਕੇਤ ਜਾਣਗੇ ਤੇ ਦੂਜਾ ਰੁਪਏ ਦੀ ਹਾਲਤ ਖਰਾਬ ਹੋਣ ‘ਤੇ ਸ਼ੇਅਰ ਮਾਰਕੀਟ ਦੇ ਹੋਰ ਡਿੱਗਣ ਦੇ ਆਸਾਰ ਹਨ। ਇਸ ਲਈ ਸਰਕਾਰ ਇਸ ਮਾਮਲੇ ‘ਤੇ ਟਕਰਾਅ ਟਾਲਣ ਲਈ ਵਿਚ-ਵਿਚਾਲੇ ਦਾ ਰਸਤਾ ਤਲਾਸ਼ਣ ਲਈ ਯਤਨਸ਼ੀਲ ਹੈ।

ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਨੇ ਬਹੁ-ਬਰਾਂਡ-ਪਰਚੂਨ ‘ਚ 51 ਫੀਸਦੀ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਗਿਆ ਦੇ ਦਿੱਤੀ ਹੈ ਜਿਸ ਨਾਲ ਹੁਣ ਬਹੁਕੌਮੀ ਕੰਪਨੀਆਂ ਜਿਵੇਂ ਵਾਲਮਾਰਟ, ਕੇਅਰਫਾਰ ਤੇ ਟੈਸਕੋ ਆਦਿ ਲਈ ਦੇਸ਼ ਦੇ ਮੁੱਖ 53 ਸ਼ਹਿਰਾਂ ਵਿਚ ਆਪਣੇ ਸਟੋਰ ਖੋਲ੍ਹਣ ਦਾ ਰਾਹ ਪੱਧਰਾ ਹੋ ਗਿਆ ਹੈ। ਸਰਕਾਰ ਵੱਲੋਂ 29.50 ਲੱਖ ਕਰੋੜ ਰੁਪਏ ਦੇ ਪਰਚੂਨ ਕਾਰੋਬਾਰ ਬਾਰੇ ਇਹ ਫੈਸਲਾ ਲਿਆ ਗਿਆ ਹੈ। ਸਰਕਾਰ ਨੇ ਇਕ ਬਰਾਂਡ ਫਾਰਮੈਟ ਲਈ ਸਿੱਧੇ ਵਿਦੇਸ਼ੀ ਨਿਵੇਸ਼ ਦੀ 51 ਫੀਸਦੀ ਸੀਮਾ ਵੀ ਹਟਾਉਣ ਦਾ ਫੈਸਲਾ ਲਿਆ ਹੈ ਜਿਸ ਅਧੀਨ ਕੰਪਨੀਆਂ ਭੋਜਨ, ਜੀਵਨਸ਼ੈਲੀ ਤੇ ਖੇਡਾਂ ਆਦਿ ਨਾਲ ਸਬੰਧਤ ਸਾਮਾਨ ਦੇ ਸਟੋਰ ਚਲਾਉਂਦੀਆ ਹਨ।

ਹੁਣ ਐਡੀਡਾਸ, ਗੁੱਚੀ, ਹੈਰੇਮਜ਼, ਐਲ.ਵੀ.ਐਮ.ਐਚ. ਤੇ ਕੋਸਟਾ ਕੌਫੀ ਭਾਰਤ ‘ਚ ਪੂਰੀ ਮਾਲਕੀ ਨਾਲ ਕਾਰੋਬਾਰ ਕਰ ਸਕਣਗੇ। ਯੂ.ਪੀ.ਏ. ਦੀ ਭਾਈਵਾਲ ਤ੍ਰਿਣਮੂਲ ਕਾਂਗਰਸ ਤੇ ਖੱਬੀਆਂ ਪਾਰਟੀਆਂ ਦੇ ਖਦਸ਼ਿਆਂ ਨੂੰ ਦੇਖਦਿਆਂ ਅਤੇ ਕਿਸਾਨਾਂ ਤੇ ਕਰਿਆਨਾ ਦੁਕਾਨਦਾਰਾਂ ‘ਤੇ ਇਸ ਦੇ ਅਸਰ ਨੂੰ ਧਿਆਨ ‘ਚ ਰੱਖਦਿਆਂ ਬਹੁ-ਮੁਲਕੀ ਕੰਪਨੀਆਂ ਦੇ ਦੇਸ਼ ਵਿਚ ਦਾਖਲੇ ਦੇ ਨਿਯਮ ਬਹੁਤ ਸਖ਼ਤ ਰੱਖੇ ਗਏ ਹਨ। ਇਨ੍ਹਾਂ ਕੰਪਨੀਆਂ ਲਈ 10 ਕਰੋੜ ਡਾਲਰ ਦਾ ਘੱਟੋ-ਘੱਟ ਨਿਵੇਸ਼ ਦੇਸ਼ ‘ਚ ਲਿਆਉਣਾ ਹੋਏਗਾ ਜਿਸ ‘ਚੋਂ ਅੱਧਾ ਖਰਚਾ ਇਥੇ ਬੁਨਿਆਦੀ ਢਾਂਚੇ ਜਿਵੇਂ ਕੋਲਡ ਚੇਨਾਂ, ਪ੍ਰਾਸੈਸਿੰਗ ਤੇ ਪੈਕੇਜਿੰਗ ‘ਚ ਲਾਉਣਾ ਜ਼ਰੂਰੀ ਹੋਏਗਾ। ਰਿਟੇਲਰਾਂ ਨੂੰ ਛੋਟੇ ਸਕੇਲ ਦੀਆਂ ਇਕਾਈਆਂ ਤੋਂ ਘੱਟੋ-ਘੱਟ 30% ਮੈਨੂਫੈਕਚਰਡ ਤੇ ਪ੍ਰੋਸੈਸਡ ਉਤਪਾਦ ਲੈਣੇ ਹੋਣਗੇ।

ਸਰਕਾਰ ਦਾ ਦਾਅਵਾ ਹੈ ਕਿ ਇਸ ਖੇਤਰ ਨੂੰ ਖੋਲ੍ਹਣ ਨਾਲ ਆਉਣ ਵਾਲੇ ਤਿੰਨ ਸਾਲਾਂ ਦੌਰਾਨ ਇਕ ਕਰੋੜ ਨੌਕਰੀਆਂ ਪੈਦਾ ਹੋਣਗੀਆਂ ਤੇ ਮਹਿੰਗਾਈ ਘਟੇਗੀ। ਵਪਾਰ ਤੇ ਸਨਅਤੀ ਮਾਮਲਿਆਂ ਬਾਰੇ ਮੰਤਰੀ ਆਨੰਦ ਸ਼ਰਮਾ ਨੇ ਕਿਹਾ ਕਿ ਇਸ ਫੈਸਲੇ ਰਾਹੀਂ 40 ਲੱਖ ਲੋਕਾਂ ਨੂੰ ਰੁਜ਼ਗਾਰ ਮਿਲੇਗਾ ਤੇ ਆਉਣ ਵਾਲੇ ਤਿੰਨ ਸਾਲਾਂ ਦੌਰਾਨ ਕਰੀਬ 60 ਲੱਖ ਲੋਕਾਂ ਲਈ ਰੁਜ਼ਗਾਰ ਦੇ ਹੋਰ ਮੌਕੇ ਪੈਦਾ ਹੋਣਗੇ। ਵਾਲਮਾਰਟ ਵਰਗੀਆਂ ਬਹੁ-ਕੌਮੀ ਕੰਪਨੀਆਂ ਲਈ ਇਸ ਖੇਤਰ ‘ਚ ਦਿੱਤੀ ਗਈ ਖੁੱਲ੍ਹ ਕਾਰਨ ਜਿਥੇ ਬੇਰੁਜ਼ਗਾਰੀ ਘਟੇਗੀ, ਉਥੇ ਖੇਤੀਬਾੜੀ ਨੂੰ ਵੀ ਸਹਾਇਤਾ ਮਿਲੇਗੀ ਤੇ ਵਧਦੀ ਮਹਿੰਗਾਈ ਨੂੰ ਵੀ ਨੱਥ ਪਵੇਗੀ।

ਉਧਰ ਮਾਰਕਸਵਾਦੀ ਕਮਿਊਨਿਸਟ ਪਾਰਟੀ ਨੇ ਕੇਂਦਰੀ ਵਜ਼ਾਰਤ ਵੱਲੋਂ ਪ੍ਰਚੂਨ ਖੇਤਰ ਵਿਚ 51 ਫੀਸਦੀ ਵਿਦੇਸ਼ੀ ਦੀ ਆਗਿਆ ਦੇਣ ਦੇ ਫੈਸਲੇ ਦਾ ਸਖਤ ਵਿਰੋਧ ਕਰਦਿਆਂ ਕਿਹਾ ਕਿ ਜਦੋਂ ਪਾਰਲੀਮੈਂਟ ਦਾ ਸੈਸ਼ਨ ਚੱਲ ਰਿਹਾ ਹੈ ਤਾਂ ਕੇਂਦਰੀ ਵਜ਼ਾਰਤ ਨੂੰ ਅਜਿਹਾ ਫੈਸਲਾ ਨਹੀਂ ਕਰਨਾ ਚਾਹੀਦਾ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਕਿਰਨ ਬੇਦੀ ਖ਼ਿਲਾਫ਼ ਧੋਖਾਧੜੀ ਦਾ ਕੇਸ ਦਰਜ

**ਨਵੀਂ ਦਿੱਲੀ:** ਦਿੱਲੀ ਦੀ ਅਦਾਲਤ ਦੇ ਹੁਕਮਾਂ 'ਤੇ ਪੁਲਿਸ ਨੇ ਟੀਮ ਅੰਨਾ ਦੀ ਅਹਿਮ ਮੈਂਬਰ ਤੇ ਸਾਬਕਾ ਆਈ.ਪੀ.ਐਸ. ਅਧਿਕਾਰੀ ਕਿਰਨ ਬੇਦੀ ਖ਼ਿਲਾਫ਼ ਧੋਖਾਧੜੀ ਤੇ ਫੰਡਾਂ ਦੀ ਦੁਰਵਰਤੋਂ ਦਾ ਕੇਸ ਦਰਜ ਕੀਤਾ ਹੈ। ਕਿਰਨ ਬੇਦੀ ਨੇ ਕਿਹਾ ਹੈ ਕਿ ਉਸ ਨੇ ਕੁਝ ਵੀ ਗਲਤ ਨਹੀਂ ਕੀਤਾ ਤੇ ਆਪਣੀ ਬੇਗੁਨਾਹੀ ਸਾਬਤ ਕਰਨ ਲਈ ਉਸ ਕੋਲ ਠੋਸ ਸਬੂਤ ਹਨ। ਦਿੱਲੀ ਪੁਲਿਸ ਨੇ ਕਿਹਾ ਹੈ ਕਿ ਅਦਾਲਤ ਦੇ ਹੁਕਮਾਂ ਉਪਰ ਬੇਦੀ ਖ਼ਿਲਾਫ਼ ਕਰਾਈਮ ਬਰਾਂਚ ਨੇ ਆਈ. ਪੀ.ਸੀ. ਦੀ ਧਾਰਾ 420 (ਧੋਖਾਧੜੀ) 406 (ਫੌਜਦਾਰੀ ਵਿਸ਼ਵਾਸਘਾਤ) ਤੇ 120ਬੀ (ਅਪਰਾਧਕ ਸਾਜ਼ਿਸ਼) ਦਾ ਮਾਮਲਾ ਦਰਜ ਕੀਤਾ ਹੈ।



ਦਿੱਲੀ ਦੇ ਵਕੀਲ ਦਵਿੰਦਰ ਸਿੰਘ ਚੌਹਾਨ ਦੀ ਸ਼ਿਕਾਇਤ ਉਪਰ ਅਦਾਲਤ ਨੇ ਸਾਬਕਾ ਆਈ.ਪੀ.ਐਸ. ਅਧਿਕਾਰੀ ਖ਼ਿਲਾਫ਼ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਸਨ। ਉਸ ਉਪਰ ਨੀਮ ਫੌਜੀ ਤੇ ਪੁਲਿਸ ਬਲਾਂ ਦੇ ਬੱਚਿਆਂ ਨੂੰ ਮੁਫਤ ਕੰਪਿਊਟਰ ਟਰੇਨਿੰਗ ਦੇਣ ਦੇ ਨਾਮ ਉਪਰ ਆਪਣੇ ਟਰੱਸਟ ਲਈ ਅਮਰੀਕੀ ਕੰਪਨੀ ਮਾਈਕਰੋ ਸੌਫਟ ਤੋਂ ਫੰਡ ਉਗਰਾਹੁਣ ਤੇ ਉਨ੍ਹਾਂ ਦੀ ਗਲਤ ਵਰਤੋਂ ਕਰਨ ਦਾ ਦੋਸ਼ ਹੈ।

ਕੇਸ ਦਰਜ ਹੋਣ ਮਗਰੋਂ ਸਾਬਕਾ ਪੁਲਿਸ ਅਧਿਕਾਰੀ ਨੇ ਕਿਹਾ "ਇਕ ਪੁਲਿਸ ਅਧਿਕਾਰੀ ਹੋਣ ਦੇ ਨਾਤੇ ਉਸ 'ਚ ਮਾੜੇ ਤੋਂ ਮਾੜੇ ਹਾਲਾਤ ਨਾਲ ਟੱਕਰ ਲੈਣ ਦੀ ਜੁਰਅਤ ਹੈ। ਉਸ ਕੋਲ ਆਪਣੀ ਬੇਗੁਨਾਹੀ ਸਾਬਤ ਕਰਨ ਦੇ ਬਹੁਤ ਸਬੂਤ ਹਨ। ਜਦੋਂ ਵੀ ਕਦੇ ਕੋਈ ਵਿਅਕਤੀ ਚੰਗੇ ਕੰਮ ਕਰਨ ਲਈ ਨਿਕਲਦਾ ਹੈ ਤਾਂ ਉਸ ਸਾਹਮਣੇ ਮੁਸ਼ਕਲਾਂ ਤਾਂ ਆਉਂਦੀਆਂ ਹੀ ਹਨ।"

ਉਧਰ ਟੀਮ ਅੰਨਾ ਦੇ ਸੂਤਰਾਂ ਮੁਤਾਬਕ ਕਿਰਨ ਬੇਦੀ ਨੂੰ ਆਪਣੀ ਟੀਮ ਵਿਚ ਰੱਖਣ ਜਾਂ ਨਾ ਰੱਖਣ ਦਾ ਫੈਸਲਾ ਅੰਨਾ ਹਜ਼ਾਰੇ ਨੇ ਹੀ ਕਰਨਾ ਹੈ। ਟੀਮ ਅੰਨਾ ਦੇ ਸਾਬਕਾ ਮੈਂਬਰ ਸਵਾਮੀ ਅਗਨੀਵੇਸ਼ ਨੇ ਕੇਸ ਦਰਜ ਹੋਣ ਨੂੰ ਬੜਾ ਗੰਭੀਰ ਮਾਮਲਾ ਕਰਾਰ ਦਿੱਤਾ ਹੈ।

# ਸਾਇਰਸ ਮਿਸਤਰੀ ਨੂੰ ਰਤਨ ਟਾਟਾ ਦਾ ਜਾਨਸ਼ੀਨ ਐਲਾਨਿਆ

**ਨਵੀਂ ਦਿੱਲੀ:** 43 ਸਾਲਾ ਸਾਇਰਸ ਪੈਲਨਜੀ ਮਿਸਤਰੀ ਨੂੰ ਟਾਟਾ ਸੰਨਜ਼ ਦੇ ਚੇਅਰਮੈਨ ਰਤਨ ਟਾਟਾ ਦਾ ਉਤਰਾਧਿਕਾਰੀ ਐਲਾਨ ਦਿੱਤਾ ਗਿਆ ਹੈ। ਉਹ ਦਸੰਬਰ 2012 ਵਿਚ ਟਾਟਾ ਸੰਨਜ਼ ਦੀ ਕਮਾਨ ਸੰਭਾਲ ਲੈਣਗੇ। ਉਨ੍ਹਾਂ ਨੂੰ ਡਿਪਟੀ ਚੇਅਰਮੈਨ ਨਿਯੁਕਤ ਕਰ ਦਿੱਤਾ ਗਿਆ ਹੈ। ਟਾਟਾ ਸੰਨਜ਼ 80 ਅਰਬ ਡਾਲਰ ਤੋਂ ਵੱਧ ਦਾ ਕਾਰੋਬਾਰ ਕਰਨ ਵਾਲੇ ਲੂਣ ਤੋਂ ਲੈ ਕੇ ਸਾਫਟਵੇਅਰ ਦਾ ਕਾਰੋਬਾਰ ਕਰਨ ਵਾਲੇ ਟਾਟਾ ਸਮੂਹ ਦੀ ਹੋਲਡਿੰਗ ਕੰਪਨੀ ਹੈ, ਭਾਵ ਸਮੂਹ ਦੀਆਂ ਸਾਰੀਆਂ ਕੰਪਨੀਆਂ 'ਚ ਸੰਨਜ਼ ਮੁੱਖ ਸ਼ੇਅਰਧਾਰਕ ਹੈ।



ਮਿਸਤਰੀ ਫਿਲਹਾਲ ਸ਼ਾਪੂਰਜੀ ਪੈਲੋਂਜੀ ਗਰੁੱਪ ਦੇ ਐਮ.ਡੀ. ਹਨ। ਇਹ 2.5 ਅਰਬ ਡਾਲਰ ਕਾਰੋਬਾਰ ਕਰਨ ਵਾਲਾ ਕੰਸਟਰੱਕਸ਼ਨ ਸਮੂਹ ਹੈ। ਟਾਟਾ ਸਮੂਹ 'ਚ ਮਿਸਤਰੀ ਨਵੇਂ ਨਹੀਂ ਹਨ। ਉਨ੍ਹਾਂ ਨੂੰ 2006 ਵਿਚ ਟਾਟਾ ਸੰਨਜ਼ ਦੇ ਬੋਰਡ ਆਫ ਡਾਇਰੈਕਟਰ ਵਿਚ ਸ਼ਾਮਲ ਕੀਤਾ ਗਿਆ ਸੀ। ਉਨ੍ਹਾਂ ਦਾ ਜਨਮ 4 ਜੁਲਾਈ, 1968 ਵਿਚ ਹੋਇਆ ਸੀ। ਉਨ੍ਹਾਂ ਨੇ ਲੰਡਨ ਦੇ ਐਂਪੀਰੀਅਲ ਕਾਲਜ ਤੋਂ ਸਿਵਲ ਇੰਜਨੀਅਰਿੰਗ ਕੀਤੀ। ਉਹ ਲੰਡਨ ਬਿਜ਼ਨਸ ਸਕੂਲ ਤੋਂ ਮਾਸਟਰ ਡਿਗਰੀ (ਪ੍ਰਬੰਧਨ) ਤੇ ਇੰਸਟੀਚਿਊਸ਼ਨਲ ਆਫ ਸਿਵਲ ਇੰਜਨੀਅਰਜ਼ ਦੇ ਫੈਲੋ ਹਨ। ਟਾਟਾ ਸੰਨਜ਼ ਵੱਲੋਂ ਜਾਰੀ ਬਿਆਨ ਮੁਤਾਬਕ ਟਾਟਾ ਸੰਨਜ਼ ਦੇ ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ 'ਚ ਸ੍ਰੀ ਮਿਸਤਰੀ ਨੂੰ ਡਿਪਟੀ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਉਹ ਇਕ ਸਾਲ ਤਕ ਰਤਨ ਟਾਟਾ ਨਾਲ ਕੰਮ ਕਰਨਗੇ ਤੇ ਟਾਟਾ ਦੇ ਸੇਵਾਮੁਕਤ ਹੋਣ ਮਗਰੋਂ ਦਸੰਬਰ 2012 ਵਿਚ ਪੂਰੀ ਕਮਾਨ ਸੰਭਾਲਣਗੇ। ਉਨ੍ਹਾਂ ਦੀ ਚੋਣ ਕਮੇਟੀ ਨੇ ਸਰਬਸੰਮਤੀ ਨਾਲ ਕੀਤੀ ਹੈ।




Short Sale Specialist

We Can Sell Your Home in Short Sale at No Cost to You



For Buying & Selling Residential And For Loans

Call: Sohanpreet 'Sam' Chahal

@916-612-5773

Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

# ਪੰਜਾਬ ਦੀ ਧਰਤੀ 'ਤੇ ਅਜੂਬਾ ਵਿਰਾਸਤ-ਏ-ਖਾਲਸਾ



## ਤੇਰਾਂ ਵਰ੍ਹਿਆਂ ਬਾਅਦ ਇਮਾਰਤ ਦਾ ਪਹਿਲਾ ਪੜਾਅ ਮੁਕੰਮਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਵਿਰਾਸਤ-ਏ-ਖਾਲਸਾ ਪੰਜਾਬ ਦੀ ਧਰਤੀ 'ਤੇ ਅਜੂਬਾ ਹੈ। ਇਸ ਅਦਭੁੱਤ ਵਿਰਾਸਤ ਵਿਚ ਕੱਲ੍ਹ, ਅੱਜ ਤੇ ਭਲਕ ਦੇ ਪੰਜਾਬ ਤੇ ਸਿੱਖ ਵਿਰਾਸਤ ਨੂੰ ਕਲਾਮਈ ਢੰਗ ਨਾਲ ਦਰਸਾਇਆ ਗਿਆ ਹੈ। ਵਿਰਾਸਤ-ਏ-ਖਾਲਸਾ ਦੇ ਪਹਿਲੇ ਪੜਾਅ ਦੀ ਸੰਪੂਰਨ ਇਮਾਰਤ ਦਾ ਉਦਾਘਟਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 25 ਨਵੰਬਰ ਨੂੰ ਕੀਤਾ ਹੈ। ਖਾਲਸਾ-ਏ-ਵਿਰਾਸਤ ਦੀ ਉਸਾਰੀ ਦੋ ਪੜਾਵਾਂ ਵਿਚ ਕੀਤੀ ਜਾਣੀ ਹੈ।

ਪਹਿਲੇ ਪੜਾਅ ਦੌਰਾਨ ਬਣਾਈ ਗਈ ਇਸ ਇਮਾਰਤ 'ਤੇ 360 ਕਰੋੜ ਰੁਪਏ ਖਰਚ ਕੀਤੇ ਗਏ ਹਨ ਤੇ ਉਸਾਰੀ 40 ਏਕੜ ਵਿਚ ਕੀਤੀ ਗਈ ਹੈ। 'ਵਿਰਾਸਤ-ਏ-ਖਾਲਸਾ' ਦਾ ਪਹਿਲਾ ਨਾਂ ਖਾਲਸਾ ਵਿਰਾਸਤ ਸੀ ਜਿਸ ਦੀ ਉਸਾਰੀ ਦਾ ਕੰਮ 22 ਨਵੰਬਰ, 1998 ਨੂੰ ਸ਼ੁਰੂ ਹੋਇਆ ਸੀ। ਉਸਾਰੀ ਕਈ ਕਾਰਨਾਂ ਕਰਕੇ ਪਛੜਦੀ ਗਈ ਜਿਸ ਕਰਕੇ ਇਸ ਦੀ ਅਨੁਮਾਨਤ ਲਾਗਤ ਵਿਚ ਵੀ 110 ਕਰੋੜ ਰੁਪਏ ਦਾ ਵਾਧਾ ਹੋ ਗਿਆ ਹੈ। ਸਿੱਖ ਧਰਮ ਨਾਲ ਜੁੜੇ ਇਸ ਪ੍ਰਾਜੈਕਟ ਨੇ ਕਈ ਸਿਆਸੀ ਰੰਗ ਵੀ ਦੇਖੇ। ਇਨ੍ਹਾਂ ਦੇ ਚਲਦਿਆਂ ਹੀ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਇਸ ਦਾ 4 ਅਪਰੈਲ, 2006 ਨੂੰ ਉਦਘਾਟਨ ਕਰ ਦਿੱਤਾ ਗਿਆ ਸੀ ਹਾਲਾਂਕਿ ਉਸ ਵੇਲੇ ਸਿਰਫ ਲਾਇਬਰੇਰੀ ਤੇ ਕੰਟੀਨ ਹੀ ਮੁਕੰਮਲ ਹੋ ਸਕੀ ਸੀ।

ਇਸ ਵਿਚੋਂ ਸੱਤ ਏਕੜ ਥਾਂ ਗੁਰਦੁਆਰਿਆਂ ਦੇ ਪ੍ਰਛਾਵੇਂ ਸਿਰਫ ਪਾਣੀ ਵਿਚੋਂ ਤੱਕਣ ਵਾਲੇ ਨਜ਼ਾਰਿਆਂ ਲਈ ਛੱਡੀ ਗਈ ਹੈ। ਇਸ ਬਿਲਡਿੰਗ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਖਾਲਸਾ ਪੰਥ ਦੀ ਸਾਜਨਾ ਤਕ ਦੇ ਇਤਿਹਾਸ ਨੂੰ ਰੌਸ਼ਨੀ ਤੇ ਆਵਾਜ਼ ਦੀ ਮਦਦ ਨਾਲ ਇਕ ਤਰ੍ਹਾਂ ਮੂੰਹੋਂ ਬੋਲਦੀਆਂ ਤਸਵੀਰਾਂ ਰਾਹੀਂ ਦਰਸਾਇਆ ਗਿਆ ਹੈ। ਇਸ ਤੋਂ ਬਿਨਾਂ ਕਿਸ਼ਤੀ-ਨੁਮਾ ਇਕ ਹਾਲ ਵਿਚ ਪੰਜਾਬ ਦੇ ਪਹਿਲਾਂ ਤੇ ਹੁਣ ਬਾਰੇ ਤਸਵੀਰਾਂ ਰਾਹੀਂ ਗੱਲਬਾਤ ਕੀਤੀ ਗਈ ਹੈ। ਅਗਲੇ ਪੜਾਅ ਵਿਚ ਬਣਨ ਵਾਲੀ ਇਮਾਰਤ ਵਿਚ ਸਿੱਖ ਰਾਜ ਦੀ ਸਥਾਪਨਾ 'ਤੇ ਚਾਨਣ ਪਾਇਆ ਜਾਵੇਗਾ।

ਵਿਰਾਸਤ-ਏ-ਖਾਲਸਾ ਦੇ ਮੁੱਖ ਦੁਆਰ ਦੇ ਐਨ ਸਾਹਮਣੇ ਤੇ ਸੁਆਗਤੀ ਕਾਊਂਟਰ ਦੇ ਪਿੱਛੇ ਕਿਸ਼ਤੀ-ਰੂਪੀ ਇਕ 'ਬੋਟ ਬਿਲਡਿੰਗ' ਉਸਾਰੀ ਗਈ ਹੈ। ਇਹ ਬਿਲਡਿੰਗ ਇਕ ਤਰ੍ਹਾਂ ਚਾਰ ਮੰਜ਼ਲੀ ਹੈ ਪਰ ਇਸ ਵਿੱਚ ਦਾਖ਼ਲਾ ਪਹਿਲੀ ਮੰਜ਼ਲ ਤੋਂ ਹੁੰਦਾ ਹੈ। ਇਹ ਇਮਾਰਤ ਪਾਣੀ ਵਿਚ ਖੜ੍ਹੀ ਕੀਤੀ ਗਈ ਹੈ ਜਦੋਂਕਿ ਇਸ ਦੀ ਛੱਤ ਕੱਚ ਦੀ ਹੈ। ਤੱਤ-ਰਹਿਤ ਇਸ ਬਿਲਡਿੰਗ ਦੀ ਪਹਿਲੀ ਮੰਜ਼ਲ ਤੋਂ ਦਾਖ਼ਲ ਹੋ ਕੇ ਇਸ ਨੂੰ ਚੌਥੀ ਮੰਜ਼ਲ ਤੱਕ ਰੈਂਪ ਰਾਹੀਂ ਘੁੰਮ ਕੇ ਦੇਖਿਆ ਜਾ ਸਕਦਾ ਹੈ। ਇਸ ਦੀਆਂ ਕੰਧਾਂ ਉੱਤੇ ਫਾਈਬਰ ਨਾਲ ਤਸਵੀਰਾਂ ਬਣਾਈਆਂ ਗਈਆਂ ਹਨ ਤੇ ਇਨ੍ਹਾਂ ਰਾਹੀਂ ਹੀ ਪੰਜਾਬ ਨੂੰ ਸ਼ੁਰੂ ਤੋਂ ਲੈ ਕੇ ਹੁਣ ਤਕ ਦਰਸਾਇਆ ਗਿਆ ਹੈ।

ਇਸ ਬੋਟਨੁਮਾ ਬਿਲਡਿੰਗ ਵਿਚ ਘੁੰਮਦਿਆਂ ਪੰਜਾਬ ਦਾ ਹਰ ਇਕ ਰੰਗ ਦੇਖਣ ਨੂੰ ਮਿਲਦਾ ਹੈ। ਇਸ ਵਿਚ ਮੌਸਮ, ਰੁੱਤਾਂ ਤੇ ਦਿਨ ਚੜ੍ਹਦੇ-ਢਲਦੇ ਤੇ ਰਾਤ ਦੇ ਰੰਗ ਵੀ ਸ਼ਾਮਲ ਹਨ। ਇਸ ਤੋਂ ਬਾਹਰ ਨਿਕਲਦਿਆਂ ਹੀ ਫੁੱਲਾਂ ਦੀਆਂ ਪੱਤੀਆਂ ਦੇ ਰੂਪ ਵਿਚ ਹਾਲ ਬਣਾਏ ਗਏ ਹਨ। ਇਨ੍ਹਾਂ ਪੈਟਲਜ਼ ਵਿਚ ਪੰਜ ਗੁਰੂਆਂ ਦੇ ਜੀਵਨ ਤੇ ਫਲਸਫੇ ਬਾਰੇ ਜਾਣਕਾਰੀ ਦਿੱਤੀ ਗਈ ਹੈ। ਹਰੇਕ ਯਾਤਰੂ ਨੂੰ ਇਕ ਕੈਸਿਟ ਪਲੇਅਰ ਦਿੱਤਾ ਜਾਂਦਾ ਹੈ ਜਿਹੜਾ ਉਨ੍ਹਾਂ ਲਈ ਗਾਈਡ ਦਾ ਕੰਮ ਕਰਦਾ ਹੈ।

ਸੈਂਸਰ ਦੀ ਸਹੂਲਤ ਨਾਲ ਲੈਸ ਇਸ ਕੈਸਿਟ ਪਲੇਅਰ ਦੀ ਖ਼ਾਸੀਅਤ ਇਹ ਹੈ ਕਿ ਯਾਤਰੂ ਕਦਮਾਂ ਦੇ ਨਾਲ ਹੀ ਇਹ ਕੈਸਿਟ ਰਿਵਰਸ ਤੇ ਫਾਰਵਰਡ ਹੁੰਦੀ ਹੈ। ਪੰਜ ਪੈਟਲਜ਼ ਦੀ ਗਿਣਤੀ ਪੰਜ ਪਿਆਰਿਆਂ ਕਰਕੇ ਮਿਥੀ ਗਈ ਹੈ। ਪੰਜ ਪੈਟਲਜ਼ ਤੋਂ ਬਾਹਰ ਨਿਕਲਦਿਆਂ ਹੀ ਇਕ ਤੱਤੀ ਤਵੀ ਬਣਾਈ ਗਈ ਹੈ ਜਿਸ ਦੀ ਤਪਸ਼ ਦਿਨ ਵੇਲੇ ਸਹਾਰਨੀ ਆਮ ਬੰਦੇ ਦੇ ਵੱਸ ਨਹੀਂ ਹੋਵੇਗੀ। ਮੀਰੀ ਤੇ ਪੀਰੀ ਦੀਆਂ ਤਿੰਨ ਸੌ ਫੁੱਟ ਉੱਚੀਆਂ ਤਲਵਾਰਾਂ ਕਲਾ ਦਾ ਬੇਜੋੜ ਨਮੂਨਾ ਹਨ।

ਇਸ ਦੇ ਨਾਲ ਹੀ ਚਾਰ ਚੜ੍ਹਦੇ ਚੰਦ-ਨੁਮਾ ਹਾਲ ਹਨ ਜਿਨ੍ਹਾਂ ਵਿਚ ਦਸਵੇਂ ਗੁਰੂ ਗੋਬਿੰਦ ਸਿੰਘ ਤੱਕ ਸਾਰੇ ਗੁਰੂਆਂ ਬਾਰੇ ਦੱਸਿਆ ਗਿਆ ਹੈ। ਸਭ ਤੋਂ ਅਖੀਰਲੇ ਹਾਲ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਨੂੰ ਦਿਖਾਇਆ ਗਿਆ ਹੈ। ਇਸ ਤੋਂ ਅਗਲੇ ਹਾਲ ਦੀ ਸੁੰਦਰਤਾ ਤੇ ਕਲਾ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਔਖਾ ਹੈ। ਇਸ ਹਾਲ ਵਿਚ ਰੌਸ਼ਨੀ ਅਤੇ ਆਵਾਜ਼ ਰਾਹੀਂ ਖਾਲਸੇ ਦੀ ਸਾਜਨਾ ਨੂੰ ਲਗਾਤਾਰ ਦਰਸਾਇਆ ਜਾ ਰਿਹਾ ਹੈ। ਇਸ ਪੂਰੀ ਕਾਰਵਾਈ ਨੂੰ ਅੱਠ ਮਿੰਟ ਦਾ ਸਮਾਂ ਦਿੱਤਾ ਗਿਆ ਹੈ।

ਆਖ਼ਰੀ ਹਾਲ ਵਿਚ ਉਡਦੇ ਬਾਜ਼ ਦਰਸਾਏ ਗਏ ਹਨ ਜਿਸ ਰਾਹੀਂ ਖਾਲਸੇ ਦਾ ਆਜ਼ਾਦ ਸਰੂਪ ਦਰਸਾਉਣ ਦਾ ਯਤਨ ਕੀਤਾ ਗਿਆ ਹੈ। ਇਸ ਹਾਲ ਤੋਂ ਬਾਅਦ ਬਿਲਡਿੰਗ ਦੇ ਆਖ਼ਰੀ ਕੋਨੇ ਵਿਚ ਪੂਰੀ ਇਮਾਰਤ ਤੇ ਆਨੰਦਪੁਰ ਸਾਹਿਬ ਦਾ ਸਾਰਾ ਨਜ਼ਾਰਾ ਤੱਕਿਆ ਜਾ ਸਕਦਾ ਹੈ। ਬਿਲਡਿੰਗ ਨੂੰ ਦੇਖਣ ਲਈ 72 ਮਿੰਟਾਂ ਦਾ ਸਮਾਂ ਰੱਖਿਆ ਗਿਆ ਹੈ। ਇਸ ਕੋਨੇ ਤੋਂ ਖੜ੍ਹ ਕੇ ਕੰਪਲੈਕਸ ਦੇ ਵਿਚ ਹੀ ਪੰਜਾਬ ਦੇ ਖੇਤਾਂ ਤੇ ਰੁੱਖਾਂ-ਝਾੜੀਆਂ ਦੇ ਰੰਗ ਦੇਖਣ ਨੂੰ ਮਿਲਦੇ ਹਨ। ਇਸੇ ਕਰਕੇ ਵਿਰਾਸਤ-ਏ-ਖਾਲਸਾ ਨੂੰ ਪੰਜਾਬ ਦੀ ਧਰਤੀ ਵਿਚੋਂ ਨਿਕਲਿਆ ਅਜੂਬਾ ਕਿਹਾ ਜਾ ਰਿਹਾ ਹੈ।

# ਵਿਰਾਸਤ-ਏ-ਖਾਲਸਾ ਸੰਗਤ ਨੂੰ ਸਮਰਪਿਤ

## ਮੁੱਖ ਮੰਤਰੀ ਵੱਲੋਂ ਉਦਘਾਟਨ



**ਆਨੰਦਪੁਰ ਸਾਹਿਬ:** ਸ੍ਰੀ ਆਨੰਦਪੁਰ ਸਾਹਿਬ ਵਿਖੇ ਪੰਜ ਤਖਤਾਂ ਦੇ ਸਿੰਘ ਸਾਹਿਬਾਨ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵਿਲੱਖਣ ਅਜਾਇਬ ਘਰ ਵਿਰਾਸਤ-ਏ-ਖਾਲਸਾ ਦਾ ਉਦਘਾਟਨ ਕਰਕੇ ਮਨੁੱਖਤਾ ਨੂੰ ਸਮਰਪਿਤ ਕਰ ਦਿੱਤਾ ਹੈ। ਗਲਾਈਡਰ ਵੱਲੋਂ ਕੀਤੀ ਜਾ ਰਹੀ ਫੁੱਲ-ਪੱਤੀਆਂ ਦੀ ਵਰਖਾ ਤੇ ਚੁਫੇਰੇ ਨਿਹੰਗ ਸਿੰਘਾਂ ਵੱਲੋਂ ਗੂੰਜਾਏ ਜਾ ਰਹੇ ਜੈਕਾਰਿਆਂ ਤੇ ਨਗਾਰਿਆਂ ਦੀ ਗੂੰਜ ਦੌਰਾਨ ਉਦਘਾਟਨ ਮੌਕੇ ਸਮੂਹ ਧਰਮਾਂ ਦੇ ਮੁਖੀ, ਵੱਖ-ਵੱਖ ਭਾਈਚਾਰਿਆਂ ਦੇ ਨੁਮਾਇੰਦੇ ਤੇ ਦੇਸ਼-ਵਿਦੇਸ਼ ਦੀਆਂ ਸ਼ਖਸੀਅਤਾਂ ਹਾਜ਼ਰ ਸਨ।

ਦੁਨੀਆਂ ਦੇ ਇਸ ਅੱਠਵੇਂ ਅਜੂਬੇ ਦਾ ਉਦਘਾਟਨ ਕਰਨ ਤੋਂ ਪਹਿਲਾਂ ਦੁਨੀਆਂ ਦੀ ਸੁਰੀਲੀ ਆਵਾਜ਼ ਦੀ ਮਲਿਕਾ ਆਸ਼ਾ ਭੌਂਸਲੇ ਨੇ ਗੁਰਬਾਣੀ ਸ਼ਬਦ 'ਮੇਰੇ ਸਾਹਿਬਾ-ਮੇਰੇ ਸਾਹਿਬਾ' ਤੇ ਗਾਇਕਾ ਜਸਪਿੰਦਰ ਕੌਰ ਨਰੂਲਾ ਨੇ ਆਪਣੀ ਜੋਸ਼ੀਲੀ ਆਵਾਜ਼ ਵਿਚ 'ਦੇਹੁ ਸ਼ਿਵਾ ਬਰ ਮੋਹਿ ਇਹੈ' ਸ਼ਬਦ ਦਾ ਗਾਇਨ ਕੀਤਾ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ ਵੱਲੋਂ ਅਰਦਾਸ ਉਪਰੰਤ ਜਿਉਂ ਹੀ ਪੰਜ ਸਿੰਘ ਸਾਹਿਬਾਨ ਤੇ ਸ੍ਰੀ ਬਾਦਲ ਨੇ ਉਦਘਾਟਨੀ ਪੱਥਰ ਤੋਂ ਪਰਦਾ ਹਟਾਉਣ ਲਈ ਬਟਨ ਦਬਾਇਆ ਤਾਂ ਸਮੁੱਚਾ ਆਕਾਸ਼ ਰੰਗ-ਬਰੰਗੀ ਆਤਿਸ਼ਬਾਜ਼ੀ ਨਾਲ ਰੰਗਿਆ ਗਿਆ। ਇਸ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਸ ਪ੍ਰਾਜੈਕਟ ਨਾਲ ਜੁੜੀਆਂ ਸਖਸ਼ੀਅਤਾਂ ਨੂੰ ਸਿਰੋਪਾਉ ਨਾਲ ਸਨਮਾਨ ਦਿੱਤਾ। ਸੁਖਬੀਰ ਬਾਦਲ ਨੇ ਇਸ ਮੌਕੇ ਕਿਹਾ ਕਿ ਵਿਰਾਸਤ-ਏ-ਖਾਲਸਾ ਦੁਨੀਆਂ ਦਾ ਅੱਠਵਾਂ ਅਜੂਬਾ ਹੈ ਤੇ ਇਸ ਨਾਲ ਅੱਜ ਤੋਂ ਸ੍ਰੀ ਆਨੰਦਪੁਰ ਸਾਹਿਬ ਸੰਸਾਰ ਸੈਲਾਨੀ ਨਕਸ਼ੇ 'ਤੇ ਆ ਗਿਆ ਹੈ।

ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਅੱਜ ਇਤਿਹਾਸ ਦਾ ਇਕ ਮਹੱਤਵਪੂਰਨ ਦਿਨ ਹੈ ਕਿਉਂਕਿ ਖਾਲਸਾ ਪੰਥ ਦੇ ਇਤਿਹਾਸ ਤੇ ਇਸ ਦੀ ਸਿਰਜਣਾਂ ਨੂੰ ਪੇਸ਼ ਕਰਦਾ ਇਹ ਆਪਣੀ ਕਿਸਮ ਦਾ ਪਹਿਲਾ ਪ੍ਰਾਜੈਕਟ ਹੈ ਜਿਸ ਨਾਲ ਨਵੀਂ ਪੌਦ ਨੂੰ ਇਹ ਸਥਾਨ ਨਾ ਸਿਰਫ ਆਪਣੇ ਵਿਰਸੇ ਨਾਲ ਜੋੜੇਗਾ ਸਗੋਂ ਭਵਿੱਖ ਲਈ ਪ੍ਰੇਰਣਾ ਸੋਮਾ ਵੀ ਬਣੇਗਾ।

ਉਦਘਾਟਨੀ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਬਾਦਲ ਨੇ ਕਿਹਾ ਕਿ ਉਨ੍ਹਾਂ ਨੇ ਇਹ ਪ੍ਰਾਜੈਕਟ ਸਿਰਜਕੇ ਸਿੱਖ ਪੰਥ ਤੇ ਮਨੁੱਖਤਾ ਪ੍ਰਤੀ ਆਪਣਾ ਨਿਮਾਣਾ ਜਿਹਾ ਫਰਜ਼ ਨਿਭਾਇਆ ਹੈ ਕਿਉਂਕਿ ਵਾਹਿਗੁਰੂ ਨੇ ਉਨ੍ਹਾਂ ਨੂੰ ਚਾਰ ਵਾਰ ਮੁੱਖ ਮੰਤਰੀ ਬਣਾਇਆ ਹੈ ਤੇ ਇਸੇ ਦੀ ਬਦੌਲਤ ਹੀ ਉਨ੍ਹਾਂ ਨੂੰ ਇਹ ਵਿਸ਼ਾਲ ਪ੍ਰਾਜੈਕਟ ਮੁਕੰਮਲ ਕਰਨ ਦਾ ਬਲ ਮਿਲਿਆ ਹੈ।

ਇਸ ਮੌਕੇ ਉਚੇਰੇ ਤੌਰ ਪੁੱਜੇ ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਨੇ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਪਹਿਲਾਂ ਹੀ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਨਾਲ ਜੁੜਿਆ ਹੈ ਤੇ ਹੁਣ ਸ. ਬਾਦਲ ਨੇ ਉਨ੍ਹਾਂ ਨੂੰ ਇਸ ਮਹਾਨ ਪ੍ਰਾਜੈਕਟ ਨਾਲ ਜੋੜਿਆ ਹੈ। ਉਨ੍ਹਾਂ ਕਿਹਾ ਕਿ ਬਤੌਰ ਇੰਜਨੀਅਰ ਉਹ ਕੰਕਰੀਟ ਦੇ ਵੱਡੇ ਪ੍ਰਾਜੈਕਟਾਂ ਨੂੰ ਉਸਾਰ ਚੁੱਕੇ ਹਨ ਪਰ ਇਹ ਵਿਸ਼ਵ ਪੱਧਰੀ ਪ੍ਰਾਜੈਕਟ ਉਨ੍ਹਾਂ ਦੀ ਕਲਪਨਾ ਤੋਂ ਉਪਰ ਹੈ। 'ਆਰਟ ਆਫ ਲਿਵਿੰਗ' ਨੂੰ ਦੁਨੀਆਂ ਭਰ ਵਿਚ ਪ੍ਰਸਾਰਨ ਵਾਲੇ ਗੁਰੂ ਸ੍ਰੀ ਸ੍ਰੀ ਰਵੀਸ਼ੰਕਰ ਨੇ ਇਸ ਮੌਕੇ ਕਿਹਾ ਕਿ ਵਿਰਾਸਤ-ਏ-ਖਾਲਸਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਅਮੀਰ ਵਿਰਸੇ ਨਾਲ ਜੋੜਨ ਦੀ ਭੂਮਿਕਾ ਨਿਭਾਵੇਗਾ।

ਇਸ ਮੌਕੇ ਇਸ ਪ੍ਰਾਜੈਕਟ ਦੇ ਸਿਰਜਕ ਇਜ਼ਰਾਇਲੀ ਆਰਕੀਟੈਕਟ ਮੋਸੇ ਸੈਫਦੀ ਖਿੱਚ ਦਾ ਕੇਂਦਰ ਬਣੇ ਰਹੇ। ਇਸ ਸਮਾਗਮ ਵਿਚ ਤੀਕਸ਼ਣ ਸੂਦ ਸਮੇਤ ਰਾਜ ਦੇ ਕੈਬਨਿਟ ਮੰਤਰੀ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ, ਪੰਜਾਬ ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ, ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ, ਨਵਜੋਤ ਸਿੰਘ ਸਿੱਧੂ ਤੇ ਸੁਖਦੇਵ ਸਿੰਘ ਢੀਂਡਸਾ, ਗੁਰੂ ਸ਼ੰਕਰਾਚਾਰਿਆ ਜਯੋਤਿਰਮੱਠ ਸਵਾਮੀ ਮਾਧਵ ਆਸ਼ਰਮ, ਬਾਪੂ ਆਸਾ ਰਾਮ, ਪਾਕਿਸਤਾਨ ਦੇ ਸਾਬਕਾ ਸਿੱਖਿਆ ਮੰਤਰੀ ਇਮਰਾਨ ਮਸੂਦ ਤੇ ਸੰਸਦ ਮੈਂਬਰ ਰਾਏ ਅਜ਼ੀਜ਼ ਉੱਲਾ, ਗੁਜਰਾਤ ਦੇ ਖੇਤੀ ਮੰਤਰੀ ਦਲੀਪ ਸੰਗੇੜੀ, ਇਸ ਪ੍ਰਾਜੈਕਟ ਨੂੰ ਉਸਾਰਨ ਵਾਲੇ ਐਲ.ਐਨ.ਟੀ. ਦੇ ਕਾਰਜਕਾਰੀ ਡਾਇਰੈਕਟਰ ਐਨ.ਐਸ. ਰਾਏ, ਕੈਨੇਡਾ ਦੇ ਸਾਬਕਾ ਮੰਤਰੀ ਗੁਰਬਖਸ਼ ਸਿੰਘ ਮੱਲ੍ਹੀ ਤੇ ਸਾਬਕਾ ਸੰਸਦ ਮੈਂਬਰ ਰੂਬੀ ਢੱਲਾ, ਬਾਬਾ ਬਲਬੀਰ ਸਿੰਘ ਸੀਚੇਵਾਲ, ਯੂਥ ਅਕਾਲੀ ਦਲ ਦੇ ਪ੍ਰਧਾਨ ਬਿਕਰਮ ਸਿੰਘ ਮਜੀਠੀਆ, ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਦਰਸ਼ਨ ਸਿੰਘ ਧਾਲੀਵਾਲ (ਯੂ.ਐਸ.ਏ.), ਸੁਰਜੀਤ ਸਿੰਘ ਰੱਖੜਾ ਤੇ ਕੈਨੇਡਾ ਪੁਲੀਸ ਵਿਚਲੇ ਪਹਿਲੇ ਅੰਮ੍ਰਿਤਧਾਰੀ ਸਿੱਖ ਅਧਿਕਾਰੀ ਬਲਜੀਤ ਸਿੰਘ ਢਿੱਲੋਂ ਮੌਜੂਦ ਸਨ।

ਇਸ ਮੌਕੇ ਮੁੱਖ ਮੰਤਰੀ ਸ. ਬਾਦਲ ਨੇ ਅਫਸੋਸ ਜ਼ਾਹਰ ਕੀਤਾ ਕਿ ਇਸ ਸਮਾਗਮ ਵਿਚ ਪੰਜਾਬ ਦੇ ਕਾਂਗਰਸੀਆਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸ਼ਾਮਲ ਨਹੀਂ ਹੋਣ ਦਿੱਤਾ। ਉਨ੍ਹਾਂ ਕਿਹਾ ਕਿ ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਉਨ੍ਹਾਂ ਨੇ ਵਿਰੋਧੀ ਧਿਰ ਦੇ ਸਮੂਹ ਵਿਧਾਇਕਾਂ ਤੇ ਸੰਸਦ ਮੈਂਬਰਾਂ ਨੂੰ ਨਿੱਜੀ ਤੌਰ 'ਤੇ ਸੱਦੇ ਦਿੱਤੇ ਸਨ ਪਰ ਅੱਜ ਉਹ ਇਸ ਮਹਾਨ ਸਮਾਗਮ ਵਿਚ ਸ਼ਾਮਲ ਨਹੀਂ ਹੋਏ ਜਿਸ ਤੋਂ ਸਾਫ ਹੁੰਦਾ ਹੈ ਕਿ ਉਨ੍ਹਾਂ ਨੇ ਇਸ ਸਮਾਗਮ ਦਾ ਬਾਈਕਾਟ ਕੀਤਾ ਹੈ।

ਪਾਕਿਸਤਾਨੀ ਪੰਜਾਬ ਦੇ ਸਾਬਕਾ ਸਿੱਖਿਆ ਮੰਤਰੀ ਜਨਾਬ ਮੀਆਂ ਇਮਰਾਨ ਮਜੂਦ ਨੇ ਇਸ ਮੌਕੇ ਕਿਹਾ ਕਿ ਨਨਕਾਣਾ ਸਾਹਿਬ ਵਿਚ ਛੇਤੀ ਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਨਿਰਮਾਣ ਕਾਰਜ ਸ਼ੁਰੂ ਕੀਤਾ ਜਾ ਰਿਹਾ ਹੈ ਜਿਸ ਵਿਚ ਗੁਰੂ ਨਾਨਕ ਸਟੱਡੀਜ਼ ਚੇਅਰ ਵੀ ਸਥਾਪਤ ਕੀਤੀ ਜਾਵੇਗੀ। ਪਾਕਿਸਤਾਨ ਤੋਂ ਆਏ ਸਾਬਕਾ ਮੈਂਬਰ ਪਾਰਲੀਮੈਂਟ ਰਾਏ ਅਜੀਜ਼ ਉੱਲਾ ਨੇ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਕਰਤਾਰਪੁਰ ਦੇ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਵਿਸ਼ੇਸ਼ ਲਾਂਘਾ ਬਣਾਉਣ ਦੀ ਅਪੀਲ ਕੀਤੀ। ਇਸ ਮੌਕੇ ਮੁਸਲਿਮ ਧਰਮ ਦੇ ਆਗੂ ਜਨਾਬ ਮੌਲਾਨਾ ਮੁਹੰਮਦ ਸਲੀਮ ਕਾਸਮੀ, ਸੰਤ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ ਤੇ ਨਿਰਮਲ ਮੰਡਲ ਦੇ ਸੰਤ ਬਾਬਾ ਭਾਗ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ।

# ਮਾਲਵਾ ਕਾਲਜ ਸਮਰਾਲਾ 'ਚ ਚਰਨਜੀਤ ਸਿੰਘ ਪੰਨੂ ਨਾਲ ਰੂਬਰੂ

**ਸਮਰਾਲਾ (ਬਿਊਰੋ):** ਅਮਰੀਕਾ ਵਸਦੇ ਪੰਜਾਬੀ ਸਾਹਿਤਕਾਰ ਚਰਨਜੀਤ ਸਿੰਘ ਪੰਨੂ ਨਾਲ ਇਥੇ ਮਾਲਵਾ ਕਾਲਜ ਬੌਂਦਲੀ ਵਿਚ ਰੂਬਰੂ ਪ੍ਰੋਗਰਾਮ ਕੀਤਾ ਗਿਆ ਜਿਸ ਵਿਚ ਕਾਲਜ ਦੇ ਬੀ.ਏ. ਅਤੇ ਐਮ.ਏ. ਦੇ ਵਿਦਿਆਰਥੀਆਂ ਸਮੇਤ ਸਟਾਫ ਮੈਂਬਰਾਂ ਨੇ ਹਿੱਸਾ ਲਿਆ। ਸਭ ਤੋਂ ਪਹਿਲਾਂ ਡਾ. ਅਮਰਜੀਤ ਸਿੰਘ ਨੇ ਚਰਨਜੀਤ ਸਿੰਘ ਪੰਨੂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਤੱਕ ਨਾਵਲ, ਸਫਰਨਾਮਾ, ਕਹਾਣੀਆਂ, ਕਵਿਤਾਵਾਂ ਸਮੇਤ 12 ਪੁਸਤਕਾਂ ਉਨ੍ਹਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ ਹਨ।

ਪ੍ਰਿੰ. ਜਸਪਾਲ ਸਿੰਘ ਨੇ ਰੂਬਰੂ ਪ੍ਰੋਗਰਾਮ ਨੂੰ ਸ਼ੁਭ ਸ਼ਗਨ ਦੱਸਦਿਆਂ ਸ. ਪੰਨੂ ਦੀਆਂ ਕੁਝ ਕਾਵਿ ਟੁਕੜੀਆਂ ਸੁਣਾ ਕੇ ਇਸ ਗੱਲ ਉਤੇ ਸੰਤੁਸ਼ਟੀ ਪ੍ਰਗਟਾਈ ਕਿ ਬਾਹਰਲੇ ਲੇਖਕ ਆਪਣੀ ਰੁਝੇਵੇਂ ਭਰੀ ਜਿੰਦਗੀ ਵਿਚੋਂ ਵੀ ਸਮਾਂ ਕੱਢ ਕੇ ਆਪਣੀ ਜੜ੍ਹ ਨਾਲ ਜੁੜੇ ਰਹਿੰਦੇ ਹਨ। ਅਜਿਹੀਆਂ ਰਚਨਾਵਾਂ ਵਿਚੋਂ ਵਿਦੇਸ਼ੀ ਸਭਿਅਤਾ ਬਾਰੇ ਬੜੀ ਰੌਚਕ ਜਾਣਕਾਰੀ ਮਿਲਦੀ ਹੈ। ਪ੍ਰੋਫੈਸਰ ਹਰਜਿੰਦਰ ਸਿੰਘ ਕਲੇਰ ਨੇ ਸ. ਪੰਨੂ ਦੀ ਸਾਹਿਤਕ ਦੇਣ ਦੀ ਭਰਵੀਂ ਸ਼ਲਾਘਾ ਕੀਤੀ ਜਦੋਂਕਿ ਪ੍ਰੋ. ਰੰਜਨ ਗਰਗ ਨੇ ਸ੍ਰੋਤਿਆ ਨੂੰ ਇਹ ਰਚਨਾਵਾਂ ਪੜ੍ਹ ਕੇ ਲਾਹਾ ਲੈਣ ਦੀ ਸਲਾਹ ਦਿੱਤੀ।

ਇਸ ਮੌਕੇ ਬੋਲਦਿਆਂ ਚਰਨਜੀਤ ਸਿੰਘ ਪੰਨੂ ਨੇ ਆਪਣੇ ਸਾਹਿਤਕ ਸਫਰ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ, ਸਟਾਫ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਅਮਰੀਕਾ ਵਿਚ ਚੱਲਦੀਆਂ ਸਾਹਿਤਕ ਤੇ ਸੱਭਿਆਚਾਰਕ ਗਤੀਵਿਧੀਆਂ ਦਾ ਜਿਕਰ ਕਰਦਿਆਂ ਉਨ੍ਹਾਂ ਪੰਜਾਬੀ ਅਤੇ ਪੰਜਾਬੀਅਤ ਦੀ ਚੜ੍ਹਦੀ ਕਲਾ ਦਾ ਸੰਕੇਤ ਦਿੱਤਾ। ਅਮਰੀਕਾ ਬਾਰੇ ਆਪਣੀ ਬਹੁਪੱਖੀ ਕਵਿਤਾ 'ਧਰਤੀ ਅਮਰੀਕਾ ਦੀ' ਪੜ੍ਹਦਿਆਂ ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਇਸ ਉਮਰ ਵਿਚ ਬਾਹਰਲੀ ਚਕਾਚੌਂਧ ਪੜ੍ਹ-ਸੁਣ ਕੇ ਉਡਾਰੀਆਂ ਭਰਨ ਨੂੰ ਮਨ ਲਲਚਾ ਜਾਂਦਾ ਹੈ ਜਿਸ ਕਰਕੇ ਕਈਆਂ ਨੂੰ ਖਜਲ-ਖੁਆਰੀ ਹੁੰਦੀ ਹੈ। ਅਮਰੀਕੀ ਸਵਰਗ ਦੇ ਸੁਪਨੇ ਆਰਥਿਕ ਮੰਦਹਾਲੀ ਨੇ ਧੁੰਦਲੇ ਕਰ ਦਿੱਤੇ ਹਨ ਤੇ ਕਿਤਾਬੀ ਚਕਾਚੌਂਧ ਜਾਂ ਠੱਗ ਲਾੜੇ/ਲਾੜੀਆਂ/ਦਲਾਲਾਂ ਪਿੱਛੇ ਲੱਗ ਕੇ ਵਿਦੇਸ਼ੀ ਹੋੜ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਵਿਦਿਆਰਥੀਆਂ ਵੱਲੋਂ ਉਠਾਏ ਸਵਾਲਾਂ/ਨੁਕਤਿਆਂ ਦਾ ਸਪੱਸ਼ਟੀਕਰਨ ਵੀ ਉਨ੍ਹਾਂ ਦਿੱਤਾ। ਉਨ੍ਹਾਂ ਲਾਇਬ੍ਰੇਰੀ ਵਾਸਤੇ ਆਪਣੀਆਂ ਕਿਤਾਬਾਂ ਦਾ ਇਕ ਸੈਟ ਵੀ ਭੇਟ ਕੀਤਾ। ਕਾਲਜ ਵੱਲੋਂ ਯਾਦਗਾਰੀ ਚਿੰਨ੍ਹ ਦੇ ਕੇ ਮਹਿਮਾਨ ਦਾ ਸਨਮਾਨ ਕੀਤਾ ਗਿਆ।




## ਰੇਡੀਓ ਚੜ੍ਹਦੀ ਕਲਾ ਸੁਣੋ

RADIO CHARDI KALA

ਹੁਣ ਦੁਨੀਆਂ ਭਰ ਵਿਚ www.radiock.com 'ਤੇ

ਬੇਏਰੀਆ ਅਤੇ ਯੂਬਾ ਸਿਟੀ
ਹਫਤੇ ਦੇ ਸੱਤੇ ਦਿਨ, 24 ਘੰਟੇ

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਹੁਣ $40 ਵਾਲਾ ਵੱਡਾ ਰੇਡੀਓ ਸਿਰਫ $30 ਵਿਚ ਖਰੀਦੋ
ਬਹੁਤ ਹੀ ਵਧੀਆ ਕੁਆਲਿਟੀ

> Royal Bazar, San Jose
> Preet Fabric, Fremont
> Sidhartha International, Fremont
> Roshni, Union City
> Kash Fabrics, Hayward
> Maya Fashion, Newark
> LA Merchandise, Yuba City

DESI WORLD RADIO

ਰੇਡੀਓ ਚੜ੍ਹਦੀ ਕਲਾ ਚੈਨਲ 1 'ਤੇ ਸੁਣੋ

ਹੋਰ ਜਾਣਕਾਰੀ ਲਈ ਕਾਲ ਕਰੋ
ਗੁਰਚਰਨ ਸਿੰਘ ਮਾਨ ਫੋਨ 510-557-0061
ਲਖਬੀਰ ਸਿੰਘ ਫੋਨ 510-760-9882
ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com
Radio CK, PO Box 296, Fremont, CA 94537






## Business Opportunity

International Company looking for serious people to work from home-part time or full time. Great earning potential, full training and support provided. To attend training in your area.

For more info. call:

Sukhpreet Kaur Indiana
Ph:317-884-3557
Sharanjeet Kaur
Ph:317-332-1387

spkaurus@yahoo.co.in - www.shopherbalife.com/skaur



## SUPER TRAVEL

847-676-9090, 773-465-5566
*E-mail: supertravel2003@yahoo.com*

***Lowest Fares With Excellent Service***

*AMERICAN AIR, CONTINENTAL AIR*



*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*

EARLY BIRD SALE!!!!

India $545
London $250



## MRP TRAVEL


*Lowest International and Domestic Fares*

ARC **FLY ANY AIRLINE OF YOUR CHOICE** IATA

*Providing the lowest Air-fare, Cruise and Travel Packages to Asia, Africa, Europe, the Middle East and North America*

**408-929-8005**
E-mail:mrptravel@gmail.com
2123 Port Way, San Jose, CA 95133
*CST: 2097308-40*

*Passport & Visa services also available*



Asiana Airlines, Emirates, Korean Air, Singapore Airlines, Cathay Pacific, Lufthansa, China Airlines

*India Vacation tour package also available.*

*BUS tickets also available from Delhi to Punjab with lowest fare.*



FARMERS INSURANCE GROUP
Symbol of Superior Service

## FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella**
***Business Work Comp.**

**Duabba Insurance Agency**
2450 Peralta Blvd Suite 120, Fremont CA 94536
**Phone: 510-797-7989 Fax: 510-794-7398**
visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।


## Matrimonials

### ਵਰ ਦੀ ਲੋੜ ਹੈ

Wanted Sikh Saini US/ Canadian match for Sikh Saini US citizen girl, 24, 5'-0" studying hospital/ medical billing & coding after bachelor in Bussiness Admn. Contact: singhp1@hotmail.com

Seeking a suitable Jatt Sikh US citizen match for a pretty 24, 5'-3" Dentist girl in India. Contact at skgurdeep7@gmail.com.

Parents seek US citizen Jatt Sikh boy in Medical profession for Jatt Sikh, 27, 5'-7" MBBS girl, preparing for USMLE, 1st step cleared. Call:510-304-9292 or e-mail: jassi@jassigill.com

Wanted US/Canadian/UK/ Australian citizen match for Amritdhari Sidhu girl from educated urban family in India, 5.4, 23 yrs, doing MSc Biochem. Call: 850-225-6388 in the US or email: sukhssohi@yahoo.com

ਸੁੰਦਰ ਸੈਣੀ ਲੜਕੇ 24 ਸਾਲ, ਬੀ. ਐਸ. ਸੀ. ਨਰਸਿੰਗ ਵਾਸਤੇ ਯੋਗ ਸੁਸ਼ੀਲ ਜੀਵਨ ਸਾਥਣ ਦੀ ਜਰੂਰਤ ਹੈ। ਅਮਰੀਕਾ ਕੈਨੇਡਾ ਨੂੰ ਤਰਜੀਹ। ਜਾਤ ਗੋਤ ਕੋਈ ਵਿਚਾਰ ਨਹੀਂ। ਫੋਨ ਨੰਬਰ 408-518-2031 ਜਾਂ email: gsaini125@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਕੰਨਿਆ ਦੀ ਲੋੜ ਹੈ

ਜੱਟ ਸਿੱਖ ਚੀਮਾ 29, ਕੱਦ 5'-11" ਅਮਰੀਕੀ ਸਿਟੀਜ਼ਨ 10+2 ਪਾਸ ਲੜਕੇ ਲਈ ਇੰਡੀਆ ਤੋਂ ਪੜ੍ਹੀ ਲਿਖੀ 22 ਤੋਂ 26 ਸਾਲ ਉਮਰ ਦੀ ਘਟੋ ਘਟ 5' 4" ਕੱਦ ਦੀ ਘਰੇਲੂ ਲੜਕੀ ਦੀ ਲੋੜ ਹੈ। ਮੰਗਣੀ ਇੰਡੀਆ ਤੇ ਵਿਆਹ ਅਮਰੀਕਾ ਵਿਚ। ਲੜਕੇ ਦੇ ਮਾਪੇ ਇੰਡੀਆ ਵਿਚ ਹਨ। ਸੰਪਰਕ ਕਰੋ:ਫੋਨ 91-80591-27952 ਜਾਂ ਈਮੇਲ ਕਰੋ js.cheema@yahoo.com

Suitable match for 29/5'-9" cleanshaven, slim, Ramgarhia Sikh boy, Software Engineer well settled in US.Caste no bar. Call: 425- 307-1050: Email:biodata/ photo: psingh03850@gmail.com

# ਵਿਦੇਸ਼ੀ ਨਿਵੇਸ਼ ਦੇ ਮੁੱਦੇ 'ਤੇ ਅਕਾਲੀ-ਭਾਜਪਾ 'ਚ ਦਰਾੜ

**ਚੰਡੀਗੜ੍ਹ:** ਕੇਂਦਰ ਵੱਲੋਂ ਬਹੁ-ਬਰਾਂਡ ਪਰਚੂਨ ਸੈਕਟਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਗਿਆ ਦੇਣ ਦਾ ਪੰਜਾਬ ਦੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਮਰਥਨ ਕਰਨ ਨਾਲ ਉਸ ਦੀ ਭਾਈਵਾਲ ਭਾਜਪਾ ਨੂੰ ਇਹ ਹਾਮੀ ਹਜ਼ਮ ਨਹੀਂ ਹੋ ਰਹੀ। ਪਾਰਟੀ ਦਾ ਕਹਿਣਾ ਹੈ ਕਿ ਉਹ ਇਸ ਬਾਰੇ ਅਕਾਲੀ ਦਲ ਨਾਲ ਗੱਲਬਾਤ ਕਰੇਗੀ।

ਸ਼੍ਰੋਮਣੀ ਅਕਾਲੀ ਦਲ ਦੇ ਵੋਟ ਬੈਂਕ ਨੂੰ ਕੇਂਦਰ ਦੇ ਫੈਸਲੇ ਨਾਲ ਬਹੁਤਾ ਫਰਕ ਨਹੀਂ ਪੈਣ ਵਾਲਾ ਜਦਕਿ ਭਾਜਪਾ ਦਾ ਤਕਰੀਬਨ ਸਮੁੱਚਾ ਵੋਟ ਬੈਂਕ ਹੀ ਅਜਿਹੇ ਕਾਰੋਬਾਰੀਆਂ ਦਾ ਹੈ ਜਿਨ੍ਹਾਂ 'ਤੇ ਇਸ ਨਿਵੇਸ਼ ਦਾ ਮਾਰੂ ਅਸਰ ਪੈ ਸਕਦਾ ਹੈ। ਭਾਜਪਾ ਦੇ ਪੰਜਾਬ ਮਾਮਲਿਆਂ ਬਾਰੇ ਇੰਚਾਰਜ ਸ਼ਾਂਤਾ ਕੁਮਾਰ ਨੇ ਕਹਿਣਾ ਹੈ ਕਿ ਅਕਾਲੀ ਦਲ ਨਾਲ ਇਸ ਬਾਰੇ ਗੱਲਬਾਤ ਕੀਤੀ ਜਾ ਰਹੀ ਹੈ। ਉਂਜ ਉਨ੍ਹਾਂ ਕਿਹਾ ਕਿਹਾ ਕਿ ਅਕਾਲੀ ਦਲ ਵੱਖਰੀ ਪਾਰਟੀ ਹੈ ਤੇ ਉਨ੍ਹਾਂ ਨੂੰ ਆਪਣੇ ਵਿਚਾਰ ਪ੍ਰਗਟਾਉਣ ਦੀ ਖੁੱਲ੍ਹ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੇਂਦਰੀ ਵਣਜ ਮੰਤਰੀ ਆਨੰਦ ਸ਼ਰਮਾ ਨੂੰ ਪੱਤਰ ਭੇਜ ਕੇ ਬਹੁ-ਬਰਾਂਡ ਪ੍ਰਚੂਨ ਸੈਕਟਰ ਵਿਚ ਵਿਦੇਸ਼ੀ ਨਿਵੇਸ਼ ਖੋਲ੍ਹਣ ਦੇ ਫੈਸਲੇ ਦੀ ਹਮਾਇਤ ਕੀਤੀ ਸੀ ਪਰ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਇਹ




ਗੱਲ ਭਾਜਪਾ ਨੂੰ ਹਜ਼ਮ ਨਹੀਂ ਹੋਣੀ। ਸ਼ਾਂਤਾ ਕੁਮਾਰ ਨੇ ਕਿਹਾ ਕਿ ਵਿਦੇਸ਼ੀ ਨਿਵੇਸ਼ ਦੀ ਆਗਿਆ ਦੇਣਾ ਵੱਡੀ ਸਾਜ਼ਿਸ਼ ਦਾ ਹਿੱਸਾ ਹੈ। ਇਸ ਵਿਚ ਕਾਰਪੋਰੇਟ ਜਗਤ ਬਹੁ-ਕੌਮੀ ਕੰਪਨੀਆਂ, ਪੂੰਜੀਵਾਦੀਆਂ ਤੇ ਸੌੜੇ ਹਿੱਤ ਹਨ।

ਉਨ੍ਹਾਂ ਦੇ ਦਬਾਅ ਅੱਗੇ ਸਰਕਾਰ ਨੇ ਗੋਡੇ ਟੇਕ ਦਿੱਤੇ ਹਨ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਈਸਟ ਇੰਡੀਆ ਕੰਪਨੀ ਨੇ ਮੁਲਕ ਦਾ ਕੀ ਕੀਤਾ ਸੀ। ਹੁਣ ਕੇਂਦਰ ਸਰਕਾਰ ਦੇਸ਼ ਨੂੰ ਮੁੜ ਗੁਲਾਮ ਬਣਾਉਣ ਦੇ ਕੁਰਾਹੇ ਪੈ ਗਈ ਹੈ। ਸਭ ਤੋਂ ਖਤਰਨਾਕ ਗੱਲ ਇਹ ਹੈ ਕਿ ਮੁਲਕ ਦੀਆਂ ਆਰਥਿਕ ਨੀਤੀਆਂ ਸਰਕਾਰ ਨਹੀਂ; ਸਗੋਂ ਵੱਡੇ ਕਾਰਪੋਰੇਟ ਘਰਾਣੇ ਬਣਾ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਉਹ ਅਟਲ ਬਿਹਾਰੀ ਵਾਜਪਾਈ ਸਰਕਾਰ ਵੇਲੇ ਖੁਰਾਕ ਮੰਤਰੀ ਸਨ ਤਾਂ ਉਦੋਂ ਉਨ੍ਹਾਂ ਦੀ ਸਰਕਾਰ ਨੇ ਕਾਰਪੋਰੇਟ ਜਗਤ ਅੱਗੇ ਗੋਡੇ ਨਹੀਂ ਸਨ ਟੇਕੇ। ਉਨ੍ਹਾਂ ਕਿਹਾ ਕਿ ਸਰਕਾਰ ਦੇ ਤਾਜ਼ਾ ਫੈਸਲੇ ਨਾਲ ਦੇਸ਼ ਵਿਚ ਬੇਰੁਜ਼ਗਾਰੀ ਵਧੇਗੀ ਤੇ ਪ੍ਰਚੂਨ ਸੈਕਟਰ ਦੇ ਹਜ਼ਾਰ ਵਪਾਰੀਆਂ ਉਪਰ ਮਾੜਾ ਅਸਰ ਪਵੇਗਾ। ਸ਼੍ਰੋਮਣੀ ਅਕਾਲੀ ਦਲ ਦਾ ਕਹਿਣਾ ਹੈ ਕਿ ਕਿਰਸਾਣੀ ਤੇ ਆਮ ਖਪਤਕਾਰਾਂ ਦੀ ਹਿੱਤ ਪੂਰਤੀ ਕਰਨ ਵਾਲੇ ਕਿਸੇ ਵੀ ਕਦਮ ਦਾ ਉਹ ਸਵਾਗਤ ਕਰੇਗਾ।

# ਖਹਿਰਾ ਵੱਲੋਂ ਸੁਖਬੀਰ ਬਾਦਲ ਦੀ ਸ਼ਿਕਾਇਤ

**ਕਪੂਰਥਲਾ:** ਪਿਛਲੇ ਦਿਨੀਂ ਰਾਜਪੁਰਾ ਪੁਲਿਸ ਵੱਲੋਂ ਕੁਝ ਵਿਅਕਤੀਆਂ ਤੋਂ ਫੜੀ ਗਈ 3.64 ਕਰੋੜ ਦੀ ਰਕਮ ਦੇ ਮਾਮਲੇ ਵਿਚ ਭੁਲੱਥ ਦੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦਾ ਨਾਂ ਲੈ ਕੇ ਪੁਲਿਸ ਵੱਲੋਂ ਉਸ ਨੂੰ ਝੂਠੇ ਮਾਮਲੇ ਵਿਚ ਫਸਾਉਣ ਤੇ ਇਸ ਬਾਰੇ ਪੀ.ਟੀ.ਸੀ. ਨਿਊਜ਼ ਚੈਨਲ ਤੇ ਇਕ ਹੋਰ ਪੰਜਾਬੀ ਅਖ਼ਬਾਰ ਵੱਲੋਂ ਖ਼ਬਰਾਂ ਪ੍ਰਕਾਸ਼ਿਤ ਕਰਕੇ, ਉਨ੍ਹਾਂ ਦੇ ਅਕਸ ਨੂੰ ਖਰਾਬ ਕਰਨ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸ. ਖਹਿਰਾ ਨੇ ਚੀਫ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ 'ਚ ਭਾਰਤੀ ਦੰਡਾਵਲੀ ਦੀਆਂ ਵੱਖ ਵੱਖ ਧਾਰਾਵਾਂ ਤਹਿਤ ਸ਼ਿਕਾਇਤ ਦਰਜ ਕਰਵਾਈ ਹੈ।

ਅਦਾਲਤ ਨੇ ਉਨ੍ਹਾਂ ਦੇ ਬਿਆਨ ਦਰਜ ਕਰਕੇ ਅਗਲੀ ਸੁਣਵਾਈ ਦੀ ਤਾਰੀਖ਼ 9 ਜਨਵਰੀ ਤੈਅ ਕੀਤੀ ਹੈ। ਇਸ ਸ਼ਿਕਾਇਤ ਵਿਚ ਸ. ਖਹਿਰਾ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਅਕਾਲੀ ਵਿਧਾਇਕ ਬੀਬੀ ਜਗੀਰ ਕੌਰ, ਪੀ.ਟੀ.ਸੀ. ਚੈਨਲ ਦੇ ਪਾਰਟਨਰ ਰਬਿੰਦਰ ਨਰਾਇਣ, ਐਸ.ਪੀ. ਰਾਜਪੁਰਾ ਮਨਮੋਹਨ ਸ਼ਰਮਾ, ਚੈਨਲ ਦੇ ਐਡੀਟਰ, ਚੈਨਲ ਦੇ ਨਿਊਜ਼ ਐਡੀਟਰ ਰਿਤੇਸ਼ ਲੱਖੀ, ਪੀ.ਟੀ.ਸੀ. ਚੈਨਲ ਦੇ ਐਡੀਟਰ ਪ੍ਰਵੇਜ਼ ਜੈਦੀ, ਰਾਜਪੁਰਾ ਥਾਣੇ ਐਸ.ਐਚ.ਓ. ਮਨਜੀਤ ਸਿੰਘ, ਪੰਜਾਬੀ ਅਖ਼ਬਾਰ 'ਜੈ ਜਗਤ' ਦੇ ਸੰਪਾਦਕ ਕੁਲਵਿੰਦਰ ਸਿੰਘ ਸਹਿਗਲ ਨੂੰ ਪਾਰਟੀ ਬਣਾਇਆ ਹੈ। ਚੀਫ ਮੈਜਿਸਟਰੇਟ ਦੀ ਅਦਾਲਤ ਵਿਚ ਸ. ਖਹਿਰਾ ਤੋਂ ਇਲਾਵਾ ਤਿੰਨ ਗਵਾਹਾਂ ਜਗਦੀਪ ਸਿੰਘ ਢਿੱਲੀ, ਅਵਤਾਰ ਸਿੰਘ ਵਾਲੀਆ ਨਡਾਲਾ ਤੇ ਡਾ. ਸੁਰਿੰਦਰ ਕੁਮਾਰ ਕੱਕੜ ਭੁਲੱਥ ਨੇ ਆਪਣੇ ਬਿਆਨ ਦਰਜ ਕਰਵਾਏ। ਅਦਾਲਤ ਵਿਚ ਬਿਆਨ ਦਰਜ ਕਰਵਾਏ ਜਾਣ ਸਮੇਂ ਚੰਡੀਗੜ੍ਹ ਤੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਉੱਘੇ ਵਕੀਲ ਐਨ.ਕੇ. ਬਾਂਕਾ ਵੀ ਹਾਜ਼ਰ ਸਨ। ਸ. ਖਹਿਰਾ ਨੇ ਦੱਸਿਆ ਕਿ ਉਪ-ਮੁੱਖ ਮੰਤਰੀ ਦੇ ਆਦੇਸ਼ 'ਤੇ ਪੁਲਿਸ ਤੇ ਪੀ.ਟੀ.ਸੀ. ਨਿਊਜ਼ ਚੈਨਲ ਨੇ ਉਨ੍ਹਾਂ ਦੇ ਅਕਸ ਨੂੰ ਖ਼ਰਾਬ ਕਰਨ ਲਈ ਉਨ੍ਹਾਂ ਦਾ ਨਾਂ ਗਲਤ ਤੌਰ 'ਤੇ ਪੈਸਿਆਂ ਦੇ ਮਾਮਲੇ ਵਿਚ ਲਿਆ ਤੇ ਬਾਅਦ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉੱਚ ਪੁਲਿਸ ਅਧਿਕਾਰੀਆਂ ਨੇ ਆਪਣੀ ਜਾਂਚ ਦੌਰਾਨ ਉਨ੍ਹਾਂ ਨੂੰ ਕਲੀਨ ਚਿੱਟ ਦੇ ਦਿੱਤੀ ਸੀ।

# ਮਹਾਰਾਜਾ ਭੁਪਿੰਦਰ ਸਿੰਘ ਦੀਆਂ ਨਿਸ਼ਾਨੀਆਂ ਹੋਣਗੀਆਂ ਨਿਲਾਮ

**ਚੰਡੀਗੜ੍ਹ:** ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਨਾਲ ਸਬੰਧਤ ਚਮੜੇ ਦੇ ਕਾਰਤੂਸਾਂ ਵਾਲਾ ਮੈਗਜ਼ੀਨ ਤੇ ਪਿੱਤਲ ਦਾ ਸ਼ੋਅਪੀਸ ਭਾਰਤ ਨਾਲ ਸਬੰਧਤ ਕਈ ਇਤਿਹਾਸਕ ਵਸਤਾਂ ਨਾਲ 13 ਦਸੰਬਰ ਨੂੰ ਨਿਲਾਮ ਕੀਤੇ ਜਾਣੇ ਹਨ। ਮਹਾਰਾਜੇ ਦੇ ਕਾਰਤੂਸਾਂ ਦੇ ਮੈਗਜ਼ੀਨ ਉਤੇ ਐਚ.ਐਚ. ਦਿ ਮਹਾਰਾਜਾ ਸਰ ਭੁਪਿੰਦਰ ਸਿੰਘ ਆਫ ਪਟਿਆਲਾ ਜੀ ਸੀ.ਆਈ.ਈ. ਲਿਖਿਆ ਹੋਇਆ ਹੈ।

18ਵੀਂ ਖੇਪ ਦੇ ਜੀ.ਸੀ.ਬੀ. ਦੀ ਬੋਨਹੈਮਜ਼ ਸੇਲ 'ਚ 350-550 ਪੌਂਡ 'ਚ ਵਿਕਰੀ ਹੋਣ ਦੀ ਸੰਭਾਵਨਾ ਹੈ। ਮਹਾਰਾਜਾ ਭੁਪਿੰਦਰ ਸਿੰਘ ਨੂੰ ਨੌਂ ਸਾਲ ਦੀ ਉਮਰੇ ਆਪਣੇ ਪਿਤਾ ਦੀ ਮੌਤ ਤੋਂ ਮਗਰੋਂ ਤਾਜ ਪਹਿਨਾਇਆ ਗਿਆ ਸੀ। ਪਹਿਲੀ ਵਿਸ਼ਵ ਜੰਗ ਸਮੇਂ ਉਹ ਫਰਾਂਸ-ਬੈਲਜੀਅਮ ਦੇ ਨਾਲ-ਨਾਲ ਇਟਲੀ ਤੇ ਫਲਸਤੀਨ 'ਚ ਉਹ ਬਰਤਾਨਵੀ ਫੌਜ 'ਚ ਆਨਰੇਰੀ ਲੈਫਟੀਨੈਂਟ ਕਰਨਲ ਵਜੋਂ ਸ਼ਾਮਲ ਹੋਏ ਸਨ। ਮਗਰੋਂ 1931 'ਚ ਉਨ੍ਹਾਂ ਨੂੰ ਆਨਰੇਰੀ ਲੈਫਟੀਨੈਂਟ ਜਨਰਲ ਬਣਾ ਦਿੱਤਾ ਗਿਆ ਸੀ।

ਜੰਗ ਤੋਂ ਮਗਰੋਂ ਉਨ੍ਹਾਂ ਨੇ ਕਈ ਵਾਰ ਯੂਰਪ ਦਾ ਦੌਰਾ ਕੀਤਾ ਤੇ 1935 'ਚ ਉਨ੍ਹਾਂ ਨੂੰ ਅਡੋਲਫ ਹਿਟਲਰ ਨੂੰ ਮਿਲਣ ਦਾ ਮੌਕਾ ਮਿਲਿਆ ਜਿਸ ਨੇ ਮਹਾਰਾਜੇ ਨੂੰ ਕਈ ਜਰਮਨ ਪਿਸਟਲ ਤੇ ਮੇਇਬਾਸ਼ ਸਿਡਾਨ ਦਿੱਤੀ। ਇਹ ਪੂਰਬ ਦੇ ਤਿੰਨ ਸਾਸਕਾਂ 'ਚੋਂ ਸਿਰਫ ਉਨ੍ਹਾਂ ਨੂੰ ਮਿਲਿਆ ਤੋਹਫਾ ਸੀ। ਬਰਤਾਨੀਆ ਦੇ ਫਿਕਰਾਂ ਦੇ ਬਾਵਜੂਦ ਮਹਾਰਾਜਾ ਭੁਪਿੰਦਰ ਸਿੰਘ ਨੇ ਆਪਣੀਆਂ 27 ਹੋਲਜ਼ ਰੋਇਸੀ ਲਿਮੋਜ਼ਿਨਾਂ ਦੇ ਨਾਲ ਇਹ ਕਾਰ ਵੀ ਰੱਖੀ।

ਮਹਾਰਾਜਾ ਦੀਆਂ ਕਈ ਅਹਿਮ ਵਸਤਾਂ ਦੇ ਨਾਲ ਜੇ. ਪੁਰਡੇਰਮ ਐਂਡ ਸਨਜ਼ ਦੀਆਂ ਇਕ ਜੋੜਾ 12 ਬੋਰ ਸ਼ਾਟਗੰਨਾਂ ਵੀ ਨਿਲਾਮ ਹੋਣੀਆਂ ਹਨ। ਇਹ ਫੀਲਡ ਮਾਰਸ਼ਲ ਸਰ ਡੁਗਲਸ ਹੇਗ ਦੀ ਸੰਪਤੀ ਰਹੀਆਂ ਹਨ ਤੇ ਇਨ੍ਹਾਂ ਤੋਂ 15000 ਤੋਂ 20,000 ਪੌਂਡ ਮਿਲਣ ਦੇ ਆਸਾਰ ਹਨ। ਹੇਗ ਨੇ ਆਪਣੇ ਕਰੀਅਰ ਦੇ ਪਹਿਲੇ ਵਰ੍ਹੇ ਭਾਰਤ 'ਚ ਗੁਜ਼ਾਰੇ ਹਨ।

ਇਸ ਤੋਂ ਇਲਾਵਾ ਹੋਰ ਕਈ ਤਰ੍ਹਾਂ ਦੀ ਸੰਪਤੀ ਦੀ ਬੋਲੀ ਕਰਾਈ ਜਾ ਰਹੀ ਹੈ। ਪਹਿਲੀ ਦਸੰਬਰ ਨੂੰ ਬੋਨਹੈਮਜ਼ ਵੱਲੋਂ 1912 ਦੀ ਲੈਂਚੈਸਟਰ ਸਟੇਟ ਲਿਮੋਜ਼ਿਨ ਦੀ ਬੋਲੀ ਕਰਾਈ ਜਾਣੀ ਹੈ ਜੋ ਰੀਵਾ ਦੇ ਮਹਾਰਾਜਾ ਲਈ ਵਿਸ਼ੇਸ਼ ਤੌਰ 'ਤੇ ਬਣਾਈ ਗਈ ਸੀ।

# ਭ੍ਰਿਸ਼ਟ ਅਫ਼ਸਰਾਂ ਬਾਰੇ ਦਸਤਾਵੇਜ਼ ਨਸ਼ਰ ਕਰਨ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਰਾਜ ਸੂਚਨਾ ਕਮਿਸ਼ਨ ਨੇ ਪੰਜਾਬ ਵਿਜੀਲੈਂਸ ਬਿਊਰੋ ਨੂੰ ਰਾਜ ਦੇ ਸਿਵਲ ਤੇ ਪੁਲਿਸ ਅਫਸਰਾਂ ਵਿਰੁੱਧ ਭ੍ਰਿਸ਼ਟਾਚਾਰ ਦੇ ਮਾਮਲਿਆਂ ਨਾਲ ਸਬੰਧਤ ਦਸਤਾਵੇਜ਼ ਸੂਚਨਾ ਅਧਿਕਾਰ ਕਾਨੂੰਨ ਤਹਿਤ ਮੁਹੱਈਆ ਕਰਾਉਣ ਲਈ ਕਿਹਾ ਹੈ।

ਇਹ ਹੁਕਮ ਮੁੱਖ ਸੂਚਨਾ ਕਮਿਸ਼ਨਰ ਰਮੇਸ਼ਇੰਦਰ ਸਿੰਘ ਤੇ ਸੂਚਨਾ ਕਮਿਸ਼ਨਰ ਸ੍ਰੀਮਤੀ ਰਵੀ ਸਿੰਘ 'ਤੇ ਅਧਾਰਤ ਦੂਹਰੇ ਬੈਂਚ ਨੇ ਸ਼ਿਕਾਇਤ ਦੀ ਸੁਣਵਾਈ ਦੌਰਾਨ ਦਿੱਤੇ ਹਨ। ਵਿਜੀਲੈਂਸ ਬਿਊਰੋ ਨੇ ਅਜਿਹੇ ਮਾਮਲਿਆਂ ਵਿਚ ਦਸਤਾਵੇਜ਼ ਮੁਹੱਈਆ ਕਰਾਉਣ ਤੋਂ ਨਾਂਹ ਕਰ ਦਿੱਤੀ ਸੀ।

ਸੂਚਨਾ ਕਮਿਸ਼ਨ ਦੇ ਦੋਹਰੇ ਬੈਂਚ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਮੰਗੀ ਗਈ ਜਾਣਕਾਰੀ ਸੂਚਨਾ ਅਧਿਕਾਰ ਕਾਨੂੰਨ ਦੇ ਦਾਇਰੇ ਵਿਚ ਆਉਂਦੀ ਹੈ। ਇਸ ਲਈ ਵਿਜੀਲੈਂਸ ਬਿਊਰੋ ਬਿਨਾਂ ਫੀਸ ਲਿਆਂ ਮੁਫ਼ਤ ਜਾਣਕਾਰੀ ਮੁਹੱਈਆ ਕਰਾਵੇ। ਵਿਜੀਲੈਂਸ ਬਿਊਰੋ ਵੱਲੋਂ ਡੀ.ਐਸ.ਪੀ. ਅਮਰਜੀਤ ਸਿੰਘ ਪੇਸ਼ ਹੋਏ ਪਰ ਉਹ ਕਮਿਸ਼ਨ ਨੂੰ ਜਾਣਕਾਰੀ ਨਾ ਦੇਣ ਦੀਆਂ ਆਪਣੀਆਂ ਦਲੀਲਾਂ ਨਾਲ ਸਹਿਮਤ ਨਾ ਕਰ ਸਕੇ।

# ਬਲਵੰਤ ਸਿੰਘ ਰਾਮੂਵਾਲੀਆ ਵੱਲੋਂ ਬਾਦਲਾਂ ਦੇ ਸੋਹਲੇ ਗਾਉਣੇ ਸ਼ੁਰੂ

**ਚੰਡੀਗੜ੍ਹ:** ਪੰਜਾਬ ਵਿਚ ਆਪਣੀ ਪਾਰਟੀ ਰਾਹੀਂ ਤੀਜੇ ਬਦਲ ਦਾ ਦਾਅਵਾ ਕਰਨ ਵਾਲੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਮੌਕੇ ਦੀ ਨਜ਼ਾਕਤ ਨੂੰ ਸਮਝਦਿਆਂ ਆਪਣੀ ਲੋਕ ਭਲਾਈ ਪਾਰਟੀ ਦਾ ਭੋਗ ਪਾ ਕੇ ਸ਼੍ਰੋਮਣੀ ਅਕਾਲੀ ਦਲ ਦੀ ਬੇੜੀ 'ਚ ਸਵਾਰ ਹੋ ਗਏ ਹਨ। ਉਨ੍ਹਾਂ 27 ਨਵੰਬਰ, 1989 ਨੂੰ ਅਕਾਲੀ ਦਲ ਨਾਲੋਂ ਤੋੜ-ਵਿਛੋੜਾ ਕਰ ਲਿਆ ਸੀ। ਉਨ੍ਹਾਂ ਆਖਿਆ ਕਿ ਉਨ੍ਹਾਂ ਜਿਸ ਤਰ੍ਹਾਂ ਨਿਰਸਵਾਰਥ ਹੋ ਕੇ ਪੰਜਾਬ ਦੀ ਸੇਵਾ ਕੀਤੀ, ਲੋਕਾਂ ਵੱਲੋਂ ਪਾਰਟੀ ਨੂੰ ਉਸ ਤਰ੍ਹਾਂ ਦਾ ਹੁੰਗਾਰਾ ਨਹੀਂ ਮਿਲਿਆ ਜਿਸ ਕਾਰਨ ਉਨ੍ਹਾਂ ਅਕਾਲੀ ਦਲ ਨਾਲ ਰਲੇਵੇਂ ਦਾ ਫੈਸਲਾ ਲਿਆ ਹੈ।




ਉਨ੍ਹਾਂ ਨਾਲ ਹੀ ਸਪੱਸ਼ਟ ਕੀਤਾ ਕਿ ਉਹ ਰੁਲਦੀਆਂ ਧੀਆਂ ਤੇ ਠੱਗ ਟਰੈਵਲ ਏਜੰਟਾਂ ਤੋਂ ਰਾਜ ਦੀ ਨੌਜਵਾਨੀ ਨੂੰ ਬਚਾਉਣ ਸਮੇਤ ਆਪਣੇ ਵੱਲੋਂ ਵਿੱਢੇ ਲੋਕ ਭਲਾਈ ਕਾਰਜਾਂ ਨੂੰ ਪਹਿਲਾਂ ਵਾਂਗ ਜਾਰੀ ਰੱਖਣਗੇ। ਸ੍ਰੀ ਰਾਮੂਵਾਲੀਆ ਨੇ ਭਾਵੇਂ ਰਲੇਵੇਂ ਦਾ ਐਲਾਨ 'ਬਿਨਾਂ ਸ਼ਰਤ' ਕੀਤਾ ਪਰ ਉਨ੍ਹਾਂ ਵੱਲੋਂ ਆਖੇ ਇਹ ਸ਼ਬਦ,'ਬਾਦਲ ਵੀ ਸਿਆਸਤ ਦੇ ਪੱਕੇ ਖਿਡਾਰੀ ਹਨ ਤੇ ਨਾ ਮੈਂ ਕੱਚਾ ਖਿਡਾਰੀ ਹਾਂ। ਉਹ ਵੀ ਪੱਕੇ ਰੇਡਰ ਹਨ ਤੇ ਮੈਂ ਵੀ ਪੱਕਾ ਜਾਫੀ ਤੋਂ ਜਾਪਦਾ ਹੈ ਕਿ ਬਾਦਲਾਂ ਵੱਲੋਂ ਉਨ੍ਹਾਂ ਨੂੰ ਅਕਾਲੀ ਦਲ ਵਿਚ ਆਉਣ ਲਈ ਕੋਈ ਚੰਗੀ ਪੇਸ਼ਕਸ਼ ਕੀਤੀ ਗਈ ਹੈ। ਰਾਮੂਵਾਲੀਆ ਨੇ ਕਿਹਾ ਕਿ ਉਹ ਸਿੱਖਿਆ ਨੂੰ ਮਿਆਰੀ ਬਣਾਉਣ, ਰੁਜ਼ਗਾਰ ਦੇ ਵਸੀਲੇ ਜੁਟਾਉਣ, ਟਰਾਂਸਪੋਰਟ, ਖੇਤੀਬਾੜੀ, ਛੋਟੀ ਸਨਅਤ, ਵਿਦੇਸ਼ਾਂ ਦੀਆਂ ਜੇਲ੍ਹਾਂ ਵਿਚ ਰੁਲਦੇ ਪੰਜਾਬੀ ਮੁੰਡੇ ਬਾਹਰ ਲਿਆਉਣ, ਹਵਾਈ ਅੱਡਿਆਂ ਉਪਰ ਪੱਗ ਦੀ ਬੇਪਤੀ ਵਰਗੇ ਦਰਜਨਾਂ ਭਖਦੇ ਮਸਲਿਆਂ ਲਈ ਪਹਿਲਾਂ ਦ੍ਰਿੜਤਾ ਨਾਲ ਲੜਦਾ ਰਿਹਾ ਹੈ ਤੇ ਹੁਣ ਸ਼੍ਰੋਮਣੀ ਅਕਾਲੀ ਦਲ ਵਿਚ ਆ ਕੇ ਪਾਰਟੀ ਦੇ ਪ੍ਰਧਾਨ ਉਪਰ ਵੀ ਇਹੋ ਦਬਾਅ ਰੱਖੇਗਾ ਕਿ ਉਸ ਦੇ 15 ਨੁਕਾਤੀ ਪ੍ਰੋਗਰਾਮ ਨੂੰ ਹੂ-ਬ-ਹੂ ਲਾਗੂ ਕੀਤਾ ਜਾਵੇ।


# ਕੁਸ਼ਲਦੀਪ ਸਿੰਘ ਢਿੱਲੋਂ ਬਣਿਆ ਬਾਦਲਾਂ ਲਈ ਵੰਗਾਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਿਆਸੀ ਗਿਣਤੀਆਂ-ਮਿਣਤੀਆਂ ਤੋਂ ਬਾਅਦ ਹੁਣ ਰੁੱਸਿਆਂ ਨੂੰ ਮਨਾਉਣਾ ਸ਼ੁਰੂ ਕਰ ਦਿੱਤਾ ਹੈ। ਸ. ਬਾਦਲ ਬਾਰੇ ਮਸ਼ਹੂਰ ਹੈ ਕਿ ਉਹ ਜਿਸ ਰੁੱਸੇ ਆਗੂ ਦੇ ਘਰ ਜਾਂਦੇ ਹਨ ਤਾਂ ਉਸ ਨੂੰ ਮਨਾ ਕੇ ਵੀ ਵਾਪਸ ਪਰਤਦੇ ਹਨ। ਸ਼੍ਰੋਮਣੀ ਅਕਾਲੀ ਦਲ ਨੇ ਜਿਹੜੀਆਂ ਸੀਟਾਂ ਰੁੱਸੇ ਆਗੂਆਂ ਦੇ ਵਿਰੋਧ ਕਾਰਨ ਜਾਂਦੀਆਂ ਨਜ਼ਰ ਆ ਰਹੀਆਂ ਹਨ, ਉਨ੍ਹਾਂ ਲਈ ਹਰ ਸਿਆਸੀ ਦਾਅ ਪੇਚ ਵਰਤਣ ਦਾ ਫੈਸਲਾ ਕੀਤਾ ਗਿਆ ਹੈ। ਇਸੇ ਤਹਿਤ ਹੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਡਿਊਟੀ ਰੁੱਸਿਆਂ ਨੂੰ ਮਨਾਉਣ ਲਈ ਲਾਈ ਗਈ ਹੈ।

ਸੂਤਰਾਂ ਅਨੁਸਾਰ ਫਰੀਦਕੋਟ ਵਿਧਾਨ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਜੋ ਹੁਣ ਪੀਪਲਜ਼ ਪਾਰਟੀ ਆਫ ਪੰਜਾਬ ਦੇ ਸੀਨੀਅਰ ਆਗੂ ਹਨ, ਨੂੰ ਮੁੜ ਅਕਾਲੀ ਦਲ 'ਚ ਵਾਪਸ ਲਿਆਉਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੇ ਗਏ ਯਤਨ ਅਜੇ ਤਕ ਸਫ਼ਲ ਨਹੀਂ ਹੋਏ। ਉਂਜ ਅਜੇ ਵੀ ਅਕਾਲੀ ਦਲ ਨੇ ਹਾਰ ਨਹੀਂ ਮੰਨੀ ਤੇ ਸ. ਢਿੱਲੋਂ ਨੂੰ ਮਨਾਉਣ ਲਈ ਯਤਨ ਜਾਰੀ ਹਨ।

ਸੂਤਰਾਂ ਅਨੁਸਾਰ ਪਹਿਲਾਂ ਸਰਕਾਰ ਨੇ ਉਨ੍ਹਾਂ ਦੇ ਵਪਾਰ 'ਤੇ ਛਾਪੇ ਪਵਾ ਕੇ ਦਬਾਅ ਬਣਾਉਣ ਦੇ ਯਤਨ ਕੀਤੇ। ਉਸ ਤੋਂ ਬਾਅਦ ਉਨ੍ਹਾਂ ਨੂੰ ਹਰ ਕਿਸਮ ਦਾ ਲਾਲਚ ਦੇ ਕੇ ਮਨਾਉਣ ਦੇ ਯਤਨ ਕੀਤੇ ਗਏ ਪਰ ਅਜੇ ਤੱਕ ਸ. ਢਿੱਲੋਂ ਟੱਸ ਤੋਂ ਮੱਸ ਨਹੀਂ ਹੋਏ। ਸ. ਢਿੱਲੋਂ ਦੇ ਹਮਾਇਤੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਅਕਾਲੀ ਦਲ ਖ਼ੁਦ ਨਹੀਂ ਛੱਡਿਆ ਬਲਕਿ ਪਾਰਟੀ ਛੱਡਣ ਲਈ ਉਨ੍ਹਾਂ ਨੂੰ ਮਜਬੂਰ ਕੀਤਾ ਗਿਆ ਸੀ। ਅਸਲ ਵਿਚ ਸ਼੍ਰੋਮਣੀ ਅਕਾਲੀ ਦਲ (ਬ) ਦੇ ਆਗੂ ਜਾਣਦੇ ਹਨ ਕਿ ਜੇ ਸ. ਢਿੱਲੋਂ ਨੂੰ ਵਾਪਸ ਨਾ ਲਿਆਂਦਾ ਗਿਆ ਤਾਂ ਸਿਰਫ ਉਹ ਫਰੀਦਕੋਟ ਦੀ ਸੀਟ ਤੋਂ ਹੀ ਨਹੀਂ





ਬਲਕਿ ਤਿੰਨ ਹੋਰ ਹਲਕਿਆਂ ਖਾਸਕਰ ਕੋਟਕਪੂਰਾ ਤੇ ਜੈਤੋਂ ਤੋਂ ਵੀ ਪਾਰਟੀ ਦੇ ਉਮੀਦਵਾਰਾਂ ਦਾ ਨੁਕਸਾਨ ਕਰਨਗੇ ਕਿਉਂਕ ਢਿੱਲੋਂ ਪਰਿਵਾਰ ਦਾ ਫਰੀਦਕੋਟ, ਕੋਟਕਪੂਰਾ ਤੇ ਜੈਤੋਂ ਹਲਕਿਆਂ 'ਚ ਕਾਫ਼ੀ ਪ੍ਰਭਾਵ ਹੈ। ਸ. ਢਿੱਲੋਂ ਦਾ ਪਰਿਵਾਰ 1980 ਤੋਂ ਇਸ ਇਲਾਕੇ 'ਚ ਸਰਗਰਮ ਹੈ ਤੇ ਹਲਕਿਆਂ

## ਬਾਦਲ ਵੱਲੋਂ ਰੁੱਸਿਆਂ ਨੂੰ ਮਨਾਉਣ ਦੀ ਕਵਾਇਦ

ਦੇ ਮੁੜ ਗਠਨ ਤੋਂ ਬਾਅਦ ਫਰੀਦਕੋਟ ਹਲਕੇ ਦੇ 32 ਪਿੰਡ, ਕੋਟਕਪੂਰਾ 'ਚ ਸ਼ਾਮਲ ਹੋ ਗਏ ਹਨ।

ਇਨ੍ਹਾਂ 32 ਪਿੰਡਾਂ ਦੀ ਤਕਰੀਬਨ 45 ਹਜ਼ਾਰ ਵੋਟ ਹੈ। ਇਸ ਤਰ੍ਹਾਂ ਫਰੀਦਕੋਟ ਤੇ ਕੋਟਕਪੂਰਾ ਹਲਕਿਆਂ ਉਪਰ ਤਾਂ ਢਿੱਲੋਂ ਪਰਿਵਾਰ ਦਾ ਸਿੱਧਾ ਪ੍ਰਭਾਵ ਹੈ। ਨਵੇਂ ਬਣੇ ਜੈਤੋਂ ਹਲਕੇ 'ਚ ਪੁਰਾਣੇ ਪੰਜਗਰਾਈਂ ਹਲਕੇ ਦੇ 18 ਪਿੰਡ ਸ਼ਾਮਲ ਕੀਤੇ ਗਏ ਹਨ ਜਿਨ੍ਹਾਂ ਦੀ 25 ਹਜ਼ਾਰ ਦੇ ਨੇੜੇ ਵੋਟ ਹੈ। ਪੰਜਗਰਾਈਂ ਦੇ ਦੋ ਦਰਜਨ ਪਿੰਡ ਫਰੀਦਕੋਟ ਸ਼ਹਿਰ ਦੇ ਨਜ਼ਦੀਕ ਪੈਂਦੇ ਹਨ ਤੇ ਇਨ੍ਹਾਂ ਪਿੰਡਾਂ 'ਚ ਢਿੱਲੋਂ ਪਰਿਵਾਰ ਦਾ ਚੰਗਾ ਪ੍ਰਭਾਵ ਰਿਹਾ ਹੈ।

ਸਭ ਤੋਂ ਪਹਿਲਾਂ 1980 'ਚ ਕੁਸ਼ਲਦੀਪ ਸਿੰਘ ਢਿੱਲੋਂ ਦੇ ਪਿਤਾ ਜਸਮਤ ਸਿੰਘ ਢਿੱਲੋਂ ਨੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਕੇ ਜਿੱਤ ਪ੍ਰਾਪਤ ਕੀਤੀ। ਜਿੱਤ ਪ੍ਰਾਪਤ ਕਰਨ ਤੋਂ ਬਾਅਦ ਉਹ ਅਕਾਲੀ ਦਲ 'ਚ ਸ਼ਾਮਲ ਹੋ ਗਏ। ਉਨ੍ਹਾਂ ਦੀ ਮੌਤ ਹੋ ਜਾਣ ਤੋਂ ਬਾਅਦ 1982 'ਚ ਜ਼ਿਮਨੀ ਚੋਣ ਹੋਈ ਤੇ ਸ. ਕੁਸ਼ਲਦੀਪ ਸਿੰਘ ਢਿੱਲੋਂ ਦੀ ਮਾਤਾ ਜਗਦੀਸ਼ ਕੌਰ ਢਿੱਲੋਂ ਨੇ ਚੋਣ ਲੜ ਕੇ ਜਿੱਤ ਪ੍ਰਾਪਤ ਕੀਤੀ। ਇਹ ਜ਼ਿਮਨੀ ਚੋਣ ਕਾਂਗਰਸ ਸਰਕਾਰ ਸਮੇਂ ਹੋਈ ਤੇ ਕਾਂਗਰਸ ਉਮੀਦਵਾਰ ਨੂੰ ਹਰਾਇਆ।

1985 'ਚ ਵੀ ਬੀਬੀ ਢਿੱਲੋਂ ਨੇ ਚੋਣ ਜਿੱਤੀ ਪਰ 1997 'ਚ ਹਾਰ ਗਏ। ਉਸ ਤੋਂ ਬਾਅਦ ਕੁਸ਼ਲਦੀਪ ਸਿੰਘ ਢਿੱਲੋਂ ਨੇ 2002 'ਚ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜ ਕੇ ਜਿੱਤ ਪ੍ਰਾਪਤ ਕੀਤੀ ਪਰ 2007 ਦੀਆਂ ਚੋਣਾਂ 'ਚ ਸਿਰਫ 2933 ਵੋਟਾਂ ਦੇ ਫ਼ਰਕ ਨਾਲ ਹਾਰ ਗਏ। ਉਨ੍ਹਾਂ ਦੀ ਹਾਰ ਦਾ ਮੁੱਖ ਕਾਰਨ ਉਨ੍ਹਾਂ ਦੇ ਸੁਖਬੀਰ ਸਿੰਘ ਬਾਦਲ ਨਾਲ ਮਤਭੇਦ ਵਧਣਾ ਸੀ। ਪਹਿਲਾਂ ਤਾਂ ਸੁਖਬੀਰ ਬਾਦਲ ਦੇ ਦਬਾਅ ਕਾਰਨ ਢਿੱਲੋਂ ਨੂੰ ਟਿਕਟ ਨਹੀਂ ਸੀ ਦਿੱਤੀ ਗਈ। ਫਿਰ ਗੁਰਦਾਸ ਸਿੰਘ ਬਾਦਲ ਤੇ ਪ੍ਰਕਾਸ਼ ਸਿੰਘ ਬਾਦਲ ਦੇ ਦਖ਼ਲ ਕਾਰਨ ਸ. ਢਿੱਲੋਂ ਨੂੰ ਟਿਕਟ ਦਿੱਤੀ ਗਈ ਪਰ ਪਾਰਟੀ ਨੇ ਉਨ੍ਹਾਂ ਨੂੰ ਹਰਾਉਣ ਲਈ ਪੂਰਾ ਜ਼ੋਰ ਲਾਇਆ।

ਇਸ ਦੇ ਬਾਵਜੂਦ ਸ. ਢਿੱਲੋਂ 62219 ਵੋਟਾਂ ਹਾਸਲ ਕਰਨ 'ਚ ਸਫ਼ਲ ਰਹੇ। ਕਾਂਗਰਸੀ ਵਿਧਾਇਕ ਅਵਤਾਰ ਸਿੰਘ ਬਰਾੜ ਨੂੰ 65152 ਵੋਟਾਂ ਮਿਲੀਆਂ। ਇਸ ਤਰ੍ਹਾਂ ਉਹ 2933 ਵੋਟਾਂ ਨਾਲ ਹਾਰੇ ਨਹੀਂ ਬਲਕਿ ਜ਼ੋਰ ਲਾ ਕੇ ਹਰਾਏ ਗਏ। ਸ. ਬਰਾੜ ਨੂੰ 45.33 ਫ਼ੀਸਦੀ ਤੇ ਸ. ਢਿੱਲੋਂ ਨੂੰ 43.29 ਫ਼ੀ ਸਦੀ ਵੋਟਾਂ ਮਿਲੀਆਂ ਸਨ।

ਕਮਿਊਨਿਸਟ ਪਾਰਟੀ ਦੇ ਉਮੀਦਵਾਰ ਪਵਨਪ੍ਰੀਤ ਸਿੰਘ ਨੇ ਵੀ 5212 ਵੋਟਾਂ ਪ੍ਰਾਪਤ ਕੀਤੀਆਂ ਸਨ। ਇਸ ਵਾਰ ਕਮਿਊਨਿਸਟ ਪਾਰਟੀ ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਸਾਂਝੇ ਮੋਰਚੇ 'ਚ ਸ਼ਾਮਲ ਹੈ ਤੇ ਇਹ ਵੋਟ ਵੀ ਸ. ਢਿੱਲੋਂ ਦੇ ਖਾਤੇ 'ਚ ਹੀ ਜਾਂਦੀ ਹੈ। ਕਮਿਊਨਿਸਟਾਂ ਦੀ ਜ਼ਿਆਦਾ ਕਰ ਕੇ ਇਹ ਪੱਕੀ ਵੋਟ ਹੁੰਦੀ ਹੈ। ਪਾਰਟੀ ਛੱਡਣ ਤੋਂ ਪਹਿਲਾਂ ਕੁਸ਼ਲਦੀਪ ਸਿੰਘ ਢਿੱਲੋਂ ਤੇ ਕੋਟਕਪੂਰ ਹਲਕੇ ਤੋਂ ਮਨਤਾਰ ਸਿੰਘ ਬਰਾੜ, ਦੋਵਾਂ ਦੇ ਹੀ ਮਨਪ੍ਰੀਤ ਸਿੰਘ ਬਾਦਲ ਨਾਲ ਨਜ਼ਦੀਕੀ ਸਬੰਧ ਹਨ ਤੇ ਇਨ੍ਹਾਂ ਸਬੰਧਾਂ ਕਾਰਨ ਹੀ ਸ. ਢਿੱਲੋਂ ਦੀਆਂ ਸੁਖਬੀਰ ਸਿੰਘ ਬਾਦਲ ਨਾਲ ਦੂਰੀਆਂ ਬਣੀਆਂ ਪਰ ਹੁਣ ਹਾਲਾਤ ਬਦਲ ਚੁੱਕੇ ਹਨ ਤੇ ਅਕਾਲੀ ਦਲ ਲਈ ਇਨ੍ਹਾਂ ਤਿੰਨਾਂ ਹੀ ਹਲਕਿਆਂ 'ਚ ਮੁਸ਼ਕਲਾਂ ਖੜ੍ਹੀਆਂ ਹੋ ਰਹੀਆਂ ਹਨ। ਫਰੀਦਕੋਟ ਹਲਕੇ ਦਾ ਤਾਂ ਅਕਾਲੀ ਦਲ (ਬ) ਦਾ ਇਹ ਹਾਲ ਹੈ ਕਿ ਉਨ੍ਹਾਂ ਨੂੰ ਚੋਣਾਂ 'ਚ ਟਿਕਟ ਦੇਣ ਲਈ ਕੋਈ ਯੋਗ ਉਮੀਦਵਾਰ ਹੀ ਨਹੀਂ ਲੱਭ ਰਿਹਾ ਕਿਉਂਕਿ ਇਸੇ ਹਲਕੇ ਤੋਂ ਅਕਾਲੀ ਦਲ ਦੇ ਪੁਰਾਣੇ ਆਗੂ ਗੁਰਤੇਜ ਸਿੰਘ ਗਿੱਲ ਨੂੰ ਪਾਰਟੀ 'ਚ ਬਣਦਾ ਸਨਮਾਨ ਨਾ ਮਿਲਣ ਕਾਰਨ, ਉਨ੍ਹਾਂ 2007 ਦੀਆਂ ਚੋਣਾਂ ਸਮੇਂ ਪਾਰਟੀ ਛੱਡ ਦਿੱਤੀ ਸੀ ਤੇ ਕਾਂਗਰਸ 'ਚ ਸ਼ਾਮਲ ਹੋ ਗਏ ਸਨ।

ਫਰੀਦਕੋਟ 'ਚ ਚਰਚਾ ਹੈ ਕਿ ਅਕਾਲੀ ਦਲ ਨੂੰ ਕੋਈ ਢੁਕਵਾਂ ਉਮੀਦਵਾਰ ਨਾ ਮਿਲਣ ਕਾਰਨ ਸ਼ਰਾਬ ਦਾ ਇਕ ਠੇਕੇਦਾਰ ਟਿਕਟ ਲਈ ਜ਼ੋਰ ਲਾ ਰਿਹਾ ਹੈ ਪਰ ਅਕਾਲੀ ਦਲ ਪ੍ਰਧਾਨ ਤੇ ਮੁੱਖ ਮੰਤਰੀ ਇਸ ਇਲਾਕੇ ਦੀ ਸਥਿਤੀ ਨੂੰ ਭਾਂਪਦਿਆਂ ਕੁਸ਼ਲਦੀਪ ਸਿੰਘ ਢਿੱਲੋਂ ਨੂੰ ਹਰ ਕੀਮਤ 'ਤੇ ਵਾਪਸ ਲਿਆਉਣ ਲਈ ਯਤਨ ਕਰ ਰਹੇ ਹਨ।

Are You Tired Of All Treatments?
Try
Homeopathic Natural Medicines [HNM]

Well Experienced as:
Director, Principal, Professor, and Chief Medical Officer in Medical Colleges and Hospitals of Punjab - India
Practice Under State of California Act SB 577.

EX Member:
☑ The California Homeopathic Society
☑ National Center For Homeopathy- USA

Homeopathic Natural Medicines
Serving Since 1973

Gurdip Singh Sandhu
Homeopathic Practitioner/Consultant
DHMS-Gold Medalist, DHMS, BAMS, MDEh.- India
21272 Mission Blvd. Hayward, CA 94541
1188 E Santa Clara St.San Jose Ca95116

Natural Medicines Medical Supply
☎ (510) 870 - 5045
(408) 729 – 6691
Fax: (408)292-6200
Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)

# Indian Oven

11000, I-40 East, Amarillo Texas, 79118 (Exit 77, Right Hand Side)

**Ph:1-806-335-3600**



Breakfast, Lunch & Dinner (Buffet 11 to 3, Every Day)

ਬਹਿ ਕੇ ਖਾਓ ਜਾਂ ਨਾਲ ਲੈ ਜਾਓ
ਪੰਜਾਬੀ ਵੈਸ਼ਨੂ ਤੇ ਗੈਰ ਵੈਸ਼ਨੂ
ਤਾਜ਼ੀ ਰੋਟੀ, ਪਰਾਂਠੇ ਤੇ ਨਾਨ

ਮੰਗਲਵਾਰ ਛੁੱਟੀ, ਬਾਕੀ ਦਿਨ ਸਵੇਰੇ 8 ਤੋਂ ਰਾਤ 10 ਵਜੇ ਤੱਕ ਖੁੱਲ੍ਹਾ

Easy Truck Parking, Special Deals For Truckers

ਆਈ-40 ਵੈਸਟ ਵਾਲੇ ਪਾਸਿਓਂ ਖੱਬੇ ਹੱਥ, ਆਈ-40 ਈਸਟ ਵਾਲੇ ਪਾਸਿਓਂ ਸੱਜੇ ਹੱਥ

# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ ’ਤੇ ਵੇਚਣਾ ਚਾਹੁੰਦੇ ਹੋ

If you want to sell your house in shortsale, first call 209-815-1869
*We are certified Home Afordable Foreclosure Alternative (HAFA) specilist in shortsale of homes.*



Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent ’ਤੇ ਘਰ ਲੈਣਾ ਹੋਵੇ ਜਾਂ Rent ’ਤੇ ਘਰ ਦੇਣਾ ਹੋਵੇ

REALTY WORLD Millennium

**Gurbans Gill 209-815-1869**

# Grand Opening Desi Cuts Yuba City

## For Men, Women & Children

# ਫੋਨ: 530-673-1455

Hair cut
Beard Perm
Hair styler
Color
Facial, Threading and Waxing (Special Lady)



Monday to Friday 9:00-7:30
(Tuesday Closed)
Saturday 9:00-7:00,
Sunday 10:00-6:00

ਵਾਜਿਬ ਰੇਟ
ਵਧੀਆ ਸਰਵਿਸ



*Tony*

ਬੇਏਰੀਆ, ਕੈਲੀਫੋਰਨੀਆ ਤੋਂ ਬਾਅਦ ਹੁਣ ਯੂਬਾ ਸਿਟੀ ਵਿਚ

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

**Address: 440 N. Palora Ave., Yuba City, CA 95991 (Near LA Merchandise)**

## ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਮਨਪ੍ਰੀਤ ਬਾਦਲ ਨੂੰ ਚੇਤਾਵਨੀ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਦੀ ਡੇਰਾ ਸਿਰਸਾ ਦੀ ਫੇਰੀ ਦੀ ਤਿੱਖੀ ਨੁਕਤਾਚੀਨੀ ਕੀਤੀ ਹੈ ਤੇ ਕਿਹਾ ਕਿ ਇਹ ਫੇਰੀ ਸਿੱਖ ਰਵਾਇਤਾਂ ਤੇ ਪਰੰਪਰਾਵਾਂ ਦੇ ਉਲਟ ਸੀ।



ਉਨ੍ਹਾਂ ਕਿਹਾ ਕਿ ਇਹ ਸਹੀ ਹੈ ਕਿ ਮਨਪ੍ਰੀਤ ਸਿੰਘ ਬਾਦਲ ਹੁਣ ਅੰਮ੍ਰਿਤਧਾਰੀ ਸਿੱਖ ਨਹੀਂ। ਦਾੜ੍ਹੀ ਦੀ ਬੇਅਦਬੀ ਕਰਨ ਕਰ ਕੇ ਉਹ 'ਗੁਰਸਿੱਖ' ਦੀ ਪਰਿਭਾਸ਼ਾ ਹੇਠ ਨਹੀਂ ਆਉਂਦਾ ਜਿਸ ਕਰ ਕੇ ਉਸ ਨੂੰ ਅਕਾਲ ਤਖ਼ਤ 'ਤੇ ਤਲਬ ਨਹੀਂ ਕੀਤਾ ਜਾ ਸਕਦਾ। ਇਸ ਦੇ ਬਾਵਜੂਦ ਤਖ਼ਤ ਸਿੱਖ ਭਾਈਚਾਰੇ ਵੱਲੋਂ ਉਸ ਦੇ ਬਾਈਕਾਟ ਦਾ ਸੱਦਾ ਦੇ ਸਕਦਾ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਮਨਪ੍ਰੀਤ ਨੇ ਡੇਰਾ ਸਿਰਸਾ ਜਾਣ ਵਰਗੀਆਂ ਕਾਰਵਾਈਆਂ ਜਾਰੀ ਰੱਖੀਆਂ ਤਾਂ ਸ੍ਰੀ ਅਕਾਲ ਤਖ਼ਤ ਵੱਲੋਂ ਦੁਨੀਆਂ ਭਰ ਦੇ ਸਿੱਖ ਭਾਈਚਾਰੇ ਨੂੰ ਉਸ ਦਾ ਸਮਾਜਿਕ ਬਾਈਕਾਟ ਕਰਨ ਦਾ ਸੱਦਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਵੱਖ-ਵੱਖ ਸਿੱਖ ਜਥੇਬੰਦੀਆਂ ਤੋਂ ਮੰਗ ਪੱਤਰ ਮਿਲੇ ਹਨ ਕਿ ਮਨਪ੍ਰੀਤ ਨੂੰ ਤਖ਼ਤ 'ਤੇ ਤਲਬ ਕੀਤਾ ਜਾਵੇ। ਦੂਜੇ ਪਾਸੇ ਮਨਪ੍ਰੀਤ ਬਾਦਲ ਨੇ ਆਖਿਆ ਕਿ ਡੇਰਾ ਸੱਚਾ ਸੌਦਾ ਵੀ ਪੰਜਾਬ ਦੇ ਮੁੱਦਿਆਂ ਬਾਰੇ ਠੀਕ ਸੋਚ ਰੱਖਦਾ ਹੈ। ਉਨ੍ਹਾਂ ਮਹਿਸੂਸ ਕੀਤਾ ਹੈ ਕਿ ਡੇਰਾ ਸਿਰਸਾ ਵੀ ਪੰਜਾਬ ਦੇ ਮਾਮਲਿਆਂ 'ਤੇ ਉਵੇਂ ਹੀ ਸੋਚਦੇ ਹਨ ਜਿਵੇਂ ਉਹ ਸੋਚਦੇ ਹਨ। ਮਨਪ੍ਰੀਤ ਬਾਦਲ ਨੇ ਆਖਿਆ ਕਿ ਡੇਰਾ ਪ੍ਰੇਮੀ ਵੀ ਭ੍ਰਿਸ਼ਟਾਚਾਰ ਦੇ ਖਿਲਾਫ ਹਨ। ਉਨ੍ਹਾਂ ਦੀ ਪਾਰਟੀ ਪੰਜਾਬ ਵਿਚ ਇਸ ਤਰ੍ਹਾਂ ਦਾ ਮਾਹੌਲ ਬਣਾਉਣਾ ਚਾਹੁੰਦੀ ਹੈ ਜਿਸ 'ਚ ਹਰ ਧਰਮ ਅਤੇ ਫਿਰਕੇ ਦਾ ਵਿਅਕਤੀ ਸੁਰੱਖਿਅਤ ਮਹਿਸੂਸ ਕਰੇ।

## ਬਾਦਲ ਦੇ ਧੋਖੇ ਕਰਕੇ ਮੈਂ ਦੇਸ਼ ਦਾ ਪਹਿਲਾ ਸਿੱਖ ਪ੍ਰਧਾਨ ਮੰਤਰੀ ਨਾ ਬਣ ਸਕਿਆ: ਬਰਨਾਲਾ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਦੋਸ਼ ਲਾਇਆ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦੇਸ਼ ਦੇ ਪਹਿਲੇ ਸਿੱਖ ਪ੍ਰਧਾਨ ਮੰਤਰੀ ਬਣਨ ਸਮੇਂ ਰੋੜੇ ਡਾਹੁਣ ਦੀ ਕੋਸ਼ਿਸ਼ ਕੀਤੀ ਸੀ। ਇਕ ਚੈਨਲ ਨਾਲ ਮੁਲਾਕਾਤ ਦੌਰਾਨ ਸ. ਬਰਨਾਲਾ ਨੇ ਕਿਹਾ ਕਿ 11ਵੀਂ ਲੋਕ ਸਭਾ 'ਚ ਖੇਤਰੀ ਪਾਰਟੀਆਂ ਦੇ 80 ਸੰਸਦ ਮੈਂਬਰ ਜਿੱਤ ਕੇ ਆਏ ਸਨ ਤੇ ਸਾਰੀਆਂ ਪਾਰਟੀਆਂ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਸਹਿਮਤ ਹੋ ਗਈਆਂ ਸਨ ਪਰ ਐਨ ਆਖਰੀ ਮੌਕੇ 'ਤੇ ਸ. ਬਾਦਲ ਨੇ ਭਾਜਪਾ ਦੀ ਬਿਨਾਂ ਸ਼ਰਤ ਹਮਾਇਤ ਦਾ ਐਲਾਨ ਕਰਕੇ ਖੇਤਰੀ ਪਾਰਟੀਆਂ ਦੀ ਮੁਹਿੰਮ ਠੁੱਸ ਕਰਨ 'ਚ ਅਹਿਮ ਭੂਮਿਕਾ ਨਿਭਾਈ ਸੀ।



ਉਨ੍ਹਾਂ ਕਿਹਾ ਕਿ ਜੇਕਰ ਸ. ਬਾਦਲ ਇਹ ਚਾਲ ਨਾ ਖੇਡਦੇ ਤਾਂ ਪਹਿਲਾ ਸਿੱਖ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਨਹੀਂ ਬਲਕਿ ਉਨ੍ਹਾਂ (ਬਰਨਾਲਾ) ਨੇ ਹੋਣਾ ਸੀ। ਸ. ਬਰਨਾਲਾ ਨੇ ਇਸ ਕਿਹਾ ਕਿ ਰਾਜੀਵ ਲੌਂਗੋਵਾਲ ਸਮਝੌਤੇ ਨੂੰ ਤਾਰਪੀਡੋ ਕਰਕੇ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਨਾਲ ਗੱਦਾਰੀ ਕੀਤੀ ਸੀ। ਉਨ੍ਹਾਂ ਕਿਹਾ ਕਿ ਰਾਜੀਵ ਗਾਂਧੀ ਸਮਝੌਤੇ ਤਹਿਤ ਚੰਡੀਗੜ੍ਹ ਪੰਜਾਬ ਨੂੰ ਨਾ ਦੇ ਕੇ ਕੇਂਦਰ ਨੇ ਵੀ ਪੰਜਾਬ ਨਾਲ ਘੱਟ ਨਹੀਂ ਗੁਜ਼ਾਰੀ। ਸ. ਬਰਨਾਲਾ ਨੇ ਕਿਹਾ ਕਿ ਉਹ ਪੰਜਾਬ 'ਚ ਸ਼ਾਂਤੀ ਦੇ ਮੁਦੱਈ ਸਨ ਤੇ ਕਈ ਅਤਿਵਾਦੀ ਹਮਲਿਆਂ ਦਾ ਸ਼ਿਕਾਰ ਵੀ ਹੋਏ।

# ਕੈਪਟਨ ਵੱਲੋਂ ਬਾਦਲਾਂ ਦੇ ਗੜ੍ਹ 'ਚ ਸੰਨ੍ਹ ਲਾਉਣ ਦਾ ਦਾਅਵਾ

## ਅੱਠ ਮੰਤਰੀ ਤੇ ਵਿਧਾਇਕ ਕਾਂਗਰਸ 'ਚ ਆਉਣ ਲਈ ਕਾਹਲੇ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਬਾਦਲ ਸਰਕਾਰ ਦੇ ਅੱਠ ਮੰਤਰੀ ਤੇ ਵਿਧਾਇਕ ਉਨ੍ਹਾਂ ਦੇ ਸੰਪਰਕ ਵਿਚ ਹਨ ਤੇ ਸਮਾਂ ਆਉਣ 'ਤੇ ਉਹ ਕਾਂਗਰਸ ਵਿਚ ਸ਼ਾਮਲ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਵਿਚੋਂ ਕਾਂਗਰਸ ਵਿਚ ਸ਼ਾਮਲ ਹੋਣ ਦੇ ਚਾਹਵਾਨ ਆਗੂਆਂ ਨੂੰ ਆ ਰਹੀਆਂ ਵਿਧਾਨ ਸਭਾ ਚੋਣਾਂ ਲਈ ਟਿਕਟ ਦੇਣ ਦੀ ਕੋਈ ਸਹਿਮਤੀ ਨਹੀਂ ਦਿੱਤੀ ਜਾ ਰਹੀ ਤੇ ਸਮਾਂ ਆਉਣ 'ਤੇ ਅਕਾਲੀ ਦਲ ਦੇ ਅਜਿਹੇ ਆਗੂਆਂ ਦੇ ਨਾਵਾਂ ਦਾ ਖੁਲਾਸਾ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਦੇ ਉਮੀਦਵਾਰਾਂ ਵਿਰੁੱਧ ਆਜ਼ਾਦ ਹੈਸੀਅਤ ਵਿਚ ਲੜ ਕੇ ਜਿੱਤਣ ਉਪਰੰਤ ਪਾਰਟੀ ਵਿਚ ਸ਼ਾਮਲ ਹੋਏ ਵਿਧਾਇਕਾਂ ਨਾਲ ਵੀ ਉਨ੍ਹਾਂ ਨੂੰ ਆ ਰਹੀਆਂ ਵਿਧਾਨ ਸਭਾ ਚੋਣਾਂ ਦੌਰਾਨ ਟਿਕਟ ਦੇਣ ਦੀ ਕੋਈ ਸਹਿਮਤੀ ਨਹੀਂ ਹੋਈ ਹੈ ਤੇ ਟਿਕਟਾਂ ਦੇਣ ਦਾ ਅੰਤਿਮ ਫੈਸਲਾ ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਹੀ ਕਰਨਗੇ। ਉਨ੍ਹਾਂ ਕਿਹਾ ਕਿ ਜਿੱਤਣ ਦੇ ਸਮਰੱਥ ਉਮੀਦਵਾਰਾਂ ਦੇ ਨਾਵਾਂ ਉਪਰ ਹੀ ਗੌਰ ਕੀਤਾ ਜਾਵੇਗਾ।

ਕਾਂਗਰਸੀ ਵਰਕਰਾਂ ਨੂੰ ਡਾਂਗਾਂ ਚੁੱਕਣ ਦਾ ਸੱਦਾ ਦੇਣ ਬਾਰੇ ਉਨ੍ਹਾਂ ਕਿਹਾ ਕਿ ਉਹ ਸਿਰਫ ਚੋਣਾਂ ਦੌਰਾਨ ਬੂਥਾਂ ਉਪਰ ਕਬਜ਼ੇ ਕਰਨ ਵਾਲੇ ਅਕਾਲੀਆਂ ਵਿਰੁੱਧ ਹੀ ਡਾਂਗਾਂ ਚੁੱਕਣ ਦਾ ਸੱਦਾ ਦੇ ਰਹੇ ਹਨ ਜਦਕਿ ਉਨ੍ਹਾਂ ਨੇ ਆਪਣੇ ਵਰਕਰਾਂ ਨੂੰ ਇਹ ਵੀ ਆਦੇਸ਼ ਦਿੱਤਾ ਹੈ ਕਿ ਇਸ ਪ੍ਰਕ੍ਰਿਆ ਦੌਰਾਨ ਕਿਸੇ ਹਥਿਆਰ ਦੀ ਵਰਤੋਂ ਨਹੀਂ ਕਰਨੀ। ਕੈਪਟਨ ਨੇ ਅਕਾਲੀ ਦਲ-ਭਾਜਪਾ ਸਰਕਾਰ ਵੱਲੋਂ ਲੋਕ ਹਿੱਤਾਂ ਲਈ ਵੱਡੇ ਪੱਧਰ 'ਤੇ ਕੀਤੇ ਜਾ ਰਹੇ ਐਲਾਨਾਂ ਨੂੰ ਫੋਕੇ ਫਾਇਰ ਦੱਸਦਿਆਂ ਕਿਹਾ ਕਿ ਜਦੋਂ ਰਾਜ ਸਰਕਾਰ ਦਾ ਖ਼ਜ਼ਾਨਾ ਹੀ ਖਾਲੀ ਹੈ ਤਾਂ ਫਿਰ ਅਜਿਹੇ ਐਲਾਨਾਂ ਦਾ ਕੋਈ ਅਰਥ ਹੀ ਨਹੀਂ ਰਹਿ ਜਾਂਦਾ।

ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਤੇ ਹੋਰ ਵਰਗਾਂ ਨੂੰ ਰਾਹਤਾਂ ਦੇਣ ਦੇ ਐਲਾਨ ਮਹਿਜ਼ ਚੋਣ ਨਾਟਕ ਹੈ ਤੇ ਸੱਤਾ ਵਿਚ ਆਉਣ ਦੀ ਸੂਰਤ ਵਿਚ ਕਾਂਗਰਸ ਇਸ ਸਾਰੀ ਪ੍ਰਕਿਰਿਆ ਉਪਰ ਨਜ਼ਰਸਾਨੀ ਕਰੇਗੀ। ਉਨ੍ਹਾਂ ਕਿਹਾ ਕਿ ਕਰਜ਼ੇ ਵਿਚ ਡੁੱਬੇ ਪੰਜਾਬ ਨੂੰ ਬਚਾਉਣ ਲਈ ਉਹ ਸਭ ਤੋਂ ਪਹਿਲਾਂ ਇਹ ਦੇਖਣਗੇ ਕਿ ਬਾਦਲ ਸਰਕਾਰ ਨੇ ਰਾਜ ਦਾ ਸਰਮਾਇਆ ਕਿਥੇ-ਕਿਥੇ ਲਾਇਆ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਵਿਦੇਸ਼ੀ ਬੈਂਕ ਵਿਚ ਉਨ੍ਹਾਂ ਦਾ ਕੋਈ ਖਾਤਾ ਨਹੀਂ ਹੈ।

ਉਨ੍ਹਾਂ ਦੋਸ਼ ਲਾਇਆ ਕਿ ਕਿਸੇ ਵੇਲੇ ਬਾਦਲ ਪਰਿਵਾਰ ਕੋਲ ਸਿਰਫ 80 ਕਿਲੇ ਜ਼ਮੀਨ ਸੀ ਜਦਕਿ ਹੁਣ ਉਨ੍ਹਾਂ ਦੀ ਦਿੱਲੀ ਤੇ ਹਰਿਆਣੇ ਸਮੇਤ ਕਈ ਥਾਈਂ ਕਰੋੜਾਂ ਰੁਪਏ ਦੀ ਜਾਇਦਾਦ ਹੈ ਤੇ ਉਨ੍ਹਾਂ ਨੂੰ ਇਸ ਦਾ ਹਿਸਾਬ ਪੰਜਾਬੀਆਂ ਮੂਹਰੇ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮਨਪ੍ਰੀਤ ਸਿੰਘ ਬਾਦਲ ਦੀ ਪੀ.ਪੀ.ਪੀ. ਸਮੇਤ ਤੀਜੀ ਧਿਰ ਦਾ ਕਾਂਗਰਸ ਉਪਰ ਕੋਈ ਅਸਰ ਨਹੀਂ ਪਵੇਗਾ ਤੇ ਜਿਥੋਂ ਵੀ ਮਨਪ੍ਰੀਤ, ਦਾਸ ਜਾਂ ਇਸ ਧਿਰ ਦਾ ਕੋਈ ਆਗੂ ਚੋਣ ਲੜੇਗਾ ਉਥੋਂ ਕਾਂਗਰਸ ਦੇ ਉਮੀਦਵਾਰ ਸਗੋਂ ਵੱਡੀ ਜਿੱਤ ਹਾਸਲ ਕਰਨਗੇ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਪੰਜਾਬ ਵਿਚ ਮਹਿੰਗਾਈ ਦਾ ਕੋਈ ਖਾਸ ਅਸਰ ਹੋਣ ਦੀ ਸੰਭਾਵਨਾ ਨਹੀਂ ਹੈ ਕਿਉਂਕਿ ਇਹ ਖੇਤੀ ਵਿਕਾਸ ਰਾਜ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਅਕਾਲੀ ਦਲ ਸਰਕਾਰ ਵਲੋਂ ਹਮੇਸ਼ਾ ਡੇਰਾ ਸੱਚਾ ਸੌਦਾ ਸਿਰਸਾ ਦੀ ਆਵਾਜ਼ ਬੰਦ ਕਰਨ ਵਿਰੁੱਧ ਖੜ੍ਹੀ ਰਹੀ ਹੈ ਤੇ ਅੱਜ ਵੀ ਉਹ ਬੋਲਣ ਦੀ ਆਜ਼ਾਦੀ ਦੇ ਹੱਕ ਵਿਚ ਹਨ ਤੇ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਚੋਣਾਂ ਦੌਰਾਨ ਇਸ ਡੇਰੇ ਦਾ ਅਸ਼ੀਰਵਾਦ ਕਾਂਗਰਸ ਨਾਲ ਹੀ ਹੋਵੇਗਾ।

ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਆਉਣ 'ਤੇ ਅਜਿਹੀਆਂ ਯੋਜਨਾਵਾਂ ਬਣਾਈਆਂ ਜਾਣਗੀਆਂ ਜਿਸ ਨਾਲ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਇੰਡਸਟਰੀ ਲਿਆਂਦੀ ਜਾਵੇਗੀ ਤੇ ਕਿਸਾਨਾਂ ਨੂੰ ਕਣਕ ਤੇ ਝੋਨੇ ਦੇ ਫਸਲੀ ਚੱਕਰ ਵਿਚੋਂ ਕੱਢ ਕੇ ਖੇਤੀਬਾੜੀ ਅਧਾਰਤ ਸਨਅਤ ਲਾਈ ਜਾਵੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਵਿਧਾਨ ਸਭਾ ਚੋਣਾਂ ਬੇਰੁਜ਼ਗਾਰੀ ਦੇ ਖਾਤਮੇ, ਖੇਤੀਬਾੜੀ ਤੇ ਇੰਡਸਟਰੀ ਦੇ ਵਿਕਾਸ ਲਈ ਯੋਜਨਾਵਾਂ ਦੇ ਮੁੱਦਿਆਂ 'ਤੇ ਲੜੇਗੀ। ਅਕਾਲੀ ਪਾਰਟੀ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ 1966 ਵਿਚ ਇਨ੍ਹਾਂ ਨੇ ਪੰਜਾਬੀ ਸੂਬਾ ਬਣਾ ਕੇ ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਨੂੰ ਵੱਖ ਕਰ ਦਿੱਤਾ ਪਰ ਹੁਣ ਆਨੰਦਪੁਰ ਸਾਹਿਬ ਦੇ ਮਤੇ ਰਾਹੀਂ ਵਾਪਸ ਮੰਗ ਰਹੇ ਹਨ।

ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਨੇ ਰੇਤਾ, ਬਜਰੀ ਤੇ ਟੈਲੀਵਿਜ਼ਨ ਚੈਨਲਾਂ 'ਤੇ ਕਬਜ਼ਾ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਉਹ ਪਿਛਲੀ ਸਰਕਾਰ ਵੇਲੇ 450 ਕਰੋੜ ਰੁਪਏ ਵੈਲਫੇਅਰ ਫੰਡ ਲਈ ਛੱਡ ਗਏ ਸਨ ਜਿਸ ਰਾਹੀਂ ਸ਼ਗਨ ਸਕੀਮ, ਬੁਢਾਪਾ ਤੇ ਵਿਧਵਾ ਪੈਨਸ਼ਨਾਂ ਦਿੱਤੀਆਂ ਜਾਣੀਆਂ ਸਨ ਪਰ ਇਸ ਸਰਕਾਰ ਨੇ ਇਹ ਸਹੀ ਤਰੀਕੇ ਨਾਲ ਮੁਹੱਈਆ ਨਹੀਂ ਕਰਵਾਈਆਂ।

# ਪਰਵਾਸੀ ਮਜ਼ਦੂਰਾਂ ਦੀ ਆਮਦ ਘਟਣ ਕਾਰਨ ਕਾਰੋਬਾਰ ਡਗਮਗਾਏ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਬਿਹਾਰ ਸਣੇ ਹੋਰ ਰਾਜਾਂ ਤੋਂ ਪਰਵਾਸੀ ਮਜ਼ਦੂਰਾਂ ਦੀ ਆਮਦ ਘਟਣ ਕਾਰਨ ਪੰਜਾਬ ਦੀਆਂ ਫੈਕਟਰੀਆਂ ਤੇ ਖਾਸ ਤੌਰ 'ਤੇ ਸਾਈਕਲ ਸਨਅਤ ਮੁਸੀਬਤ 'ਚ ਘਿਰ ਗਈ ਹੈ। ਫੈਕਟਰੀਆਂ ਦੇ ਮਾਲਕ ਤੇ ਅਧਿਕਾਰੀ ਪਰਵਾਸੀ ਮਜ਼ਦੂਰਾਂ ਦੀਆਂ ਜਿੱਥੇ ਮਿੰਨਤਾਂ ਕਰ ਰਹੇ ਹਨ, ਉੱਥੇ ਉਨ੍ਹਾਂ ਨੂੰ ਮੁਫ਼ਤ ਮੋਬਾਈਲ ਫ਼ੋਨ ਤੇ ਸਾਈਕਲ ਦੇ ਰਹੇ ਹਨ। ਇਸ ਵਾਰ ਪਰਵਾਸੀ ਮਜ਼ਦੂਰਾਂ ਦੀ ਆਮਦ 30 ਫੀਸਦੀ ਘਟ ਗਈ ਹੈ। ਇਸ ਕਾਰਨ ਲੁਧਿਆਣਾ ਸ਼ਹਿਰ ਵਿਚਲੀਆਂ 5000 ਸਾਈਕਲ ਸਨਅਤਾਂ ਦੇ ਬੰਦ ਹੋਣ ਦਾ ਖ਼ਤਰਾ ਹੈ।

ਹੀਰੋ, ਏਵਨ ਤੇ ਰੋਲੈਕਸ ਵਰਗੀਆਂ ਨਾਮੀ ਸਾਈਕਲ ਕੰਪਨੀਆਂ ਵੀ ਮਜ਼ਦੂਰਾਂ ਦੀ ਘਾਟ ਨਾਲ ਜੂਝ ਰਹੀਆਂ ਹਨ। ਪਰਵਾਸੀ ਮਜ਼ਦੂਰਾਂ ਦੀ ਘਾਟ ਦਾ ਅਸਰ ਖੇਤੀ ਤੇ ਕੱਪੜਾ ਸੈਕਟਰ 'ਤੇ ਵੀ ਪਿਆ ਹੈ। ਯੂਨਾਈਟਿਡ ਸਾਈਕਲ ਐਂਡ ਪਾਰਟਸ ਮੈਨੂਫੈਕਚਰਿੰਗ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਡੀ.ਐਸ. ਚਾਵਲਾ ਮੁਤਾਬਕ "ਫੈਕਟਰੀ ਮਾਲਕ ਮਜ਼ਦੂਰਾਂ ਨੂੰ ਪਲੋਸ-ਪਲੋਸ ਕੇ ਰੱਖ ਰਹੇ ਹਨ। ਉਨ੍ਹਾਂ ਨੂੰ ਮੁਫ਼ਤ ਮੋਬਾਈਲ ਫ਼ੋਨ ਤੋਂ ਇਲਾਵਾ ਹਰ ਮਹੀਨੇ 50 ਤੋਂ 200 ਰੁਪਏ ਦਾ ਰਿਚਾਰਜ ਕੂਪਨ ਵੀ ਦਿੱਤਾ ਜਾ ਰਿਹਾ ਹੈ ਤਾਂ ਜੋ ਉਹ ਆਪਣੇ ਪਰਿਵਾਰਾਂ ਨਾਲ ਗੱਲ ਕਰ ਸਕਣ।"

ਚੈਂਬਰ ਆਫ ਕਾਮਰਸ ਐਂਡ ਇੰਡਸਟਰੀਜ਼ (ਪੰਜਾਬ) ਦੇ ਪ੍ਰਧਾਨ ਪੀ.ਡੀ. ਸ਼ਰਮਾ ਨੇ ਦੱਸਿਆ ਕਿ "ਇਸ ਵੇਲੇ ਇਕ ਸਾਈਕਲ ਦੀ ਕੀਮਤ 2500 ਰੁਪਏ ਹੈ ਤੇ ਮਜ਼ਦੂਰਾਂ ਨੂੰ ਆਪਣੇ ਘਰ ਤੋਂ ਫੈਕਟਰੀ ਤੱਕ ਆਉਣ-ਜਾਣ ਲਈ ਮੁਫ਼ਤ ਜਾਂ ਥੋੜ੍ਹੇ-ਬਹੁਤੇ ਪੈਸੇ ਲੈ ਕੇ ਸਾਈਕਲ ਦੇ ਰਹੇ ਹਨ।" ਹਾਲ ਹੀ ਦੇ ਇਕ ਸਰਵੇਖਣ ਮੁਤਾਬਕ ਬਿਹਾਰ ਸਰਕਾਰ ਦੀਆਂ ਨੀਤੀਆਂ ਕਾਰਨ ਪੰਜਾਬ ਤੇ ਦਿੱਲੀ ਆਉਣ ਵਾਲੇ ਪਰਵਾਸੀ ਮਜ਼ਦੂਰਾਂ 'ਚ 26 ਫੀਸਦ ਕਮੀ ਆ ਗਈ ਹੈ। ਇਸ ਤੋਂ ਇਲਾਵਾ ਮਨਰੇਗਾ ਕਾਰਨ ਵੀ ਪਰਵਾਸੀ ਮਜ਼ਦੂਰਾਂ ਵੱਲੋਂ ਆਪਣੇ ਸੂਬਿਆਂ ਨੂੰ ਨਹੀਂ ਛੱਡਿਆ ਜਾ ਰਿਹਾ।

ਗੈਰ-ਸਰਕਾਰੀ ਸੰਸਥਾ ਬਿਹਾਰ ਇੰਸਟੀਚਿਊਟ ਆਫ ਇਕਨਾਮਿਕਸ ਸਟਡੀਜ਼ ਮੁਤਾਬਕ ਸਾਲ 2001-03 ਵਿਚ ਜਿੰਨੇ ਮਜ਼ਦੂਰ ਬਿਹਾਰ ਤੋਂ ਹੋਰ ਰਾਜਾਂ ਨੂੰ ਜਾਂਦੇ ਸਨ, ਉਸ ਵਿਚ ਸਾਲ 2006-08 ਦੌਰਾਨ 26.53 ਫ਼ੀਸਦ ਦੀ ਕਮੀ ਆਈ ਹੈ। ਖੇਤੀ ਸੈਕਟਰ ਵਿਚ ਹਾਲਾਤ ਹੋਰ ਵੀ ਮਾੜੇ ਹਨ। ਇਕ ਕਿਸਾਨ ਇੰਦਰਜੀਤ ਸਿੰਘ ਮੁਤਾਬਕ ਮਜ਼ਦੂਰਾਂ ਦੀ ਘਾਟ ਕਾਰਨ ਹਾੜੀ ਤੇ ਸਾਉਣੀ ਦੇ ਸੀਜ਼ਨ ਦੌਰਾਨ ਕਿਸਾਨ ਤੋਂ ਇਕ ਮਜ਼ਦੂਰ 300 ਰੁਪਏ ਦਿਹਾੜੀ ਲੈਂਦਾ ਹੈ।

ਹਾਸਲ ਜਾਣਕਾਰੀ ਮੁਤਾਬਕ ਪਹਿਲਾਂ ਪਰਵਾਸੀ ਮਜ਼ਦੂਰ ਜਦੋਂ ਕਦੇ ਆਪਣੇ ਪਿੰਡਾਂ ਜਾਂਦਾ ਸੀ ਤਾਂ ਉਹ ਮਾਲਕ ਨੂੰ ਬੇਨਤੀ ਕਰਦਾ ਸੀ ਕਿ ਉਸ ਦੀ ਨੌਕਰੀ ਬਰਕਰਾਰ ਰੱਖੀ ਜਾਵੇ ਤੇ ਉਹ ਵਾਅਦੇ ਮੁਤਾਬਕ ਮੁੜ ਆਵੇਗਾ। ਇਸ ਵੇਲੇ ਹਾਲਾਤ ਵੱਖਰੇ ਹਨ। ਹੁਣ ਮਾਲਕ ਆਪ ਮਜ਼ਦੂਰਾਂ ਨੂੰ ਘਰ ਫੋਨ ਕਰਕੇ ਵਾਪਸ ਆਉਣ ਲਈ ਤਰਲੇ ਕਰਦੇ ਹਨ। ਕਈ ਮਾਲਕ ਤਾਂ ਮਜ਼ਦੂਰਾਂ ਨੂੰ ਵਾਪਸ ਲਿਆਉਣ ਲਈ ਉਨ੍ਹਾਂ ਦੇ ਖਾਤਿਆਂ ਵਿਚ ਪੈਸੇ ਵੀ ਪਾ ਦਿੰਦੇ ਹਨ। ਪਹਿਲਾਂ ਬੱਸ ਅੱਡਿਆਂ ਤੇ ਰੇਲਵੇ ਸਟੇਸ਼ਨਾਂ 'ਤੇ ਟਰੈਕਟਰ-ਟਰਾਲੀਆਂ ਤੇ ਟਰੱਕ ਮਜ਼ਦੂਰਾਂ ਨੂੰ ਲੈਣ ਲਈ ਖੜ੍ਹੇ ਰਹਿੰਦੇ ਸਨ ਪਰ ਹੁਣ ਅਜਿਹੇ ਦ੍ਰਿਸ਼ ਨਜ਼ਰ ਨਹੀਂ ਆਉਂਦੇ। ਸ. ਚਾਵਲਾ ਨੇ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਸਾਈਕਲ ਸਨਅਤਕਾਰ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਵਿੱਤ ਮੰਤਰੀ ਪ੍ਰਣਬ ਮੁਖਰਜੀ ਤੇ ਸਨਅਤ ਤੇ ਵਣਜ ਮੰਤਰੀ ਆਨੰਦ ਸ਼ਰਮਾ ਨੂੰ ਮਿਲੇ ਸਨ। ਉਨ੍ਹਾਂ ਤੋਂ ਮੰਗ ਕੀਤੀ ਗਈ ਸੀ ਕਿ ਮਜ਼ਦੂਰਾਂ ਦੀ ਘਾਟ ਦੇ ਮੱਦੇਨਜ਼ਰ ਸਾਈਕਲ ਸਨਅਤ ਨੂੰ ਨਵੀਂ ਤਕਨੀਕ ਨਾਲ ਲੈਸ ਕਰਨ ਵਾਸਤੇ ਵਿਸ਼ੇਸ਼ ਪੈਕੇਜ ਦਿੱਤਾ ਜਾਵੇ।

## ਦੇਸ਼ ਦੇ ਸੋਹਣੇ ਸ਼ਹਿਰਾਂ 'ਚ ਚੰਡੀਗੜ੍ਹ ਦਾ ਚੌਥਾ ਸਥਾਨ



**ਚੰਡੀਗੜ੍ਹ:** ਨੈਸ਼ਨਲ ਗੌਰਮਿੰਟ ਸਟੱਡੀ ਵੱਲੋਂ ਕਰਵਾਏ ਸਰਵੇਖਣ ਵਿਚ ਜੋ ਦੇਸ਼ ਦੇ 'ਟਾਪ-10' ਸ਼ਹਿਰਾਂ ਦੀ ਸੂਚੀ ਜਾਰੀ ਕੀਤੀ ਹੈ, ਉਸ ਵਿਚ ਚੰਡੀਗੜ੍ਹ ਦਾ ਨੰਬਰ ਚੌਥਾ ਹੈ ਜੋ ਬਿਹਾਰ ਦੇ ਪਟਨਾ ਸ਼ਹਿਰ ਤੋਂ ਇਕ ਨੰਬਰ ਹੇਠਾਂ ਹੈ। ਇਹ ਸਰਵੇਖਣ ਲੋਕਾਂ ਦੇ ਰਹਿਣ ਸਹਿਣ ਤੇ ਉਨ੍ਹਾਂ ਦੀ ਸ਼ਹਿਰ ਵਿਚ ਰਹਿੰਦਿਆਂ ਖ਼ੁਸ਼ ਰਹਿਣ ਦੀ ਤਬੀਅਤ ਨੂੰ ਅਧਾਰ ਬਣਾ ਕੀਤਾ ਹੈ ਜਿਸ ਵਿਚ ਪਹਿਲੇ ਨੰਬਰ 'ਤੇ ਦੇਸ਼ ਦਾ ਗੁਲਾਬੀ ਸ਼ਹਿਰ ਕਿਹਾ ਜਾਣ ਵਾਲਾ ਰਾਜਸਥਾਨ ਦਾ ਸ਼ਹਿਰ ਜੈਪੁਰ ਆਇਆ ਹੈ ਜਿਥੋਂ ਦੇ 96.8 ਫੀਸਦ ਲੋਕਾਂ ਨੇ ਕਿਹਾ ਕਿ ਉਹ ਇਸ ਸ਼ਹਿਰ ਵਿਚ ਰਹਿ ਕੇ ਖੁਸ਼ ਹਨ।

ਦੂਜੇ ਨੰਬਰ 'ਤੇ ਦੇਸ਼ ਦੀ ਵਪਾਰਕ ਰਾਜਧਾਨੀ ਮੁੰਬਈ ਆਈ ਹੈ ਜਿਸ ਦੇ 96 ਫੀਸਦੀ ਲੋਕਾਂ ਨੇ ਖ਼ੁਦ ਨੂੰ ਇਸ ਸ਼ਹਿਰ ਵਿਚ ਰਹਿੰਦਿਆਂ ਖੁਸ਼ ਦੱਸਿਆ ਹੈ। ਤੀਜੇ ਨੰਬਰ 'ਤੇ ਸੂਬੇ ਬਿਹਾਰ ਦੀ ਰਾਜਧਾਨੀ ਪਟਨਾ ਹੈ ਜਿਥੋਂ ਦੇ 95.2 ਫੀਸਦੀ ਲੋਕਾਂ ਨੇ ਖ਼ੁਦ ਨੂੰ ਖੁਸ਼ ਦੱਸਿਆ ਹੈ। ਚੌਥੇ ਨੰਬਰ 'ਤੇ ਆਉਣ ਵਾਲੇ ਸੋਹਣੇ ਸ਼ਹਿਰ ਚੰਡੀਗੜ੍ਹ ਦੇ 94.4 ਫੀਸਦੀ ਲੋਕ ਇਸ ਸ਼ਹਿਰ ਵਿਚ ਰਹਿੰਦਿਆਂ ਖ਼ੁਸ਼ ਹਨ। 5ਵੇਂ ਨੰਬਰ 'ਤੇ ਦੇਸ਼ ਦੀ ਰਾਜਧਾਨੀ ਦਿੱਲੀ ਹੈ। 6ਵੇਂ ਨੰਬਰ 'ਤੇ ਆਂਧਰਾ ਪ੍ਰਦੇਸ਼ ਦੀ ਰਾਜਧਾਨੀ ਹੈਦਰਾਬਾਦ, 7ਵੇਂ ਨੰਬਰ 'ਤੇ ਮੱਧ ਪ੍ਰਦੇਸ਼ ਦਾ ਸ਼ਹਿਰ ਇੰਦੌਰ, 8ਵੇਂ ਨੰਬਰ ਉਪਰ ਉਤਰ ਪ੍ਰਦੇਸ਼ ਦਾ ਸ਼ਹਿਰ ਲਖਨਊ, 9ਵੇਂ ਨੰਬਰ 'ਤੇ ਮਹਾਂਰਾਸ਼ਟਰ ਦਾ ਸ਼ਹਿਰ ਪੂਣੇ ਤੇ 10ਵੇਂ ਨੰਬਰ 'ਤੇ ਤਾਮਿਲਨਾਡੂ ਦੀ ਰਾਜਧਾਨੀ ਚੇਨਈ ਹੈ।

# ਪੰਜਾਬੀ ਰੇਡੀਓ ਦਾ ਫਰੀਮਾਂਟ ਗੁਰੂ ਘਰ ਵੱਲੋਂ ਸਨਮਾਨ

ਫਰੀਮਾਂਟ (ਬਿਊਰੋ): ਗੁਰਦੁਆਰਾ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਵੱਲੋਂ ਲੰਘੇ ਐਤਵਾਰ ਪੰਜਾਬੀ ਰੇਡੀਓ ਯੂ.ਐਸ.ਏ. ਦੀ ਟੀਮ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ। ਗੁਰੂਘਰ ਦੇ ਸਟੇਜ ਸਕੱਤਰ ਭਾਈ ਗੁਰਿੰਦਰ ਸਿੰਘ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਪਿਛਲੇ ਡੇਢ ਸਾਲ ਤੋਂ ਪੰਜਾਬੀ ਰੇਡੀਓ ਯੂ.ਐਸ.ਏ. ਵੱਲੋਂ ਹਰ ਰੋਜ਼ ਸਵੇਰੇ 4 ਤੋਂ ਸਵੇਰੇ 9 ਵਜੇ ਅਤੇ ਸ਼ਾਮੀਂ ਨੂੰ 5 ਵਜੇ ਤੋਂ ਰਾਤੀਂ 8 ਵਜੇ ਤੱਕ ਕੀਰਤਨ ਪ੍ਰਸਾਰਣ ਦੀ ਨਿਸ਼ਕਾਮ ਸੇਵਾ ਕੀਤੀ ਜਾਂਦੀ ਹੈ ਅਤੇ ਇਕ ਵੀ ਪੈਸਾ ਸੰਸਥਾ ਵੱਲੋਂ ਗੁਰੂ ਘਰ ਤੋਂ ਚਾਰਜ ਨਹੀਂ ਕੀਤਾ ਗਿਆ।

ਪੰਜਾਬੀ ਰੇਡੀਓ ਯੂਐਸਏ ਦੇ ਹਰਮਨ ਪਿਆਰੇ ਹੋਸਟ ਰਾਜਕਰਨਵੀਰ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਪੰਜਾਬੀ ਰੇਡੀਓ ਯੂਐਸਏ ਦਾ ਮਿਸ਼ਨ ਦੱਸਿਆ ਕਿ ਸਾਡਾ ਮੁੱਖ ਮਕਸਦ ਦੁਨੀਆਂ ਭਰ ਦੇ ਪੰਜਾਬੀਆਂ ਨੂੰ ਇਕੱਠੇ ਕਰਨ ਦੇ ਨਾਲ ਨਾਲ, ਗੁਰਬਾਣੀ ਦਾ ਪ੍ਰਚਾਰ ਕਰਨਾ, ਪੰਜਾਬੀ ਸੱਭਿਆਚਾਰ ਅਤੇ ਵਿਰਸੇ ਨਾਲ ਸਰੋਤਿਆਂ ਨੂੰ ਜੋੜਨਾ ਹੈ। ਉਨ੍ਹਾਂ ਸੰਗਤ ਨੂੰ ਬੇਨਤੀ ਕੀਤੀ ਕਿ ਪੰਜਾਬੀ ਰੇਡੀਓ ਉਪਰ ਪ੍ਰਸਾਰਤ ਹੋ ਰਹੇ ਬਾਬਾ ਬੰਦਾ ਸਿੰਘ ਬਹਾਦਰ ਦੀ ਜੀਵਨੀ ਦਾ ਪ੍ਰੋਗਰਾਮ ਜ਼ਰੂਰ ਸੁਣਿਆ ਜਾਵੇ। ਵਰਣਨਯੋਗ ਹੈ ਕਿ ਪੰਜਾਬੀ ਰੇਡੀਓ ਯੂਐਸਏ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ 'ਤੇ 32 ਕਿਸ਼ਤਾਂ ਵਿਚ ਇਕ ਨਾਟਕ ਤਿਆਰ ਕੀਤਾ ਹੈ ਜੋ ਹਰ ਹਫਤੇ ਤਿੰਨ ਵਾਰ ਪ੍ਰਸਾਰਤ ਕੀਤਾ ਜਾਂਦਾ ਹੈ।



ਰੇਡੀਓ ਹੋਸਟ ਸਨਮਾਨ ਹਾਸਲ ਕਰਨ ਸਮੇਂ

## ਅਰਵਿੰਦ ਕੁਮਾਰ ਨੂੰ ਪਰਵਾਸੀ ਭਾਰਤੀ ਕਮਿਸ਼ਨ ਦਾ ਚੇਅਰਮੈਨ ਬਣਾਇਆ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਰਾਜ ਪਰਵਾਸੀ ਭਾਰਤੀ ਕਮਿਸ਼ਨ ਦੇ ਗਠਨ ਤੇ ਜਸਟਿਸ (ਸੇਵਾ ਮੁਕਤ) ਅਰਵਿੰਦ ਕੁਮਾਰ ਨੂੰ ਇਸ ਦਾ ਚੇਅਰਮੈਨ ਨਿਯੁਕਤ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਮੁੱਖ ਮੰਤਰੀ ਨੇ ਜਗਤਾਰ ਸਿੰਘ ਸਪੁੱਤਰ ਪ੍ਰੀਤਮ ਸਿੰਘ ਵਾਸੀ ਹੁਸ਼ਿਆਰਪੁਰ ਦੀ ਪੰਜਾਬ ਰਾਜ ਪਰਵਾਸੀ ਭਾਰਤੀ ਕਮਿਸ਼ਨ ਦੇ ਮੈਂਬਰ ਵਜੋਂ ਨਿਯੁਕਤੀ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਤੋਂ ਇਲਾਵਾ ਮੱਖਣ ਸਿੰਘ ਸਪੁੱਤਰ ਲਾਲ ਸਿੰਘ ਵਾਸੀ ਫਿਰੋਜ਼ਪੁਰ ਨੂੰ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ।

# ਬਾਦਲ ਨੂੰ ਪੰਥ ਰਤਨ ਦੇਣਾ ਜਨਰਲ ਡਾਇਰ ਨੂੰ ਸਨਮਾਨ ਦੇਣ ਤੋਂ ਵੀ ਮਾੜੀ ਗੱਲ: ਡਾ. ਦਿਲਗੀਰ

**ਬ੍ਰਮਿੰਘਮ, ਇੰਗਲੈਂਡ (ਬਿਊਰੋ):** ਸਿੱਖ ਇਤਿਹਾਸਕਾਰ ਤੇ ਵਿਦਵਾਨ ਡਾ. ਹਰਜਿੰਦਰ ਸਿੰਘ ਦਿਲਗੀਰ ਨੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਪੰਥ ਰਤਨ ਦਾ ਸਨਮਾਨ ਦਿੱਤੇ ਜਾਣ ਦੀ ਸਖਤ ਆਲੋਚਨਾ ਕਰਦਿਆਂ ਕਿਹਾ ਹੈ ਕਿ ਇਹ ਜਨਰਲ ਡਾਇਰ ਤੇ ਖੇਮ ਸਿੰਘ ਬੇਦੀ ਨੂੰ ਸਨਮਾਨ ਦੇਣ ਤੋਂ ਵੀ ਮਾੜੀ ਗੱਲ ਹੈ। ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਇਸ ਕਾਰਵਾਈ ਨੂੰ ਬਾਦਲ ਪਰਿਵਾਰ ਦੀ ਗੁਲਾਮੀ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਅਰੂੜ ਸਿੰਘ ਤੋਂ ਵੀ ਮਾੜੀ ਹਰਕਤ ਹੈ। ਅਰੂੜ ਸਿੰਘ ਨੇ ਤਾਂ 24 ਅਗਸਤ 1920 ਦੇ ਦਿਨ ਜਲ੍ਹਿਆਂਵਾਲਾ ਬਾਗ਼ ਵਿਚ ਆ ਕੇ ਮੁਆਫ਼ੀ ਮੰਗ ਲਈ ਸੀ ਪਰ ਇਹ ਲੋਕ ਤਾਂ ਇਸ ਕਾਰਵਾਈ ਨੂੰ ਆਪਣਾ ਮਾਣ ਗਿਣਦੇ ਹਨ।

ਡਾ. ਦਿਲਗੀਰ ਨੇ ਸ. ਬਾਦਲ ਨੂੰ ਐਵਾਰਡ ਦਿੱਤੇ ਜਾਣ ਉਤੇ ਸਖਤ ਟਿੱਪਣੀ ਕਰਦਿਆਂ ਪੁਛਿਆ ਕਿ ਕੀ ਇਹ ਸਨਮਾਨ ਇਸ ਕਰਕੇ ਦਿੱਤਾ ਜਾ ਰਿਹਾ ਹੈ ਕਿ ਉਹ ਦਰਜਨਾਂ ਵਾਰੀ ਹਵਨ ਕਰਵਾ ਚੁਕਾ ਹੈ ਤੇ ਮੰਦਰਾਂ ਵਿਚ ਪੂਜਾ ਕਰ ਚੁਕਾ ਹੈ; ਉਸ ਦੀ ਸਿੱਖੀ ਇਹ ਹੈ ਕਿ ਉਹ 2006 ਵਿਚ ਸਲਾਬਤਪੁਰਾ ਵਿਚ ਕਮਲਜੀਤ ਸਿੰਘ, 2009 ਵਿਚ ਲੁਧਿਆਣਾ ਵਿਚ ਦਰਸ਼ਨ ਸਿੰਘ, 2010 ਵਿਚ ਸੋਹਣਜੀਤ ਸਿੰਘ ਦੇ ਪੁਲਿਸ ਹਿਰਾਸਤ ਵਿਚ ਹੋਏ ਕਤਲਾਂ ਲਈ ਕਥਿਤ ਤੌਰ 'ਤੇ ਜ਼ਿੰਮੇਵਾਰ ਹੈ; ਉਸ ਦੀ ਹਕੂਮਤ ਵਿਚ ਅੱਜ ਵੀ ਦਰਜਨਾਂ ਸਿੱਖ ਕਈ ਕਈ ਸਾਲਾਂ ਤੋਂ ਕੈਦ ਵਿਚ ਹਨ; ਉਸ ਨੇ ਪੰਜਾਬ ਦੀ ਖਾੜਕੂ ਲਹਿਰ ਦੌਰਾਨ ਸੈਂਕੜੇ ਸਿੱਖ ਨੌਜਵਾਨਾਂ ਦੇ ਕਤਲਾਂ ਦੇ ਦੋਸ਼ੀ ਸੁਮੇਧ ਸੈਣੀ ਨੂੰ ਵਿਜੀਲੈਂਸ ਦਾ ਮੁਖੀ ਬਣਾਇਆ ਤੇ ਇਕ ਹੋਰ ਪੁਲਿਸ ਅਫਸਰ ਇਜ਼ਹਾਰ ਆਲਮ ਨੂੰ ਸਿਰੋਪਾ ਦਿੱਤਾ ਤੇ ਅਕਾਲੀ ਦਲ ਦਾ ਆਗੂ ਬਣਾਇਆ।

ਗਰਮ ਖਿਆਲੀ ਸਿੱਖ ਵਿਦਵਾਨ ਡਾ. ਦਿਲਗੀਰ ਨੇ ਕਿਹਾ ਕਿ ਬਾਦਲ ਦੀ ਇਹੋ ਦੇਣ ਹੈ ਕਿ ਨੂਰਮਹਿਲੀਆ ਆਸ਼ੂਤੋਸ਼ ਸਿੱਖੀ ਦੇ ਖ਼ਿਲਾਫ਼ ਰੱਜ ਕੇ ਪ੍ਰਚਾਰ ਕਰ ਰਿਹਾ ਹੈ ਤੇ ਬਾਦਲ ਉਸ ਦੀ ਪੁਸ਼ਤਪਨਾਹੀ ਕਰਦਾ ਹੈ; ਸਿਰਸਾ ਵਾਲੇ ਡੇਰੇਦਾਰ ਨਾਲ ਉਸ ਦੀ ਯਾਰੀ ਹੈ ਤੇ ਲੋਕ ਸਭਾ ਚੋਣਾਂ ਵਿਚ ਉਸ ਦੇ ਪੈਰੀਂ ਪੈ ਕੇ ਮਦਦ ਲਈ ਸੀ; ਰਾਧਾਸੁਆਮੀਆਂ ਦੇ ਡੇਰੇ 'ਤੇ ਉਹ ਘਟੋ-ਘਟ ਅੱਧੀ ਦਰਜਨ ਵਾਰ ਜਾ ਚੁਕਾ ਹੈ ਤੇ ਰਿਸ਼ਤੇਦਾਰੀਆਂ ਬਣਾ ਚੁਕਾ ਹੈ; ਰਾਮ ਸਿੰਘ ਕੂਕਾ ਨੂੰ ਸਤਿਗੁਰੂ ਆਖ ਕੇ ਗੁਰੂ ਨਾਨਕ ਯੂਨੀਵਰਸਿਟੀ ਵਿਚ ਉਸ ਦੇ ਨਾਂ ਦੀ ਚੇਅਰ ਬਣਾਈ ਤੇ ਉਸ ਦੇ ਸਮਾਗਮਾਂ ਵਾਸਤੇ 600 ਕਰੋੜ ਰੁਪਏ ਦੇ ਪ੍ਰਾਜੈਕਟ ਉਲੀਕੇ। ਉਨ੍ਹਾਂ ਹੋਰ ਕਿਹਾ ਕਿ ਸ਼ਾਇਦ ਬਾਦਲ ਨੂੰ ਵਿਸਾਖੀ 1978 ਵਿਚ 13 ਸਿੱਖਾਂ ਦੇ ਕਤਲ ਮਗਰੋਂ ਗੁਰਬਚਨ ਸਿੰਘ ਨਿਰੰਕਾਰੀ ਨੂੰ ਮਹਿਫ਼ੂਜ਼ ਦਿੱਲੀ ਪਹੁੰਚਾਉਣ ਅਤੇ ਉਸ ਖ਼ਿਲਾਫ਼ ਕਤਲ ਦਾ ਕੇਸ ਕਮਜ਼ੋਰ ਕਰ ਕੇ ਉਸ ਨੂੰ ਬਰੀ ਕਰਵਾਉਣ ਵਿਚ ਮਦਦ ਕਰਨ ਲਈ ਸਨਮਾਨ ਦਿੱਤਾ ਜਾ ਰਿਹਾ ਹੈ। ਕੀ ਉਸ ਨੂੰ ਇਸ ਕਰ ਕੇ ਇਹ 'ਮਹਾਨ ਖ਼ਿਤਾਬ' ਦਿੱਤਾ ਜਾ ਰਿਹਾ ਹੈ ਕਿ ਉਸ ਨੇ ਖਾਲਸਾ ਪ੍ਰਗਟ ਕਰਨ ਦੇ 300 ਸਾਲਾ ਦਿਨ ਤੇ ਆਰ ਐਸ ਐਸ ਨੂੰ ਸਨਮਾਨ ਦਿਵਾਏ। ਇਸ ਸਨਮਾਨ 'ਤੇ ਕੀ ਉਸ ਦਾ ਹੱਕ ਇਸ ਕਰ ਕੇ ਬਣਦਾ ਹੈ ਕਿ ਉਸ ਨੇ ਭਾਜਪਾ ਵਾਲਿਆਂ ਕੋਲੋਂ ਬੰਦਾ ਸਿੰਘ ਬਹਾਦਰ ਵਰਗੇ ਮਹਾਨ ਸ਼ਹੀਦ ਤੇ ਗੁਰੂ ਦੇ ਸੱਚੇ ਸਿੱਖ ਨੂੰ 'ਬੰਦਾ ਬੈਰਾਗੀ' ਅਖਵਾਇਆ ਸੀ; ਉਸ ਨੇ ਸਿੱਖਾਂ ਦੇ ਧਾਰਮਿਕ ਸਮਾਗਮਾਂ ਵਿਚ ਵਾਰ-ਵਾਰ ਰਾਸ਼ਟਰ ਸੰਘ ਤੇ ਭਾਜਪਾ ਦੇ ਰਾਜਨਾਥ ਤੇ ਵਾਜਪਾਈ, ਗਡਕਰੀ ਵਗ਼ੈਰਾ ਨੂੰ ਸੱਦ ਕੇ ਸਨਮਾਨਿਆ ਸੀ। ਕੀ ਉਸ ਨੂੰ ਇਸ ਗੱਲ ਦਾ ਸਨਮਾਨ ਦੇਣਾ ਹੈ ਕਿ ਉਸ ਨੇ ਕਾਲੀ ਨਵੰਬਰ ਦੇ ਹਜ਼ਾਰਾਂ ਸ਼ਹੀਦਾਂ ਦੀ ਯਾਦ ਮਨਾਉਣ ਦੀ ਥਾਂ ਕਬੱਡੀ ਦੇ ਜਸ਼ਨ ਕਰਵਾ ਕੇ ਅੱਧ-ਨੰਗੀਆਂ ਕੁੜੀਆਂ ਨਚਵਾਈਆਂ ਸਨ ਤੇ ਖਾਲਸਾ ਵਿਰਾਸਤ ਦੇ ਸਮਾਗਮ ਤੇ ਸਿੱਖਾਂ ਦੇ ਕਤਲਾਂ ਵਿਚ ਗੁਨਾਹਗਾਰ ਅਮਿਤਾਭ ਬੱਚਨ ਨੂੰ ਸੱਦਣ ਦੀ ਤਿਆਰੀ ਕੀਤੀ ਸੀ।

ਡਾ. ਦਿਲਗੀਰ ਨੇ ਇਹ ਵੀ ਕਿਹਾ ਕਿ ਦਰਅਸਲ ਇਹ ਗਲਤੀ ਸਿੱਖਾਂ ਦੀ ਹੈ ਕਿ ਉਹ ਅਕਾਲ ਤਖ਼ਤ ਸਾਹਿਬ ਦੇ ਅਖੌਤੀ ਜਥੇਦਾਰ ਦੇ ਅਹੁਦੇ ਦਾ ਵਜੂਦ ਮੰਨਦੇ ਹਨ। ਇਸੇ ਕਰ ਕੇ ਇਹ ਪੁਜਾਰੀ ਆਪਣੇ ਆਪ ਨੂੰ ਰੱਬ ਸਮਝ ਕੇ ਇਹ ਪਾਪ ਕਰ ਰਹੇ ਹਨ। ਕਸੂਰ ਉਨ੍ਹਾਂ ਦਾ ਹੈ ਜੋ ਇਨ੍ਹਾਂ ਨੂੰ ਕਬੂਲ ਕਰਦੇ ਹਨ।

## 'ਫਖਰ-ਏ-ਕੌਮ ਪੰਥ ਰਤਨ' ਅਵਾਰਡ ਬਾਦਲ ਨੂੰ ਨਹੀਂ ਭਾਈ ਹਵਾਰਾ ਨੂੰ ਦਿੱਤਾ ਜਾਵੇ: ਏ ਐਸ ਓ

**ਨਿਊ ਯਾਰਕ (ਬਿਊਰੋ):** ਸਿੱਖ ਜਥੇਬੰਦੀ ਅਮੈਰੀਕਨ ਸਿੱਖ ਆਰਗੇਨਾਈਜੇਸ਼ਨ ਨੇ ਅਨੰਦਪੁਰ ਸਾਹਿਬ ਵਿਚ ਵਿਰਾਸਤ-ਏ-ਖਾਲਸਾ ਦੇ ਉਦਘਾਟਨ ਸਮੇਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵਲੋਂ ਪੰਜਾਬ ਦੇ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ "ਫਖਰ-ਏ-ਕੌਮ ਪੰਥ ਰਤਨ" ਐਵਾਰਡ ਦੇਣ ਦੇ ਐਲਾਨ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਇਹ ਐਵਾਰਡ ਅਸਲ ਵਿਚ ਸਿੱਖ ਕੌਮ ਦੇ ਜਿੰਦਾ ਸ਼ਹੀਦ ਭਾਈ ਜਗਤਾਰ ਸਿੰਘ ਹਵਾਰਾ ਨੂੰ ਦਿਤਾ ਜਾਣਾ ਚਾਹੀਦਾ ਹੈ।

ਜਥੇਬੰਦੀ ਦੇ ਆਗੂਆਂ ਭਾਈ ਦਵਿੰਦਰ ਸਿੰਘ, ਭਾਈ ਦੀਦਾਰ ਸਿੰਘ, ਭਾਈ ਜਸਦੇਵ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਸੁਖਦੇਵ ਸਿੰਘ ਨਾਗਰਾ, ਭਾਈ ਕਰਨੈਲ ਸਿੰਘ ਹੁਸ਼ਿਆਰਪੁਰ, ਭਾਈ ਲਾਲ ਸਿੰਘ, ਭਾਈ ਸਤਪ੍ਰਕਾਸ਼ ਸਿੰਘ, ਸੁਖਵੀਰ ਸਿੰਘ ਅਤੇ ਚਰਨਜੀਤ ਸਿੰਘ ਸਮਰਾ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਸਮੁੱਚਾ ਸਿੱਖ ਭਾਈਚਾਰਾ ਖਾਲਸਾ ਪੰਥ ਦਾ ਬੇੜਾ ਬਿਪਰਵਾਦ ਦੇ ਖਾਰੇ ਸਮੁੰਦਰ ਵਿੱਚ ਡੋਬਣ ਵਾਲੇ ਬਿਪਰਾਂ ਦੇ ਭਾਈਵਾਲ ਪ੍ਰਕਾਸ਼ ਸਿੰਘ ਬਾਦਲ ਨੂੰ ਫਖਰ-ਏ-ਕੌਮ ਪੰਥ ਰਤਨ" ਦੀ ਥਾਂ 21ਵੀ ਸਦੀ ਦਾ "ਮਨਹੂਸ-ਏ-ਕੌਮ" ਦਾ ਖਿਤਾਬ ਦੇ ਕੇ ਇਸ ਦੀਆਂ ਪੰਥ ਮਾਰੂ ਨੀਤੀਆ ਦੀ ਪ੍ਰੋੜਤਾ ਕਰੇ।

ਸਿੱਖ ਆਗੂਆਂ ਨੇ ਕਿਹਾ ਹੈ ਕਿ ਉਦਘਾਟਨ ਸਮਾਰੋਹ ਵਿਚ ਰਵੀ ਸ਼ੰਕਰ, ਆਸਾ ਰਾਮ, ਨਿਤਿਨ ਗਡਕਰੀ ਅਤੇ ਅਨੇਕਾਂ ਹੋਰ ਅਜਿਹੇ ਲੋਕ ਸ਼ਾਮਲ ਸਨ ਜੋ ਹਮੇਸ਼ਾਂ ਸਿੱਖ ਕੌਮ ਦਾ ਭਗਵਾਂਕਰਨ ਕਰਨ ਲਈ ਉਤਸ਼ਾਹਤ ਰਹਿੰਦੇ ਹਨ। ਉਨਾਂ ਨੂੰ ਬੁਲਾਉਣਾ ਬਾਦਲ ਦੇ ਬਿਪਰ ਹੇਜ ਦਾ ਪਰਦਾਫਾਸ਼ ਕਰਦਾ ਹੈ।

ਸਿੱਖ ਆਗੂਆਂ ਨੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਬੇਨਤੀ ਕੀਤੀ ਕਿ ਜੇਕਰ ਇਹ ਅਵਾਰਡ ਦੇਣਾ ਹੀ ਹੈ ਤਾਂ ਕੌਮੀ ਜਰਨੈਲ, ਨੌਜਵਾਨਾਂ ਦੇ ਦਿਲਾਂ ਦੀ ਧੜਕਣ ਜਗਤਾਰ ਸਿੰਘ ਹਵਾਰਾ ਨੂੰ ਦਿਤਾ ਜਾਵੇ। ਬਿਆਨ ਵਿਚ ਸਿੱਖ ਆਗੂਆਂ ਨੇ ਦਮਦਮੀ ਟਕਸਾਲ ਦੇ ਆਗੂ ਬਾਬਾ ਹਰਨਾਮ ਸਿੰਘ ਧੁੰਮਾਂ ਦਾ ਵੀ ਧੰਨਵਾਦ ਕੀਤਾ ਜਿਸ ਨੇ ਆਪਣੀ ਜ਼ਮੀਰ ਦੀ ਆਵਾਜ ਸੁਣ ਕੇ ਇਸ ਪ੍ਰੋਗਰਾਮ ਵਿਚ ਸ਼ਮੂਲੀਅਤ ਨਹੀਂ ਕੀਤੀ।

**Mobal Trucking, Inc.**
12 Aspen Ridge Ct., St Peters, MO 63376
Ph:636-294-0770 or 314-267-4288
ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ
ਰੀਫਰ ਰੈਂਟ ਅਤੇ ਲੀਜ਼ 'ਤੇ ਉਪਲਬਧ ਹਨ
ਸਾਡੇ ਪਾਸ ਹੇਠ ਲਿਖੇ ਰੂਟ ਹਨ
CA To East Coast & Back
MO To East Coast & Back

ਪੇਪਰ ਸਹੀ ਮਿਲਣ 'ਤੇ ਪੈਸੇ ਤੁਰੰਤ
ਫਿਊਲ ਐਡਵਾਂਸ
ਡਿਸਪੈਚ 24 ਘੰਟੇ, ਸੱਤੇ ਦਿਨ ਉਪਲਬਧ
e-mail: mal3855@charter.net


24 ਘੰਟੇ 11 ਸਟੇਸ਼ਨਾਂ ਤੋਂ ਚੱਲਣ ਵਾਲਾ ਪੰਜਾਬੀ ਰੇਡੀਓ
San Jose, Livermore, Berkeley, Tracy, Sacramento, Yuba City, Stocton, Modesto, Fresno, Bakersfield, Reno

ਪੰਜਾਬੀ ਰੇਡੀਓ ਯੂਐਸਏ
Punjabi RADIO USA

ਛੋਟੇ ਰੇਡੀਓ ਦੀ ਕੀਮਤ $25 • ਵੱਡੇ ਰੇਡੀਓ ਦੀ ਕੀਮਤ $35 • ਇੰਟਰਨੈਟ ਰੇਡੀਓ $[illegible] ਵਾਲਾ ਹੁਣ $99 ਨੂੰ

PUNJABI RADIO USA
ਦੁਨੀਆਂ ਵਿਚ ਪਹਿਲਾ ਪੰਜਾਬੀ ਰੇਡੀਓ ਹੈ, ਜਿਸ ਦੀ I-Phone ਤੇ Android Application ਤੁਸੀਂ ਕਿਸੇ ਸਮੇਂ ਵੀ ਮੁਫ਼ਤ ਡਾਊਨਲੋਡ ਕਰ ਸਕਦੇ ਹੋ।

- **ਸਵੇਰੇ 4 ਵਜੇ ਤੋਂ 9 ਵਜੇ** ਤੱਕ ਅੰਮ੍ਰਿਤ ਵੇਲਾ ਸਚੁ ਨਾਉਂ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
- **ਸਵੇਰੇ 9.20 ਤੋਂ 10 ਵਜੇ** ਤੱਕ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
- **ਸਵੇਰੇ 10 ਤੋਂ 11 ਵਜੇ** ਤੱਕ ਆਤਮਿਕ ਆਨੰਦ ਪ੍ਰੋਗਰਾਮ (ਕੁਲਬੀਰ ਸਿੰਘ) (ਸੋਮਵਾਰ-ਸ਼ੁੱਕਰਵਾਰ)
- **ਸਵੇਰੇ 11.30 ਤੋਂ ਦੁਪਹਿਰ 1 ਵਜੇ** ਤੱਕ 'ਬੋਲੀਵੁੱਡ ਹਿੱਟਸ' (Bollywood Hits) (ਸੋਮਵਾਰ-ਸ਼ੁੱਕਰਵਾਰ)
- **1 ਵਜੇ ਤੋਂ 2 ਵਜੇ** ਤੱਕ ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ (ਰਾਣੀ ਕਾਹਲੋਂ ਤੇ ਅੰਜੂ ਨਾਰੰਗ)
- **2 ਵਜੇ ਤੋਂ 3 ਵਜੇ ਤੱਕ** ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' (ਮੰਗਲਵਾਰ)
- ਸੋਮਵਾਰ ਨੂੰ Repeat ਪ੍ਰੋਗਰਾਮ ਖ਼ਬਰ 'ਤੇ ਨਜ਼ਰ (ਪਰਮਿੰਦਰ ਟਿਵਾਣਾ)
- ਬੁੱਧਵਾਰ ਨੂੰ ਖਿਆਲ ਆਪੋ ਆਪਣਾ (ਅਮਰਜੀਤ ਸਿੰਘ ਬੱਲ)
- ਵੀਰਵਾਰ ਨੂੰ Repeat ਪ੍ਰੋਗਰਾਮ 'ਦੋ ਆਰ ਦੀਆਂ-ਦੋ ਪਾਰ ਦੀਆਂ' (ਗੁਰਪ੍ਰੀਤ ਸਿੰਘ ਅਤੇ ਸਿਮਰ)
- ਸ਼ੁੱਕਰਵਾਰ ਨੂੰ Repeat ਜੌਬ ਐਂਡ ਬਿਜਨਸ ਸ਼ੋਅ • ਸ਼ਨੀਵਾਰ : ਕਵੀ ਦਰਬਾਰ
- **3 ਵਜੇ ਤੋਂ 5 ਵਜੇ ਤੱਕ** ਪ੍ਰੋਗਰਾਮ 'ਕੁਝ ਗੱਲਾਂ ਕੁੱਝ ਗੀਤ'
- ਐਤਵਾਰ : 'ਲਹਿਰੇਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
- **5 ਵਜੇ ਤੋਂ 7.30 ਤੱਕ** 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)


ਪੰਜਾਬੀ ਰੇਡੀਓ ਦੇ ਪ੍ਰੋਗਰਾਮ

**ਖ਼ਬਰਾਂ ਤਾਜ਼ੀਆਂ** (ਚਾਰ ਵਾਰ ਹਰ ਰੋਜ਼)
09.05 : ਪੰਜਾਬ ਤੋਂ ਸੁਸ਼ੀਲ ਦੁਸਾਂਝ
11.05 : ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
08.05 : ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
09.05 : ਪੰਜਾਬ ਤੋਂ ਜਸਵਿੰਦਰ ਸਿੰਘ ਭਿੱਟਾ

**ਬਾਬਾ ਬੰਦਾ ਸਿੰਘ ਬਹਾਦਰ** (ਡਰਾਮਾ)
ਸ਼ਨਿੱਚਰਵਾਰ : 10:30 ਤੋਂ 11:00 ਵਜੇ ਸਵੇਰੇ
ਮੰਗਲਵਾਰ : 9:30 ਵਜੇ ਤੋਂ 10:00 ਵਜੇ ਰਾਤ

**ਰਾਤ 8 ਤੋਂ 9 ਵਜੇ ਤੱਕ :**
ਸੋਮਵਾਰ ਭਖਦੇ ਮਸਲਿਆਂ 'ਤੇ Live Talk Show (ਸੁਸ਼ੀਲ ਦੁਸਾਂਝ) • ਮੰਗਲਵਾਰ : 'ਇਕ ਸੋਚ' (ਕਮਲ ਗਿੱਲ) • ਬੁੱਧਵਾਰ : ਖ਼ਬਰ 'ਤੇ ਨਜ਼ਰ (ਪਰਮਿੰਦਰ ਸਿੰਘ ਟਿਵਾਣਾ) • ਵੀਰਵਾਰ : ਜੌਬ ਐਂਡ ਬਿਜਨਸ ਸ਼ੋਅ
ਸ਼ੁੱਕਰਵਾਰ : ਸ਼ਾਨ ਪੰਜਾਬ ਦੀ (ਗੁਰਦੀਪ ਸਿੰਘ ਸ਼ੇਰਗਿੱਲ, ਸੋਨੀਆ ਸ਼ੇਰਗਿੱਲ) • ਸ਼ਨੀਵਾਰ : ਝਿਲਮਿਲ ਤਾਰੇ-ਬੱਚਿਆਂ ਲਈ ਪ੍ਰੋਗਰਾਮ • ਐਤਵਾਰ : ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ, ਪਰਵੀਨ ਮੱਲ੍ਹੀ)
**ਰਾਤ 9 ਤੋਂ 10 ਵਜੇ ਤੱਕ :**
ਸੋਮਵਾਰ : ਮਨੋਰੰਜਨ ਪ੍ਰੋਗਰਾਮ 'ਦੋ ਆਰ ਦੀਆਂ, ਦੋ ਪਾਰ ਦੀਆਂ' (ਗੁਰਪ੍ਰੀਤ ਸਿੰਘ ਤੇ ਸਿਮਰ) • ਮੰਗਲਵਾਰ : ਬਾਬਾ ਬੰਦਾ ਸਿੰਘ ਬਹਾਦਰ (ਡਰਾਮਾ) • ਬੁੱਧਵਾਰ : ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
ਵੀਰਵਾਰ : ਖਬਰਸਾਰ-ਜਸਵਿੰਦਰ ਸਿੰਘ ਭਿੱਟਾ • ਸ਼ੁੱਕਰਵਾਰ : (9 ਤੋਂ 11 ਵਜੇ ਤੱਕ) 'ਪਾਣੀ 'ਚ ਮਧਾਣੀ' • ਬੁਝਾਰਤਾਂ ਦਾ ਹਿੱਟ ਪ੍ਰੋਗਰਾਮ
• ਸ਼ਨੀਵਾਰ : ਇਕ ਖ਼ਾਸ ਮੁਲਾਕਾਤ • ਐਤਵਾਰ : ਵਿਦਿਆ ਵਿਚਾਰੀ ਤਾਂ ਪਰਉਪਕਾਰੀ (ਹਰਪ੍ਰੀਤ ਕੌਰ ਸੰਘਾ, ਡਾ. ਮੀਤਪਾਲ ਸਿੰਘ ਤੇ ਦਿਲਪ੍ਰੀਤ ਸਿੰਘ ਖ਼ਾਲਸਾ)
**ਰਾਤ 10 ਤੋਂ 11 ਵਜੇ ਤੱਕ (ਸੋਮਵਾਰ-ਐਤਵਾਰ)** : Repeat ਪ੍ਰੋਗਰਾਮ, ਸੰਗੀਤ

ਹੋਰ ਜਾਣਕਾਰੀ ਲਈ 408.722.7698 Listen LIVE www.punjabiradiousa.com Email: info@punjabiradiousa.com 3750 McKee Road, # B, San Jose CA 95127
ਫੋਨ 'ਤੇ ਸੁਣਨ ਲਈ ਕਾਲ ਕਰੋ • 1-(832) 551.5029

ਪੰਜਾਬ ਟਾਈਮਜ਼

*ਸਨਿਚਰਵਾਰ, 3 ਦਸੰਬਰ 2011*

## ਸਿੱਖ ਵਿਰਸੇ ਦੀਆਂ ਬਾਤਾਂ

ਉਹ ਸੁਲੱਖਣੀ ਘੜੀ ਪੰਜਾਬ ਦੇ ਇਤਿਹਾਸ ਵਿਚ ਦਰਜ ਹੈ ਜਦੋਂ 15ਵੀਂ ਸਦੀ ਵਿਚ ਬਾਲ ਨਾਨਕ ਨੇ ਸਥਾਪਤੀ ਨੂੰ ਸਵਾਲ ਕਰ ਦਿੱਤੇ ਸਨ ਅਤੇ ਉਹ ਸਵਾਲ ਵੱਖਰੇ-ਵੱਖਰੇ ਪ੍ਰਸੰਗਾਂ ਵਿਚ ਸੰਗਤ ਲਈ ਜੀਵਨ ਦਾ ਰਾਹ ਹੋਰ ਮੋਕਲਾ ਕਰਨ ਲੱਗ ਪਏ ਸਨ। ਸਵਾਲਾਂ ਦੀ ਉਸ ਲੜੀ ਨੇ ਕੜੀ ਦਾ ਅਜਿਹਾ ਰੂਪ ਅਖਤਿਆਰ ਕੀਤਾ ਕਿ ਅੱਜ ਤੱਕ ਉਹ ਕੜੀ ਬਰਕਰਾਰ ਹੈ। ਵੱਖ-ਵੱਖ ਸਮਿਆਂ ਵਿਚ ਇਸ ਦਾ ਰੂਪ, ਸਰੂਪ ਤੇ ਰੰਗ ਲਗਾਤਾਰ ਬਦਲਦਾ ਅਤੇ ਨਿੱਖਰਦਾ ਰਿਹਾ ਹੈ। ਬਾਬੇ ਨਾਨਕ ਵੱਲੋਂ ਚਲਾਇਆ ਪੰਥ ਜਦੋਂ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਤੱਕ ਪੁੱਜਿਆ ਤਾਂ ਇਹ ਖਾਲਸੇ ਦੇ ਰੂਪ ਵਿਚ ਨਿੱਖਰ ਚੁੱਕਾ ਸੀ। ਉਦੋਂ ਇਸ ਦਾ ਜਲੌਅ ਦੇਖਿਆਂ ਹੀ ਬਣਦਾ ਸੀ। ਸਾਲ 1699 ਵਿਚ ਜਦੋਂ ਬਸੰਤ ਰੁੱਤੇ ਸੰਗਤ ਕੋਲ ਢੁੱਕ-ਢੁੱਕ ਬੈਠ ਰਹੀ ਸੀ ਤਾਂ ਦਸਵੇਂ ਪਾਤਸ਼ਾਹ ਨੇ ਪੰਥ ਨੂੰ ਨਵੀਂ ਦਿਸ਼ਾ ਵਿਚ ਤੋਰਨ ਦਾ ਤਰੱਦਦ ਕੀਤਾ, ਹਾਲਾਂਕਿ ਇਸ ਦਾ ਸਮੁੱਚਾ ਪ੍ਰਸੰਗ ਬਾਬੇ ਨਾਨਕ ਦੀ ਧਾਰਾ ਦੀ ਹੀ ਨਿਰੰਤਰਤਾ ਸੀ। ਇਹ ਅਮੀਰ ਵਿਰਸਾ ਪੀੜ੍ਹੀ ਦਰ ਪੀੜ੍ਹੀ ਚਲਿਆ ਆ ਰਿਹਾ ਹੈ। ਇਸ ਵਿਰਸੇ ਨੂੰ ਸਾਂਭਣ-ਸੰਭਾਲਣ ਦੀਆਂ ਗੱਲਾਂ ਵੀ ਅਕਸਰ ਚੱਲਦੀਆਂ ਰਹਿੰਦੀਆਂ ਹਨ। ਸਿੱਖ ਪੰਥ ਨਾਲ ਸਬੰਧਤ ਸ਼ਤਾਬਦੀਆਂ ਦੇ ਦੌਰਾਂ ਦੌਰਾਨ ਅੱਜ ਤੋਂ 13 ਸਾਲ ਪਹਿਲਾਂ ਖਾਲਸੇ ਦੀ ਵਿਰਾਸਤ ਸੰਭਾਲਣ ਲਈ ਅਜਾਇਬ ਘਰ ਬਣਾਉਣ ਦਾ ਐਲਾਨ ਹੋਇਆ ਸੀ। ਇਨ੍ਹਾਂ 13 ਸਾਲਾਂ ਦੌਰਾਨ ਇਸ ਮਸਲੇ ਬਾਰੇ ਬੜਾ ਕੁਝ ਕਿਹਾ-ਸੁਣਿਆ ਗਿਆ ਹੈ। ਹੁਣ ਚੰਗੀ ਗੱਲ ਇਹ ਹੋਈ ਹੈ ਕਿ ਲੱਖ ਸੀਮਾਵਾਂ ਅਤੇ ਘਾਟਾਂ ਦੇ ਬਾਵਜੂਦ ਇਹ ਅਜਾਇਬ ਘਰ ਹੁਣ ਸੱਚ ਦਾ ਲਿਬਾਸ ਪਹਿਨ ਚੁੱਕਾ ਹੈ। ਪੰਜਾਬ ਦੇ ਬਾਸ਼ਿੰਦਿਆਂ ਬਾਰੇ ਇਹ ਗੱਲ ਅਕਸਰ ਕਹੀ ਜਾਂਦੀ ਹੈ ਕਿ ਇਹ ਇਤਿਹਾਸ ਬਣਾਉਣਾ ਤਾਂ ਜਾਣਦੇ ਹਨ ਪਰ ਇਤਿਹਾਸ ਸਾਂਭਣ ਵੱਲ ਇਹ ਸਦਾ ਅਵੇਸਲੇ ਰਹੇ ਹਨ। ਉਂਜ, ਇਹ ਗੱਲ ਪੂਰੀ ਤਰ੍ਹਾਂ ਠੀਕ ਨਹੀਂ ਕਹੀ ਜਾ ਸਕਦੀ। ਤੁਸੀਂ ਰਤਾ ਕੁ ਧਿਆਨ ਧਰ ਕੇ ਸੋਚੋ ਕਿ ਦਸਵੇਂ ਪਾਤਸ਼ਾਹ ਤੋਂ ਬਾਅਦ ਉਨ੍ਹਾਂ ਦੀਆਂ ਨਿਸ਼ਾਨੀਆਂ ਇਕੱਠੀਆਂ ਕਰਨ ਲਈ ਮਾਤਾ ਸਾਹਿਬ ਕੌਰ ਕਿੱਥੇ ਕਿੱਥੇ ਜਾ ਪੁੱਜੇ ਸਨ! ਉਹ ਉਥੇ ਉਥੇ ਜਾ ਪੁੱਜੇ, ਜਿੱਥੇ ਜਿੱਥੇ ਦਸਵੇਂ ਪਾਤਸ਼ਾਹ ਦੇ ਜਾਣ ਜਾਂ ਲੰਘਣ ਜਾਂ ਰੁਕਣ ਬਾਰੇ ਉਨ੍ਹਾਂ ਨੂੰ ਮਾੜੀ-ਮੋਟੀ ਵੀ ਸੂਹ ਮਿਲੀ। ਉਹ ਉਨ੍ਹਾਂ ਸ਼ਖ਼ਸਾਂ ਨੂੰ ਮਿਲੇ ਜਿਨ੍ਹਾਂ ਧੁਖਦੇ-ਮਘਦੇ ਹਾਲਾਤ ਵਿਚ ਦਸਵੇਂ ਪਾਤਸ਼ਾਹ ਨਾਲ ਚੰਦ ਘੜੀਆਂ ਵੀ ਸਾਂਝੀਆਂ ਕੀਤੀਆਂ ਸਨ। ਇਤਿਹਾਸ ਨੂੰ ਫਰੋਲਣ ਅਤੇ ਸਾਂਭਣ ਲਈ ਇੰਨੇ ਵੱਡੇ ਹੰਭਲੇ ਦੀ ਮਿਸਾਲ ਸਿੱਖਾਂ ਹੀ ਨਹੀਂ, ਸਮੁੱਚੀ ਸੰਗਤ ਲਈ ਮਾਣ ਵਾਲੀ ਗੱਲ ਹੈ।

ਸ੍ਰੀ ਅਨੰਦਪੁਰ ਸਾਹਿਬ ਵਿਖੇ ਕਾਇਮ ਹੋਏ ਵਿਰਾਸਤ-ਏ-ਖਾਲਸਾ ਨੂੰ ਇਸੇ ਪ੍ਰਸੰਗ ਵਿਚ ਹੀ ਮੋਕਲੇ ਮਨ ਨਾਲ ਸਮਝਣ-ਬੁੱਝਣ ਦੇ ਯਤਨ ਹੋਣੇ ਚਾਹੀਦੇ ਹਨ। ਅੱਜ ਜਦੋਂ ਪਿਲ-ਪਿਲੀ ਸਿਆਸਤ ਸਾਡੇ ਜੀਵਨ ਦੇ ਹਰ ਮਰਹਲੇ, ਹਰ ਪੱਖ ਨੂੰ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੀ ਨਹੀਂ ਕਰ ਰਹੀ ਸਗੋਂ ਬਹੁਤ ਬੇਕਿਰਕੀ ਤੇ ਬੇਦਰਦੀ ਨਾਲ ਵੱਢ-ਟੁੱਕ ਅਤੇ ਤੋੜ-ਮਰੋੜ ਰਹੀ ਹੈ ਤਾਂ ਇਨ੍ਹਾਂ ਸਮਿਆਂ ਵਿਚ ਅਜਿਹੇ ਪ੍ਰਸੰਗਾਂ ਨੂੰ ਗਹਿਰਾਈ ਨਾਲ ਸਮਝਣਾ ਬਣਦਾ ਹੈ। ਸਿਆਸੀ ਮੁਫਾਦ ਵਿਰਾਸਤ ਦੀਆਂ ਤੰਦਾਂ-ਤਾਣੀਆਂ ਉਤੇ ਵੀ ਬਰਾਬਰ ਅਸਰਅੰਦਾਜ਼ ਹੋਏ ਹਨ ਅਤੇ ਹੋ ਰਹੇ ਹਨ। ਇਹ ਸਾਡੇ ਸਮਿਆਂ ਦਾ ਕੌੜਾ ਸੱਚ ਹੈ ਕਿ ਜਦੋਂ 20ਵੀਂ ਸਦੀ ਦੇ ਅਖੀਰਲੇ ਦਹਾਕਿਆਂ ਵਿਚ ਪੰਜਾਬ ਕਰਵਟਾਂ ਲਈ ਤਾਂਘ ਰਿਹਾ ਸੀ ਤਾਂ ਵੀ ਸਿਆਸੀ ਪਿੜ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਨਾਂ ਦਾ ਸ਼ਖ਼ਸ ਪ੍ਰਧਾਨ ਸੀ ਅਤੇ ਤਿੰਨ ਦਹਾਕਿਆਂ ਬਾਅਦ ਵੀ ਉਹੀ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੀ ਤਕਦੀਰ ਦਾ ਲਿਖਾਰੀ ਬਣਿਆ ਹੋਇਆ ਹੈ। ਇਨ੍ਹਾਂ ਤਿੰਨ ਦਹਾਕਿਆਂ ਵਿਚੋਂ ਅੱਧਾ ਸਮਾਂ ਤਾਂ ਪੰਜਾਬ ਅਤੇ ਪੰਜਾਬੀਆਂ ਲਈ ਬਹੁਤ ਕਰੂਰ ਹੋ ਕੇ ਟੱਕਰਿਆ ਸੀ। ਜੇ ਸਿਆਸਤ ਅਤੇ ਵਿਰਸੇ ਦੀ ਚਰਚਾ ਅਤੇ ਗੱਲ ਇਸੇ ਤਰ੍ਹਾਂ ਹੀ ਹੋਈ ਜਾਣੀ ਹੈ ਤਾਂ ਸਵਾਲਾਂ ਦਾ ਸਵਾਲ ਉਨ੍ਹਾਂ ਲਈ ਹੈ ਜੋ ਵਿਰਸੇ ਦੇ ਅਸਲ ਵਾਰਸ ਹੋਣ ਦਾ ਦਮ ਭਰਦੇ ਹਨ। ਕੀ ਉਨ੍ਹਾਂ ਮਾਤਾ ਸਾਹਿਬ ਕੌਰ ਵਾਂਗ ਉਹ ਸਭ ਥਾਂਵਾਂ ਅਤੇ ਸ਼ਖ਼ਸਾਂ ਤੱਕ ਰਸਾਈ ਕੀਤੀ ਹੈ ਜਿਨ੍ਹਾਂ ਕੋਲ ਔਖੇ ਵਕਤਾਂ ਦੀਆਂ ਕਹਾਣੀਆਂ ਦੇ ਖਜ਼ਾਨੇ ਸਾਂਭੇ ਪਏ ਹਨ? ਉਹ ਕਿਹੜੀਆਂ ਕਿਹੜੀਆਂ ਗੱਲਾਂ ਸਨ ਜਿਨ੍ਹਾਂ ਬਾਰੇ ਚਰਚਾ ਕੀਤੇ ਬਗੈਰ ਇਕ ਕਦਮ ਵੀ ਅਗਾਂਹ ਪੁੱਟਣ ਦਾ ਮਤਲਬ ਹੀ ਕੋਈ ਨਹੀਂ ਸੀ ਰਹਿ ਜਾਂਦਾ? ਜੇ ਨਹੀਂ ਤਾਂ ਬਾਦਲਕਿਆਂ ਦੀ ਸਿਆਸਤ ਨੂੰ ਵੰਗਾਰਨ ਦਾ ਫਿਰ ਕੋਈ ਅਰਥ ਹੀ ਨਹੀਂ ਰਹਿ ਜਾਂਦਾ! ਅਗਲੇ ਤਾਂ ਵਾਰ ਵਾਰ ਇਹ ਜੱਗ-ਜ਼ਾਹਿਰ ਕਰ ਰਹੇ ਹਨ ਕਿ ਉਨ੍ਹਾਂ ਦਾ ਪੰਥ ਅਤੇ ਪੰਜਾਬ ਨਾਲ ਕੋਈ ਨਾਤਾ ਨਹੀਂ ਹੈ। ਭਾਰਤ ਦੇ ਕੇਂਦਰ ਵਿਚਲੇ ਸ਼ਾਸਕਾਂ ਦੀ ਤਾਂ ਗੱਲ ਹੀ ਛੱਡੋ, ਭਾਰਤੀ ਸਟੇਟ ਨੂੰ ਇਹ ਬਾਦਲਕੇ ਹੀ ਸਭ ਤੋਂ ਵੱਧ ਸੂਤ ਬੈਠਦੇ ਹਨ।

ਸੱਚੇ ਪਾਤਸ਼ਾਹਾਂ ਵੱਲੋਂ ਚਲਾਈ ਰੀਤ ਪੰਥ ਦਾ ਵਿਰਸਾ ਹੈ। ਇਸ ਦੀ ਅਗਲੀ ਕੜੀ ਬਿਨਾ ਸ਼ੱਕ, ਸੰਗਤ ਹੈ। ਇਸ ਸੰਗਤ ਨਾਲ ਸੰਵਾਦ ਦੀਆਂ ਤੰਦਾਂ ਵਿਰਸੇ ਦੀ ਸਾਂਭ-ਸੰਭਾਲ ਨਾਲ ਜੁੜੀਆਂ ਹੋਈਆਂ ਹਨ। ਪਹਿਲੇ ਪਾਤਸ਼ਾਹ ਨੇ ਆਪਣੇ ਵੇਲੇ ਦੇ ਸ਼ਾਸਕ ਵੱਲੋਂ ਕੀਤੇ ਜ਼ੁਲਮਾਂ ਦੀ ਗੱਲ ਕਰਦਿਆਂ ਰੱਬ ਨੂੰ ਜਿਹੜਾ ਉਲਾਂਭਾ ਦਿੱਤਾ ਸੀ, ਉਹ ਅਜੇ ਤੱਕ ਸੰਗਤ ਦੇ ਮਨਾਂ ਵਿਚ ਹਰਕਤਾਂ ਛੇੜ ਦਿੰਦਾ ਹੈ। ਇਵੇਂ ਹੀ ਦਸਵੇਂ ਸੱਚੇ ਪਾਤਸ਼ਾਹ ਨੇ ਆਪਣੇ ਵੇਲਿਆਂ ਦੇ ਸ਼ਾਸਕ ਨੂੰ ਜਦੋਂ ਜ਼ਫ਼ਰਨਾਮਾ ਭੇਜਿਆ ਸੀ ਤਾਂ ਉਸ ਦੀ ਰੂਹ ਤੱਕ ਨੂੰ ਕੰਬਣੀਆਂ ਛੇੜ ਦਿੱਤੀਆਂ ਸਨ। ਸੰਵਾਦ ਦਾ ਇਹ ਜਲੌਅ ਪੰਜਾਬ ਅਤੇ ਪੰਥ ਦੇ ਵਿਰਸੇ ਦੀਆਂ ਚੂਲਾਂ ਹਨ। ਇਸ ਲਈ ਜਦੋਂ ਹੁਣ ਬਾਦਲਕਿਆਂ ਦੀ ਗੱਲ ਕਰਨੀ ਹੈ ਤਾਂ ਉਸ ਦਾ ਪੱਧਰ, ਤੇਜ ਅਤੇ ਤੀਬਰਤਾ ਇੰਨੀ ਤਾਂ ਹੋਣੀ ਹੀ ਚਾਹੀਦੀ ਹੈ ਕਿ ਕੰਬਣੀਆਂ ਛਿੜ ਜਾਣ। ਇਹ ਤਦ ਹੀ ਸੰਭਵ ਹੈ, ਜੇ ਅਸੀਂ ਮੁਫਾਦਾਂ ਲੱਦੀ ਸਿਆਸਤ ਛੱਡ ਕੇ ਪਾਤਸ਼ਾਹਾਂ ਦੇ ਪੰਥ ਦੀ ਵਰੋਸਾਈ ਸਿੱਖੀ ਨੂੰ ਕੇਂਦਰ ਵਿਚ ਰੱਖ ਕੇ ਕਦਮ ਅੱਗੇ ਵਧਾਉਂਦੇ ਹਾਂ। ਅੱਜ ਪੰਥ ਅਤੇ ਪੰਜਾਬ ਨੂੰ ਬਾਦਲਕਿਆਂ ਵਰਗੀ ਸਿਆਸਤ ਨਹੀਂ, ਪੰਥ ਤੇ ਸੰਗਤ ਵਰੋਸਾਈ ਸਿੱਖੀ ਦੀ ਲੋੜ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸੀਟਾਂ ਦਾ 'ਸੰਤ ਕੋਟਾ'*

ਚਾਰੋਂ ਤਰਫ਼ ਹੀ ਜਾਲ ਵਿਛਾਈ ਬੈਠੇ, ਬੰਦਾ ਬਚੇ ਵੀ ਕਿਵੇਂ ਸ਼ਿਕਾਰੀਆਂ ਤੋਂ।
ਪਤਾ ਲੱਗੇ ਕੀ ਸਾਧ ਜਾਂ ਚੋਰ ਨੇ ਇਹ? ਸ਼ਕਲਾਂ ਮੋਮਨਾਂ ਜੈਸੀਆਂ ਧਾਰੀਆਂ ਤੋਂ।
ਬੁੱਧੂ ਲੋਕਾਂ ਦੀ ਕਿਰਤ ਕੁਰਬਾਨ ਹੁੰਦੀ, ਡੇਰੇਦਾਰਾਂ ਦੇ ਮਹਿਲ-ਅਟਾਰੀਆਂ ਤੋਂ।
ਵਰਖਾ ਡਾਲਰਾਂ-ਪੌਂਡਾਂ ਦੀ ਵਰਸਦੀ ਏ, ਲਾਈਆਂ ਵਿਚ ਪ੍ਰਦੇਸ ਉਡਾਰੀਆਂ ਤੋਂ।
ਵੋਟ-ਬੈਂਕ ਨੂੰ ਹੋਰ ਵਧਾਈ ਜਾਂਦੇ, ਮੂੰਹ ਮੋੜ ਕੇ ਕੌਮੀ ਦੁਸ਼ਵਾਰੀਆਂ ਤੋਂ।
ਚਸਕਾ ਸਾਧਾਂ ਨੂੰ ਸੱਤਾ ਦਾ ਪੈ ਗਿਆ ਏ, ਸੀਟਾਂ ਮੰਗਦੇ ਵੋਟ-ਵਪਾਰੀਆਂ ਤੋਂ।

# ਕਾਰਲ ਮਾਰਕਸ ਅਤੇ ਪੰਜਾਬ

*ਕਾਰਲ ਮਾਰਕਸ ਅਤੇ ਉਸ ਵੱਲੋਂ ਪੇਸ਼ ਕੀਤੀ ਥਿਊਰੀ ਵੱਖ ਵੱਖ ਸਮਿਆਂ ਵਿਚ ਬਹੁਤ ਸਾਰੇ ਲੋਕਾਂ ਨੇ ਬਹੁਤ ਵਾਰ ਰੱਦ ਕਰਨ ਦਾ ਐਲਾਨ ਕੀਤਾ ਪਰ ਕਾਰਲ ਮਾਰਕਸ ਦੀ ਥਿਊਰੀ ਦੇ ਆਧਾਰ 'ਤੇ ਸਾਹਮਣੇ ਆਈ ਵਿਚਾਰਧਾਰਾ ਗਾਹੇ-ਬਗਾਹੇ ਸੰਸਾਰ ਪੱਧਰ 'ਤੇ ਚਰਚਾ ਦਾ ਹਿੱਸਾ ਬਣਦੀ ਰਹੀ ਹੈ। ਇਸ ਵਿਚਾਰਧਾਰਾ ਦੀ ਮਾਰ ਇੰਨੀ ਤਿੱਖੀ, ਤੇਜ, ਤੀਬਰ ਅਤੇ ਤਹਿ ਲਾਉਣ ਵਾਲੀ ਹੈ ਕਿ ਇਸ ਵਿਚਾਰਧਾਰਾ ਨੂੰ ਰੱਦ ਕਰਨ ਵਾਲੇ ਵੀ ਖੁਦ, ਵਾਰ ਵਾਰ ਇਸ ਦੀਆਂ ਧਾਰਨਾਵਾਂ ਦੀ ਪੜਚੋਲ ਕਰਦੇ ਰਹੇ ਹਨ। ਇਸ ਤੋਂ ਇਸ ਵਿਚਾਰਧਾਰਾ ਦੀ ਅਹਿਮੀਅਤ ਦੀ ਹੀ ਸੂਹ ਮਿਲਦੀ ਹੈ। ਅੱਜ ਪੂੰਜੀਵਾਦ ਨੂੰ ਬੁਰੀ ਤਰ੍ਹਾਂ ਘੇਰੀ ਖੜ੍ਹੇ ਆਰਥਿਕ ਸੰਕਟ ਦੇ ਮੱਦੇਨਜ਼ਰ ਵਿਦਵਾਨਾਂ ਨੇ ਕਾਰਲ ਮਾਰਕਸ ਬਾਰੇ ਇਕ ਵਾਰ ਫਿਰ ਗੱਲ ਛੇੜਨ ਦੀ ਲੋੜ ਮਹਿਸੂਸ ਕੀਤੀ ਹੈ। ਆਪਣੇ ਪੰਜਾਬ ਦੇ ਪ੍ਰਸੰਗ ਵਿਚ ਡਾ. ਗੁਰਭਗਤ ਸਿੰਘ ਨੇ ਇਸ ਸ਼ਖ਼ਸ ਬਾਰੇ ਗੱਲ ਕੀਤੀ ਹੈ। ਆਪਣੀ ਚਰਚਾ ਦੌਰਾਨ ਉਨ੍ਹਾਂ ਆਪਣੇ-ਆਪ ਨੂੰ ਭਾਵੇਂ ਸਿਰਫ ਧਰਮ ਤੱਕ ਹੀ ਸੀਮਤ ਕਰ ਲਿਆ ਹੈ, ਪਰ ਪੰਜਾਬ ਬਾਰੇ ਮਿੱਟੀ ਫਰੋਲਣ ਦੇ ਨੁਕਤਾ-ਨਿਗ੍ਹਾ ਤੋਂ ਅਸੀਂ ਇਹ ਲੇਖ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ।-ਸੰਪਾਦਕ*

■ ਗੁਰਭਗਤ ਸਿੰਘ*


ਮਾਰਕਸ ਦੇ ਸਿਧਾਂਤ ਬਾਰੇ ਅੱਜ ਤਕ ਪ੍ਰਚੱਲਿਤ ਮੁੱਖ ਵਿਆਖਿਆ ਇਕ ਰੇਖਕੀ ਹੈ। ਇਕ ਰੇਖਕੀ ਤੋਂ ਭਾਵ ਇਕ ਲਕੀਰ ਵਾਂਗ ਸਿੱਧਾ ਜਾਣਾ। ਇਹ ਸਥਾਪਿਤ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਮਾਰਕਸ ਸਮਾਜ ਦਾ ਵਿਕਾਸ ਚਾਰ ਵੱਡੇ ਪੜਾਵਾਂ ਰਾਹੀਂ ਮੰਨਦਾ ਹੈ। ਉਹ ਹਨ: ਆਦਿਮ ਸਾਮਵਾਦ, ਜਾਗੀਰਦਾਰੀ, ਪੂੰਜੀਵਾਦ ਅਤੇ ਸਮਾਜਵਾਦ/ਸਾਮਵਾਦ। ਪੱਛਮ ਦੇ ਵੱਡੇ ਧਰਮ ਈਸਾਈਅਤ ਅਤੇ ਯਹੂਦੀਅਤ ਦੀ ਮਨੁੱਖੀ ਮੁਕਤੀ ਬਾਰੇ ਪਹੁੰਚ ਵੀ ਲਕੀਰੀ ਹੀ ਹੈ। ਮਹਾਂ-ਪਰਿਵਰਤਨ ਜਾਂ ਐਪੋਕਾਲਿਪਸ ਤੱਕ ਪਹੁੰਚਣ ਲਈ ਵੀ ਕਈ ਪੜਾਵਾਂ ਵਿਚੋਂ ਲੰਘਣਾ ਪੈਂਦਾ ਹੈ। ਕਾਰਲ ਮਾਰਕਸ ਦੇ ਵਿਆਖਿਆਕਾਰ, ਧਰਮਾਂ ਦੇ ਇਸ ਲਕੀਰੀ ਪਰਿਪੇਖ ਤੋਂ ਪ੍ਰਭਾਵਿਤ ਰਹੇ ਹਨ, ਇਹ ਕਹਿਣਾ ਅਯੋਗ ਨਹੀਂ ਲੱਗਦਾ।



ਪੂਰਬ ਵਿਸ਼ੇਸ਼ ਕਰਕੇ ਭਾਰਤ ਦਾ, ਪ੍ਰਧਾਨ ਪਰਿਪੇਖ ਇਕ ਰੇਖਕੀ ਨਹੀਂ। ਇੱਥੇ ਵਿਕਸਿਤ ਦੋ ਧਾਰਨਾਵਾਂ ਜਾਂ ਚਿੰਤਨ ਮਹੱਤਵਪੂਰਨ ਹਨ। ਇਕ ਇਹ ਕਿ ਵਿਨਾਸ਼ਕਾਰੀ ਸਮਾਜਕ ਅਤੇ ਰਾਜਨੀਤਕ ਪ੍ਰਬੰਧਾਂ ਦੇ ਨਾਂਹ-ਪੱਖੀ ਪ੍ਰਭਾਵ ਮਨੁੱਖੀ ਮਨ ਅਤੇ ਦੇਹ ਉਤੋਂ ਯੋਗਿਕ ਅਭਿਆਨਾਂ ਰਾਹੀਂ ਮਿਟਾਏ ਜਾ ਸਕਦੇ ਹਨ। ਸਾਮੂਹਿਕ ਕ੍ਰਾਂਤੀ ਜਾਂ ਪਰਿਵਰਤਨ ਤੋਂ ਪਹਿਲਾਂ ਵਿਅਕਤੀਗਤ ਪੱਧਰ 'ਤੇ ਪਰਿਵਰਤਨ ਆਰੰਭ ਕੀਤਾ ਜਾ ਸਕਦਾ ਹੈ। ਦੂਜਾ ਚਿੰਤਨ ਇਹ ਹੈ ਕਿ ਸ੍ਰਿਸ਼ਟੀ ਦੀ ਸਿਰਜਣਾਤਮਕ ਸ਼ਕਤੀ ਨਾਲ ਜੁੜ ਕੇ ਜਾਂ 'ਬਖਸ਼ਿਸ਼' ਹਾਸਲ ਕਰਕੇ ਕਦੇ ਵੀ ਵੱਡੀ ਤਬਦੀਲੀ ਲਿਆਂਦੀ ਜਾ ਸਕਦੀ ਹੈ। 'ਬਖਸ਼ਿਸ਼' ਕੋਈ ਨਿਰਾਪੁਰਾ ਰਹੱਸਵਾਦੀ ਸੰਕਲਪ ਨਹੀਂ। ਇਹ ਮਨੁੱਖ ਅਤੇ ਪ੍ਰਕਿਰਤੀ ਦੀ ਹਰ ਕਿਸਮ ਦੀ ਲਕੀਰੀ ਜਾਂ ਕਾਰਨ-ਪ੍ਰਭਾਵ ਪ੍ਰਕਿਰਿਆ ਤੋਂ ਅੱਗੇ ਲੰਘ ਸਕਣ ਦੀ ਸੰਭਾਵਨਾ ਹੈ। ਮਾਦੇ ਵਿਚ ਵਾਪਰਨ ਵਾਲੀ 'ਲੀਪ' ਹੈ, ਪੁਲਾਂਘ ਹੈ। ਇਸ ਪੁਲਾਂਘ ਬਾਰੇ ਕੁਝ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ। ਕੁਐਂਟਮ ਵਿਗਿਆਨ ਦਾ ਇਹ ਲੀਪ ਸਿਧਾਂਤ ਅਤੇ ਵਿਸ਼ੇਸ਼ ਕਰਕੇ ਗੁਰਬਾਣੀ ਦਾ 'ਬਖਸ਼ਿਸ਼' ਸਿਧਾਂਤ ਇਕ ਦੂਜੇ ਦੇ ਕਾਫੀ ਨੇੜੇ ਹਨ। ਇਨ੍ਹਾਂ ਨੂੰ ਇਸ ਦ੍ਰਿਸ਼ਟੀ ਤੋਂ ਜਾਚਿਆ ਨਹੀਂ ਗਿਆ।

ਕਾਰਲ ਮਾਰਕਸ ਦੀਆਂ ਲਿਖਤਾਂ ਦੀ ਨਵੀਂ ਪੁਣਛਾਣ ਆਰੰਭ ਹੋਣ ਤੋਂ ਇਹ ਪਤਾ ਲੱਗ ਰਿਹਾ ਹੈ ਕਿ ਮਾਰਕਸ ਦੇ ਚਿੰਤਨ ਨੂੰ ਵੀ ਵਿਆਖਿਆਕਾਰਾਂ ਨੇ ਆਪਣੇ ਸਤਾਨਤੀ ਪਰਿਪੇਖ ਵਿਚ ਕੈਦ ਕਰਨ ਦਾ ਯਤਨ ਕੀਤਾ ਹੈ। ਸਥਾਪਿਤ ਵਿਆਖਿਆ ਪ੍ਰਣਾਲੀਆਂ ਵਿਚੋਂ ਨਿਕਲਣਾ ਬੜਾ ਔਖਾ ਹੈ। ਮਾਰਕਸ ਆਪ ਵੀ 1853 ਤੱਕ ਆਪਣੀਆਂ ਲਿਖਤਾਂ ਵਿਚ ਜਿਸ ਮਾਡਲ ਦਾ ਅਭਿਆਸ ਕਰਦਾ ਰਿਹਾ ਹੈ, ਉਹ ਲਕੀਰੀ ਹੈ। ਇਸ ਨੂੰ ਵਿਕਾਸਵਾਦੀ ਮਾਡਲ ਵੀ ਕਿਹਾ ਜਾ ਸਕਦਾ ਹੈ। ਇਹ ਵਿਕਾਸਵਾਦ ਡਾਰਵਿਨ ਦੇ ਵਿਕਾਸਵਾਦ ਨਾਲ ਵੀ ਕੁਝ ਸਾਂਝ ਰੱਖਦਾ ਹੈ, ਪਰ ਮਾਰਕਸ ਇਸ ਗੱਲ ਲਈ ਸਾਡੀ ਪ੍ਰਸ਼ੰਸਾ ਅਤੇ ਸਤਿਕਾਰ ਦਾ ਪਾਤਰ ਹੈ ਕਿ ਉਸ ਨੇ ਆਪਣੀ ਸੀਮਾ ਨੂੰ ਆਪ ਹੀ ਲੰਘਿਆ ਹੈ। ਉਸ ਦਾ ਦੂਸਰਾ ਰੂਪ ਅੱਜ ਸਾਡੇ ਲਈ ਵਧੇਰੇ ਸਾਰਥਿਕ ਹੈ। ਉਹ ਦੂਜਾ ਰੂਪ ਇਸ ਧਾਰਨਾ ਨਾਲ ਸਬੰਧਤ ਹੈ ਕਿ ਸਮਾਜਾਂ ਦਾ ਵਿਕਾਸ ਕੇਵਲ ਪੱਛਮੀ ਸਮਾਜਾਂ ਦੇ ਅਨੁਭਵਾਂ ਤਕ ਹੀ ਨਹੀਂ ਸੀਮਿਤ ਰੱਖਿਆ ਜਾ ਸਕਦਾ। ਗੈਰ-ਪੱਛਮੀ ਸਮਾਜਾਂ ਨੇ ਵੀ ਆਪਣੇ ਤਜਰਬੇ ਕੀਤੇ ਹਨ, ਉਹ ਵੀ ਦੇਖਣੇ ਚਾਹੀਦੇ ਹਨ।

ਕੈਵਿਨ ਐਂਡਰਸਨ ਨੇ ਆਪਣੀ ਪੁਸਤਕ 'ਮਾਰਕਸ ਐਟ ਦ ਮਾਰਜਿਨਜ਼' ਵਿਚ ਬੜੇ ਵਿਸਥਾਰ ਨਾਲ ਇਹ ਸਪਸ਼ੱਟ ਕੀਤਾ ਹੈ ਕਿ 1853 ਤੋਂ ਪਿੱਛੋਂ ਮਾਰਕਸ ਦੀਆਂ ਲਿਖਤਾਂ ਵਿਚ ਤਬਦੀਲੀ ਵਾਪਰੀ। ਉਸ ਦੀ ਪੁਸਤਕ 'ਗਰੁੰਡਰਿਸ' ਨੂੰ ਐਂਡਰਸਨ ਨੇ ਮਹੱਤਵਪੂਰਨ ਸਿਧਾਂਤਕ ਘਟਨਾ ਮੰਨਿਆ ਹੈ ਜਿਸ ਵਿਚ ਗ਼ੈਰ-ਪੱਛਮੀ ਸਮਾਜਕ ਪ੍ਰਬੰਧਾਂ ਅਤੇ ਉਨ੍ਹਾਂ ਦੀਆਂ ਆਰਥਿਕਤਾਵਾਂ ਨੂੰ ਉਨ੍ਹਾਂ ਦੀ ਵਿਲੱਖਣਤਾ ਵਿਚ ਸਵੀਕਾਰ ਕੀਤਾ ਹੈ। ਭਰਾਤਰੀ ਪਿੰਡ ਦੇ ਸਾਮੂਹਿਕ ਸੰਗਠਨ ਨੂੰ ਜਿੱਥੇ ਪਹਿਲਾਂ ਮਾਰਕਸ ਨੇ ਪੂਰਬੀ ਤਾਨਾਸ਼ਾਹੀ ਮੰਨਿਆ ਸੀ ਆਪਣੇ ਦੂਜੇ ਰੂਪ ਵਿਚ ਉਹ ਇਸ ਨੂੰ ਲੋਕਤੰਤਰੀ ਸੰਭਾਵਨਾ ਵਾਲਾ ਵੀ ਮੰਨਦਾ ਹੈ। ਭਾਰਤੀ ਪਿੰਡ ਦੇ ਸੰਗਠਨ ਨੂੰ 'ਪੂਰਬੀ ਤਾਨਾਸ਼ਾਹੀ' ਮੰਨਣ ਨਾਲ ਮਾਰਕਸ ਨੂੰ ਪੱਛਮੀ ਬਸਤੀਵਾਦ ਦੇ ਦਖਲ ਨੂੰ ਵੀ ਪ੍ਰਗਤੀਸ਼ੀਲ ਮੰਨਣਾ ਪਿਆ। ਐਡਵਰਡ ਸੱਯਦ ਨੇ ਆਪਣੀਆਂ ਲਿਖਤਾਂ ਵਿਚ ਮਾਰਕਸ ਦੀ ਇਸ ਧਾਰਨਾ ਨੂੰ ਪੂਰਬ ਵਿਰੋਧੀ ਅਤੇ ਬਸਤੀ ਮੁਖੀ ਹੀ ਕਰਾਰ ਦਿੱਤਾ ਹੈ। ਮਾਰਕਸ ਨੇ ਆਪਣੇ ਚਿੰਤਨ ਨੂੰ ਅੱਗੇ ਤੋਰਿਆ ਅਤੇ ਭਾਰਤੀ ਪਿੰਡ ਦੇ ਸੰਗਠਨ ਨੂੰ ਪੂੰਜੀਵਾਦ ਦੇ ਬਦਲ ਲੱਭਣ ਦੀ ਆਪਣੀ ਜਗਿਆਸਾ ਨਾਲ ਜੋੜਿਆ। ਸਾਧਾਰਨ ਅਰਥਾਂ ਵਿਚ ਭਾਰਤੀ ਪਿੰਡ ਦਾ ਸਾਮੂਹਿਕ ਪ੍ਰਬੰਧ ਪੂੰਜੀਵਾਦ ਲਈ ਬਦਲ ਲੱਭਣ ਵਾਲੇ ਯਤਨ ਨੂੰ ਵੀ ਉਤਸ਼ਾਹਿਤ ਕਰਦਾ ਹੈ ਅਤੇ ਨਵੀਂ ਧਾਰਨਾ ਵੱਲ ਲੈ ਜਾਂਦਾ ਹੈ।



ਭਾਰਤ ਵਿਚ ਪਿੰਡ ਦੇ ਸੰਗਠਨ ਜਾਂ ਪ੍ਰਬੰਧ ਨੂੰ ਸੰਭਾਵੀ ਇਕਾਈ ਵਜੋਂ ਵੀ ਦੇਖਿਆ ਗਿਆ ਹੈ। ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਹਮਾਯੂੰ ਕਬੀਰ ਇਸ ਮੁੱਢਲੇ ਲੋਕਤੰਤਰ ਨੂੰ ਹੀ ਭਵਿੱਖਮੁਖੀ ਰੂਪ ਵਿਚ ਦੇਖਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਬਸਤੀਵਾਦੀ ਦਖਲ ਤੋਂ ਬਿਨਾਂ ਇਸ ਲੋਕਤੰਤਰੀ ਇਕਾਈ ਦਾ ਵੱਡਾ ਵਿਕਾਸ ਕੀਤਾ ਜਾ ਸਕਦਾ ਸੀ। ਜੇ ਬਸਤੀਵਾਦੀ ਦਖਲ ਨਾ ਹੁੰਦਾ ਤਾਂ ਭਾਰਤ ਆਪਣਾ ਲੋਕਤੰਤਰ ਵੀ ਵਿਕਸਿਤ ਕਰ ਸਕਦਾ ਸੀ। ਇਨ੍ਹਾਂ ਭਾਰਤੀ ਚਿੰਤਕਾਂ ਦੀ ਇਹ ਧਾਰਨਾ ਵਿਵਾਦ ਦਾ ਮਸਲਾ ਹੈ। ਇਸ 'ਤੇ ਸੰਮਤੀ ਹੋਣੀ ਸੌਖੀ ਨਹੀਂ। ਮਾਰਕਸ ਨੇ 1857 ਦੇ ਗਦਰ ਨੂੰ ਵੀ ਹਾਂ-ਪੱਖੀ ਮੰਨਿਆ। ਉਸ ਦਾ ਵਿਚਾਰ ਸੀ ਕਿ ਇਹ 'ਸਿਪਾਹੀ ਗਦਰ' ਸੁਤੰਤਰਤਾ ਲਈ ਚੱਲੀ ਲਹਿਰ ਸੀ, ਬਸਤੀਵਾਦ ਦਾ ਵਿਰੋਧ ਸੀ। ਜੇ ਮਾਰਕਸ ਨੇ ਬਸਤੀਵਾਦੀ ਦਖਲ ਨੂੰ ਹੀ ਭਾਰਤ ਦੀ ਮੁਕਤੀ ਦਾ ਮਾਧਿਅਮ ਹੀ ਸਮਝਣ ਤਕ ਸੀਮਿਤ ਰਹਿੰਦਾ ਤਾਂ ਉਸ ਨੇ ਗਦਰ ਨੂੰ ਹਾਂ-ਪੱਖੀ ਨਹੀਂ ਸਵੀਕਾਰ ਕਰਨਾ ਸੀ। ਅਜੇ ਤੱਕ 1857 ਦੇ ਗਦਰ ਬਾਰੇ ਵੀ ਭਾਰਤ ਵਿਚ ਸੰਮਤੀ ਨਹੀਂ। ਪੰਜਾਬ ਦੇ ਇਤਿਹਾਸਕਾਰ ਡਾ. ਗੰਡਾ ਸਿੰਘ ਦੀ ਧਾਰਨਾ ਅਨੁਸਾਰ ਇਹ ਸਿਪਾਹੀਆਂ ਦਾ ਗਦਰ ਸੀ ਜਿਸ ਵਿਚ ਸਿੱਖ ਰਾਜ ਵਿਰੁੱਧ ਲੜਨ ਵਾਲੇ 'ਪੂਰਬ ਦੇ' ਸ਼ਾਮਲ ਸਨ, ਇਸ ਲਈ ਪੰਜਾਬ ਵੱਲੋਂ ਇਸ ਦੀ ਭਰਪੂਰ ਹਮਾਇਤ ਨਹੀਂ ਕੀਤੀ ਗਈ। ਸਿੱਖ ਰਾਜ ਦੇ ਸਿਪਾਹੀਆਂ ਨੇ ਪੂਰਬੀਆਂ ਦਾ ਵਿਰੋਧ ਕੀਤਾ।

ਪੂਰੇ ਸ੍ਰੋਤ ਪ੍ਰਾਪਤ ਨਾ ਹੋਣ ਕਾਰਨ ਮਾਰਕਸ ਪੰਜਾਬ ਵੱਲ ਪੂਰਾ ਧਿਆਨ ਨਾ ਦੇ ਸਕਿਆ ਪਰ ਦੂਜੇ ਰੂਪ ਵਿਚ ਉਸਾਰੇ ਮਾਡਲ ਅਨੁਸਾਰ, ਪੰਜਾਬ ਵੀ ਇਕ ਦਖਲ ਸੀ, ਅੰਦਰਲੀ ਤਾਨਾਸ਼ਾਹੀ ਦਾ ਵਿਰੋਧ ਸੀ ਜਿਸ ਨੂੰ ਮਾਰਕਸ 'ਪੂਰਬੀ ਤਾਨਾਸ਼ਾਹੀ' ਕਹਿੰਦਾ ਹੈ, ਜਿਸ ਨੇ ਪੂਰੇ ਭਾਰਤ ਦਾ ਆਰਥਿਕ, ਬੌਧਿਕ ਅਤੇ ਰਾਜਸੀ ਵਿਕਾਸ ਰੋਕਿਆ ਹੋਇਆ ਸੀ। ਪੰਜਾਬ ਦਾ ਸਿੱਖ ਇਨਕਲਾਬ ਉਸ ਅੰਦਰਲੀ ਤਾਨਾਸ਼ਾਹੀ ਨੂੰ ਤੋੜ ਭੰਨ ਰਿਹਾ ਸੀ। ਤੋੜ ਭੰਨ ਦਾ ਇਹ ਕੰਮ ਪਹਿਲਾਂ 'ਗੁਰਬਾਣੀ' ਰਾਹੀਂ ਸਿਧਾਂਤਕ ਪੱਧਰ 'ਤੇ ਹੋਇਆ ਅਤੇ ਪਿੱਛੋਂ ਕ੍ਰਾਂਤੀਕਾਰੀ ਅਭਿਆਨ ਦੀ ਪੱਧਰ 'ਤੇ। ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਅਭਿਆਨ ਨੂੰ ਸੰਪੂਰਨਤਾ ਦਿੱਤੀ। ਇੱਥੇ ਕਿਉਂਕਿ ਯੂਰਪੀ ਪ੍ਰਕਾਰ ਦਾ ਮੱਧ ਵਰਗ ਜਾਂ ਦਸਤਕਾਰੀ ਇਨਕਲਾਬ ਦੀ ਸੰਭਾਵਨਾ ਵਾਲਾ ਵਰਗ ਮੌਜੂਦ ਨਹੀਂ ਸੀ, ਇਸ ਲਈ ਕ੍ਰਾਂਤੀਕਾਰੀ ਅਭਿਆਸ ਨੂੰ ਬਹੁਤ ਅੱਗੇ ਨਾ ਲੈ ਜਾਇਆ ਜਾ ਸਕਿਆ। ਜਿਸ ਵੱਡੇ ਪ੍ਰਤੀਕ ਨੇ ਬਲਵਾਨ ਸਿਧਾਂਤਕ ਤੋੜ-ਭੰਨ ਕੀਤੀ, ਉਹ ਸੀ 'ਵਾਹਿਗੁਰੂ'। ਵਾਹਿਗੁਰੂ ਧਰਮੀ ਨਹੀਂ, ਉਹ ਵਚਿੱਤਰਤਾ ਦਾ ਗੁਰੂ ਹੈ, ਆਨੰਦ ਦਿੰਦਾ ਹੈ, ਆਪਣੀ ਵਿਲੱਖਣਤਾ ਮੁਖੀ ਅਤੇ ਅਜਬ ਸਿਰਜਣਾ ਨੂੰ ਪਿਆਰ ਕਰਦਾ ਹੈ।

ਵਾਹਿਗੁਰੂ ਵਚਨਬੱਧ ਆਸ਼ਕ ਹੈ ਜੋ ਆਪਣੀ ਲੋਕਾਈ ਨੂੰ ਸਿਹਤਮੰਦ ਅਤੇ ਨਿਰਭੈ ਬਣਾਉਂਦਾ ਹੈ, ਹਰ ਪੱਧਰ 'ਤੇ ਕਾਇਮ ਰੱਖਦਾ ਹੈ ਅਤੇ ਸਤਿਕਾਰ ਕਰਕੇ ਪ੍ਰੇਰਿਤ ਕਰਦਾ ਹੈ। ਵਾਹਿਗੁਰੂ ਦਾ ਪ੍ਰਤੀਕ 'ਬਾਦਸ਼ਾਹ' ਜਾਂ 'ਤਾਨਾਸ਼ਾਹੀ' ਸੁਲਤਾਨ ਦਾ ਭਰਪੂਰ ਵਿਰੋਧ ਕਰਦਾ ਹੈ। ਏਕਤਾ ਅਤੇ ਅਨੇਕਤਾ ਇਸ ਪ੍ਰਤੀਕ ਦੇ ਵੱਡੇ ਲੱਛਣ ਹਨ। ਇਸ ਪ੍ਰਤੀਕ ਦੀ ਰਚਨਾ ਵੀ ਪਿੰਡ ਦੀ ਏਕਤਾ ਅਤੇ ਅਨੇਕਤਾ 'ਤੇ ਹੀ ਆਧਾਰਿਤ ਹੈ। ਇਹ ਇਕ ਪਾਸਾਰੀ ਨਹੀਂ।

ਇਹ ਪ੍ਰਤੀਕ ਗ਼ੈਰ-ਤਾਨਾਸ਼ਾਹੀ, ਵਚਿੱਤਰਤਾ ਪ੍ਰਧਾਨ ਲੋਕਤੰਤਰ ਉਸਾਰਨ ਦੀ ਸੰਭਾਵਨਾ ਨਾਲ ਭਰਪੂਰ ਸੀ। ਇਸ ਨੂੰ ਤਾਨਾਸ਼ਾਹੀ ਰੱਬ ਜਾਂ

(ਬਾਕੀ ਸਫਾ 37 'ਤੇ)

# ਹਿਟਲਰ-ਗੋਬਲਜ਼ ਦੀ ਵਿਰਾਸਤ ਤੇ ਕਾਟਿਆਂ ਦੀ ਨਾਬਰੀ


## ਸਵਾਲ ਸੰਵਾਦ



ਦਲਜੀਤ ਅਮੀ

ਫੋਨ:+91-97811-21873


*ਪੰਜਾਬ ਦੀਆਂ ਫ਼ਿਲਮਾਂ ਅਤੇ ਗਾਇਕੀ ਰਾਹੀਂ ਪ੍ਰਚਾਰੀ ਜਾ ਰਹੀ ਜੀਵਨ ਸ਼ੈਲੀ ਦਾ ਮਨੁੱਖ ਵਿਚੋਂ ਸੁਹਜ, ਸੂਝ ਅਤੇ ਸੁਰਤ ਮਨਫ਼ੀ ਕਰਨ ਨਾਲ ਸਿੱਧਾ ਰਿਸ਼ਤਾ ਬਣਦਾ ਹੈ। ਇਸ ਵੇਲੇ ਇਸ ਗੱਲ ਕੀਤੀ ਜਾਣੀ ਚਾਹੀਦੀ ਹੈ ਕਿ ਕਰਤਾਰ ਸਿੰਘ ਸਰਾਭਾ ਦੀ ਪਛਾਣ ਉਸ ਦੀ ਪੱਤਰਕਾਰੀ ਅਤੇ ਪੜ੍ਹਾਈ ਨਾਲ ਬਣੀ ਸੀ। ਉਸ ਦੇ ਸਿਆਸੀ ਜੀਵਨ ਦਾ ਵੱਡਾ ਹਿੱਸਾ ਪੱਤਰਕਾਰੀ, ਪ੍ਰਚਾਰ ਅਤੇ ਜੇਲ੍ਹ ਵਿਚ ਗੁਜ਼ਰਿਆ। ਉਸ ਨੂੰ ਪਿਸਤੌਲ ਤੱਕ ਮਹਿਦੂਦ ਕਰਨਾ ਸਾਡੇ ਇਤਿਹਾਸ ਨਾਲ ਧਰੋਹ ਹੈ ਜੋ ਮੌਜੂਦਾ ਦੌਰ ਦੀ ਸਿਆਸਤ ਨਾਲ ਜੁੜਦਾ ਹੈ। 'ਮਰਨੋਂ ਮੂਲ ਨਾ ਡਰਨ ਵਾਲੇ ਅਤਿ ਦੇ ਸ਼ਿਕਾਰੀਆਂ' ਦਾ ਬਾਬੇ ਨਾਨਕ ਦੀ ਸੰਵਾਦ ਦੀ ਰਵਾਇਤ ਨਾਲ ਕੀ ਰਿਸ਼ਤਾ ਹੋ ਸਕਦਾ ਹੈ? ਵਿਵੇਕ ਦਾਨ, ਵਿਸਾਹ ਦਾਨ ਅਤੇ ਭਰੋਸਾ ਦਾਨ ਲਈ ਕੀਤੀ ਅਰਦਾਸ ਨਾਲ 'ਹਿਟਲਰ' ਦਾ ਕੀ ਰਾਬਤਾ ਹੋ ਸਕਦਾ ਹੈ? ਨਿਓਟਿਆਂ ਦੀ ਓਟ, ਨਿਆਸਰਿਆਂ ਦਾ ਆਸਰਾ ਅਤੇ ਨਿਤਾਣਿਆਂ ਦਾ ਤਾਣ ਬਣਨ ਦਾ ਆਸ਼ੇ ਦਾ ਤਸ਼ੱਦਦ ਨਾਲ ਕੋਈ ਰਿਸ਼ਤਾ ਹੋ ਸਕਦਾ ਹੈ?*

ਜ਼ੀ ਟੈਲੀਵਿਜ਼ਨ ਦਾ ਲੜੀਵਾਰ 'ਹਿਟਲਰ ਦੀਦੀ' ਆਪਣੇ ਨਾਮ ਕਾਰਨ ਵਿਵਾਦ ਦਾ ਸਬੱਬ ਬਣਿਆ ਹੈ। ਅਮਰੀਕਾ ਵਿਚ ਸਰਗਰਮ ਐਂਟੀ-ਡੈਫ਼ੇਮੇਸ਼ਨ ਲੀਗ (ਏ.ਡੀ.ਐਲ.) ਦੇ ਨਿਰਦੇਸ਼ਕ ਅਬਰਾਹਿਮ ਫੌਕਸਮੈਨ ਨੇ ਚੈਨਲ ਦੇ ਮੁੱਖ ਅਧਿਕਾਰੀ ਪੁਨੀਤ ਗੋਇਨਕਾ ਅਤੇ ਚੇਅਰਮੈਨ ਸੁਭਾਸ਼ ਚੰਦਰਾ ਨੂੰ ਚਿੱਠੀ ਲਿਖੀ ਹੈ ਕਿ ਹਿਟਲਰ ਵਰਗਾ ਨਾਮ ਕਿਸੇ ਘਰੇਲੂ ਲੜੀਵਾਰ ਨੂੰ ਸੋਭਦਾ ਨਹੀਂ। ਉਨ੍ਹਾਂ ਚਿੱਠੀ ਵਿਚ ਲਿਖਿਆ ਹੈ, "ਹਿਟਲਰ ਸ਼ਬਦ ਕਿਸੇ ਟੈਲੀਵਿਜ਼ਨ ਚੈਨਲ ਦੇ ਸੋਪ ਓਪੇਰਾ ਦੇ ਨਾਮ ਵਜੋਂ ਢੁਕਵਾਂ ਨਹੀਂ ਹੈ। ਅਜਿਹਾ ਨਾਮ ਰੱਖ ਕੇ ਨਿਰਮਾਤਾ ਨੇ ਵੱਡੀ ਗ਼ਲਤੀ ਕੀਤੀ ਹੈ ਜਿਸ ਨੂੰ ਨਾਮ ਬਦਲ ਕੇ ਸੁਧਾਰਿਆ ਜਾ ਸਕਦਾ ਹੈ। ਹਿਟਰਲ ਸਾਮੀ ਨਸਲ ਵਿਰੋਧੀ ਹੋਣ ਦੇ ਨਾਲ ਮੂਲਵਾਦੀ ਤਾਨਾਸ਼ਾਹ ਸੀ ਜਿਸ ਨੇ ਯਹੂਦੀਆਂ ਨੂੰ ਯੂਰਪ ਵਿਚੋਂ ਖ਼ਤਮ ਕਰਨ ਲਈ ਭਿਆਨਕ ਕਤਲੇਆਮ ਕੀਤਾ। ਹਿਟਲਰ ਦੇ ਨਾਮ ਵਾਲੇ ਲੜੀਵਾਰ ਨੂੰ ਲੱਖਾਂ ਭਾਰਤੀ ਦਰਸ਼ਕਾਂ ਨੂੰ ਦਿਖਾਉਣਾ ਕਿਸੇ ਸਦਮੇ ਤੋਂ ਘੱਟ ਨਹੀਂ ਹੈ। ਇਹ ਨਾਜ਼ੀ ਕਤਲੇਆਮ ਨਾਲ ਜੁੜੇ ਕਾਤਲ ਦੇ ਨਾਮ ਨੂੰ ਛੁਟਿਆਉਣ ਵਾਲੀ ਗੱਲ ਹੈ। ਸਾਨੂੰ ਹਿਟਲਰ ਦਾ ਨਾਮ ਬੇਮਿਸਾਲ ਖਲਨਾਇਕ ਵਜੋਂ ਰਾਖਵਾਂ ਰੱਖਣਾ ਚਾਹੀਦਾ ਹੈ। ਟੈਲੀਵਿਜ਼ਨ ਲੜੀਵਾਰ ਦਾ ਨਾਮ ਉਸ ਦੇ ਨਾਮ ਉੱਤੇ ਰੱਖ ਕੇ ਹਿਟਲਰ ਤੇ ਕਤਲੇਆਮ ਦੀ ਵਿਰਾਸਤ ਨੂੰ ਛੁਟਿਆਇਆ ਨਹੀਂ ਜਾਣਾ ਚਾਹੀਦਾ।"

ਛੇ ਜਣਿਆਂ ਦੇ ਟੱਬਰ ਦਾ ਢਿੱਡ ਭਰਨ ਲਈ ਚੱਤੇਪਹਿਰ ਰੁਝੀ, ਨਾਖ਼ੁਸ਼ਗਵਾਰ ਯਾਦਾਂ ਵਿਚ ਘਿਰੀ ਅਤੇ ਬਾਕੀਆਂ ਦੀਆਂ ਜ਼ਰੂਰਤਾਂ ਦਾ ਧਿਆਨ ਰੱਖਣ ਵਾਲੀ ਬੀਬੀ ਨੂੰ ਹਿਟਲਰ ਕਹਿਣਾ ਤਾਂ ਗ਼ਲਤ ਹੈ। ਲੜੀਵਾਰ ਵਿਚ ਕਿਰਦਾਰ ਦਾ ਰੁਖ਼ ਜਾਂ ਖ਼ਾਸਾ ਬਦਲਣ ਨੂੰ ਸਮਾਂ ਨਹੀਂ ਲੱਗਦਾ ਪਰ ਪਿਛਲੀ ਸਦੀ ਦੇ ਇਤਿਹਾਸ ਨੂੰ ਮਨੁੱਖੀ ਖ਼ੂਨ ਅਤੇ ਖਾਲਸ ਨਸਲ ਵਰਗੀਆਂ ਧਾਰਨਾਵਾਂ ਨਾਲ ਪਲੀਤ ਕਰਨ ਵਾਲੇ ਬੰਦਾ ਦਾ ਨਾਮ ਇਸ ਤਰ੍ਹਾਂ ਵਰਤਣ ਦੀ ਇਹ ਵਿੱਕੋਲਿਤਰੀ ਮਿਸਾਲ ਨਹੀਂ ਹੈ। ਇਸ ਰੁਝਾਨ ਦੀ ਸੰਜੀਦਾ ਨਜ਼ਰਸਾਨੀ ਤੋਂ ਪਹਿਲਾਂ ਕੁਝ ਗੱਲਾਂ ਏ.ਡੀ.ਐਲ. ਬਾਬਤ ਕਰਨੀਆਂ ਬਣਦੀਆਂ ਹਨ। ਇਸ ਜਥੇਬੰਦੀ ਦੀ ਵੈਬਸਾਇਟ ਮੁਤਾਬਕ 'ਯਹੂਦੀਆਂ ਖ਼ਿਲਾਫ਼ ਪ੍ਰਚਾਰ ਰੋਕਣ, ਇਨਸਾਫ਼ ਅਤੇ ਸਭ ਨਾਲ ਇਕੋ-ਜਿਹਾ ਵਰਤਾਅ ਯਕੀਨੀ ਬਣਾਉਣ ਲਈ' 1913 ਵਿਚ ਇਹ ਜਥੇਬੰਦੀ ਬਣਾਈ ਗਈ ਸੀ। ਹੁਣ ਇਸ ਜਥੇਬੰਦੀ ਦੇ ਆਲਮੀ ਪੱਧਰ ਉੱਤੇ ਤੀਹ ਦਫ਼ਤਰ ਹਨ ਅਤੇ ਇਸ ਨੂੰ ਇਸਰਾਈਲ ਅਤੇ ਯਹੂਦੀਆਂ ਦੀ ਅਲੰਬਰਦਾਰ ਮੰਨਿਆ ਜਾਂਦਾ ਹੈ। ਇਸ ਵੇਲੇ ਇਹ ਸੰਸਥਾ ਯਹੂਦੀਆਂ ਦੇ ਪੈਂਤੜੇ ਤੋਂ ਅਤਿਵਾਦ ਅਤੇ ਬੁਨਿਆਦਪ੍ਰਸਤੀ ਬਾਬਤ ਸਮਝ ਉਸਾਰਨ ਲਈ ਸਰਗਰਮ ਹੈ। ਇਹ 'ਇਸਰਾਈਲ ਅਤੇ ਯਹੂਦੀ ਆਲਮ ਦੀ ਸੁਰੱਖਿਆ' ਨੂੰ ਬੁਲੰਦ ਕਰਦੀ ਹੈ। ਪਿਛਲੇ ਦਿਨੀਂ ਸਪੈਨਿਸ਼ ਬੋਲੀ ਦੇ ਲਾਤੀਨੀ ਅਮਰੀਕੀ ਸੰਪਾਦਕਾਂ, ਪ੍ਰਕਾਸ਼ਕਾਂ, ਅਤੇ ਨਿਰਮਾਤਾਵਾਂ ਦਾ ਵਫ਼ਦ ਅੱਠ ਦਿਨ ਲਈ ਇਸ ਸੰਸਥਾ ਦੇ ਉਦਮ ਨਾਲ ਇਸਰਾਈਲ ਗਿਆ ਤਾਂ ਜੋ ਉਨ੍ਹਾਂ ਨੂੰ ਸੱਭਿਆਚਾਰ, ਸਮਾਜ, ਸਿਆਸਤ ਅਤੇ ਫਲਸਤੀਨ ਨਾਲ ਚਲਦੇ ਕਲੇਸ਼ ਦੀ ਸਮਝ ਆ ਸਕੇ। ਇਸ ਮੁਹਿੰਮ ਦਾ ਵਧੇਰੇ ਸਮਝ ਅਬਰਾਹਿਮ ਫੌਕਸਮੈਨ ਦੇ ਬਿਆਨ ਤੋਂ ਪੈਂਦੀ ਹੈ, "ਉੱਤਰੀ ਅਤੇ ਲਾਤੀਨੀ ਅਮਰੀਕਾ ਵਿਚ ਜਾਣਕਾਰੀ ਦੇ ਪਸਾਰੇ ਅਤੇ ਵਿਚਾਰ ਵਟਾਂਦਰੇ ਉੱਤੇ ਸਪੈਨਿਸ਼ ਮੀਡੀਆ ਅਸਰਅੰਦਾਜ਼ ਹੁੰਦਾ ਹੈ। ਇਹ ਇਸਰਾਈਲ ਅਤੇ ਇਸ ਦੇ ਨਾਲ ਲਗਦੇ ਖ਼ਿੱਤੇ ਬਾਬਤ ਸਮਝ ਉਸਾਰਨ ਦਾ ਅਹਿਮ ਜ਼ਰੀਆ ਹੈ।" ਇਸ ਵਫ਼ਦ ਦੇ ਪੱਤਰਕਾਰਾਂ ਨੂੰ ਇਸਰਾਈਲੀ ਪੁਲਿਸ ਦੇ ਬੁਲਾਰੇ ਨੇ ਹਾਲਾਤ ਸਮਝਾਏ ਅਤੇ ਹੈਲੀਕਾਪਰਾਂ ਵਿਚ ਇਲਾਕਾ ਦਿਖਾਇਆ।

ਅਜਿਹੇ ਹੈਲੀਕਾਪਟਰ ਦੌਰਿਆਂ ਤੋਂ ਬਾਅਦ ਪੱਤਰਕਾਰਾਂ ਜਾਂ ਅਖ਼ਬਾਰਾਂ ਦੇ ਪੈਂਤੜੇ ਬਦਲਣ ਦੀ ਅਨੇਕਾਂ ਮਿਸਾਲਾਂ ਹਨ। ਸੰਨ 1982 ਵਿਚ ਇਸਰਾਈਲ ਦੇ ਲਿਬਨਾਨ ਉੱਤੇ ਹਮਲੇ ਦਾ ਵਿਰੋਧ ਕਰਨ ਵਾਲੇ ਰੁਪਰਟ ਮਰਡੌਕ ਅਤੇ ਚਾਰਲਸ ਡਗਲਜ਼ ਦੇ ਇਸਰਾਈਲੀ ਹੈਲੀਕਾਪਟਰ ਵਿਚ ਝੂਟਾ ਲੈਣ ਤੋਂ ਬਾਅਦ ਬਦਲਦੇ ਪੈਂਤੜੇ ਦੀ ਗਵਾਹੀ ਉਨ੍ਹਾਂ ਨਾਲ 'ਟਾਈਮਜ਼' ਵਿਚ ਕੰਮ ਕਰਨ ਵਾਲਾ ਰੌਬਰਟ ਫਿਸਕ ਪਾਉਂਦਾ ਹੈ। ਇਸਰਾਈਲ ਦੇ ਹਮਲਾਵਰ ਰੁਖ਼ ਦੀ ਵਕਾਲਤ ਕਰਨ ਲਈ ਅਜਿਹੀਆਂ ਮੁਹਿੰਮਾਂ ਖ਼ੁਫ਼ੀਆ ਏਜੰਸੀ ਮਸਾਦ ਤੋਂ ਲੈ ਕੇ ਗ਼ੈਰ-ਸਰਕਾਰੀ ਜਥੇਬੰਦੀਆਂ ਤੱਕ ਚਲਾਉਂਦੀਆਂ ਹਨ। ਇਨ੍ਹਾਂ ਮੁਹਿੰਮਾਂ ਦੇ ਨਤੀਜੇ ਵਜੋਂ ਇਸਰਾਈਲੀ ਵਧੀਕੀਆਂ ਖ਼ਿਲਾਫ਼ ਸੰਯੁਕਤ ਰਾਸ਼ਟਰ ਵਿਚ ਬਹੁਗਿਣਤੀ ਦੇ ਬਾਵਜੂਦ ਮਤਾ ਪ੍ਰਵਾਨ ਨਹੀਂ ਹੁੰਦਾ। ਅਮਰੀਕੀ ਵਿਦੇਸ਼ ਨੀਤੀ ਵਿਚ ਇਸਰਾਈਲੀ ਦਖ਼ਲ ਅਤੇ ਅਰਥਚਾਰੇ ਵਿਚ ਯਹੂਦੀਆਂ ਦੀ ਹਿੱਸੇਦਾਰੀ ਦੇ ਚਰਚੇ ਆਮ ਹਨ। ਜਿਸ ਹਿਟਲਰ ਦੇ ਖ਼ੌਫ਼ ਨਾਲ ਉਹ ਆਪਣੀ ਹਰ ਕਾਰਵਾਈ ਨੂੰ ਜਾਇਜ਼ ਕਰਾਰ ਦਿੰਦੇ ਹਨ, ਉਸੇ ਦੀ ਅਮਲ ਵਿਚ ਨਕਲ ਕਰਦੇ ਹਨ। ਜੋ ਕੁਝ ਖਾਲਸ ਨਸਲ ਦੇ ਨਾਮ ਉੱਤੇ ਹਿਟਲਰ ਨੇ ਕੀਤਾ ਹੈ, ਉਸੇ ਦੀ ਲਗਾਤਾਰਤਾ ਵਿਚ ਇਸਰਾਈਲੀ-ਅਮਰੀਕੀ ਵਿਦੇਸ਼ ਨੀਤੀਆਂ ਅਤੇ ਜੰਗੀ ਮੁਹਿੰਮਾਂ ਨੂੰ ਵੇਖਿਆ ਜਾ ਸਕਦਾ ਹੈ। ਇਨ੍ਹਾਂ ਨੇ ਹਿਟਲਰ ਦੀ ਖ਼ੂਖ਼ਾਰ ਦੌਰ ਨੂੰ 'ਯਹੂਦੀ ਕਤਲੇਆਮ' ਤੱਕ ਮਹਿਦੂਦ ਕਰ ਦਿੱਤਾ ਹੈ। ਹਿਟਲਰ ਦਾ ਸਭ ਤੋਂ ਪਹਿਲਾਂ ਨਿਸ਼ਾਨਾ ਕਮਿਊਨਿਸਟ ਬਣੇ। ਬਾਅਦ ਵਿਚ ਯਹੂਦੀਆਂ ਦੇ ਨਾਲ ਉਸ ਨੇ ਹਰ ਤਰ੍ਹਾਂ ਦੇ ਜਥੇਬੰਦ ਜੁੱਟ ਨੂੰ ਨਿਸ਼ਾਨਾ ਬਣਾਇਆ। ਜਰਮਨ ਅਤੇ ਪੂਰਬੀ ਯੂਰਪੀ ਕਮਿਊਨਿਸਟਾਂ ਦਾ ਕਤਲੇਆਮ ਨਜ਼ਰਅੰਦਾਜ਼ ਅਮਰੀਕੀ ਧੜੇ ਦੇ ਨਾਲ ਸੋਵੀਅਤ ਯੂਨੀਅਨ ਨੂੰ ਸੂਤ ਬੈਠਦਾ ਸੀ। ਸੋਵੀਅਤ ਯੂਨੀਅਨ ਦਾ ਇਕ ਵੇਲੇ ਹਿਟਲਰ ਨਾਲ ਸਮਝੌਤਾ ਹੋਇਆ ਤਾਂ ਉਸ ਦਾ ਜਰਮਨ ਤੇ ਹੋਰ ਯੂਰਪੀ ਕਮਿਊਨਿਸਟਾਂ ਨਾਲੋਂ ਟੁੱਟਣਾ ਲਾਜ਼ਮੀ ਸੀ। ਅਮਰੀਕਾ ਨੂੰ ਹਰ ਤਰ੍ਹਾਂ ਦੇ ਕਮਿਊਨਿਸਟ ਨਾਮਨਜ਼ੂਰ ਸਨ। ਯਹੂਦੀਆਂ ਨੂੰ ਇਸਰਾਈਲ ਬਣਾਉਣ ਅਤੇ 'ਕਤਲੇਆਮ ਦਾ ਪੀੜਾ' ਨੂੰ ਜੁੱਟ ਵਿਚ ਤਬਦੀਲ ਕਰਨ ਲਈ ਕਮਿਊਨਿਸਟ ਯਹੂਦੀਆਂ ਵਾਲੀ ਪਛਾਣ ਔਕੜ ਜਾਪਦੀ ਸੀ। ਇਸ ਪੇਚੀਦਗੀ ਦੀ ਲਗਾਤਾਰਤਾ ਹੁਣ ਤੱਕ ਕਾਇਮ ਹੈ। ਬੁਨਿਆਦਪ੍ਰਸਤੀ ਖ਼ਿਲਾਫ਼ ਲੜਾਈ ਦੇ ਨਾਮ ਉੱਤੇ ਇਸਰਾਈਲੀ ਨੇ ਯਹੂਦੀ ਬੁਨਿਆਦਪ੍ਰਸਤੀ ਫੈਲਾਉਣ ਲਈ ਹਰ ਹਰਵਾ ਵਰਤਿਆ ਹੈ। ਇਸੇ ਤਰ੍ਹਾਂ ਅਮਰੀਕਾ ਪੂਰੀ ਦੁਨੀਆ ਵਿਚ 'ਜਮਹੂਰੀਅਤ' ਦੇ ਪਸਾਰੇ ਲਈ ਹਰ ਦਾਅ ਵਰਤ ਰਿਹਾ ਹੈ।

ਜੇ ਇਸ ਰੁਝਾਨ ਦੀ ਵੰਨ-ਸਵੰਨਤਾ ਨੂੰ ਕੁਝ ਨੁਕਤਿਆਂ ਵਿਚ ਸਮਝਣਾ ਹੋਵੇ ਤਾਂ ਅਮਰੀਕੀ ਕਾਰਪੋਰੇਟ, ਯਹੂਦੀ ਸੁਰੱਖਿਆ, ਤਾਲਿਬਾਨੀ ਸ਼ਰੀਅਤ ਅਤੇ ਆਲਮੀ ਸੱਭਿਆਚਾਰਕ ਪੇਸ਼ਕਾਰੀਆਂ ਦੀਆਂ ਸਾਂਝੀਆਂ ਤੰਦਾਂ ਉਜਾਗਰ ਹੁੰਦੀਆਂ ਹਨ। ਮੂਲ ਰੂਪ ਵਿਚ ਦੋਸਤੀਆਂ-ਦੁਸ਼ਮਣੀਆਂ ਸਮੇਤ ਇਹ ਸਾਰਾ ਰੁਝਾਨ ਖਾਲਸ ਨਸਲ ਜਾਂ ਸੋਚ ਦਾ ਆਲਮ ਉਸਾਰਨ ਦੀ ਵਕਾਲਤ ਕਰਦਾ ਹੈ। ਮਨੁੱਖੀ ਵੰਨ-ਸਵੰਨਤਾ ਨੂੰ ਖ਼ਤਮ ਕਰਕੇ ਆਪਣੀ ਪਸੰਦ ਦਾ ਆਲਮ ਉਸਾਰਨ ਵਾਲਿਆਂ ਵਿਚ ਚੋਖੀ ਵੰਨ-ਸਵੰਨਤਾ ਹੈ। ਬਸਤਾਨੀ ਮੁਕਾਬਲੇ ਦੀ ਤਰਜ਼ ਉੱਤੇ ਮੂਲਵਾਦੀਆਂ ਦਾ ਮੁਕਾਬਲਾ ਚੱਲ ਰਿਹਾ ਹੈ। ਕਦੇ ਭਾਰਤ ਦੀ ਸਰਜ਼ਮੀਨ ਉੱਤੇ ਫਰਾਂਸੀਸੀ, ਡਚ, ਬਰਤਾਨਵੀ ਅਤੇ ਪੁਰਤਗਾਲੀ ਬਸਤਾਨ ਨੇ ਆਪਸੀ ਜੰਗਾਂ ਲੜੀਆਂ ਸਨ। ਹੁਣ ਮਨੁੱਖ ਦੇ ਪਿੰਡੇ ਉੱਤੇ ਉਸ ਨੂੰ ਸੀਲ ਕਰਨ ਦੀ ਜੰਗ ਚੱਲ ਰਹੀ ਹੈ। ਆਪਣਾ ਬੁਨਿਆਦੀ ਮਸਲਾ ਇਸ ਰੁਝਾਨ ਦੀ ਸੱਭਿਆਚਾਰਕ ਪੇਸ਼ਕਾਰੀਆਂ ਵਿਚ ਹੁੰਦੀ ਨੁਮਾਇੰਦਗੀ ਦੀ ਨਿਸ਼ਾਨਦੇਹੀ ਕਰਨਾ ਹੈ।

'ਹਿਟਲਰ ਦੀਦੀ' ਦੇ ਪੱਖ ਵਿਚ ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਇਹ ਪਰਿਵਾਰਕ ਕਦਰਾਂ-ਕੀਮਤਾਂ ਨੂੰ ਖ਼ਤਮ ਕਰਨ ਵਾਲੀ ਮੰਡੀ ਦੀ ਨੁਮਾਇੰਦਗੀ ਕਰਦਾ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਨਾਮ ਜ਼ਿਆਦਾ ਸੋਚ-ਸਮਝ ਕੇ ਨਹੀਂ ਰੱਖਿਆ ਗਿਆ ਸਗੋਂ ਦਰਸ਼ਕਾਂ ਨੂੰ ਖਿੱਚਣ ਲਈ ਰੱਖ ਲਿਆ ਗਿਆ ਹੈ। ਲੜੀਵਾਰ ਦਾ ਕੰਮ ਇਸ਼ਤਿਹਾਰਬਾਜ਼ੀ ਰਾਹੀਂ ਮੁਨਾਫ਼ਾ ਕਮਾਉਣਾ ਹੈ ਅਤੇ ਇਸ ਦਾ ਹਿਟਲਰ ਨੂੰ ਵਡਿਆਉਣਾ ਜਾਂ ਉਚਿਆਉਣਾ ਮਕਸਦ ਨਹੀਂ ਹੈ। ਇਹ ਸਾਰੀਆਂ ਗੱਲਾਂ ਆਪਣੀ ਥਾਂ ਠੀਕ ਹੋ ਸਕਦੀਆਂ ਹਨ। ਸਵਾਲ ਇਹ ਹੈ ਕਿ ਸੱਭਿਆਚਾਰਕ ਪੇਸ਼ਕਾਰੀਆਂ ਸਮਕਾਲੀ ਹਕੀਕਤਾਂ ਤੋਂ ਬਿਲਕੁਲ ਅਣਭਿੱਜ ਹੁੰਦੀਆਂ ਹਨ? ਸਮਕਾਲੀ ਰੁਝਾਨ ਦੀ ਨੁਮਾਇੰਦਗੀ ਸੱਭਿਆਚਾਰਕ ਪੇਸ਼ਕਾਰੀਆਂ ਵਿਚ ਸਚੇਤ ਹੀ ਹੁੰਦੀ ਹੈ ਜਾਂ ਅਚੇਤ ਵੀ ਹੋ ਸਕਦੀ ਹੈ? ਜਰਮਨ (ਉਸ ਵੇਲੇ ਪੂਰਬੀ) ਦੀ ਲੇਖਕ ਕ੍ਰਿਸਟਾ ਵੌਲਫ਼ ਨੇ ਆਪਣੇ ਸਵੈਜੀਵਨੀਨੁਮਾ ਨਾਵਲ ਵਿਚ ਇਸ ਪੇਚੀਦਗੀ ਨੂੰ ਬਾਰੀਕੀ ਨਾਲ ਫੜਿਆ ਹੈ। ਨਾਜ਼ੀਆਂ ਨੇ ਖਾਲਸ ਨਸਲ ਦੀ ਧਾਰਨਾ ਤਹਿਤ ਆਦਰਸ਼ ਜਰਮਨ ਔਰਤ ਦਾ ਨਕਸ਼ਾ ਖਿੱਚ ਦਿੱਤਾ। ਸਕੂਲ ਵਿਚ ਇਤਿਹਾਸ ਪੜ੍ਹਾਉਂਦੀ ਇਕ ਬੀਬੀ ਦਾ ਇਹ ਨਕਸ਼ੇ ਨਾਲ ਕੁਝ ਵੀ ਮੇਲ ਨਹੀਂ ਖਾਂਦਾ। ਕਾਲੇ ਵਾਲਾਂ ਅਤੇ ਸਲੋਵਾਕੀ ਮੁਹਾਂਦਰੇ ਵਾਲੀ ਛੋਟੇ ਕੱਦ ਦੀ ਇਹ ਬੀਬੀ ਨਾਜ਼ੀ ਨਿਜ਼ਾਮ ਤੋਂ ਨਾਬਰ ਹੈ। ਉਸ ਨੂੰ ਬਹੁਤ ਦੇਰ ਬਾਅਦ ਵਿਚ ਸਮਝ ਆਉਂਦੀ ਹੈ ਕਿ ਸਾਲਾਂ ਬੱਧੀ ਉਸ ਨੇ ਇਤਿਹਾਸ ਪੜ੍ਹਾਉਣ



*ਤਰਾਂਗ ਬਾਂਗ (ਵੀਅਤਨਾਮ) 'ਚ ਅਮਰੀਕਾ ਵੱਲੋਂ ਨਪਾਮ ਬੰਬ ਸੁੱਟਣ ਤੋਂ ਡਰ ਕੇ ਭੱਜ ਰਹੇ ਬੱਚੇ*

ਵੇਲੇ ਯੂਰਪੀ ਸਮੱਸਿਆਵਾਂ ਦਾ ਮੂਲ ਖਾਲਸ ਨਸਲ ਵਿਚ ਹੋਏ ਰਲਾਅ ਨਾਲ ਜੋੜ ਕੇ ਵੇਖਿਆ ਹੈ। ਇਸ ਤਰ੍ਹਾਂ ਇਹ ਸਚੇਤ ਬੀਬੀ ਅਚੇਤ ਤੌਰ ਉੱਤੇ ਉਸੇ ਨਿਜ਼ਾਮ ਦਾ ਪੱਖ ਪੂਰਦੀ ਰਹੀ ਹੈ ਜੋ ਇਸ ਦਾ ਕਿਸੇ ਪੱਖੋਂ ਖੈਰਖਾਹ ਨਹੀਂ ਅਤੇ ਇਹ ਜਿਸ ਦੇ ਪੱਖ ਵਿਚ ਭੁਗਤਣਾ ਨਹੀਂ ਚਾਹੁੰਦੀ।


ਇਸ ਹਵਾਲੇ ਨਾਲ 'ਹਿਟਲਰ ਦੀਦੀ' ਨੂੰ ਘਟਨਾ ਦੀ ਥਾਂ ਰੁਝਾਨ ਦੀ ਕੜੀ ਵਜੋਂ ਵੇਖਿਆ ਜਾਣਾ ਚਾਹੀਦਾ ਹੈ। ਪੰਜਾਬੀ ਫ਼ਿਲਮ ਬਣੀ ਹੈ, 'ਹੀਰੋ ਹਿਟਲਰ ਇੰਨ ਲਵ'। ਟੈਲੀਵਿਜ਼ਨ ਉੱਤੇ ਹੋ ਰਹੀ ਇਸ਼ਤਿਹਾਰਬਾਜ਼ੀ ਮੁਤਾਬਕ ਇਹ ਫ਼ਿਲਮ ਧੱਕੇ ਨਾਲ ਸਮਾਜਿਕ ਸੁਧਾਰ ਦਾ ਦਾਅਵਾ ਕਰਦੀ ਹੈ। ਬੱਬੂ ਮਾਨ ਦੀ ਇਸ ਫ਼ਿਲਮ ਨੂੰ 'ਹਸ਼ਰ' ਅਤੇ 'ਏਕਮ' ਦੀ ਅਗਲੀ ਕੜੀ ਵਜੋਂ ਵੇਖਿਆ ਜਾ ਸਕਦਾ ਹੈ। ਅੰਤਿਮ ਸੱਚ ਨੂੰ ਪਹੁੰਚੇ ਨਾਇਕ ਰਾਹੀਂ ਕੁੱਟ-ਮਾਰ ਕਰਕੇ ਸਮਾਜ ਵਿਚ ਸੁਧਾਰ ਲਿਆਉਣਾ ਇਨ੍ਹਾਂ ਦੀ ਸਾਂਝੀ ਤੰਦ ਹੈ। ਬੱਬੂ ਮਾਨ ਦੀ ਗੱਲ ਬਾਕੀ ਸੱਭਿਆਚਾਰਕ ਪੇਸ਼ਕਾਰੀਆਂ ਤੋਂ ਨਿਖੇੜ ਕੇ ਨਹੀਂ ਕੀਤੀ ਜਾ ਸਕਦੀ। ਪੰਜਾਬੀ ਸੱਭਿਆਚਾਰ ਦੀ ਅਲੰਬਰਦਾਰੀ ਦੀ ਪੰਜਾਬੀ ਯੂਨੀਵਰਸਿਟੀ ਤੋਂ ਫ਼ਰਦ ਲੈਣ ਵਾਲਾ ਸੁਨਾਮ ਵਾਲਾ ਪੰਮੀ 'ਬਾਈ' ਗਾਉਂਦਾ ਹੈ, 'ਦੋ ਚੀਜ਼ਾਂ ਜੱਟ ਮੰਗਦਾ, ਦਾਰੂ ਘਰ ਦੀ ਬੰਦੂਕ ਬਾਰਾਂ ਬੋਰ ਦੀ'। ਸ਼ਰਾਬ, ਹਥਿਆਰ, ਜਾਤ ਅਤੇ ਖਰੂਦ ਨੂੰ ਵਡਿਆਉਣ ਤੋਂ ਬਾਅਦ ਪੰਜਾਬ ਨਾਲ ਦੁਸ਼ਮਣੀ ਵਿਚ ਕਸਰ ਕੀ ਰਹਿ ਜਾਂਦੀ ਹੈ? ਅਕਾਲੀ ਦਲ ਦੇ ਕਾਰਕੁਨਾਂ ਦੀ ਸਰਗਰਮ ਇਸ਼ਤਿਹਾਰਬਾਜ਼ੀ ਨਾਲ ਪ੍ਰਚਾਰੀ ਗਈ ਫ਼ਿਲਮ 'ਧਰਤੀ' ਵਿਚ ਨਾਇਕ ਜਿੰਮੀ ਸ਼ੇਰਗਿੱਲ ਉੱਤੇ ਫ਼ਿਲਮਾਇਆ ਗਿਆ ਅਤੇ ਦਿਲਜੀਤ ਦਾ ਗਾਇਆ ਗੀਤ ਹੈ, "ਹਾਕੀਆਂ ਨਾਲ ਮਾਰ-ਮਾਰ, ਬਿਜਲੀ ਦੀ ਲਾ ਕੇ ਤਾਰ, ਵਿਚ ਛੱਡੂ ਜੱਟ ਚਾਰ-ਚਾਲੀ ਦਾ ਕਰੰਟ ਨੀ..." ਇਸ ਤੋਂ ਬਾਅਦ ਉਹ ਤਸ਼ੱਦਦ ਦੀਆਂ ਤਮਾਮ ਕਿਸਮਾਂ ਗਿਣਦਾ ਹੈ ਜੋ ਪੰਜਾਬ ਦੇ ਕਾਲੇ ਦੌਰ ਵਿਚ ਪੁਲਿਸਤੰਤਰ ਦੇ ਬਦਨਾਮ ਖ਼ਾਸੇ ਦਾ ਹਿੱਸਾ ਰਹੀਆਂ ਹਨ। ਲਾਵਾਰਸ ਲਾਸ਼ਾਂ, ਝੂਠੇ ਪੁਲਿਸ ਮੁਕਾਬਲਿਆਂ ਅਤੇ ਅਤਿਵਾਦੀਆਂ ਦੀ ਬੇਕਿਰਕੀ ਦਾ ਖ਼ੌਫ਼ ਪੈਦਾ ਕਰਨ ਵਾਲੇ ਤਸ਼ੱਦਦਖ਼ਾਨੇ ਦੀ ਸਿਖਲਾਈ ਗਾਇਕ ਦੇ ਰਹੇ ਹਨ। ਇਹ ਸਿਖਲਾਈ ਪੰਜਾਬੀ ਮੁੰਡਿਆਂ ਨੂੰ ਇਸ਼ਕ ਦੇ ਮੰਤਰ ਵਜੋਂ ਦਿੱਤੀ ਜਾ ਰਹੀ ਹੈ। ਇਨ੍ਹਾਂ ਮੁੰਡਿਆਂ ਦੇ ਹੱਥੋਂ ਕਿਤਾਬਾਂ ਛੁਡਾਉਣ ਦਾ ਕੰਮ ਗਾਇਕਾਂ ਨੇ ਕੁੰਜੀਆਂ ਛਾਪਣ ਵਾਲਿਆਂ ਤੋਂ ਜ਼ਿਆਦਾ ਮਹਾਰਤ ਨਾਲ ਕੀਤਾ ਹੈ। ਗੱਡੀਆਂ, ਹਥਿਆਰਾਂ, ਸ਼ਰਾਬ, ਗੁੰਡਾਗਰਦੀ, ਬਦਫੈਲੀ, ਕਬਜ਼ਿਆਂ ਅਤੇ ਖ਼ੁਦਕੁਸ਼ੀਆਂ ਦਾ ਲੀਹਾਂ ਪੱਧਰ ਵਿਚ ਗਾਇਕਾਂ ਨੇ ਬਹੁਤ ਹਿੱਸਾ ਪਾਇਆ ਹੈ। ਨਤੀਜੇ ਵਜੋਂ ਖੇਡ ਮੈਦਾਨ ਤੋਂ ਉਜੜੀਆਂ ਹਾਕੀਆਂ ਅਤੇ ਬੇਸਬਾਲ ਸਟਿੱਕਾਂ ਕਾਰਾਂ ਦੀ ਸੀਟਾਂ ਹੇਠਾਂ ਬੇਮੁਹਾਰ ਹਉਮੈ ਦੀ ਨੁਮਾਇੰਦਗੀ ਕਰਨ ਲੱਗੀਆਂ ਹਨ। ਭਰੂਣ ਹੱਤਿਆ ਦੀ ਇਕ ਤੰਦ ਇਨ੍ਹਾਂ ਨਾਲ ਜ਼ਰੂਰ ਜੁੜਦੀ ਹੈ। ਇਨ੍ਹਾਂ ਨੇ ਕੁੜੀਆਂ ਮਹਿਫ਼ੂਜ਼ ਨਹੀਂ ਰਹਿਣ ਦਿੱਤੀਆਂ ਅਤੇ ਮਾਪਿਆਂ ਦੀ ਮਜਬੂਰੀ ਭਰੂਣ ਦੇ ਕਤਲ ਦਾ ਫ਼ੈਸਲਾ ਲੈਣ ਵਿਚ ਸਹਾਈ ਹੋਈ ਹੈ। ਪੰਜਾਬ ਅੰਦਰ ਜੈਜ਼ੀ ਬੈਂਸ ਦਾ ਗੀਤ ਆਇਆ, "ਕਿਹੜਾ ਜੰਮਿਆ ਸੂਰਮਾ, ਜਿਹੜਾ ਜੱਟ ਦੀ ਚੜ੍ਹਤ ਨੂੰ ਰੋਕੇ...।" ਇਸ ਦਾ ਨਾਚ ਵੱਖਰਾ ਸੀ। ਗਾਇਕ ਅੰਗਰੇਜ਼ੀ ਬੋਲਦਾ ਸੀ। ਕੁਝ ਅਟਪਟਾ ਲੱਗਣ ਦੇ ਬਾਵਜੂਦ ਪੰਜਾਬੀਆਂ ਨੇ ਇਸ ਨੂੰ ਪ੍ਰਵਾਨ ਕਰ ਲਿਆ। ਹੌਲੀ-ਹੌਲੀ ਇਸ ਦਾ ਮੂਲ ਪ੍ਰਗਟ ਹੋਇਆ। ਇਹ ਸੂਰਮਾ ਪੰਜਾਬੀ ਬੋਲੀ ਵਿਚ ਸੀ ਪਰ ਇਸ ਦਾ ਕਾਰੋਬਾਰ ਉੱਤਰੀ ਅਮਰੀਕਾ ਦੀਆਂ ਸੜਕਾਂ ਉੱਤੇ ਚੱਲਦਾ ਸੀ। ਇਹ ਨਾਚ ਤਸਕਰਾਂ ਦੀ ਤਰਜ਼ ਉੱਤੇ ਮਛੋਹਰ ਪਾਂਡੀਆਂ ਦਾ ਜਸ਼ਨ ਹੈ। ਇਨ੍ਹਾਂ ਦੀ ਦੋ ਨੰਬਰੀ ਕਮਾਈ ਦੇ ਮਹਿੰਗੇ ਗਹਿਣੇ ਦਿਖਾਵੇ ਦਾ ਸਬੱਬ ਬਣਦੇ ਹਨ। ਸਵਾਲ ਇਹ ਹੈ ਕਿ ਜਦੋਂ ਇਹ ਗਹਿਣੇ ਖੰਡਾ ਬਣ ਕੇ ਆਏ ਤਾਂ ਅਸੀਂ ਇਸ ਦੇ ਦੁਆਲੇ ਲਿਪਟਿਆ ਸੱਭਿਆਚਾਰ ਪਛਾਣਨ ਤੋਂ ਖੁੰਝ ਗਏ ਜਾਂ ਇਸ ਦੀ ਚਕਾਚੌਂਧ ਸਾਨੂੰ ਖਰੀਦਣ ਵਿਚ ਕਾਮਯਾਬ ਹੋ ਗਈ। ਅਸੀਂ ਇਨ੍ਹਾਂ ਦੀ ਗਾਇਕੀ ਸੁਣਦੇ ਰਹੇ ਅਤੇ ਕੈਨੇਡਾ-ਅਮਰੀਕੀ ਵਿਚ ਪਾਂਡੀਆਂ ਬਣੇ ਪੰਜਾਬੀ ਮੁੰਡੇ ਅਣਆਈ ਮੌਤ ਮਰਦੇ ਰਹੇ। ਬਲਜੀਤ ਸੰਗਰਾ ਦੀ ਦਸਤਾਵੇਜ਼ੀ ਫ਼ਿਲਮ 'ਵਾਰੀਅਰ ਬੁਆਇਜ਼' ਇਨ੍ਹਾਂ ਦੀ ਹੋਣੀ ਬਿਆਨ ਕਰਦੀ ਹੈ। ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ ਜੀਵਨਸ਼ੈਲੀ ਉੱਤੇ ਪੈਂਦੇ ਤਤਕਾਲੀ ਅਤੇ ਚਿਰਕਾਲੀ ਅਸਰ ਬਹੁਤ ਚਿਰ ਤੋਂ ਅਧਿਐਨ ਦਾ ਵਿਸ਼ਾ ਬਣੇ ਹੋਏ ਹਨ। ਜੇਮਸ ਪਿਤਰਾਸ ਨੇ ਦਲੀਲ ਨਾਲ ਸਾਬਤ ਕਰ ਦਿੱਤਾ ਹੈ ਕਿ ਅਮਰੀਕੀ ਧੜੇ ਨੇ ਸੰਗੀਤ, ਨਾਟਕ, ਫ਼ਿਲਮ, ਪ੍ਰਕਾਸ਼ਨ ਅਤੇ ਹੋਰ ਕਲਾਵਾਂ ਰਾਹੀਂ ਸੋਵੀਅਤ ਯੂਨੀਅਨ ਨੂੰ ਘਾਤਕ ਖੋਰਾ ਲਗਾਇਆ ਸੀ। ਸੋਵੀਅਤ ਯੂਨੀਅਨ ਦੇ ਰਾਦੂਗਾ ਪ੍ਰਕਾਸ਼ਨ ਦੀਆਂ ਕਿਤਾਬਾਂ ਤੋਂ ਜ਼ਿਆਦਾਤਰ ਪੰਜਾਬੀ ਜਾਣੂ ਹਨ। ਪੰਜਾਬ ਦੀ ਗਾਇਕੀ ਅਤੇ ਫ਼ਿਲਮਾਂ ਦੇ ਮੌਜੂਦਾ ਦੌਰ ਨੂੰ ਸਮਝਣ ਲਈ ਕੌਮਾਂਤਰੀ ਪਿੜ ਦੀ ਮਿਸਾਲ ਢੁਕਵੀਂ ਜਾਪਦੀ ਹੈ।

ਅਮਰੀਕਾ ਦੀ ਵੀਅਤਨਾਮ ਨਾਲ ਜੰਗ ਵਿਚ ਫ਼ੈਸਲਾਕੁਨ ਭੂਮਿਕਾ ਨਿਭਾਉਣ ਵਾਲਿਆਂ ਵਿਚ ਦੋ ਫੋਟੋਗ੍ਰਾਫਰ ਸ਼ਾਮਿਲ ਸਨ। ਇਕ ਫੋਟੋ ਵਿਚ ਅਮਰੀਕੀ ਬੰਬਾਂ ਦੀ ਮਾਰ ਹੇਠ ਆਏ ਪਿੰਡ ਵਿਚ ਭੱਜ ਰਹੀਆਂ ਕੁੜੀਆਂ ਸਨ। ਇਕ ਕੁੜੀ ਦੇ ਕੱਪੜੇ ਅੱਗ ਨਾਲ ਸੜ ਚੁੱਕੇ ਸਨ। ਪਿੱਛੇ ਪਿੰਡ ਸੜ ਰਿਹਾ ਸੀ। ਇਸ ਤਸਵੀਰ ਨੇ ਅਮਰੀਕੀ ਅਵਾਮ ਨੂੰ ਝੰਜੋੜ ਕੇ ਰੱਖ ਦਿੱਤਾ। ਅਮਰੀਕਾ ਜੰਗ ਵਿਰੋਧੀ ਮੁਹਿੰਮ ਦਾ ਤਾਬ ਨਹੀਂ ਝੱਲ ਸਕਿਆ। ਬਾਅਦ ਵਿਚ ਇਸੇ ਦ੍ਰਿਸ਼ ਦਾ ਦੁਹਰਾਅ ਕਰਦੀਆਂ ਹੌਲੀਵੁੱਡ ਵਿਚ ਇੰਨੀਆਂ ਫ਼ਿਲਮਾਂ ਬਣੀਆਂ ਕਿ ਹੁਣ ਸਾਨੂੰ ਅਫ਼ਗ਼ਾਨਿਸਤਾਨ, ਇਰਾਕ, ਪਾਕਿਸਤਾਨ ਅਤੇ ਲੀਬੀਆ ਦੀ ਤਸਵੀਰਾਂ ਝੰਜੋੜਦੀਆਂ ਨਹੀਂ। ਅਮਰੀਕਾ ਦੀਆਂ ਪਹਿਲਾਂ ਨਾਲੋਂ ਜ਼ਿਆਦਾ ਖ਼ੂੰਖ਼ਾਰ ਜੰਗੀ ਮੁਹਿੰਮਾਂ ਚਲ ਰਹੀਆਂ ਹਨ ਅਤੇ ਅਸੀਂ ਇਨ੍ਹਾਂ ਦਾ ਸਿੱਧਾ ਪ੍ਰਸਾਰਨ ਦੇਖਦੇ ਹਾਂ। ਦੂਜੀ ਮਿਸਾਲ ਇਰਾਕ ਦੀਆਂ ਅਬੂ ਗ਼ਰੀਬ ਵਾਲੀਆਂ ਤਸਵੀਰਾਂ ਹਨ। ਇਨ੍ਹਾਂ ਤਸਵੀਰਾਂ ਨਾਲ ਅਮਰੀਕੀ ਬੇਕਿਰਕੀ ਦੀ ਬਾਤ ਤੁਰੀ। ਸਵਾਲ ਉੱਠਿਆ ਕਿ ਜੰਗੀ ਕੈਦੀਆਂ ਨਾਲ ਅਜਿਹਾ ਕਰਨਾ ਗ਼ੈਰਕਾਨੂੰਨੀ ਹੈ। ਅਮਰੀਕਾ ਨੇ ਆਪਣੇ ਫ਼ੌਜੀਆਂ ਦੀ ਸੰਵੇਦਨਾ ਕਿੰਨੀ ਮਾਰ ਦਿੱਤੀ ਹੈ ਕਿ ਉਹ ਤਸ਼ੱਦਦ ਦਾ ਜਸ਼ਨ ਮਨਾ ਰਹੇ ਹਨ। ਇਸ ਮੁਹਿੰਮ ਨਾਲ ਜੰਗ ਨੂੰ ਜ਼ਿਆਦਾ ਫ਼ਰਕ ਨਹੀਂ ਪਿਆ ਕਿਉਂਕਿ ਇਹੋ ਜਿਹੀਆਂ ਫ਼ਿਲਮਾਂ ਦਿਖਾ-ਦਿਖਾ ਕੇ ਲੋਕਾਂ ਦੀ ਸੰਵੇਦਨਾ ਮਾਰਨ ਦਾ ਉਪਰਾਲਾ ਚੱਤੋਪਹਿਰ ਚੱਲਦਾ ਹੈ। ਜਦੋਂ ਅਫ਼ਗ਼ਾਨਿਸਤਾਨ ਵਿਚ ਨਾਟੋ ਫ਼ੌਜ ਲਈ ਕੰਮ ਕਰਦੇ ਮੁਕਾਮੀ ਫ਼ੌਜੀਆਂ ਦੀਆਂ ਲਾਸ਼ਾਂ ਉੱਤੇ ਨਾਚ ਕਰਦਿਆਂ ਦੀ ਤਸਵੀਰਾਂ ਆਈਆਂ ਤਾਂ ਇਨ੍ਹਾਂ ਦਾ ਜ਼ਿਕਰ ਤੱਕ ਨਹੀਂ ਹੋਇਆ। ਅਮਰੀਕਾ ਇਰਾਕ ਵਿਚ ਆਪਣੀ ਫ਼ੌਜ ਨਾਲ ਜੋ ਕੰਮ ਕਰ ਰਿਹਾ ਸੀ, ਉਸ ਦੀ ਸਿਖਲਾਈ ਉਸ ਨੇ ਮੁਕਾਮੀ ਫ਼ੌਜੀਆਂ ਨੂੰ ਦੇ ਦਿੱਤੀ ਹੈ। ਹੁਣ ਅਫ਼ਗ਼ਾਨੀ ਸਮਾਜ ਇਸ ਵਹਿਸ਼ਤ ਵਿਚੋਂ ਕਿਵੇਂ ਨਿਕਲੇਗਾ?

ਪੰਜਾਬ ਦੀਆਂ ਫ਼ਿਲਮਾਂ ਅਤੇ ਗਾਇਕੀ ਰਾਹੀਂ ਪ੍ਰਚਾਰੀ ਜਾ ਰਹੀ ਜੀਵਨ ਸ਼ੈਲੀ ਦਾ ਮਨੁੱਖ ਵਿਚੋਂ ਸੁਹਜ, ਸੂਝ ਅਤੇ ਸੁਰਤ ਮਨਫ਼ੀ ਕਰਨ ਨਾਲ ਸਿੱਧਾ ਰਿਸ਼ਤਾ ਬਣਦਾ ਹੈ। ਇਸ ਵੇਲੇ ਇਸ ਗੱਲ ਕੀਤੀ ਜਾਣੀ ਚਾਹੀਦੀ ਹੈ ਕਿ ਕਰਤਾਰ ਸਿੰਘ ਸਰਾਭਾ ਦੀ ਪਛਾਣ ਉਸ ਦੀ ਪੱਤਰਕਾਰੀ ਅਤੇ ਪੜ੍ਹਾਈ ਨਾਲ ਬਣੀ ਸੀ। ਉਸ ਦੇ ਸਿਆਸੀ ਜੀਵਨ ਦਾ ਵੱਡਾ ਹਿੱਸਾ ਪੱਤਰਕਾਰੀ, ਪ੍ਰਚਾਰ ਅਤੇ ਜੇਲ੍ਹ ਵਿਚ ਗੁਜ਼ਰਿਆ। ਉਸ ਨੂੰ ਪਿਸਤੌਲ ਤੱਕ ਮਹਿਦੂਦ ਕਰਨਾ ਸਾਡੇ ਇਤਿਹਾਸ ਨਾਲ ਧਰੋਹ ਹੈ ਜੋ ਮੌਜੂਦਾ ਦੌਰ ਦੀ ਸਿਆਸਤ ਨਾਲ ਜੁੜਦਾ ਹੈ। 'ਮਰਨੋਂ ਮੂਲ ਨਾ ਡਰਨ ਵਾਲੇ ਅਤਿ ਦੇ ਸ਼ਿਕਾਰੀਆਂ' ਦਾ ਬਾਬੇ ਨਾਨਕ ਦੀ ਸੰਵਾਦ ਦੀ ਰਵਾਇਤ ਨਾਲ ਕੀ ਰਿਸ਼ਤਾ ਹੋ ਸਕਦਾ ਹੈ? ਵਿਵੇਕ ਦਾਨ, ਵਿਸਾਹ ਦਾਨ ਅਤੇ ਭਰੋਸਾ ਦਾਨ ਲਈ ਕੀਤੀ ਅਰਦਾਸ ਨਾਲ 'ਹਿਟਲਰ' ਦਾ ਕੀ ਰਾਬਤਾ ਹੋ ਸਕਦਾ ਹੈ? ਨਿਓਟਿਆਂ ਦੀ ਓਟ, ਨਿਆਸਰਿਆਂ ਦਾ ਆਸਰਾ ਅਤੇ ਨਿਤਾਣਿਆਂ ਦਾ ਤਾਣ ਬਣਨ ਦਾ ਆਸ਼ੇ ਦਾ ਤਸ਼ੱਦਦ ਨਾਲ ਕੋਈ ਰਿਸ਼ਤਾ ਹੋ ਸਕਦਾ ਹੈ? ਇਸ ਗੱਲ ਆਮ ਕਹੀ ਜਾ ਰਹੀ ਹੈ ਕਿ ਇਸ ਮੂੰਹਜ਼ੋਰ ਰੁਝਾਨ ਦੇ ਨਗ਼ਾਰਖ਼ਾਨੇ ਵਿਚ ਤੂਤੀ ਦੀ ਕੋਈ ਔਕਾਤ ਨਹੀਂ। ਇਹ ਸਭ ਕੁਝ ਹਿਟਲਰ ਦੇ ਵੇਲੇ ਵੀ ਕਿਹਾ ਜਾ ਰਿਹਾ ਸੀ। ਉਨ੍ਹਾਂ ਨੇ ਸਵਾਸਤਿਕ ਦੇ ਨਿਸ਼ਾਨ ਹੇਠ ਵੰਨ-ਸਵੰਨਤਾ ਦੀਆਂ ਸਭ ਨਿਸ਼ਾਨੀਆਂ ਦੱਬ ਦਿੱਤੀਆਂ ਸਨ। ਉਨ੍ਹਾਂ ਬੇਵਿਸਾਹੀ ਭਰੀਆਂ ਖ਼ੌਫ਼ਜ਼ਦਾ ਰਾਤਾਂ ਦੀ ਸਵੇਰ ਨੂੰ ਸਵਾਸਤਿਕ ਦੇ ਨਿਸ਼ਾਨ ਉੱਤੇ ਕਾਟਾ ਮਾਰਿਆ ਮਿਲਦਾ ਸੀ। ਸੱਭਿਆਚਾਰਕ ਦੇ ਨਾਮ ਉੱਤੇ ਤਸ਼ੱਦਦ ਦੇ ਜਸ਼ਨ ਉੱਤੇ ਘਰ ਅੰਦਰੋਂ ਕੀਤੇ ਸਵਾਲ ਕਾਟੇ ਦਾ ਕੰਮ ਕਰ ਸਕਦੇ ਹਨ। ਅਮਰੀਕਾ ਅਤੇ ਇਸਰਾਈਲ ਨੇ ਸਵਾਸਤਿਕ ਦੀ ਵਿਰਾਸਤ ਸਾਂਭ ਰੱਖੀ ਹੈ। ਉਹ ਬੀਬੀ ਅੱਜ ਵੀ ਸੁਹਿਰਦ ਹੋ ਕੇ ਇਤਿਹਾਸ ਪੜ੍ਹਾ ਰਹੀ ਹੈ। ਗੋਬਲਜ਼ ਗਾਇਕ ਬਣ ਕੇ ਸਾਨੂੰ ਸੱਭਿਆਚਾਰ ਦੇ ਮਾਅਨੇ ਸਮਝਾ ਰਿਹਾ ਹੈ।

# ਸਿੱਖ ਮਾਨਸਿਕਤਾ ਦੇ ਦਰਦਾਂ ਦੀ ਦਸਤਾਵੇਜ਼

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ:408-903-9952

ਕੈਲੀਫੋਰਨੀਆ ਸਟੇਟ ਦੀ ਰਾਜਧਾਨੀ ਸੈਕਰਾਮੈਂਟੋ ਵਿਚ 19 ਜੂਨ 2011 ਵਾਲੇ ਦਿਨ ਪੰਜਾਬੀ ਸੱਥ ਵਾਲਿਆਂ ਨੇ ਸਨਮਾਨ ਸਮਾਰੋਹ ਕੀਤਾ ਜਿਸ ਵਿਚ ਕੁਝ ਕਲਮਕਾਰਾਂ ਦਾ ਮਾਣ-ਸਨਮਾਨ ਕੀਤਾ ਜਾਣਾ ਸੀ। ਸਨਮਾਨੀਆਂ ਜਾਣ ਵਾਲੀਆਂ ਸ਼ਖ਼ਸੀਅਤਾਂ ਵਿਚ ਇਨ੍ਹਾਂ ਸਤਰਾਂ ਦੇ ਲੇਖਕ ਦਾ ਨਾਂ ਵੀ ਸ਼ਾਮਲ ਸੀ। ਬਗੈਰ ਕਿਸੇ ਅਡੰਬਰੀ ਉਚੇਚ ਤੋਂ ਹੋਏ ਇਸ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਦਾ ਸਭ ਤੋਂ ਵੱਡਾ ਹਾਸਲ ਇਹ ਸੀ ਕਿ ਇਸ ਵਿਚ ਵਿਸ਼ਵ-ਵਿਆਪੀ ਪੰਜਾਬੀ ਸੱਥ ਕਾਰਵਾਂ ਦੇ ਰੂਹੇ ਰਵਾਂ ਡਾ. ਨਿਰਮਲ ਸਿੰਘ ਪੰਜਾਬ ਤੋਂ ਅਤੇ ਯੂਰਪੀ ਪੰਜਾਬੀ ਸੱਥ ਦੇ ਝੰਡਾ ਬਰਦਾਰ ਮੋਤਾ ਸਿੰਘ ਸਰਾਏ ਇੰਗਲੈਂਡ ਤੋਂ ਤਸ਼ਰੀਫ-ਫਰਮਾ ਸਨ। ਪੰਜਾਬੀ ਸਾਹਿਤ ਸਭਿਆਚਾਰ ਅਤੇ ਵਿਰਸੇ ਦੇ ਪ੍ਰਚਾਰ-ਪਸਾਰ ਲਈ ਲੰਮੇ ਅਰਸੇ ਤੋਂ ਤਨ, ਮਨ ਤੇ ਧਨ ਨਾਲ ਜੁਟੇ ਹੋਏ ਇਨ੍ਹਾਂ ਦੋਹਾਂ ਮਾਣਯੋਗ ਸੱਜਣਾਂ ਦੇ ਨਾਂਵਾਂ ਤੋਂ ਤਾਂ ਮੈਂ ਚਿਰੋਕਣਾ ਵਾਕਫ ਸਾਂ, ਲੇਕਿਨ ਮੇਲ-ਮਿਲਾਪ ਪਹਿਲੀ ਵਾਰ ਹੋ ਰਿਹਾ ਸੀ।

ਸਮਾਗਮ ਵਾਲੇ ਹਾਲ ਦੀਆਂ ਕੰਧਾਂ ਉਪਰ ਕਿਤੇ ਗੁਰੂ ਸਾਹਿਬਾਨ ਦੇ ਚਿੱਤਰ ਸੁਭਾਏਮਾਨ ਸਨ; ਕਿਤੇ ਬਾਬਾ ਫਰੀਦ, ਸ਼ਾਹ ਹੁਸੈਨ, ਬਾਬਾ ਬੁੱਲ੍ਹੇ ਸ਼ਾਹ ਤੇ ਵਾਰਸ ਤੋਂ ਲੈ ਕੇ ਹੁਣ ਤੱਕ ਦੇ ਅਦੀਬਾਂ ਦੀਆਂ ਤਸਵੀਰਾਂ ਲਟਕ ਰਹੀਆਂ ਸਨ। ਰੰਗ ਬਰੰਗੇ ਰੂਪ ਵਿਚ ਗੁਰਮੁਖੀ ਲਿਪੀ ਦੇ ਪੈਂਤੀ ਅੱਖਰਾਂ ਵਾਲਾ ਕੈਲੰਡਰ ਸਭ ਨੂੰ ਫੱਟੀਆਂ, ਕਲਮ-ਦਵਾਤ ਦੀ ਯਾਦ ਦੁਆ ਰਿਹਾ ਸੀ। ਇਕ ਤਰਫ ਪੰਜਾਬੀ ਸੱਥ ਵਲੋਂ ਪ੍ਰਕਾਸ਼ਤ ਹੋਈਆਂ ਮਨਮੋਹਕ ਪੁਸਤਕਾਂ ਦਾ ਸਟਾਲ ਲੱਗਾ ਹੋਇਆ ਸੀ। ਸਾਹਿਤਕ ਖ਼ੁਸ਼ਬੋਈਆਂ ਵੰਡ ਰਹੇ ਅਜਿਹੇ ਖ਼ੁਸ਼ਨੁਮਾ ਮਾਹੌਲ ਵਿਚ ਚਾਹ ਦੀਆਂ ਚੁਸਕੀਆਂ ਭਰ ਰਹੇ ਸਾਂ ਕਿ ਬਾਈ ਮੋਤਾ ਸਿੰਘ ਸਰਾਏ ਨੇ ਆਪਣੇ ਨਾਲ ਇੰਗਲੈਂਡ ਤੋਂ ਆਏ ਸੰਜੀਦਾ ਦੇਖਣੀ ਪਾਖਣੀ ਵਾਲੇ ਇਕ ਸੱਜਣ ਦਾ ਮੇਰੇ ਨਾਲ ਤੁਆਰਫ ਕਰਾਇਆ। ਉਨ੍ਹਾਂ ਦੱਸਿਆ ਕਿ ਇਹ ਮੇਰੇ ਮਿੱਤਰ ਹਰਜਿੰਦਰ ਸਿੰਘ ਸੰਧੂ ਹਨ ਜੋ ਪੰਜਾਬੀ ਵਿਚ ਸ਼ਾਇਰੀ ਕਰਦੇ ਹਨ। ਗੱਲਾਂ-ਬਾਤਾਂ ਦੌਰਾਨ ਸ. ਸੰਧੂ ਨੇ ਬੜੇ ਮੋਹ ਨਾਲ ਮੈਨੂੰ ਆਪਣੀ ਲਿਖੀ ਕਿਤਾਬ 'ਅੱਗ ਦੇ ਅੱਥਰੂ' ਭੇਟ ਕੀਤੀ। ਰਸਮੀ ਤੌਰ 'ਤੇ ਉਨ੍ਹਾਂ ਦਾ ਧੰਨਵਾਦ ਕਰਦਿਆਂ ਮੈਂ ਕਿਤਾਬ ਆਪਣੇ ਬੈਗ 'ਚ ਪਾਉਣ ਲੱਗਾ ਸੋਚ ਰਿਹਾ ਸਾਂ ਕਿ ਪਰਵਾਸ ਭੋਗ ਰਹੇ ਇਸ ਇੰਗਲੈਂਡੀਏ ਸ਼ਾਇਰ ਨੇ ਇਸ ਕਿਤਾਬ ਵਿਚ ਆਪਣੇ ਪਿੰਡ ਦੀਆਂ ਗਲੀਆਂ, ਵਿਛੜੇ ਹੋਏ ਬਚਪਨ ਜਵਾਨੀ ਦੇ ਸਾਥੀ, ਮੱਕੀ ਦੀ ਰੋਟੀ, ਸਰ੍ਹੋਂ ਦੇ ਸਾਗ ਅਤੇ ਪੰਜਾਬ ਦੇ ਬੋਹੜਾਂ ਪਿੱਪਲਾਂ ਦੀਆਂ ਛਾਂਵਾਂ ਦੇ ਹੇਰਵੇ ਹੀ ਲਿਖੇ ਹੋਣੇ ਨੇ!

ਆਪਣੇ ਸ਼ਹਿਰ ਸੈਨ ਹੋਜ਼ੇ ਪਰਤਦਿਆਂ ਮੈਂ ਇਹੀ ਵਿਚਾਰ ਮਨ ਵਿਚ ਚਿਤਵਦਿਆਂ ਬੈਗ 'ਚੋਂ ਕਿਤਾਬ ਕੱਢ ਲਈ। ਮੇਰੀ ਧੀ ਕਾਰ ਚਲਾ ਰਹੀ ਸੀ ਅਤੇ ਮੈਂ ਸੁਭਾਵਕ ਹੀ ਕਿਤਾਬ ਨੂੰ ਵਿਚਾਲਿਓਂ ਜਿਹੇ ਖੋਲ੍ਹਿਆ। ਸਫਾ 74 'ਤੇ ਉਤਲੀਆਂ ਸਤਰਾਂ ਵੱਲ ਨਜ਼ਰ ਪੈਂਦਿਆਂ ਹੀ ਮੇਰਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ:

ਫੋਲ ਕੇ ਤਹਿਆਂ ਨਾ ਵੇਖ
ਤੇ ਨਾ ਬੋਲ ਵਰਕੇ
ਇਹ ਪੜ੍ਹਨ-ਸੁਣਨ ਨਹੀਂ ਵਾਲੀਆਂ
ਦਰਦਾਂ ਦੀਆਂ ਗੱਲਾਂ!

ਮੈਨੂੰ ਇਉਂ ਜਾਪਿਆ ਜਿਵੇਂ ਹਰਜਿੰਦਰ ਸਿੰਘ




ਮੇਰੇ ਲਾਗੇ ਬੈਠਾ ਹਿਰਖ ਨਾਲ ਬੋਲ ਉਠਿਆ ਹੋਵੇ, "ਮੇਰੀ ਕਿਤਾਬ ਬਾਰੇ ਜੋ ਤੂੰ ਪਹਿਲੋਂ ਈ ਵਿਚਾਰ ਬਣਾ ਲਿਐ, ਉਹ ਸੱਚ ਨਹੀਂ...ਅੱਧ ਵਿਚਾਲਿਓਂ ਫੋਲਾ-ਫਾਲੀ ਕਰਕੇ ਇਸ ਕਿਤਾਬ ਦੀ ਬੇਇੱਜ਼ਤੀ ਨਾ ਕਰ... ਵਿਹਲ ਕੱਢ ਕੇ ਇਕ ਮਨ ਹੁੰਦਿਆਂ ਪੜ੍ਹੀਂ ਇਸ ਨੂੰ...!" ਸੱਚ ਮੁੱਚ ਮੈਂ ਉਸੇ ਵੇਲੇ ਕਿਤਾਬ ਮੁੜ ਬੈਗ 'ਚ ਪਾ ਲਈ। ਸ. ਸੰਧੂ ਵੱਲੋਂ ਅੰਤਰੀਵੀ ਟੈਲੀਪੈਥੀ ਰਾਹੀਂ ਮਿਲੇ 'ਆਦੇਸ਼' ਦਾ ਪਾਲਣ ਕਰਦਿਆਂ ਇਸ ਨੂੰ ਇਕਾਂਤ ਵਿਚ ਨਿਸ਼ਚਿਤ ਹੋ ਕੇ ਪੜ੍ਹਨ ਦਾ ਫੈਸਲਾ ਕਰ ਲਿਆ।

ਚੰਗੇ ਭਾਗਾਂ ਦੀ ਗੱਲ ਸਮਝੋ ਕਿ ਮੇਰੀ ਰੋਜ਼ੀ-ਰੋਟੀ ਦਾ ਸਾਧਨ ਵੀ ਦਾਤੇ ਨੇ ਇਹੋ ਜਿਹਾ ਦਿੱਤਾ ਹੋਇਆ ਕਿ ਮੈਨੂੰ ਅਰਧ ਪਾਗਲ ਬਣਾਉਣ ਵਾਲੀ ਅਮਰੀਕਨ ਜ਼ਿੰਦਗੀ ਵਿਚ ਵੀ ਇਕਾਂਤ ਦੇ ਗੱਫੇ ਮਿਲ ਜਾਂਦੇ ਨੇ। ਸ਼ੁੱਧ ਇਕਾਂਤ, ਉਹ ਵੀ ਅੱਠ-ਅੱਠ ਘੰਟੇ। ਸੋ, ਸਮੇਂ ਦੇ ਇਨ੍ਹਾਂ ਗੱਫਿਆਂ ਵਿਚ ਹੀ ਇਸ ਕਿਤਾਬ ਦਾ ਪਹਿਲੇ ਪੱਤਰੇ ਤੋਂ ਪਾਠ ਸ਼ੁਰੂ ਕੀਤਾ। ਸਹੁੰ ਖਾਣ ਵਰਗਾ ਯਕੀਨ ਕਰਿਓ ਕਿ ਹੱਥ ਵਿਚ ਮਾਰਕਰ ਲੈ ਕੇ ਮੈਂ ਇਸੇ ਨੀਅਤ ਨਾਲ ਪੜ੍ਹਨ ਬੈਠਿਆ ਸਾਂ ਕਿ ਜਿਸ ਜਿਸ ਕਵਿਤਾ ਦੀਆਂ ਕੋਈ ਸਤਰਾਂ ਰਿਵੀਊ 'ਚ ਲਿਖਣਯੋਗ ਹੋਈਆਂ, ਉਨ੍ਹਾਂ 'ਤੇ ਨਿਸ਼ਾਨ ਲਾਉਂਦਾ ਜਾਵਾਂਗਾ ਪਰ ਅਰੰਭ ਵਿਚ ਮੁੱਖ ਬੰਦ ਵਜੋਂ ਉਘੇ ਸ਼ਾਇਰ ਅਜਮੇਰ ਕਵੈਂਟਰੀ, ਸੁੱਚੇ ਮੋਤੀ ਜਿਹੇ ਮੋਤਾ ਸਿੰਘ ਸਰਾਏ, ਵਿੱਦਿਆ ਦਾ ਚਾਨਣ ਵੰਡ ਰਹੇ ਪ੍ਰਿੰ. ਕੁਲਵਿੰਦਰ ਸਿੰਘ ਸਰਾਏ, ਪੰਜਾਬੀ ਸੱਥ ਦੇ ਥੰਮ੍ਹ ਡਾ. ਨਿਰਮਲ ਸਿੰਘ, ਦਰਵੇਸ਼ ਸ਼ਾਇਰ ਸੰਤ ਸਿੰਘ ਸੰਧੂ ਅਤੇ ਬ-ਕਲਮ ਖ਼ੁਦ ਹਰਜਿੰਦਰ ਸਿੰਘ ਸੰਧੂ ਦੇ ਲਿਖੇ ਹੋਏ ਅਲਫਾਜ਼ ਪੜ੍ਹਦਿਆਂ ਮੈਥੋਂ ਮਾਰਕਰ ਛੁੱਟ ਗਿਆ, "ਮਨਾ, ਕਿੱਥੇ ਕਿੱਥੇ ਨਿਸ਼ਾਨੀਆਂ ਲਾਵੇਂਗਾ? ਇਹ ਮੁਕੰਮਲ ਕਿਤਾਬ ਹੀ ਇਕ ਖਾਸ ਨਿਸ਼ਾਨੀ ਵਜੋਂ ਸਾਂਭਣ ਵਾਲੀ ਦਸਤਾਵੇਜ਼ ਹੈ।"

ਪੰਜਾਬੀ ਦੇ ਸਾਰੇ ਕਵੀ, ਲਿਖਾਰੀ ਤੇ ਕਾਲਮਨਵੀਸ ਆਪੋ-ਆਪਣੀ ਥਾਂ ਸਨਮਾਨਯੋਗ ਹਨ। ਸਾਰੇ ਆਪਣੀ ਮਾਂ ਬੋਲੀ ਦੇ ਸੇਵਾਦਾਰ ਹਨ। ਇੱਥੇ ਮੈਂ ਕਿਸੇ ਨੂੰ ਨੀਵਾਂ ਜਾਂ ਉਚਾ ਨਹੀਂ ਕਹਿ ਰਿਹਾ ਪਰ ਇੰਨਾ ਕਹਿਣ ਦੀ ਜ਼ਰੂਰ ਇਜਾਜ਼ਤ ਲੈਣੀ ਚਾਹੁੰਦਾ ਹਾਂ ਕਿ 'ਉਜੜੇ' ਦੀ ਚਿੰਤਾ ਤਾਂ ਹੋ ਰਹੀ ਹੈ, ਪਰ 'ਜੂੜੇ ਵਾਲਿਆਂ' ਦੀਆਂ ਗੱਲਾਂ ਕਰਨ ਲੱਗਿਆਂ ਅਕਸਰ ਕਲਮਾਂ ਨੂੰ ਸੰਗ ਆਉਣ ਲੱਗ ਪੈਂਦੀ ਹੈ; ਹਾਲਾਂਕਿ ਗੁਰੂ ਸਾਹਿਬਾਨ ਦਾ ਫਲਸਫਾ ਆਪਣੇ ਆਪ ਵਿਚ ਧਰਮ ਨਿਰਪੱਖ ਹੈ ਪਰ ਬਹੁਤੀਆਂ ਕਲਮਾਂ ਆਪਣੇ 'ਆਮ' 'ਤੇ ਧਾਰਮਿਕ ਹੋਣ ਦਾ ਲੇਬਲ ਲਗਾਉਣ ਤੋਂ ਡਰਦੀਆਂ ਹੋਈਆਂ (ਜਾਂ ਕਿਸੇ ਹੋਰ ਮਜਬੂਰੀ ਅਧੀਨ) ਹੀਰਾਂ ਰਾਂਝਿਆਂ ਦੇ ਕਸੀਦੇ ਕੱਢਣ ਨੂੰ ਭੱਜ ਭੱਜ ਪੈਂਦੀਆਂ ਹਨ; ਰੂਸੀ ਕ੍ਰਾਂਤੀਆਂ ਜਾਂ ਮਾਰਕਸਵਾਦ ਦੀ ਡਫਲੀ ਵਜਾਉਣ ਵਾਲਿਆਂ ਨੂੰ ਅਗਾਂਹਵਧੂ ਅਤੇ ਗੁਰੂ ਨਾਨਕ ਦੀ ਜਾਂ ਕੇਸਗੜ੍ਹ ਸਾਹਿਬ ਦੀ ਬੀਰ ਗਾਥਾ ਲਿਖਣ ਵਾਲਿਆਂ 'ਤੇ ਫਟਾ-ਫਟ ਦਕੀਆਨੂਸੀ ਦੀ ਚੇਪੀ ਲਾ ਦਿੱਤੀ ਜਾਂਦੀ ਹੈ।

ਸਦਕੇ ਜਾਈਏ ਹਰਜਿੰਦਰ ਸਿੰਘ ਦੇ ਜੋ ਆਪਣੀ ਇਸ ਪਲੇਠੀ ਕਿਤਾਬ 'ਅੱਗ ਦੇ ਅੱਥਰੂ' ਦੀ ਪਹਿਲੀ ਕਵਿਤਾ ਵਿਚ ਹੀ ਆਪਣੀ ਕਲਮ ਨੂੰ ਖ਼ਬਰਦਾਰ ਕਰਦਿਆਂ ਲਿਖਦਾ ਹੈ,

ਸੱਚ ਲਈ ਤੈਨੂੰ ਚੁੱਕਿਆ ਕਲਮੇ
ਕੰਜਰ ਨਾ ਹੋ ਜਾਈਂ।
ਸੱਚ ਲਿਖੇਂ ਤਾਂ ਤੇਰੇ ਦਾਣੇ,
ਹਰੇ ਹੋਣਗੇ ਭੁੱਜੇ।
ਲਾ ਕੁਰਸੀ ਨਾਲ ਯਾਰੀ,
ਦੇਖੀਂ ਫੰਡਰ ਨਾ ਹੋ ਜਾਈਂ।
ਬਾਬੇ ਨਾਨਕ ਵਾਲੀ ਸਿੱਖਿਆ,
ਸਿੱਖ ਲੈ ਸੰਧੂ ਯਾਰਾ।
ਡੁਗ ਡੁਗੀ ਮੂਹਰੇ ਨੱਚਣ ਵਾਲਾ,
ਬਾਂਦਰ ਨਾ ਹੋ ਜਾਈਂ।

ਕੁੱਲ 168 ਸਫਿਆਂ ਵਿਚ 90 ਕਵਿਤਾਵਾਂ ਦਰਜ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚ ਕੁਝ ਕੁ ਖੁੱਲ੍ਹੀ ਕਵਿਤਾ ਵਜੋਂ ਲਿਖੀਆਂ ਹੋਈਆਂ ਹਨ ਅਤੇ ਬਹੁਤੀਆਂ ਪਿੰਗਲ ਦੇ ਬੰਧੇਜ ਵਾਲੀਆਂ। ਸ਼ਾਇਰ ਦਾ ਕਮਾਲ ਹੀ ਹੈ ਕਿ ਉਸ ਨੇ ਬਹੁਤੇ ਕਵੀਆਂ ਵਾਂਗ ਖੁੱਲ੍ਹੀ ਕਵਿਤਾ ਵਾਰਤਕ ਵਰਗੀ ਨਹੀਂ ਲਿਖੀ, ਸਗੋਂ ਉਹਦੇ ਵਿਚ ਵੀ ਰਿਦਮ ਅਤੇ ਰਸ ਦਾ ਪੂਰਾ ਖਿਆਲ ਰੱਖਿਆ ਹੈ। 'ਇਤਿਹਾਸ ਦੇ ਚੋਰ' ਨਾਮੀ ਕਵਿਤਾ ਦਾ ਰੰਗ ਦੇਖੋ,

ਮੈਨੂੰ ਪਤਾ ਤੂੰ ਮੇਰੇ ਰੁੱਖ ਵੱਢਣਾ ਲੋਚਦੈਂ
ਪਰ ਰਹਿਣੀ ਤੇਰੇ ਸਿਰ ਵੀ ਛਾਂ ਨਹੀਂ।
ਕਲਗੀਆਂ ਵਾਲੇ ਦੇ ਹੱਥ 'ਤੇ
ਬੈਠਾ ਬਾਜ਼ ਹਾਂ ਮੈਂ,
ਪਿੰਜਰੇ ਪਾ ਲਵੇਂਗਾ ਮੈਨੂੰ
ਮੈਂ ਬੁਲਬੁਲ ਹਾਂ ਨਹੀਂ।

ਪੁਸਤਕ ਸਮੀਖਿਆ ਦੀ ਇਹ ਰਵਾਇਤ ਚਲੀ ਆਉਂਦੀ ਹੈ ਕਿ ਸਮੀਖਿਆਕਾਰ ਸਬੰਧਤ ਕਿਤਾਬ ਦੀ ਸਮੱਗਰੀ ਵਿਚੋਂ ਖਾਸ-ਖਾਸ ਟੋਟੇ ਆਪਣੀ ਲਿਖਤ ਵਿਚ ਗੁੰਦਦਾ ਹੈ ਤਾਂ ਕਿ ਪਾਠਕਾਂ ਦੇ ਮਨਾਂ ਵਿਚ ਉਸ ਪੁਸਤਕ ਲਈ ਤਾਂਘ ਪੈਦਾ ਕੀਤੀ ਜਾ ਸਕੇ। ਹਰਜਿੰਦਰ ਸਿੰਘ ਸੰਧੂ ਦੀ ਇਸ ਕਿਤਾਬ ਬਾਰੇ ਰਿਵੀਊ ਲਿਖਦਿਆਂ ਮੈਨੂੰ ਇਹ ਸਮੱਸਿਆ ਆ ਰਹੀ ਹੈ ਕਿ ਜੇ ਮੈਂ ਕੁੱਝ ਕਵਿਤਾਵਾਂ ਦੇ ਚੋਣਵੇਂ ਬੰਦ ਲਿਖਦਾ ਹਾਂ ਤਾਂ ਬਾਕੀ ਦੀਆਂ ਕਵਿਤਾਵਾਂ ਨਾਲ ਇਹ ਅਨਿਆਂ ਲਗਦਾ ਹੈ। ਸ਼ਾਇਰ ਨੇ ਗੁਰਬਾਣੀ, ਸਿੱਖ ਫਲਸਫਾ ਅਤੇ ਹੁਣ ਤੱਕ ਦੇ ਸਿੱਖ ਇਤਿਹਾਸ ਦਾ ਮੁਕੰਮਲ ਮੁਤਾਲਿਆ ਕਰਨ ਉਪਰੰਤ ਹੀ ਇਹ ਕਿਤਾਬ ਲਿਖੀ ਜਾਪਦੀ ਹੈ। ਸਿੱਖ ਸਰੋਕਾਰਾਂ ਦਾ ਕੋਈ ਪੱਖ ਰਹਿ ਹੀ ਨਹੀਂ ਗਿਆ ਜੋ ਇਸ ਵਿਚ ਨਾ ਛੋਹਿਆ ਗਿਆ ਹੋਵੇ।

ਸਿੱਖ ਰਾਜ ਦੀ ਤਬਾਹੀ, ਸੰਨ ਸੰਤਾਲੀ ਵਿਚ ਹੋਇਆ ਕੌਮੀ ਧੋਖਾ, ਪੰਜਾਬੀ ਸੂਬੇ ਦੀ ਕਾਇਮੀ, ਪਾਣੀਆਂ ਦੀ ਲੁੱਟ, ਡੇਰਾਵਾਦ ਦਾ ਹਮਲਾ, ਸਿੱਖ ਸਿਆਸਤਦਾਨਾਂ ਦੇ ਕੌਮਘਾਤੀ ਪੈਂਤੜੇ, ਪੰਜਾਬੀਆਂ ਦਾ ਵੱਡੀ ਗਿਣਤੀ 'ਚ ਪਰਦੇਸ ਪਲਾਇਨ ਅਤੇ ਜੂਨ ਚੁਰਾਸੀ ਤੋਂ ਬਾਅਦ ਦਾ ਨਿਘਾਰ; ਇਨ੍ਹਾਂ ਸਾਰੇ ਵਿਸ਼ਿਆਂ ਨੂੰ ਬੜੇ ਮਾਰਮਿਕ ਅਤੇ ਦਾਰਸ਼ਨਿਕ ਢੰਗ ਨਾਲ ਗੀਤਾਂ-ਕਵਿਤਾਵਾਂ ਵਿਚ ਬਿਆਨਿਆ ਗਿਆ ਹੈ। 'ਤੈਂ ਕੀ ਦਰਦ ਨਾ ਆਇਆ' ਦੀਆਂ ਕੁਝ ਸਤਰਾਂ ਦੇਖੋ, ਕਿਵੇਂ ਅਜੋਕੀ ਹਾਲਤ ਦਾ ਸੱਚ ਲਿਖਿਆ ਹੈ,

ਫਿਰ 'ਕਾਲੀ ਡਾਹ ਕੇ ਬਹਿ ਗਿਆ,
ਮੇਰੀ ਲਾਸ਼ 'ਤੇ ਕੁਰਸੀ।
ਉਹ ਪੁੱਤਰ ਮੋਹ 'ਚ ਭੁੱਲ ਗਿਆ,
ਸਾਡੇ ਲਹੂ ਦੀ ਸੁਰਖੀ।
ਉਸ ਦੋਹੀਂ ਹੱਥੀਂ ਲੁੱਟ ਲਈ,
ਸਭ ਮੁੰਦਰੀ ਮੁਰਕੀ।
ਹੁਣ ਐਨਕ ਵਿਚ ਦੀ ਝਾਕਦੈ
ਨਾਲੇ ਦਿੰਦੈ ਘੁਰਕੀ।
ਸੋਹਣਾ ਸਜਦੈ ਤੌਕ ਗੁਲਾਮੀ ਦਾ,
ਉਹਦੇ ਗਲ ਪਾਇਆ।
ਦੱਸ ਦਰਦ ਮੰਦਾਂ ਦਿਆਂ ਦਰਦੀਆ,
ਤੈਂ ਕੀ ਦਰਦ ਨਾ ਆਇਆ।

'ਜਾਗੋ ਵੇ ਪੰਜਾਬੀਓ' ਦੀਆਂ ਇਹ ਪੰਕਤੀਆਂ ਪਰਵਾਸੀਆਂ ਨੂੰ ਝੰਜੋੜ ਰਹੀਆਂ ਹਨ,

ਪੰਜ ਦਰਿਆ ਦਿੱਤੇ ਪੰਜਾਂ ਵਿਚ ਨੀਰ ਦਿੱਤਾ।
ਹਰੇ ਭਰੇ ਖੇਤ ਦਿੱਤੇ ਸੁੰਦਰ ਸਰੀਰ ਦਿੱਤਾ।
ਟਾਲ੍ਹੀਆਂ-ਸ਼ਤੂਤ ਪਿੱਪਲ,
ਨਿੰਮ ਅਤੇ ਬੋਹੜ ਦਿੱਤਾ।
ਬੇਰੀਆਂ ਫਲਾਹੀਆਂ ਕਿੱਕਰ,
ਜੰਡ ਤੇ ਕਰੀਰ ਦਿੱਤਾ।
ਜੜ੍ਹੋਂ ਪੱਟ ਆਇਐਂ
ਮੰਡੀ ਤੋਲ ਵੇ ਪੰਜਾਬੀਆਂ...।

ਆਗੂ ਵਿਹੂਣੀ ਹੋਈ ਕੌਮ ਦਾ ਸੰਤਾਪ ਅਤੇ ਸ਼ਾਇਰ ਦੇ ਹੰਝੂ ਦੇਖੋ,

ਕੁੱਤੀ ਸਣੇ ਕਤੂਰਿਆਂ
ਰਲ ਗਈ ਚੋਰਾਂ ਨਾਲ,
ਬੁੱਧੀਜੀਵੀ ਅਹੁਦਿਆਂ ਨਾਲ ਹੀ
ਵਿਰਦੇ ਰਹੇ।
ਦਿਲ ਨੂੰ ਕਿਤੇ ਨਪੀੜੇ ਕੌਮੀ ਪੀੜ ਜਦੋਂ
ਸਾਡੀ ਅੱਖ 'ਚੋਂ ਅੱਗ ਦੇ
ਅੱਥਰੂ ਕਿਰਦੇ ਰਹੇ।

ਸ਼ਾਇਰ ਹਰਜਿੰਦਰ ਸਿੰਘ ਸੰਧੂ ਦੀ ਕਲਮ ਲਈ ਦੁਆ ਮੰਗਦਾ ਹੋਇਆ, ਪੰਜਾਬੀ ਸੱਥ ਵਾਲਿਆਂ ਦੇ ਉਦਮ ਦੀ ਸ਼ਲਾਘਾ ਕਰਦਾ ਹੋਇਆ ਪੰਜਾਬ, ਪੰਜਾਬੀਅਤ ਅਤੇ ਸਿੱਖੀ ਦੇ ਹਿਤੈਸ਼ੀ ਪਾਠਕਾਂ ਨੂੰ ਤਹਿ ਦਿਲੋਂ ਅਪੀਲ ਕਰਾਂਗਾ ਕਿ ਉਹ 'ਅੱਗ ਦੇ ਅੱਥਰੂ' ਨੂੰ ਆਪਣੀ ਬੈਠਕ ਦਾ ਸ਼ਿੰਗਾਰ ਜ਼ਰੂਰ ਬਣਾਉਣ।

# ਦੁੱਖਾਂ ਦਾ ਦਰਿਆ ਜੋ ਵਗਣੋਂ ਨਹੀਂ ਹਟਦਾ...

ਸੱਚ ਦੇ ਮੋਤੀ

ਇਹ ਕੋਈ ਮਨ-ਘੜਤ ਕਹਾਣੀ ਨਹੀਂ। ਇਹ ਕਹਾਣੀ ਉਸ ਭਾਬੀ ਲਿਤਰੋ ਦੀ ਹੈ ਜਿਹੜੀ ਜਿੱਥੇ ਵੀ ਗਈ, ਉਥੇ ਹੀ ਉਸ ਨੂੰ ਦਰਦਾਂ ਦੇ ਵਿਛੌਣੇ ਅਤੇ ਗਮਾਂ ਵਾਲੀ ਚਾਦਰ ਹੀ ਮਿਲੀ। ਨਾ ਪਤੀ ਤੋਂ ਕੋਈ ਸੁੱਖ ਮਿਲਿਆ ਅਤੇ ਨਾ ਹੀ ਔਲਾਦ ਜਿਹੇ ਬੂਟਿਆਂ ਤੋਂ ਠੰਢੀ ਛਾਂ ਮਿਲੀ। ਉਸ ਨੇ ਵੀ ਪਾਥੀਆਂ ਪੱਥਦੀ ਨੇ ਉਡਦੇ ਜਹਾਜ਼ ਵੱਲ ਵੇਖ ਕੇ ਬਾਹਰ ਜਾਣ ਦੇ ਸੁਫਨੇ ਆਪਣੇ ਨੈਣਾਂ ਵਿਚ ਸਜਾਏ ਸਨ। ਫਿਰ ਇਕ ਦਿਨ ਇਹ ਘੜੀ ਆ ਗਈ ਅਤੇ ਉਸ ਦੇ ਵੇਖੇ ਸੁਫਨੇ ਪੂਰੇ ਹੋਏ। ਉਹਨੇ ਆਪਣੇ ਦੋਹਾਂ ਮੁੰਡਿਆਂ-ਟਿੰਕੇ ਤੇ ਸਾਬੀ ਨੂੰ ਨਾਲ ਲੈ ਕੇ ਪੰਜਾਬ ਨੂੰ ਅਲਵਿਦਾ ਆਖੀ। ਉਹ ਚਾਈਂ-ਚਾਈਂ ਜਹਾਜ਼ ਚੜ੍ਹ ਕੇ ਅਮਰੀਕਾ ਜਦੋਂ ਨਿਊ ਯਾਰਕ ਜੇ. ਐਫ. ਕੇ. ਹਵਾਈ ਅੱਡੇ ਉਤਰੀ ਤਾਂ ਇਕ ਵਾਰ ਤਾਂ ਉਸ ਦਾ ਦਿਲ ਬੈਠ ਜਿਹਾ ਗਿਆ। ਉਨ੍ਹਾਂ ਨੂੰ ਲੈਣ ਉਸ ਦੇ ਪਤੀ ਦੀ ਥਾਂ ਉਸ ਦਾ ਦੋਸਤ ਆਇਆ ਸੀ। ਇੰਜ ਲੱਗਾ ਜਿਵੇਂ ਕਈ ਸੁਫਨਿਆਂ ਵਿਚੋਂ ਇਕ ਸੁਫਨੇ ਦਾ ਕਤਲ ਹੋ ਗਿਆ ਹੋਵੇ। ਸਿਲਵਰ ਰੰਗ ਦੀ ਹਾਈਲੈਂਡਰ ਦਾ ਦਰਵਾਜ਼ਾ ਖੋਲ੍ਹ ਚੁੱਪ ਕੀਤੀ ਵਿਚ ਬੈਠ ਘਰ ਪਹੁੰਚ ਗਈ।



ਨਿੰਮਾ ਡੱਲੇਵਾਲਾ

ਫੋਨ:513-432-9754

ਘਰ ਅੰਦਰ ਵੜਨ ਸਾਰ ਆਪਣੇ ਪਤੀ ਮੇਰੂ ਨੂੰ ਸੋਫੇ 'ਤੇ ਹੀ ਸ਼ਰਾਬੀ ਹੋਇਆ ਪਿਆ ਵੇਖ ਕੇ ਆਪਣੇ ਖਿਆਲੀਂ ਉਨ੍ਹੀਂ ਪੈਰੀਂ ਪੰਜਾਬ ਮੁੜ ਗਈ। ਕੁਝ ਪਲ ਸੁੰਨ ਜਿਹੀ ਹੋਈ ਸੋਚਦੀ ਰਹੀ ਕਿ ਕਿਉਂ ਨਹੀਂ ਵਕਤ ਸਿਰ ਇਹ ਸਾਡੀ ਮਦਦ ਕਰ ਸਕਿਆ? ਕਿਉਂ ਇਸ ਦੇ ਅਮਰੀਕਾ ਹੋਣ ਦੇ ਬਾਵਜੂਦ ਉਸ ਨੂੰ ਪਾਥੀਆਂ ਪੱਥਣੀਆਂ ਪਈਆਂ? ਫਿਰ ਤੰਗੀਆਂ ਕੱਟਣੀਆਂ ਪਈਆਂ! ਉਸ ਦਾ ਭੁਲੇਖਾ ਦੂਰ ਹੋ ਗਿਆ ਕਿ ਕਿਉਂ ਹਰ ਗਰਮੀ ਦੀ ਰੁੱਤੇ ਚੁੰਨੀ ਦੇ ਪੱਲੇ ਨਾਲ ਪਸੀਨਾ ਪੂੰਝ ਕੇ ਹੀ ਕਿੰਦਾਂ ਗੁਜ਼ਰੀ!! ਮੁੰਡੇ ਪਿਓ ਨੂੰ ਮਿਲੇ ਪਰ ਭਾਬੀ ਲਿਤਰੋ ਉਦੋਂ ਹੀ ਸੋਚਾਂ ਵਿਚੋਂ ਨਿਕਲੀ ਜਦੋਂ ਸੋਫੇ ਤੋਂ ਉਠ ਮੇਰੂ ਨੇ ਲੜਖੜਾਉਂਦੇ ਨੇ ਉਸ ਨੂੰ ਗਲੇ ਲਾਇਆ। ਇਕ ਕਮਰੇ ਦਾ ਮਕਾਨ। ਰਾਤ ਪਈ ਉਹ ਮੁੰਡਿਆਂ ਅਤੇ ਮੇਰੂ ਨੂੰ ਬੈੱਡ 'ਤੇ ਪਾ ਕੇ ਆਪ ਸੋਫੇ ਉਤੇ ਫਿਕਰਾਂ ਦੀ ਚਾਦਰ ਤਾਣ ਸੌਣ ਦੀ ਕੋਸ਼ਿਸ਼ ਕਰਦੀ ਰਹੀ ਪਰ ਨੀਂਦ ਕਿਥੇ ਆਵੇ? ਨੀਂਦ ਤਾਂ ਕਿਸੇ ਪਰਿੰਦੇ ਵਾਂਗ ਉਡਾਰੀ ਮਾਰ ਖ਼ਬਰੇ ਕਿਸ ਬਨੇਰੇ ਜਾ ਬੈਠੀ ਸੀ?

ਦਿਨ ਚੜ੍ਹਿਆ। ਲੋਕਾਂ ਦਾ ਚਾਹ ਪੀਣ ਦਾ ਵਕਤ ਅਤੇ ਮੇਰੂ ਹੱਥ ਸ਼ਰਾਬ ਦਾ ਘੜਾ ਲਿਤਰੋ ਦੇ ਦੁੱਖਾਂ ਨੂੰ ਦੂਣ-ਸਵਾਇਆ ਕਰ ਦਿੰਦਾ। ਲਿਤਰੋ ਨੂੰ ਹੱਥਾਂ 'ਚੋਂ ਘੜਾ ਫੜ ਫੜ ਰੋਕਦੀ ਨੂੰ ਅੱਗਿਓਂ ਆਖਦਾ, ਮੈਂ ਤੁਹਾਡੇ ਆਉਣ ਦੀ ਖੁਸ਼ੀ ਵਿਚ ਪੀਣੀ ਏ। ਲਿਤਰੋ ਅਮੀਰ ਦੇਸ਼ ਵਿਚ ਵੀ ਗਰੀਬੜੀ ਜਿਹੀ ਮਹਿਸੂਸ ਕਰਦੀ। ਇੰਜ ਲੱਗਦਾ ਜਿਵੇਂ ਪਹਿਲਾਂ ਤੋਂ ਵੀ ਗਰੀਬ ਹੋ ਗਈ ਹੋਵੇ! ਜਿਵੇਂ ਕਿਵੇਂ ਮੁੰਡਿਆਂ ਨੂੰ ਪੜ੍ਹਨ ਪਾਇਆ। ਘਰ ਦਾ ਖਰਚਾ ਪੂਰਾ ਨਾ ਹੁੰਦਾ ਵੇਖ ਲਿਤਰੋ ਦੇ ਕਹਿਣ 'ਤੇ ਮੇਰੂ ਨੇ ਉਸ ਵਾਸਤੇ ਕੰਮ ਲੱਭਿਆ ਤੇ ਕੰਮ ਵੀ ਕਿਹੜਾ ਲੱਭਿਆ-ਲਿੱਕਰ ਸਟੋਰ 'ਤੇ। ਮੇਰੂ ਦੀਆਂ ਹੋਰ ਵੀ ਪੌਂ ਬਾਰਾਂ ਹੋ ਗਈਆਂ। ਫਿਰ ਮੇਰੂ ਦੇ ਤੰਗ ਕਰਨ 'ਤੇ ਵਿਚਾਰੀ ਭਾਬੀ ਲਿਤਰੋ ਸ਼ਰਾਬ ਦੀ ਬੋਤਲ ਲਕੋ ਕੇ ਲੈ ਆਉਂਦੀ ਪਰ ਉਸ ਦੀ ਆਤਮਾ ਉਸ ਨੂੰ ਰੋਕਦੀ ਰਹਿੰਦੀ। ਅਗਰ ਨਾ ਲਿਆਉਂਦੀ ਤਾਂ ਨਿੱਤ ਦਾ ਸ਼ਰਾਬੀ ਮੇਰੂ ਜਦੋਂ ਦਿਲ ਕੀਤਾ, ਪਿਛਲੇ ਦਰਵਾਜ਼ੇ ਜਾ ਬੋਤਲ ਚੁੱਕ ਲਿਆਉਂਦਾ। ਅਗਰ ਲਿਤਰੋ ਰੋਕਦੀ ਤਾਂ ਮੇਰੂ ਗਾਲੀ-ਗਲੋਚ ਕਰਦਾ। ਇਕ ਹੋਰ ਦੁੱਖਾਂ ਭਰਿਆ ਪਿਆਲਾ ਉਹ ਵਿਚਾਰੀ ਅੰਦਰੇ ਅੰਦਰ ਪੀਂਦੀ ਰਹੀ ਤੇ ਬਦਨਾਮੀ ਦੇ ਡਰੋਂ ਇਹ ਦੁੱਖ ਕਿਸੇ ਨਾਲ ਸਾਂਝਾ ਵੀ ਨਾ ਕਰ ਸਕਦੀ। ਉਸ ਨੂੰ ਪਤਾ ਸੀ ਕਿ ਪੱਲਾ ਚੁੱਕਿਆਂ ਆਪਣਾ ਹੀ ਢਿੱਡ ਨੰਗਾ ਹੋਵੇਗਾ। 'ਜੈਸੀ ਸੰਗਤ ਵੈਸੀ ਸੁਹਬਤ' ਵਾਂਗ ਵਿਚਾਰੀ ਨੇਕ ਕਿਸਮ ਦੀ ਲਿਤਰੋ ਦੇ ਵੀ ਮਾੜੀ ਸੋਚ ਵਾਲਾ ਨਾਗ ਆ ਲੜਿਆ। ਹੌਲੀ ਹੌਲੀ ਇਹ ਸਭ ਉਸ ਨੂੰ ਮਾੜਾ ਲੱਗਣੋਂ ਹਟ ਗਿਆ। ਘਰ ਵਿਚ ਲਿਤਰੋ ਦੀ ਤਨਖ਼ਾਹ ਦੇ ਨਾਲ ਹੋਰ ਪੈਸੇ ਵੀ ਆਉਂਦੇ ਵੇਖ ਮੇਰੂ ਜਿਹੜੀ ਚਾਰ ਦਿਨ ਟੈਕਸੀ ਚਲਾਉਂਦਾ ਸੀ, ਉਹ ਵੀ ਦੋ ਦਿਨਾਂ 'ਤੇ ਆ ਗਿਆ ਤੇ ਦਾਰੂ ਦੀ ਝੜੀ ਹੋਰ ਵਧ ਗਈ।

ਬਦਨਸੀਬ ਭਾਬੀ ਲਿਤਰੋ ਪੰਜਾਬ ਵਿਚ ਪਈ ਕੰਮ ਦੀ ਪੰਜਾਲੀ ਲਾਹ ਕੇ ਇੱਥੇ ਪਹੁੰਚੀ ਤਾਂ ਪੰਜਾਲੀ ਉਸ ਤੋਂ ਵੀ ਪਹਿਲਾਂ ਇੱਥੇ ਪਹੁੰਚ ਗਈ, ਤੇ ਇਸ ਦਾ ਐਸਾ ਕੰਨ੍ਹਾ ਪਿਆ ਕਿ ਜਵਾਨੀ ਵੱਲ ਵਧ ਰਹੇ ਮੁੰਡਿਆਂ ਨੂੰ ਤਾਲੀਮ ਅਤੇ ਬੰਦੇ ਸੰਸਕਾਰ ਦੇਣੇ ਯਾਦ ਨਾ ਰਹੇ। ਘਰ ਚਲਾਉਣ ਵਾਸਤੇ ਪੈਸੇ ਕਮਾਉਂਦੀ ਹੋਈ ਉਹ ਆਪਣੀ ਅਸਲ ਕਮਾਈ, ਆਪਣੇ ਦੋਨੋਂ ਮੁੰਡੇ ਹੱਥੋਂ ਨਿਕਲਦੇ ਵੇਖ ਕੇ ਹੋਰ ਵੀ ਫਿਕਰਾਂ ਵਿਚ ਘਿਰ ਗਈ। ਸਾਰੀ ਉਮਰ ਭੱਠ ਝੋਕਦੀ ਨੂੰ ਕਦੇ ਪਤੀ ਮੇਰੂ ਨੇ ਸੁੱਖ ਦਾ ਸਾਹ ਨਹੀਂ ਸੀ ਦਿੱਤਾ ਪਰ ਸਬਰ ਕਰਦੀ ਰਹੀ। ਇਹ ਸੋਚ ਕੇ ਕਿ ਪੁੱਤ ਜਵਾਨ ਹੋਣਗੇ ਅਤੇ ਖੁਸ਼ੀਆਂ ਤੋਂ ਖਾਲੀ ਝੋਲੀ ਭਰ ਦੇਣਗੇ।

ਅਫ਼ਸੋਸ ਕਿ ਇੱਥੇ ਵੀ ਉਸ ਨਾਲ ਬੇਇਨਸਾਫੀ ਹੋ ਗਈ। ਉਹ ਵਿਚਾਰੀ ਜਿਉਂਦੇ ਜੀਅ ਮਰ ਗਈ ਜਦੋਂ ਉਸ ਦੀ ਝੋਲੀ ਖੁਸ਼ੀਆਂ ਦੇ ਫੁੱਲ ਪੈਣ ਦੀ ਬਜਾਇ ਦੁੱਖਾਂ ਦੀਆਂ ਠੋਹਰਾਂ ਆਣ ਪਈਆਂ। ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਜਦੋਂ ਉਸ ਨੂੰ ਕਿਸੇ ਦੇ ਦੱਸਣ 'ਤੇ ਪਤਾ ਲੱਗਿਆ ਕਿ ਟਿੰਕਾ ਸਿਗਰਟ, ਸ਼ਰਾਬ ਤੇ ਡਰੱਗ ਵੀ ਲੈਂਦਾ ਹੈ। ਪਤੀ ਨੂੰ ਸਮਝਾ ਕੇ ਅੱਕੀ-ਥੱਕੀ ਪੁੱਤ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ ਹੋਈ ਗੁਰਦੁਆਰੇ ਲਿਜਾ ਕਸਮ ਖਵਾਉਂਦੀ ਕਿ ਪੁੱਤ ਜੇ ਤੁਸੀਂ ਪਿਓ ਦੀਆਂ ਖਿੱਚੀਆਂ ਲੀਹਾਂ 'ਤੇ ਚੱਲ ਕੇ ਕੋਈ ਸੁੱਖ ਨਹੀਂ ਦੇ ਸਕਦੇ ਤਾਂ ਘੱਟੋ ਘੱਟ ਖ਼ੂਨ ਦੇ ਘੁੱਟ ਤਾਂ ਨਾ ਪਿਲਾਓ! ਪਤੀ ਮੇਰੂ 'ਤੇ ਫਖ਼ਰ ਕਰਨ ਦੀ ਬਜਾਇ ਸ਼ਰਮਿੰਦਗੀ ਦਾ ਸਾਹਮਣਾ ਕਰਦੀ ਮਜਬੂਰਨ ਪੁੱਤ ਨੂੰ ਦੱਸਦੀ ਕਿ ਤੇਰੇ ਪਿਓ ਦੀ ਪਛਾਣ ਇੱਥੇ 'ਮੇਰੂ ਸ਼ਰਾਬੀ' ਦੀ ਬਣੀ ਹੋਈ ਹੈ, ਤੇ ਪੁੱਤ ਆਹ ਤੇਰੇ ਅੱਗੇ ਦੋਨੋਂ ਹੱਥ ਜੋੜੇ, ਗੁਆਚੀ ਇੱਜ਼ਤ ਨੂੰ ਹੋਰ ਨਾ ਗੁਆ। ਵੇਖੀਂ ਕਿਤੇ ਇਨ੍ਹਾਂ ਮਾੜੇ ਰਾਹਾਂ 'ਤੇ ਇੰਨਾ ਅੱਗੇ ਨਾ ਲੰਘ ਜਾਈਂ ਕਿ ਜਿੱਥੋਂ ਜਾ ਕੇ ਤੇਰੇ ਨਾਂ ਪਿੱਛੇ ਵੀ ਨਸ਼ੇੜੀ ਜਾਂ ਡਰੱਗੀ ਲੱਗ ਜਾਏ। ਵਾਸਤੇ ਪਾਉਂਦੀ ਕਿ ਜਿਹੜੇ ਕਲੰਕ ਪਿਓ ਨੇ ਖੱਟੇ ਹਨ, ਉਨ੍ਹਾਂ ਨੂੰ ਮਿਟਾਉਣ ਵਾਲੀ ਕੋਈ ਐਸੀ ਨੇਕ ਕਮਾਈ ਕਰੇਂ ਜਿਸ ਨਾਲ ਮੇਰੇ ਦੁੱਧ ਦਾ ਕਰਜ਼ ਵੀ ਲੱਥ ਜਾਏ ਤੇ ਮੇਰੇ ਸਿਰ ਦੀ ਚੁੰਨੀ ਦੀ ਲਾਜ ਬਚ ਜਾਏ। ਟਿੰਕਾ ਮਾਂ ਦੀ ਗੱਲ ਮੰਨਦਾ ਵਾਅਦਾ ਕਰਦਾ ਕਿ ਸਭ ਬੁਰੇ ਕੰਮ ਛੱਡ ਦੇਵੇਗਾ।

ਸਖ਼ਤ ਮਿਹਨਤ ਕਰਕੇ ਕੁਝ ਪੈਸੇ ਜੋੜਨ ਤੋਂ ਬਾਅਦ ਭਾਬੀ ਲਿਤਰੋ ਦੇ ਮਨ ਵਿਚ ਉਮੰਗ ਉਠੀ ਕਿ ਕਿਰਾਏ ਦੇ ਮਕਾਨ ਨਾਲੋਂ ਜੇ ਕਿਤੇ ਆਪਣਾ ਘਰ ਬਣਾਇਆ ਜਾਏ! ਸਵੇਰੇ ਚਾਹ ਪੀਂਦੀ-ਪੀਂਦੀ ਪਤੀ ਮੇਰੂ ਨਾਲ ਸਲਾਹ ਕਰਨ ਲੱਗੀ। ਉਸ ਨੂੰ ਪਤਾ ਸੀ ਕਿ ਇਹੀ ਸਹੀ ਵਕਤ

(ਬਾਕੀ ਸਫਾ 27 'ਤੇ)

# ਗੁਰਦੁਆਰਾ ਟਾਇਰਾ ਬਿਊਨਾ, ਯੂਬਾ ਸਿਟੀ (ਕੈਲੀਫੋਰਨੀਆ)

ਦੀ

# ਸੰਗਤ ਦੇ ਧਿਆਨਯੋਗ ਕੁਝ ਗੱਲਾਂ

➲ ਗੁਰਦੁਆਰਾ ਟਾਇਰਾ ਬਿਊਨਾ ਦੇ ਪ੍ਰਬੰਧਕੀ ਬੋਰਡ ਦੇ 73 ਡਾਇਰੈਕਟਰਾਂ ਦੀ ਮੀਟਿੰਗ ਗੁਰੂ ਘਰ ਦੇ ਵਿਧਾਨ ਅਨੁਸਾਰ ਸਮੇਂ ਸਮੇਂ ਬੁਲਾਉਣੀ ਜ਼ਰੂਰੀ ਹੈ ਪਰ ਅਜਿਹੀ ਮੀਟਿੰਗ ਲੰਮੇ ਸਮੇਂ ਤੋਂ ਨਹੀਂ ਸੱਦੀ ਗਈ। ਇਹ ਵੀ ਧਿਆਨ ਦੇਣ ਯੋਗ ਹੈ ਕਿ ਗੁਰੂ ਘਰ ਦੇ ਪ੍ਰਮੁੱਖ ਅਹੁਦੇਦਾਰਾਂ ਦੀ ਚੋਣ ਵੀ ਗੁਰੂ ਘਰ ਦੇ ਡਾਇਰੈਕਟਰਾਂ ਦੇ ਬੋਰਡ ਦੇ ਆਮ ਇਜਲਾਸ ਵਿਚ ਨਹੀਂ ਕੀਤੀ ਗਈ ਸਗੋਂ ਗੁਰੂ ਘਰ ਦੇ ਇਕ ਨਿਜੀ ਸਮਾਗਮ ਵਿਚ ਨਾਂਵਾਂ ਦਾ ਐਲਾਨ ਕਰ ਦਿਤਾ ਗਿਆ। ਕਿਸੇ ਵਿਵਾਦ ਵਿਚ ਪੈਣ ਤੋਂ ਗੁਰੇਜ ਕਰਦਿਆਂ ਬਹੁਤ ਸਾਰੇ ਡਾਇਰੈਕਟਰ ਚੁੱਪ ਰਹੇ ਅਤੇ ਜਿਸ ਕਿਸੇ ਡਾਇਰੈਕਟਰ ਨੇ ਇਸ ਦਾ ਵਿਰੋਧ ਕੀਤਾ ਉਸ ਨੂੰ ਤੰਗ ਪ੍ਰੇਸ਼ਾਨ ਕੀਤਾ ਗਿਆ। ਅਹੁਦੇਦਾਰਾਂ ਦੀ ਮਿਆਦ ਵੀ ਅੰਦਰਖਾਤੇ ਹੋਰ ਵਧਾ ਦਿੱਤੀ ਗਈ।




➲ ਪ੍ਰਬੰਧਕ ਧੜੇ ਦੇ ਕੰਮ ਕਰਨ ਦੇ ਢੰਗ-ਤਰੀਕੇ ਤੋਂ ਉਪਰਾਮ ਹੋ ਕੇ ਜਿਨ੍ਹਾਂ ਡਾਇਰੈਕਟਰਾਂ ਨੇ ਰੋਸ ਵਜੋਂ ਅਸਤੀਫੇ ਦਿੱਤੇ, ਉਹ ਅਸਤੀਫੇ ਬੋਰਡ ਨੇ ਕਦੇ ਆਮ ਸਹਿਮਤੀ ਨਾਲ ਪਾਸ ਨਹੀਂ ਕੀਤੇ ਸਗੋਂ ਉਨ੍ਹਾਂ ਦੀ ਥਾਂ ਬਿਨਾ ਵੋਟਿੰਗ ਕਰਾਏ ਆਪਣੇ ਕੁਝ ਚਹੇਤਿਆਂ ਨੂੰ ਨਿਯੁਕਤ ਕਰ ਲਿਆ। ਅਸਤੀਫਾ ਦੇਣ ਵਾਲੇ ਡਾਇਰੈਕਟਰਾਂ ਦੇ ਨਾਂ ਅਤੇ ਅਸਤੀਫਾ ਦੇਣ ਦੇ ਕਾਰਨਾਂ ਬਾਰੇ ਗੁਰੂ ਘਰ ਦੇ ਮੈਂਬਰਾਂ ਅਤੇ ਆਮ ਸੰਗਤ ਨੂੰ ਕਦੇ ਵੀ ਚਿੱਠੀ ਪੱਤਰ ਰਾਹੀਂ ਨਹੀਂ ਦੱਸਿਆ ਗਿਆ। ਨਵੇਂ ਬਣਾਏ ਗਏ ਡਾਇਰੈਕਟਰਾਂ ਬਾਰੇ ਵੀ ਮੈਂਬਰਾਂ ਨੂੰ ਕੋਈ ਜਾਣਕਾਰੀ ਨਹੀਂ। ਇਥੋਂ ਤੱਕ ਕੇ ਕੁਝ ਡਾਇਰੈਕਟਰਾਂ ਨੂੰ ਵੀ ਇਸ ਬਾਰੇ ਕੁਝ ਪਤਾ ਨਹੀਂ।

➲ ਡਾਇਰੈਕਟਰਾਂ ਦੀ ਚੋਣ ਮੈਂਬਰਾਂ ਰਾਹੀਂ ਹੁੰਦੀ ਹੈ। ਗੁਰੂ ਘਰ ਦੇ ਮੈਂਬਰ ਯਾਨਿ ਸੰਗਤ ਸਭ ਤੋਂ ਉਪਰ ਹੈ ਪਰ ਮੈਂਬਰਾਂ ਨੂੰ ਵੀ ਹਨੇਰੇ ਵਿਚ ਰੱਖਿਆ ਜਾ ਰਿਹਾ ਹੈ। ਚਾਹੀਦਾ ਤਾਂ ਇਹ ਵੀ ਸੀ ਕਿ ਅਸਤੀਫਾ ਦੇਣ ਵਾਲੇ ਡਾਇਰੈਕਟਰ ਪਹਿਲਾਂ ਮੈਂਬਰਾਂ ਨਾਲ ਸਲਾਹ ਕਰਦੇ ਕਿਉਂਕਿ ਉਨ੍ਹਾਂ ਦੀ ਚੋਣ ਮੈਂਬਰਾਂ ਨੇ ਹੀ ਕੀਤੀ ਸੀ।

➲ ਭਾਈ ਗੁਰਦੇਵ ਸਿੰਘ ਇਕ ਲੰਮੇ ਸਮੇਂ ਤੋਂ ਗੁਰੂ ਘਰ ਦੇ ਹੈਡ ਗ੍ਰੰਥੀ ਵਜੋਂ ਸੇਵਾ ਕਰ ਰਹੇ ਸਨ। ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਐਮ ਏ ਪੰਜਾਬੀ ਹਨ ਅਤੇ ਉਨ੍ਹਾਂ ਕੋਲ ਭਾਰਤ, ਇੰਗਲੈਂਡ ਤੇ ਸਿੰਗਾਪੁਰ ਜਿਹੇ ਕਈ ਮੁਲਕਾਂ ਵਿਚ ਗ੍ਰੰਥੀ ਹੋਣ ਦਾ ਲੰਮਾ ਤਜ਼ਰਬਾ ਹੈ। ਉਨ੍ਹਾਂ ਨੂੰ ਹਟਾ ਕੇ ਉਨ੍ਹਾਂ ਦੀ ਥਾਂ ਭਾਰਤੀ ਰੇਲਵੇ ਦੇ ਇਕ ਮੁਲਾਜ਼ਮ ਨੂੰ ਗ੍ਰੰਥੀ ਨਿਯੁਕਤ ਕਰ ਦਿਤਾ ਗਿਆ ਜਿਸ ਕੋਲ ਗ੍ਰੰਥੀ ਹੋਣ ਦਾ ਕੋਈ ਤਜ਼ਰਬਾ ਵੀ ਨਹੀਂ ਹੈ। ਅਜਿਹਾ ਕਰਨ ਪਿਛੇ ਕੀ ਕਾਰਨ ਹਨ? ਸੰਗਤ ਨੂੰ ਇਸ ਬਾਰੇ ਕਦੇ ਕੁਝ ਦੱਸਿਆ ਨਹੀਂ ਗਿਆ।

➲ ਗੁਰੂ ਸਾਹਿਬਾਨ ਦੇ ਪ੍ਰਕਾਸ਼ ਦਿਹਾੜੇ ਅਤੇ ਹੋਰ ਸਾਂਝੇ ਦਿਨ ਦਿਹਾਰ ਸੰਗਤ ਵਲੋਂ ਸਾਂਝੇ ਤੌਰ 'ਤੇ ਮਨਾਏ ਜਾਣੇ ਚਾਹੀਦੇ ਹਨ ਪਰ ਇਸ ਗੁਰੂ ਘਰ ਵਿਚ ਬਹੁਤੀ ਵਾਰ ਇਹ ਸਮਾਗਮ ਕਿਸੇ ਇਕ ਪਰਿਵਾਰ ਦੇ ਨਿਜੀ ਸਮਾਗਮ ਹੋ ਕੇ ਰਹਿ ਜਾਂਦੇ ਹਨ, ਅਜਿਹਾ ਕਿਉਂ?

➲ ਗੁਰੂ ਘਰ ਦੀ ਸਟੇਜ ਤੋਂ ਕੁਝ ਅਜਿਹੇ ਲੋਕ ਵੀ ਸਿੱਖਿਆ ਦੇਣ ਤੁਰ ਪੈਂਦੇ ਹਨ ਜਿਨ੍ਹਾਂ ਉਤੇ ਝੂਠੀਆਂ ਬੈਂਕਰਪਸੀਆਂ ਕਰਕੇ ਲੋਕਾਂ ਦੇ ਪੈਸੇ ਦੱਬਣ ਅਤੇ ਹੋਰ ਕਈ ਤਰ੍ਹਾਂ ਦੇ ਫਰਾਡ ਕਰਨ ਦੇ ਗੰਭੀਰ ਦੋਸ਼ ਲੱਗਦੇ ਆਏ ਹਨ। ਅਜਿਹੇ ਲੋਕਾਂ ਬਾਰੇ ਜਦੋਂ ਅਖਬਾਰਾਂ ਵਿਚ ਕੁਝ ਛਪਦਾ ਹੈ ਤਾਂ ਇਹ ਸਭ ਪੜ੍ਹ ਕੇ ਬੱਚਿਆਂ ਵਿਚ ਗੁਰੂ ਘਰ ਪ੍ਰਤੀ ਮੋਹ ਭੰਗ ਹੁੰਦਾ ਹੈ ਅਤੇ ਫਿਰ ਸਾਨੂੰ ਸਭ ਨੂੰ ਸ਼ਿਕਾਇਤ ਹੁੰਦੀ ਹੈ ਕਿ ਨਵੀਂ ਪੀੜ੍ਹੀ ਗੁਰੂ ਘਰ ਨਾਲ ਕਿਉਂ ਨਹੀਂ ਜੁੜਦੀ।

***ਅਜਿਹੇ ਹੋਰ ਵੀ ਕੁਝ ਸਵਾਲ ਗੁਰੂ ਘਰ ਦੀ ਸੰਗਤ ਦੇ ਵਿਚਾਰਗੋਚਰੇ ਹਨ ਜੋ ਸਮੇਂ ਸਮੇਂ ਸੰਗਤਾਂ ਨਾਲ ਸਾਂਝੇ ਕੀਤੇ ਜਾਣਗੇ। ਆਓ ਸਾਰੇ ਰਲ ਕੇ ਪ੍ਰਬੰਧਕਾਂ ਉਪਰ ਜ਼ੋਰ ਪਾਈਏ ਕਿ ਗੁਰੂ ਘਰ ਨੂੰ ਇਖਲਾਕੀ ਕੀਮਤਾਂ 'ਤੇ ਪਹਿਰਾ ਦੇ ਕੇ ਗੁਰੂ ਘਰ ਦੇ ਸੰਵਿਧਾਨ ਮੁਤਾਬਕ ਚਲਾਇਆ ਜਾਵੇ।***


ਜਾਰੀ ਕਰਤਾ

## ਪੰਜਾਬੀ ਲੋਕ ਚੇਤਨਾ ਗਰੁਪ, ਅਮਰੀਕਾ (ਕੈਲੀਫੋਰਨੀਆ ਇਕਾਈ)

## Punjabi People's Awareness Group of USA (California Chapter)

# ਆਪਣੇ ਬੰਦੇ ਫਿੱਟ ਕਰਨ ਦੇ ਯਤਨ 'ਚ ਬਾਦਲ ਸਰਕਾਰ

## ਸਿਆਸਤ ਦਾ ਪਿੜ



ਜਤਿੰਦਰ ਪਨੂੰ

**ਪਿਛਲੇ ਦਿਨੀਂ ਸੰਸਾਰ ਕਬੱਡੀ ਕੱਪ ਕਰਵਾਇਆ ਗਿਆ, ਜਿਸ ਦਾ ਪੰਜਾਬੀਆਂ ਨੇ ਜਿੰਨਾ ਅਨੰਦ ਮਾਣਿਆ, ਉਸ ਨੂੰ ਅੱਖੋਂ ਪਰੋਖਾ ਅਸੀਂ ਨਹੀਂ ਕਰਦੇ ਪਰ ਜੋ ਕੁਝ ਇਸ ਦੌਰਾਨ ਹੋਇਆ, ਉਸ ਨਾਲ ਕਬੱਡੀ ਦੀ ਖੇਡ ਵੀ ਕਲੰਕਿਤ ਹੋਈ ਤੇ ਪੰਜਾਬ ਦੇ ਖਾਲੀ ਪਏ ਖਜ਼ਾਨੇ ਨੂੰ ਰਗੜਾ ਵੀ ਰੱਜ ਕੇ ਲਾਇਆ ਗਿਆ। ਭਲਾ ਇਸ ਮੌਕੇ ਸ਼ਾਹਰੁਖ ਖਾਨ ਨੂੰ ਉਦਘਾਟਨੀ ਸਮਾਗਮ ਵਿਚ ਸੱਦ ਕੇ ਕਰੋੜਾਂ ਰੁਪਏ ਉਸ ਦੀ ਝੋਲੀ ਪਾਉਣ ਤੇ ਨੋਟਾਂ ਦੀ ਬੋਰੀ ਦੇ ਕੇ ਅਕਸ਼ੈ ਕੁਮਾਰ ਅਤੇ ਐਕਟਰੈਸ ਦੀਪਕਾ ਪਾਦੂਕੋਣ ਨੂੰ ਬੁਲਾਉਣ ਦੀ ਕੀ ਲੋੜ ਸੀ? ਡੋਪ ਟੈਸਟ ਦੇ ਨਾਂ ਉਤੇ ਜੋ ਕੁਝ ਹੁੰਦਾ ਰਿਹਾ, ਉਸ ਤੋਂ ਪੱਲੇ ਪੁਆਈ ਪੱਖ-ਪਾਤ ਦੀ ਬਦਨਾਮੀ ਪੰਜਾਬ ਦਾ ਖੇਡ ਵਿਭਾਗ ਕਦੋਂ ਤੇ ਕਿਵੇਂ ਧੋਵੇਗਾ?**

ਖਾਲਸਾ ਵਿਰਾਸਤ ਦੀ ਯਾਦਗਾਰ ਦਾ ਉਦਘਾਟਨ ਭਾਵੇਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਵੀ ਕੀਤਾ ਜਾ ਚੁੱਕਾ ਸੀ, ਉਸ ਦਾ ਹੁਣ ਵਾਲੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਉਦਘਾਟਨ ਕਰਨਾ ਜਾਂ ਕਰਾਉਣਾ ਕੋਈ ਬਹੁਤਾ ਵੱਡਾ ਮੁੱਦਾ ਨਹੀਂ। ਪੰਜਾਬ ਵਿਚ ਸਰਕਾਰੀ ਖਰਚੇ ਉਤੇ ਬਣੇ ਕਈ ਪ੍ਰਾਜੈਕਟਾਂ ਦੇ ਦੋ-ਦੋ ਵਾਰ ਉਦਘਾਟਨ ਕੀਤੇ ਜਾ ਚੁੱਕੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਵਿਰਾਸਤੀ ਪਿੰਡ ਦਾ ਨੀਂਹ-ਪੱਥਰ ਤਿੰਨ ਵਾਰ ਰੱਖਿਆ ਦੱਸਿਆ ਜਾਂਦਾ ਹੈ। ਇਸ ਕਰ ਕੇ ਹੁਣ ਇਹ ਕੋਈ ਬਹੁਤਾ ਵੱਡਾ ਮੁੱਦਾ ਨਹੀਂ ਹੈ। ਇਹ ਗੱਲ ਧਿਆਨ ਵਿਚ ਜ਼ਰੂਰ ਲਿਆਉਣੀ ਚਾਹੁੰਦੇ ਹਾਂ ਕਿ ਇਸ ਵਾਰ ਖਾਲਸਾ ਵਿਰਾਸਤ ਦੇ ਉਦਘਾਟਨ ਮੌਕੇ ਮੁੱਖ ਮੰਤਰੀ ਸ. ਬਾਦਲ ਨੇ ਘੱਟੋ ਘੱਟ ਤਿੰਨ ਵਾਰ ਇਹ ਕਿਹਾ ਕਿ ਉਨ੍ਹਾਂ ਤੋਂ ਜਿਤਨੀਆਂ ਕਈ ਭੁੱਲਾਂ ਹੋਈਆਂ ਹਨ, ਉਨ੍ਹਾਂ ਲਈ ਪੰਜਾਬ ਦੇ ਲੋਕ ਉਨ੍ਹਾਂ ਨੂੰ ਮੁਆਫ ਕਰ ਦੇਣ। ਕੀ ਅਜਿਹਾ ਕਰਨਾ ਉਨ੍ਹਾਂ ਦੀ ਨਿਰਮਾਣਤਾ ਸੀ ਜਾਂ ਉਨ੍ਹਾਂ ਤੋਂ ਕੁਝ ਇਹੋ ਜਿਹੀਆਂ ਭੁੱਲਾਂ ਹੋਈਆਂ ਹਨ, ਜਿਨ੍ਹਾਂ ਨੂੰ ਕਰਨ ਵੇਲੇ ਉਹ ਭੁੱਲਾਂ ਨਹੀਂ ਸਨ ਸਮਝਦੇ ਤੇ ਹੁਣ ਉਨ੍ਹਾਂ ਦਾ ਮਨ ਉਤੇ ਬੋਝ ਮਹਿਸੂਸ ਕਰਦੇ ਹੋਏ ਉਨ੍ਹਾਂ ਲਈ ਮੁਆਫੀ ਮੰਗ ਰਹੇ ਹਨ? ਵਿਚਲੀ ਗੱਲ ਉਹੋ ਜਾਣਦੇ ਹੋਣਗੇ, ਪੰਜਾਬ ਦੇ ਲੋਕਾਂ ਨੂੰ ਉਨ੍ਹਾਂ ਦੇ ਮਾਨਸਿਕ ਬੋਝ ਨਾਲ ਵੀ ਵਾਸਤਾ ਨਹੀਂ ਹੋਵੇਗਾ ਪਰ ਇਹ ਜਾਣਨ ਦਾ ਲੋਕਾਂ ਦਾ ਹੱਕ ਹੈ ਕਿ ਜਿਸ ਰਾਜ ਪ੍ਰਬੰਧ ਦੀ ਵਾਗਡੋਰ ਇਸ ਮੁੱਖ ਮੰਤਰੀ ਦੇ ਹੱਥ ਸੌਂਪੀ ਸੀ, ਉਹ ਕਿਵੇਂ ਦਾ ਚੱਲਦਾ ਹੈ?

ਬਾਹਲੀ ਪੁਰਾਣੀ ਕਹਾਣੀ ਦਾ ਗਿਲਾ ਪੀਹਣ ਨਾ ਪਾਈਏ, ਸਿਰਫ ਪਿਛਲੇ ਦਿਨਾਂ ਦੀਆਂ ਕੁਝ ਗੱਲਾਂ ਦੀ ਚਰਚਾ ਕਰਾਂਗੇ, ਜੋ ਦੱਸਦੀਆਂ ਹਨ ਕਿ ਰਾਜ ਪ੍ਰਬੰਧ ਦਾ ਝੁੱਗਾ ਚੌੜ ਹੋਇਆ ਪਿਆ ਹੈ।

ਪਿਛਲੇ ਦਿਨੀਂ ਸੰਸਾਰ ਕਬੱਡੀ ਕੱਪ ਕਰਵਾਇਆ ਗਿਆ, ਜਿਸ ਦਾ ਪੰਜਾਬੀਆਂ ਨੇ ਜਿੰਨਾ ਅਨੰਦ ਮਾਣਿਆ, ਉਸ ਨੂੰ ਅੱਖੋਂ ਪਰੋਖਾ ਅਸੀਂ ਨਹੀਂ ਕਰਦੇ ਪਰ ਜੋ ਕੁਝ ਇਸ ਦੌਰਾਨ ਹੋਇਆ, ਉਸ ਨਾਲ ਕਬੱਡੀ ਦੀ ਖੇਡ ਵੀ ਕਲੰਕਿਤ ਹੋਈ ਤੇ ਪੰਜਾਬ ਦੇ ਖਾਲੀ ਪਏ ਖਜ਼ਾਨੇ ਨੂੰ ਰਗੜਾ ਵੀ ਰੱਜ ਕੇ ਲਾਇਆ ਗਿਆ। ਭਲਾ ਇਸ ਮੌਕੇ ਸ਼ਾਹਰੁਖ ਖਾਨ ਨੂੰ ਉਦਘਾਟਨੀ ਸਮਾਗਮ ਵਿਚ ਸੱਦ ਕੇ ਕਰੋੜਾਂ ਰੁਪਏ ਉਸ ਦੀ ਝੋਲੀ ਪਾਉਣ ਤੇ ਨੋਟਾਂ ਦੀ ਬੋਰੀ ਦੇ ਕੇ ਅਕਸ਼ੈ ਕੁਮਾਰ ਅਤੇ ਐਕਟਰੈਸ ਦੀਪਕਾ ਪਾਦੂਕੋਣ ਨੂੰ ਬੁਲਾਉਣ ਦੀ ਕੀ ਲੋੜ ਸੀ? ਡੋਪ ਟੈਸਟ ਦੇ ਨਾਂ ਉਤੇ ਜੋ ਕੁਝ ਹੁੰਦਾ ਰਿਹਾ, ਉਸ ਤੋਂ ਪੱਲੇ ਪੁਆਈ ਪੱਖ-ਪਾਤ ਦੀ ਬਦਨਾਮੀ ਪੰਜਾਬ ਦਾ ਖੇਡ ਵਿਭਾਗ ਕਦੋਂ ਤੇ ਕਿਵੇਂ ਧੋਵੇਗਾ? ਚੈਂਪੀਅਨ ਕੁੜੀਆਂ ਨੂੰ ਜਿੱਤਣ ਤੋਂ ਬਾਅਦ ਘਰ ਜਾਣ ਲਈ ਗੱਡੀ ਤੱਕ ਨਾ ਦੇਣੀ ਤੇ ਜਦੋਂ ਇਸ ਦੀ ਚਰਚਾ ਚੱਲ ਪਈ ਤਾਂ ਉਨ੍ਹਾਂ ਕੁੜੀਆਂ ਨੂੰ ਪੰਦਰਾਂ ਹਜ਼ਾਰ ਦੀ ਸ਼ਰਾਬ ਪੀ ਜਾਣ ਦਾ ਦੋਸ਼ ਲਾ ਕੇ ਦਾਗੀ ਕਰਨ ਦਾ ਯਤਨ ਕਰਨ ਵਾਲਿਆਂ ਦੇ ਆਪਣੇ ਪੈਗਾਂ ਦੀ ਗਿਣਤੀ ਨੂੰ ਲੋਕਾਂ ਮੂਹਰੇ ਕੌਣ ਰੱਖੇਗਾ? ਹੋਟਲਾਂ ਤੋਂ ਆਉਂਦੀਆਂ ਖਬਰਾਂ ਦੱਸਦੀਆਂ ਹਨ ਕਿ ਕੁੜੀਆਂ ਵਾਲੇ ਕਮਰਿਆਂ ਦੇ ਨਾਂ ਉਤੇ ਕੁਝ ਪ੍ਰਬੰਧਕ ਬਾਹਰ ਬੈਠੇ ਬੋਤਲਾਂ ਡਕਾਰਦੇ ਰਹੇ ਸਨ, ਤੇ ਸ਼ਹੀਦ ਭਗਤ ਸਿੰਘ ਦੇ ਸ਼ਤਾਬਦੀ ਸਮਾਗਮਾਂ ਦੀ ਹੇਰਾਫੇਰੀ ਜ਼ਾਹਰ ਹੋ ਚੁੱਕਣ ਪਿੱਛੋਂ ਪੰਜਾਬ ਦੇ ਲੋਕ ਕੁੜੀਆਂ ਦੀ ਥਾਂ ਪ੍ਰਬੰਧਕਾਂ ਨੂੰ ਦੋਸ਼ੀ ਕਿਉਂ ਨਾ ਮੰਨਣਗੇ? ਪਹਿਲਾਂ ਰਾਜਸੀ ਤੇ ਸਰਕਾਰੀ ਸਮਾਗਮਾਂ ਮੌਕੇ ਬੇਗਾਨੀਆਂ ਧੀਆਂ ਨੂੰ ਕੁੱਟ ਕੇ ਜ਼ਲੀਲ ਕਰਦੇ ਰਹੇ ਸੀ, ਹੁਣ ਇਹ ਢੰਗ ਫੜ ਲਿਆ ਤਾਂ ਲੋਕ ਜਵਾਬ ਕਿਉਂ ਨਾ ਮੰਗਣਗੇ?

ਹੋ ਸਕਦਾ ਹੈ ਕਿ ਇਸ ਸਾਰੇ ਕੁਝ ਬਾਰੇ ਮੁੱਖ ਮੰਤਰੀ ਬਾਦਲ ਨੂੰ ਪਤਾ ਵੀ ਨਾ ਹੋਵੇ, ਕਿਉਂਕਿ ਉਨ੍ਹਾਂ ਦਾ ਦਖਲ ਹੀ ਬਹੁਤਾ ਨਹੀਂ ਸੀ। ਉਨ੍ਹਾਂ ਦਾ ਦਰਦ ਤਾਂ ਰਾਮੂਵਾਲੀਏ ਬਲਵੰਤ ਸਿੰਘ ਨੂੰ ਪਾਰਟੀ ਵਿਚ ਲੈਣ ਮੌਕੇ ਕੀਤੀ ਤਕਰੀਰ ਤੋਂ ਹੀ ਪਤਾ ਲੱਗ ਗਿਆ ਸੀ, ਜਿੱਥੇ ਹਜ਼ਾਰਾਂ ਲੋਕਾਂ ਦੀ ਰੈਲੀ ਵਿਚ ਬਾਦਲ ਸਾਹਿਬ ਦੇ ਮੂੰਹੋਂ ਇਹ ਨਿਕਲ ਗਿਆ ਕਿ 'ਅੱਗੇ ਲੋਕਾਂ ਦੇ ਘਰ ਪੁੱਤ ਜੰਮਦੇ ਹੁੰਦੇ ਸਨ, ਹੁਣ ਪਿਓ ਜੰਮਣ ਲੱਗ ਪਏ ਹਨ।'

ਕਬੱਡੀ ਦੀ ਖੇਡ ਇੱਕ ਛੋਟਾ ਜਿਹਾ ਕਾਂਡ ਸੀ, ਰਾਜ ਸਰਕਾਰ ਵਿਚ ਜੋ ਕੁਝ ਹੋ ਰਿਹਾ ਹੈ, ਉਸ ਦੇ ਖਾਤੇ ਵਿਚ ਏਨਾ ਕੁਝ ਬੋਲਦਾ ਹੈ ਕਿ ਪੜ੍ਹ ਕੇ ਬੰਦਾ ਹੈਰਾਨ ਹੋ ਜਾਂਦਾ ਹੈ ਕਿ ਇਥੇ ਸਰਕਾਰ ਨਾਂ ਦੀ ਕੋਈ ਚੀਜ਼ ਹੈ ਵੀ ਕਿ ਨਹੀਂ?

ਇੱਕ ਮਾਮਲਾ ਹੈ ਇਸ ਸਰਕਾਰ ਵੱਲੋਂ ਪੰਜਾਬ ਵਿਚ ਸ਼ਰਾਬ ਦੀਆਂ ਬੋਤਲਾਂ ਦੀ ਵਿਕਰੀ ਉਤੇ ਲਾਏ ਉਸ ਟੈਕਸ ਦਾ, ਜਿਸ ਨੂੰ 'ਐਜੂਕੇਸ਼ਨ ਸੈਸ' ਦਾ ਨਾਂ ਦਿੱਤਾ ਗਿਆ ਸੀ। ਉਹ ਟੈਕਸ ਲਾਉਣ ਵੇਲੇ ਬਹੁਤ ਨੁਕਤਾਚੀਨੀ ਹੋਈ ਸੀ, ਸਰਕਾਰ ਦੀ। ਹੁਣ ਪਤਾ ਲੱਗਾ ਹੈ ਕਿ ਇਸ ਸੈਸ ਤੋਂ ਪੰਜਾਬ ਸਰਕਾਰ ਨੇ 2500 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਕਰ ਲਈ ਪਰ ਜਿਸ ਵਿਦਿਆ ਦੇ ਮਹਿਕਮੇ ਲਈ ਲਾਇਆ ਗਿਆ ਸੀ, ਉਸ ਨੂੰ ਦਿੱਤਾ ਹੀ ਨਹੀਂ ਗਿਆ। ਆਖਰ ਵਿਦਿਆ ਦੇ ਨਾਂ ਉਤੇ ਇਕੱਠਾ ਕੀਤਾ ਪੈਸਾ ਉਸ ਲਈ ਕਿਉਂ ਨਾ ਦਿੱਤਾ ਗਿਆ ਤੇ ਕਿੱਥੇ ਖਰਚ ਕਰ ਦਿੱਤਾ ਗਿਆ, ਇਸ ਦਾ ਜਵਾਬ ਵੀ ਸਰਕਾਰ ਨਹੀਂ ਦੇ ਰਹੀ। ਜਵਾਬ ਨ ਦੇਣ ਦਾ ਮਾਮਲਾ ਦਲਿਤ ਵਿਦਿਆਰਥੀਆਂ ਲਈ ਕੇਂਦਰ ਸਰਕਾਰ ਵੱਲੋਂ ਭੇਜੇ ਗਏ ਵਜ਼ੀਫੇ ਦੇ ਪੈਸਿਆਂ ਦਾ ਵੀ ਹੈ। ਉਥੋਂ ਛੱਬੀ ਕਰੋੜ ਰੁਪਏ ਤੋਂ ਵੱਧ ਦੀ ਰਕਮ ਇਸ ਕੰਮ ਲਈ ਆਈ ਸੀ ਤੇ ਇਸ ਦੀ ਵਰਤੋਂ ਕਰ ਲੈਣ ਦਾ ਸਰਟੀਫਿਕੇਟ ਦੇਣ ਪਿੱਛੋਂ ਕੇਂਦਰ ਸਰਕਾਰ ਨੇ 48 ਕਰੋੜ ਰੁਪਏ ਤੋਂ ਵੱਧ ਹੋਰ ਭੇਜ ਦੇਣੇ ਸਨ ਪਰ ਇਹ 26 ਕਰੋੜ ਖਰਚਣ ਦਾ ਸਰਟੀਫਿਕੇਟ ਨਹੀਂ ਦਿੱਤਾ ਜਾ ਸਕਦਾ, ਕਿਉਂਕਿ ਪੈਸਾ ਹੋਰ ਕੰਮਾਂ ਲਈ ਖਰਚ ਲਿਆ ਹੈ। ਨਤੀਜੇ ਵਜੋਂ ਅਗਲੇ 48 ਕਰੋੜ ਮਿਲਣੇ ਨਹੀਂ ਤੇ ਇਹ 26 ਕਰੋੜ ਰੁਪਏ ਵੀ ਮੋੜਨੇ ਪੈ ਸਕਦੇ ਹਨ।



ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ

ਇਹ ਚੇਤਾ ਕਰਾਉਣ ਦੀ ਲੋੜ ਨਹੀਂ ਕਿ ਮੁੱਖ ਮੰਤਰੀ ਤੇ ਉਨ੍ਹਾਂ ਦੇ ਡਿਪਟੀ ਮੁੱਖ ਮੰਤਰੀ ਜਾਂ ਹੋਰ ਕਿੰਨੇ ਮੰਤਰੀਆਂ ਨੂੰ ਲੋਕਪਾਲ ਦੇ ਦਫਤਰੋਂ ਨੋਟਿਸ ਜਾਰੀ ਹੋਏ ਹਨ, ਜਿਹੜੇ ਕੱਲ੍ਹ ਨੂੰ ਯੇਦੂਰੱਪਾ ਦੀ ਕਹਾਣੀ ਤੱਕ ਪਹੁੰਚ ਸਕਦੇ ਹਨ। ਇਹ ਦੱਸਣਾ ਵੀ ਬੇਲੋੜਾ ਹੈ ਕਿ ਪੰਜਾਬ ਦੀ ਪੁਲਿਸ ਵਿਚ ਬੈਠੇ ਉਨ੍ਹਾਂ ਅਫਸਰਾਂ ਨੂੰ ਬਚਾਉਣ ਲਈ ਸਰਕਾਰ ਹੁਣ ਸੁਪਰੀਮ ਕੋਰਟ ਤੱਕ ਜਾ ਪਹੁੰਚੀ ਹੈ, ਜਿਨ੍ਹਾਂ ਨੂੰ ਵੱਖ-ਵੱਖ ਗੰਭੀਰ ਅਪਰਾਧਾਂ ਕਾਰਨ ਅਦਾਲਤਾਂ ਨੇ ਸਜ਼ਾਵਾਂ ਦੇ ਰੱਖੀਆਂ ਹਨ ਪਰ ਉਹ ਜੇਲ੍ਹ ਜਾਣ ਦੀ ਥਾਂ ਅਹਿਮ ਕੁਰਸੀਆਂ ਨਾਲ ਚਿੰਬੜੇ ਬੈਠੇ ਹਨ। ਉਸ ਦੀ ਥਾਂ ਅਸੀਂ ਉਹ ਸੂਚੀ ਪੇਸ਼ ਕਰਨੀ ਚਾਹੁੰਦੇ ਹਾਂ, ਜਿਹੜੀ ਸ਼ਿਵਾਲਿਕ ਦੀਆਂ ਪਹਾੜੀਆਂ ਤੇ ਆਸ-ਪਾਸ ਦੇ ਖੇਤਰਾਂ ਉਤੇ ਕਬਜ਼ਿਆਂ ਬਾਰੇ ਪੰਜਾਬ ਸਰਕਾਰ ਨੇ ਆਪ ਹਾਈ ਕੋਰਟ ਵਿਚ ਪੇਸ਼ ਕੀਤੀ ਹੈ। ਇਸ ਤਰ੍ਹਾਂ ਦੀ ਆਪਣੇ ਆਪ ਬੋਲਦੀ ਇਹ ਇੱਕ ਸੂਚੀ ਤਾਂ ਹੈ ਪਰ ਇਸ ਨੂੰ ਇੱਕੋ-ਇੱਕ ਨਹੀਂ ਸਮਝਿਆ ਜਾ ਸਕਦਾ, ਕਈ ਹੋਰ ਵੀ ਹਨ।

ਅਦਾਲਤ ਵਿਚ ਮਾਮਲਾ ਇਹ ਚੱਲ ਰਿਹਾ ਹੈ ਕਿ ਚੰਡੀਗੜ੍ਹ ਦੀ ਫਿਰਨੀ ਦੁਆਲੇ ਪਹਾੜੀ ਖੇਤਰ ਅੰਦਰ ਕਈ ਲੋਕਾਂ ਨੇ, ਖਾਸ ਕਰ ਕੇ ਅਫਸਰਸ਼ਾਹਾਂ ਅਤੇ ਆਗੂਆਂ ਨੇ, ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ। ਹੁਣ ਪੰਜਾਬ ਸਰਕਾਰ ਨੇ 115 ਉਨ੍ਹਾਂ ਅਫਸਰਾਂ ਦੀ ਸੂਚੀ ਅਦਾਲਤ ਨੂੰ ਸੌਂਪੀ ਹੈ, ਜਿਨ੍ਹਾਂ ਦੀ ਇਸ ਖੇਤਰ ਵਿਚ ਇਹੋ ਜਿਹੀ ਕੋਈ ਨਾ ਕੋਈ ਜਾਇਦਾਦ ਹੈ ਪਰ ਉਨ੍ਹਾਂ ਨੇ ਇਸ ਦੀ ਜਾਣਕਾਰੀ ਲੁਕਾਈ ਹੈ। ਇਨ੍ਹਾਂ ਵਿਚ 36 ਉਹ ਆਈ ਏ ਐਸ ਅਫਸਰ ਹਨ, ਜਿਨ੍ਹਾਂ ਦੇ ਅਹੁਦੇ ਜ਼ਿਲੇ ਦੇ ਐਡੀਸ਼ਨਲ ਡਿਪਟੀ ਕਮਿਸ਼ਨਰ ਤੋਂ ਸ਼ੁਰੂ ਹੋ ਕੇ ਰਾਜ ਦੇ ਚੀਫ ਸੈਕਟਰੀ ਤੱਕ ਹਨ। 17 ਅਫਸਰ ਪੀ ਸੀ ਐਸ ਹਨ, ਜਿਹੜੇ ਸਬ ਡਵੀਜ਼ਨਲ ਮੈਜਿਸਟਰੇਟ ਤੋਂ ਸਰਕਾਰ ਦੇ ਡਿਪਟੀ ਸੈਕਟਰੀ ਤੱਕ ਦੀ ਜ਼ਿੰਮੇਵਾਰੀ ਨਿਭਾਉਂਦੇ ਹਨ। ਇਨ੍ਹਾਂ ਅਫਸਰਾਂ ਨੇ ਇਹ ਹੁਕਮ ਜਾਰੀ ਕਰਨੇ ਹੁੰਦੇ ਹਨ ਕਿ ਫਲਾਣੇ ਖੇਤਰ ਵਿਚ ਕਿਸੇ ਨੇ ਇਸ ਤਰ੍ਹਾਂ ਦੀ ਕਾਰਵਾਈ ਕੀਤੀ ਤਾਂ ਇਸ ਨੂੰ ਅਪਰਾਧ ਮੰਨਿਆ ਜਾਵੇਗਾ। ਚਾਰ ਆਈ ਪੀ ਐਸ ਅਫਸਰ ਹਨ, ਜੋ ਐਸ ਪੀ ਤੋਂ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਤੱਕ ਜਾਂਦੇ ਹਨ ਤੇ ਇਨ੍ਹਾਂ ਨੇ ਗੈਰ ਕਾਨੂੰਨੀ ਕੰਮ ਕਰਨ ਵਾਲੇ ਵਿਅਕਤੀਆਂ ਨੂੰ ਫੜ ਕੇ ਅਦਾਲਤ ਵਿਚ ਪੇਸ਼ ਕਰਨਾ ਤੇ ਸਜ਼ਾ ਦਿਵਾਉਣੀ ਹੁੰਦੀ ਹੈ ਪਰ ਆਪ ਹੀ ਏਦਾਂ ਦੇ ਕੰਮ ਕਰੀ ਜਾਂਦੇ ਹਨ। ਇਨ੍ਹਾਂ ਦੇ ਹੇਠਲੇ ਡੀ ਐਸ ਪੀ ਰੈਂਕ ਵਾਲੇ ਵੀ 38 ਅਫਸਰ ਇਹੋ ਕੁਝ ਕਰ ਰਹੇ ਹਨ। ਚਾਰ ਅਫਸਰ ਇੰਡੀਅਨ ਫਾਰੇਨ ਸਰਵਿਸ ਦੇ ਹਨ, ਜੋ ਵਿਦੇਸ਼ਾਂ ਵਿਚ ਭਾਰਤ ਦੀ ਪ੍ਰਤੀਨਿਧਤਾ ਕਰਦੇ ਹਨ। ਦੋ ਆਡਿਟ ਕਰਨ ਵਾਲੇ ਵਿਭਾਗ ਦੇ ਕੁਲ ਹਿੰਦ ਪੱਧਰ ਦੇ ਅਫਸਰ ਹਨ, ਜਿਹੜੇ ਪੰਜਾਬ ਦੀ ਸੇਵਾ ਨਿਭਾਉਂਦੇ ਹੋਏ ਇਹੋ ਜਿਹੇ ਮੋਰਚੇ ਮਾਰ ਰਹੇ ਹਨ। ਚਾਰ ਕੁ ਟੈਕਸ ਵਿਭਾਗ ਵਾਲੇ ਅਫਸਰ ਹਨ। ਜਿਸ ਸਰਕਾਰ ਵਿਚ 115 ਅਫਸਰ ਇਸ ਤਰ੍ਹਾਂ ਦੇ ਹੋਣ, ਜਿਹੜੇ ਕਾਨੂੰਨ ਦੀ ਉਲੰਘਣਾ ਕਰ ਕੇ ਵੀ ਕੁਰਸੀਆਂ ਮੱਲੀ ਬੈਠੇ ਹੋਣ, ਰਾਜ ਸਰਕਾਰ ਅਦਾਲਤ ਨੂੰ ਲਿਖ ਕੇ ਦੇਵੇ ਕਿ ਇਨ੍ਹਾਂ ਨੇ ਜਾਣਕਾਰੀ ਵੀ ਲੁਕਾ ਕੇ ਰੱਖੀ ਹੋਈ ਹੈ, ਉਸ ਦਾ ਮੁੱਖ ਮੰਤਰੀ ਸਿਹਰਾ ਕਿਸ ਗੱਲ ਦਾ ਲੈ ਸਕਦਾ ਹੈ?

ਹਾਲਤ ਰਾਜ ਪ੍ਰਬੰਧ ਦੀ ਏਨੀ ਕਮਾਲ ਦੀ ਹੈ ਕਿ ਪੰਜਾਬ ਪੁਲਿਸ ਨੂੰ ਹੀ ਇੱਕ ਕੰਪਨੀ 8 ਲੱਖ ਰੁਪਏ ਤੋਂ ਵੱਧ ਦਾ ਰਗੜਾ ਲਾ ਕੇ ਦੌੜ ਗਈ ਹੈ। ਮਾਮਲਾ ਇਹ ਅਪਰਾਧੀਆਂ ਤੋਂ ਫੜੇ ਜਾਂਦੇ ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕਰਨ ਦੇ ਪ੍ਰਬੰਧ ਦਾ ਸੀ। ਪੁਲਿਸ ਕੋਲ ਇਹੋ ਜਿਹੀ ਭੱਠੀ ਨਹੀਂ ਸੀ। ਇੱਕ ਨਿੱਜੀ ਖੇਤਰ ਦੀ ਕੰਪਨੀ ਨੇ ਇਹ ਪੇਸ਼ਕਸ਼ ਕਰ ਦਿੱਤੀ ਕਿ ਉਹ ਇਹੋ ਜਿਹੀ ਭੱਠੀ ਲਾ ਕੇ ਸਾਰੇ ਥਾਣਿਆਂ ਵਿਚ ਪਏ ਬੇਲੋੜੇ ਨਸ਼ੀਲੇ ਪਦਾਰਥ ਨਸ਼ਟ ਕਰਨ ਵਾਲਾ ਕੰਮ ਸਿਰੇ ਚਾੜ੍ਹ ਦੇਵੇਗੀ। ਪੈਸੇ ਜਿੰਨੇ ਮਿਥੇ ਗਏ ਸਨ, ਉਹ ਉਸ ਨੂੰ ਦੇ ਦਿੱਤੇ ਗਏ। ਹੁਣ ਉਹ ਕੰਪਨੀ ਫਰਾਰ ਹੋ ਗਈ ਹੈ। ਪੁਲਿਸ ਨੇ ਲੋਕਾਂ ਨੂੰ ਚੋਰਾਂ-ਠੱਗਾਂ ਤੋਂ ਬਚਾਉਣਾ ਹੁੰਦਾ ਹੈ ਪਰ ਉਹ ਆਪ ਹੀ ਠੱਗੀ ਦੀ ਸ਼ਿਕਾਰ ਹੋਈ ਪਈ ਹੈ।

ਫੋਲਣੇ ਚਾਹੀਏ ਤਾਂ ਇੱਕ-ਇੱਕ ਵਿਭਾਗ ਦੇ ਖਾਤੇ ਫੋਲ ਕੇ ਦੱਸ ਸਕਦੇ ਹਾਂ ਕਿ ਹਰ ਪਾਸੇ ਮਾਹੌਲ ਇਸ ਤਰ੍ਹਾਂ ਦਾ ਹੈ ਕਿ ਵੇਖ ਕੇ ਬੰਦਾ ਹੈਰਾਨ ਰਹਿ ਜਾਂਦਾ ਹੈ। ਫਿਰ ਸਵਾਲ ਉਠਦਾ ਹੈ ਕਿ ਸਰਕਾਰ ਕੀ ਕਰ ਰਹੀ ਹੈ? ਇਸ ਦਾ ਜਵਾਬ ਆਮ ਤੌਰ ਉਤੇ ਇਹ ਦਿੱਤਾ ਜਾਂਦਾ ਹੈ ਕਿ ਸਰਕਾਰ ਆਪਣੇ ਪਿਆਦੇ ਟਿਕਾਣੇ ਲਾਉਣ ਵਿਚ ਰੁੱਝੀ ਹੋਈ ਹੈ। ਕੁਝ ਮਿਸਾਲਾਂ ਇਸ ਵਕਤ ਪੰਜਾਬ ਸਰਕਾਰ ਦੇ ਸਕੱਤਰੇਤ ਵਿਚ ਆਮ ਚਰਚਾ ਦਾ ਵਿਸ਼ਾ ਹਨ।

ਪਹਿਲਾਂ ਇੱਕ ਅਕਾਲੀ ਵਿਧਾਇਕ ਹਰੀਸ਼ ਢਾਂਡਾ ਨੂੰ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦਾ ਚੇਅਰਮੈਨ ਬਣਾ ਦੇਣ ਦਾ ਫੈਸਲਾ ਕਰ ਲਿਆ। ਉਸ ਦੀ ਨਿਯੁਕਤੀ ਦੇ ਹੁਕਮ ਹੋ ਚੁੱਕੇ ਸਨ ਤੇ ਸਹੁੰ ਚੁਕਾਉਣੀ ਰਹਿੰਦੀ ਸੀ, ਜਦੋਂ ਹਾਈ ਕੋਰਟ ਨੇ ਇਸ ਨੂੰ ਰੋਕ ਦਿੱਤਾ। ਅਦਾਲਤ ਨੇ ਇਹ ਵੀ ਕਿਹਾ ਕਿ ਅੱਗੇ ਤੋਂ ਇਹੋ ਜਿਹੀਆਂ ਸਭ ਨਿਯੁਕਤੀਆਂ ਦੀ ਬਾਕਾਇਦਾ ਕੋਈ ਪ੍ਰਕ੍ਰਿਆ ਬਣਾਈ ਜਾਵੇ ਤੇ ਉਹ ਬਣਾਉਣੀ ਪਈ। ਇੰਨੇ ਨੂੰ ਸੂਚਨਾ ਕਮਿਸ਼ਨ ਦਾ ਮਾਮਲਾ ਉਭਰ ਪਿਆ। ਇੱਕ ਟਰੱਕ ਯੂਨੀਅਨ ਦੇ ਅਕਾਲੀ ਪੱਖੀ ਪ੍ਰਧਾਨ ਨੂੰ ਪੰਜਾਬ ਪੱਧਰ ਦਾ ਸੂਚਨਾ ਕਮਿਸ਼ਨਰ ਲਾਉਣ ਦਾ ਇਰਾਦਾ ਸਰਕਾਰ ਜਦੋਂ ਬਣਾ ਕੇ ਅਮਲ ਕਰਨ ਲੱਗੀ ਤਾਂ ਮਾਮਲਾ ਫਿਰ ਅਦਾਲਤ ਵਿਚ ਜਾ ਕੇ ਅਟਕ ਗਿਆ। ਇਸ ਵਾਰ ਪੰਜਾਬ ਸਰਕਾਰ ਨੇ ਇੱਕ ਮੋਰਚਾ ਮਾਰ ਲਿਆ ਹੈ। ਇੱਕ ਅਕਾਲੀ ਵਿਧਾਇਕ ਨੂੰ ਇੱਕ ਕਮਿਸ਼ਨ ਦਾ ਮੈਂਬਰ ਬਣਾ ਹੀ ਦਿੱਤਾ ਹੈ।

ਪੰਜਾਬ ਸਰਕਾਰ ਨੇ ਪਿਛਲੇ ਸਮੇਂ ਵਿਚ ਇੱਕ ਸੇਵਾ ਅਧਿਕਾਰ ਕਮਿਸ਼ਨ ਬਣਾਇਆ ਹੈ, ਜਿਸ ਦਾ ਮਕਸਦ ਇਹ ਹੈ ਕਿ ਸਰਕਾਰੀ ਦਫਤਰਾਂ ਵਿਚ ਹੋਣ ਵਾਲਾ ਹਰ ਕੰਮ ਲੋਕਾਂ ਦਾ ਹੱਕ ਬਣਦਾ ਹੈ ਤੇ ਜਿਸ ਵੀ ਸਰਕਾਰੀ ਅਧਿਕਾਰੀ ਜਾਂ ਕਰਮਚਾਰੀ ਨੇ ਵਕਤ ਸਿਰ ਕੰਮ ਨਾ ਕੀਤਾ, ਉਸ ਦੇ ਖਿਲਾਫ ਇਹ ਕਮਿਸ਼ਨ ਕਾਰਵਾਈ ਕਰੇਗਾ। ਵੇਰਕਾ ਹਲਕੇ ਵਿਚੋਂ ਪਿਛਲੀ ਵਾਰੀ ਜਿੱਤੇ ਅਕਾਲੀ ਵਿਧਾਇਕ ਡਾ. ਦਲਬੀਰ ਸਿੰਘ ਨੂੰ ਇਸ ਕਮਿਸ਼ਨ ਦਾ ਇੱਕ ਮੈਂਬਰ ਬਣਾ ਦਿੱਤਾ ਗਿਆ ਹੈ। ਬਾਕੀ ਮੈਂਬਰ ਵੱਖ-ਵੱਖ ਅਹੁਦਿਆਂ ਦੇ ਸੀਨੀਅਰ ਅਧਿਕਾਰੀ ਰਹਿ ਚੁੱਕੇ ਹਨ, ਇਹ ਦੋ ਰਾਜਸੀ ਪਾਰਟੀਆਂ ਦੀ ਪ੍ਰਤੀਨਿਧਤਾ ਕਰ ਚੁੱਕਾ ਬੰਦਾ, ਜਿਹੜਾ ਅਕਾਲੀ ਦਲ ਤੋਂ ਪਹਿਲਾਂ ਉਸ ਦੀ ਵਿਰੋਧੀ ਕਾਂਗਰਸ ਪਾਰਟੀ ਵੱਲੋਂ ਵੀ ਵਿਧਾਇਕ ਰਹਿ ਚੁੱਕਾ ਸੀ, ਉਨ੍ਹਾਂ ਅਫਸਰਾਂ ਦੇ ਬਰਾਬਰ ਸੰਵਿਧਾਨਕ ਕੁਰਸੀ ਉਤੇ ਬੈਠੇਗਾ। ਸੰਵਿਧਾਨਕ ਕੁਰਸੀਆਂ ਨੂੰ ਰਾਜਸੀ ਰੰਗ ਚਾੜ੍ਹਨ ਦੀ ਇਹ ਅਕਾਲੀ-ਭਾਜਪਾ ਸਰਕਾਰ ਦੀ ਲਗਾਤਾਰ ਤੀਜੀ ਵੰਨਗੀ ਹੈ, ਜਿਹੜੀ ਦੱਸਦੀ ਹੈ ਕਿ ਸਰਕਾਰ ਕੀ ਕਰ ਰਹੀ ਹੈ? ਕੀ ਇਸ ਤੋਂ ਇਹ ਸਿੱਟਾ ਨਹੀਂ ਕੱਢਿਆ ਜਾ ਸਕਦਾ ਕਿ ਸਰਕਾਰ ਹੁਣ ਇਹ ਮੰਨ ਕੇ, ਕਿ 'ਕਾਠ ਦੀ ਹਾਂਡੀ ਵਾਰ-ਵਾਰ ਨਹੀਂ ਚੜ੍ਹਦੀ ਹੁੰਦੀ', ਬਾਕੀ ਦਾ ਸਮਾਂ ਆਪਣੇ ਬੰਦੇ ਸੰਵਿਧਾਨਕ ਅਦਾਰਿਆਂ ਵਿਚ ਫਿੱਟ ਕਰਨ ਨੂੰ ਹੀ ਮੁੱਖ ਕੰਮ ਬਣਾਈ ਬੈਠੀ ਹੈ?

# ਇੰਗਲੈਂਡ ਵਿਚ ਲਕਸ਼ਮੀ ਮਿੱਤਲ ਦੀ ਬੱਲੇ ਬੱਲੇ

**ਲੰਡਨ:** ਪਰਵਾਸੀ ਭਾਰਤੀ ਸਟੀਲ ਸਨਅਤਕਾਰ ਲਕਸ਼ਮੀ ਮਿੱਤਲ ਬਰਤਾਨੀਆ ਦਾ ਸਭ ਤੋਂ ਪ੍ਰਭਾਵਸ਼ਾਲੀ ਏਸ਼ਿਆਈ ਹੈ ਜਿਸ ਦੀ ਆਮਦਨ 15.5 ਅਰਬ ਪੌਂਡ ਹੈ।ਇਥੋਂ ਦੇ ਹਫਤਾਵਾਰੀ ਅਖ਼ਬਾਰ 'ਈਸਟਰਨ ਆਈ' ਵੱਲੋਂ 101 ਪ੍ਰਭਾਵਸ਼ਾਲੀ ਸਨਅਤਕਾਰਾਂ ਦੀ ਪ੍ਰਕਾਸ਼ਤ ਕੀਤੀ ਸੂਚੀ ਵਿਚ ਆਰਸਲਰ ਮਿੱਤਲ ਦੇ ਬੋਰਡ ਆਫ ਡਾਇਰੈਕਟਰਜ਼ ਦਾ ਚੇਅਰਮੈਨ ਤੇ ਮੁੱਖ ਕਾਰਜਕਾਰੀ ਅਫਸਰ 61-ਸਾਲਾ ਮਿੱਤਲ ਚੋਟੀ 'ਤੇ ਹੈ। ਅਖ਼ਬਾਰ ਨੇ ਲਿਖਿਆ ਹੈ ਕਿ ਅੱਜ ਮਿੱਤਲ ਕੋਲ ਧਨ, ਸ਼ਕਤੀ ਤੇ ਪ੍ਰਭਾਵ ਸਭ ਕੁਝ ਹੈ। ਉਸ ਕੋਲ ਕੇਂਸਿੰਗਟਨ ਪੈਲੇਸ ਗਾਰਡਨਜ਼ ਵਿਚ ਸੰਪਤੀ, ਇਕ ਪ੍ਰਾਈਵੇਟ ਜੈੱਟ, 26.6 ਕਰੋੜ ਪੌਂਡ ਦੀ ਇਕ ਕਿਸ਼ਤੀ ਤੇ ਸਰੀ ਵਿਚ 340 ਏਕੜ ਰਕਬੇ ਵਿਚ ਇਕ ਈਕੋਫ੍ਰੈਂਡਲੀ ਘਰ ਹੈ।



ਬਰਤਾਨੀਆ ਦੇ ਉਪ ਪ੍ਰਧਾਨ ਮੰਤਰੀ ਨਿਕ ਕਲੈਗ ਵੱਲੋਂ ਜੀਜੀ-2 ਲੀਡਰਸ਼ਿਪ ਐਵਾਰਡਜ਼ ਸਮਾਰੋਹ ਮੌਕੇ ਇਹ ਸੂਚੀ ਜਾਰੀ ਕੀਤੀ ਗਈ। ਪ੍ਰਮੁੱਖ ਐਨ.ਆਰ.ਆਈ. ਸਨਅਤਕਾਰ ਲਾਰਡ ਸਵਰਾਜ ਪਾਲ 17ਵੇਂ ਨੰਬਰ 'ਤੇ ਹਨ। ਰਿਪੋਰਟ ਮੁਤਾਬਕ ਲਾਰਡ ਪਾਲ ਦੇ ਅਸਰ ਰਸੂਖ ਦਾ ਇਥੋਂ ਪਤਾ ਚੱਲ ਜਾਂਦਾ ਹੈ ਕਿ ਉਸ ਨੇ 2005 ਵਿਚ ਆਪਣੇ ਪੁੱਤਰ ਅੰਗਦ ਦੇ ਵਿਆਹ ਦੀ ਦਾਅਵਤ ਉਸ ਲੈਂਕਾਸਟਰ ਹਾਊਸ ਵਿਚ ਦਿੱਤੀ ਸੀ ਜਿੱਥੇ ਆਮ ਤੌਰ 'ਤੇ ਸਰਕਾਰੀ ਸਮਾਰੋਹ ਹੀ ਕੀਤੇ ਜਾਂਦੇ ਹਨ।

ਲਾਰਡ ਪਾਲ ਨੇ ਇਕ ਵਾਰ ਕਿਹਾ ਸੀ ਕਿ ਉਸ ਨੂੰ ਬੜੀ ਤਕਲੀਫ ਹੋਈ ਸੀ ਜਦੋਂ ਦਾਅਵਤ ਲਈ ਮਹਿਮਾਨਾਂ ਦੀ ਸੂਚੀ 1600 ਤੱਕ ਸੀਮਤ ਕਰਨੀ ਪਈ ਸੀ। ਰਿਪੋਰਟ ਮੁਤਾਬਕ ਉਹ ਆਪਣੇ ਸਿਆਸੀ ਸਾਥੀਆਂ ਤੋਂ ਪਾਸਾ ਨਹੀਂ ਵੱਟਦਾ ਜਦੋਂ ਉਹ ਸੱਤਾ 'ਚ ਨਹੀਂ ਰਹਿੰਦੇ। ਸ੍ਰੀਮਤੀ ਇੰਦਰਾ ਗਾਂਧੀ ਨਾਲ ਉਨ੍ਹਾਂ ਦਾ ਇਕ ਖਾਸ ਰਿਸ਼ਤਾ ਸੀ। ਇੰਦਰਾ ਜਦੋਂ 1977 ਦੀਆਂ ਆਮ ਚੋਣਾਂ ਵਿਚ ਹਾਰ ਗਈ ਸੀ ਤਾਂ ਪਾਲ ਉਨ੍ਹਾਂ ਦੇ ਨਾਲ ਖੜ੍ਹਿਆ ਰਿਹਾ ਤੇ ਦੁਨੀਆਂ ਭਰ ਦੇ ਮਾਹਿਰਾਂ ਨੇ ਇਹ (ਗਲਤ) ਪੇਸ਼ੀਨਗੋਈ ਕੀਤੀ ਸੀ ਕਿ ਇੰਦਰਾ ਹੁਣ ਖਤਮ ਹੋ ਗਈ।

ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਦੀ ਜੰਮਪਲ ਬੈਰੋਨੈਸ ਸਈਦਾ ਵਾਰਸੀ ਸਿਆਸੀ ਵਰਗ ਵਿਚ ਦੂਜੇ ਸਥਾਨ 'ਤੇ ਹੈ। ਉਹ ਕਨਜ਼ਰਵੇਟਿਵ ਪਾਰਟੀ ਦੀ ਸਰਕਾਰ 'ਚ ਬਿਨਾਂ ਵਿਭਾਗ ਤੋਂ ਮੰਤਰੀ ਹੈ। ਮੋਹਰੀ ਲੇਬਰ ਐਮ.ਪੀ. ਕੀਥ ਵਾਜ਼ ਤੀਜੇ ਸਥਾਨ 'ਤੇ ਹੈ। ਹਿੰਦੂਜਾ ਗਰੁੱਪ ਦੇ ਚੇਅਰਮੈਨ ਤੇ ਵਾਈਸ ਚੇਅਰਮੈਨ ਐਸ.ਪੀ. ਹਿੰਦੂਜਾ ਤੇ ਜੀ.ਪੀ. ਹਿੰਦੂਜਾ ਕਾਰੋਬਾਰੀਆਂ ਦੀ ਸੂਚੀ ਵਿਚ ਚੌਥੇ ਸਥਾਨ 'ਤੇ ਹਨ। ਬਾਕਮਾਲ ਭਾਰਤੀ ਬੁੱਤਸਾਜ਼ ਅਨੀਸ਼ ਕਪੂਰ ਸੂਚੀ ਵਿਚ ਛੇਵੇਂ ਸਥਾਨ 'ਤੇ ਹੈ। ਹਾਊਸ ਆਫ ਲਾਰਡਜ਼ ਵਿਚ ਲਿਬਰਲ ਡੈਮੋਕਰੈਟਸ ਦੇ ਡਿਪਟੀ ਲੀਡਰ ਲਾਰਡ ਨਵਨੀਤ ਢੋਲਕੀਆ, ਰਾਜਨੀਤੀਵਾਨਾਂ ਦੀ ਸੂਚੀ ਵਿਚ 12ਵੇਂ ਸਥਾਨ 'ਤੇ ਹਨ। ਬਰਤਾਨੀਆ ਦੀ ਮੋਹਰੀ ਨਿਊਟਰ-ਸਿਊਟੀਕਲ ਫ਼ਰਮ ਵੀਟਾਬਾਇਓਟਿਕਸ ਦਾ ਬਾਨੀ ਡਾ. ਕਰਤਾਰ ਲਾਲਵਾਨੀ ਫਾਰਮੇਸੀ ਵਰਗ 'ਚ 49ਵੇਂ ਸਥਾਨ 'ਤੇ ਹੈ ਕੋਬਰਾ ਬੀਅਰ ਦਾ ਬਾਨੀ ਲਾਰਡ ਕਰਨ ਬਿਲਮੋਰੀਆ ਸੂਚੀ ਵਿਚ 61ਵੇਂ ਸਥਾਨ 'ਤੇ ਹੈ।


## ਜਾਇਦਾਦ ਦੀ ਖਰੀਦ-ਵੇਚ

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੂਨੀਆ ਰੀਅਲ ਅਸਟੇਟ:94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**

# Dhillon Truck Stop
## Dhillon Road Service

Interstate 40, exit 356, San Jon, NM

*Gill Manj Gurdaspur Wale*

ਪੰਜਾਬੀ ਢਾਬਾ



ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 317-918-6776



# Blue Shield has a health plan that's right for you

**When your life changes, shouldn't your healthcare coverage change with it?**



To keep up with you, Blue Shield offers health plans to fit your independent lifestyle.

Choose from a variety of options that provide the coverage and care you need at an affordable price. No matter what your needs are, Blue Shield has a health plan that helps you meet them.

Jagroop Takhar
2851 Geer Road Suite E
Turlock, CA 95382
jagroop209@aol.com
**(209) 485-1521**

To learn more about affordable Blue Shield plans, call Jagroop Today.

CA License # 0D95393
Authorized Broker

Health Plans and Insurance

blue of california

Individual and Family plans are not available to individuals age 65 or older.

©2007 Blue Shield of California, an Independent Member of the Blue Shield Association A19605 (12/07)



ੴ ਸਤਿਗੁਰ ਪ੍ਰਸਾਦਿ॥

ਸਤਿਕਾਰਯੋਗ ਖਾਲਸਾ ਜੀਓ

ਮੈਂ ਆਪਣੇ ਵੀਰ ਸ. ਬਲਵੰਤ ਸਿੰਘ ਰਾਜੋਆਣਾ ਵਲੋਂ ਫਾਂਸੀ ਦੇ ਤਖਤੇ ਤੱਕ ਪਹੁੰਚ ਕੇ ਵੀ ਚੜ੍ਹਦੀ ਕਲਾ ਵਿਚ ਰਹਿੰਦਿਆਂ ਪਿਛਲੇ 16 ਸਾਲਾਂ ਤੋਂ ਆਪਣੇ ਹੀ ਬਲਬੂਤੇ 'ਤੇ ਲੜ ਰਹੇ ਸੰਘਰਸ਼ ਨੂੰ ਇਸ ਵੈਬਸਾਈਟ 'ਸੰਘਰਸ਼ ਦਾ ਸੱਚ' www.sangharshdasach.com ਰਾਹੀਂ ਖਾਲਸਾ ਪੰਥ ਦੇ ਰੂਬਰੂ ਕਰ ਰਹੀ ਹਾਂ।



*ਕਾਫਰ ਕੋ ਹੈ ਧਾਮਰਦੀਏ ਸ਼ੈਤਾਂ ਕਾ ਸਹਾਰਾ, ਮੋਮਨ ਹੈ ਤੋ ਬੇਤੇਗ ਹੀ ਲੜਤਾ ਹੈ ਸਿਪਾਹੀ!*

ਕਮਲਦੀਪ ਕੌਰ, ਫੋਨ: 91-94643-54923, e-mail:kamaldeepkaur.sds@gmail.com

# ਫਰਿਜ਼ਨੋ ਵਿਚ ਮੌਸੀਕੀ ਦੀ ਇਕ ਨਿਵੇਕਲੀ ਸ਼ਾਮ

**ਫਰਿਜ਼ਨੋ (ਬਿਊਰੋ):** ਪਾਕਿਸਤਾਨੀ ਪੰਜਾਬੀ ਅਦੀਬ ਅਤੇ ਸ਼ਾਇਰ ਅਸ਼ਰਫ ਗਿੱਲ ਨੇ ਇਥੇ ਲੰਘੀ 19 ਨਵੰਬਰ ਨੂੰ ਮਹਿਫਿਲ-ਏ-ਮੌਸੀਕੀ ਦੇ ਇਕ ਖੂਬਸੂਰਤ ਪ੍ਰੋਗਰਾਮ ਵਿਚ ਆਪਣੀ ਗਾਇਕੀ ਦਾ ਸਿੱਕਾ ਜਮਾ ਕੇ ਸਰੋਤਿਆਂ ਨੂੰ ਇਹ ਜਚਾ ਦਿੱਤਾ ਕਿ ਉਸ ਨੂੰ ਨਾ ਸਿਰਫ ਸ਼ਾਇਰੀ ਹੀ ਸਗੋਂ ਗਾਇਕੀ ਅਤੇ ਸੰਗੀਤਕਾਰੀ ਉਤੇ ਵੀ ਪੂਰਾ ਆਬੂਰ ਹਾਸਲ ਹੈ। ਫਰਿਜ਼ਨੋ ਹੀ ਵਸਦੇ ਅਸ਼ਰਫ਼ ਗਿੱਲ ਦੀ ਇਕ ਸਥਾਨਕ ਪਾਕਿਸਤਾਨੀ ਰੈਸਟੋਰੈਂਟ 'ਕਬਾਬ ਗਰਿੱਲ' ਵਿਚ ਨਿਵੇਕਲੀ ਤੇ ਅਨੋਖੀ ਨੌਈਅਤ ਦੀ ਇਸ ਮਹਿਫਿਲ ਦਾ ਮੌਸੀਕੀ ਅਤੇ ਸ਼ਾਇਰੀ ਦੇ ਸ਼ੌਕੀਨਾਂ ਨੇ ਭਰਪੂਰ ਲੁਤਫ ਉਠਾਇਆ।



ਅਸ਼ਰਫ ਗਿੱਲ (ਐਨ ਖੱਬੇ) ਨਵੀਂ ਸੀ ਡੀ ਰਿਲੀਜ਼ ਹੋਣ ਦੀ ਰਸਮ ਸਮੇਂ

ਇਸ ਮਹਿਫਿਲ ਵਿਚ ਅਸ਼ਰਫ਼ ਗਿੱਲ ਨੇ ਆਪਣੇ ਲਿਖੇ ਗੀਤ ਤੇ ਕਈ ਗ਼ਜ਼ਲਾਂ ਆਪਣੀਆਂ ਹੀ ਸਿਰਜੀਆਂ ਤਰਜਾਂ ਵਿਚ ਗਾ ਕੇ ਸਰੋਤਿਆਂ ਦੀ ਭਰਪੂਰ ਦਾਦ ਵਸੂਲੀ। ਅਸ਼ਰਫ਼ ਨੇ ਆਪਣਾ ਕਲਾਮ ਤਾਂ ਗਾਇਆ ਹੀ, ਨਾਲ ਹੀ ਮੁਹੰਮਦ ਰਫੀ, ਕਿਸ਼ੋਰ ਕੁਮਾਰ, ਤਲਅਤ ਮਹਿਮੂਦ, ਮੰਨਾ ਡੇ ਜਿਹੇ ਚੋਟੀ ਦੇ ਗਾਇਕਾਂ ਦੇ ਗੀਤ ਗਾ ਕੇ ਮਹਿਫਿਲ 'ਚ ਹਾਜ਼ਰ ਸਰੋਤਿਆਂ ਨੂੰ ਤਾੜੀਆਂ ਮਾਰਨ 'ਤੇ ਮਜਬੂਰ ਕਰ ਦਿੱਤਾ। ਹਾਲ ਹੀ ਵਿਚ ਅਸ਼ਰਫ਼ ਦੀ ਇਕ ਮਿਊਜ਼ਿਕ ਐਲਬਮ 'ਅੱਖੀਆਂ ਤੋਂ ਓਹਲੇ' ਗਾਇਕਾ ਨਸੀਬੋ ਲਾਲ ਦੇ ਨਾਲ ਲਾਹੌਰ ਵਿਚ ਰਿਕਾਰਡ ਹੋਈ ਹੈ। ਇਸ ਨਵੀਂ ਐਲਬਮ ਦੇ ਕੁਝ ਗੀਤ ਵੀ ਗਾ ਕੇ ਉਸ ਨੇ ਸੁਣਾਏ। ਇਹ ਐਲਬਮ ਇਸ ਮੌਕੇ ਰਿਲੀਜ਼ ਵੀ ਕੀਤੀ ਗਈ। ਅਸ਼ਰਫ਼ ਨਾਲ ਤਬਲੇ 'ਤੇ ਸੰਗਤ ਰਾਮ ਸਿੰਘ ਨੇ ਕੀਤੀ। ਮਹਿਫਿਲ ਵਿਚ ਸਰਹੱਦ ਦੇ ਦੋਹਾਂ ਪਾਸਿਆਂ ਤੋਂ ਹਾਜ਼ਰ ਸਰੋਤਿਆਂ ਨੂੰ ਵੇਖ ਕੇ ਇਸ ਤਰ੍ਹਾਂ ਲਗਦਾ ਸੀ, ਜਿਵੇਂ ਪੰਜ ਦਰਿਆਵਾਂ ਦਾ ਮਿਲਾਪ ਹੋ ਰਿਹਾ ਹੋਵੇ। ਇਸ ਪ੍ਰੋਗਰਾਮ ਦੀ ਮੇਜ਼ਬਾਨੀ ਨਾਮੀ ਗ਼ਜ਼ਲਗੋ ਤੇ ਗੀਤਕਾਰ ਹਰਜਿੰਦਰ ਕੰਗ ਨੇ ਕੀਤੀ।

ਜ਼ਿਕਰਯੋਗ ਹੈ ਕਿ ਅਸ਼ਰਫ਼ ਗਿੱਲ ਪੰਜਾਬੀ ਅਤੇ ਉਰਦੂ ਵਿਚ ਸ਼ਾਇਰੀ ਦੀਆਂ 8 ਕਿਤਾਬਾਂ ਲਿਖਣ ਦੇ ਨਾਲ ਨਾਲ ਸੰਗੀਤ ਦੀਆਂ 4 ਸੀਡੀਆਂ ਵੀ ਸਰੋਤਿਆਂ ਦੀ ਨਜ਼ਰ ਕਰ ਚੁਕੇ ਹਨ। ਉਨ੍ਹਾਂ ਦੀਆਂ ਕਈ ਗ਼ਜ਼ਲਾਂ ਤੇ ਗੀਤ ਗੁਲਾਮ ਅਲੀ, ਹਾਮਿਦ ਅਲੀ ਖਾਂ ਤੇ ਰਿਆਜ਼ ਅਲੀ ਖਾਂ ਵਰਗੇ ਵੱਡੇ ਫ਼ਨਕਾਰ ਵੀ ਗਾ ਚੁਕੇ ਹਨ।

ਇਸ ਮਹਿਫਿਲ ਨੂੰ ਰੌਣਕ ਬਖਸ਼ਣ ਵਾਲੀਆਂ ਸ਼ਖ਼ਸੀਅਤਾਂ ਵਿਚ ਹੋਰਨਾਂ ਤੋਂ ਇਲਾਵਾ ਗਿੱਲ ਇੰਸ਼ੋਰੈਂਸ ਵਾਲੇ ਅਵਤਾਰ ਗਿੱਲ ਤੇ ਹੈਰੀ ਗਿੱਲ, ਡਾ. ਟੈਗੋਰ, ਡਾ. ਮੁਹੰਮਦ ਅਸ਼ਰਫ਼, ਡਾ. ਆਫ਼ਤਾਬ ਨਾਜ਼, ਡਾ. ਸਲਮਾ ਸਿਮਜੀ, ਡਾ. ਸ਼ਮੀਮ, ਡਾ. ਗੁਰੂਮੇਲ ਸਿੱਧੂ, ਦਲਜੀਤ ਰਿਆੜ, ਹਰਜਿੰਦਰ ਢੇਸੀ, ਡਾ. ਜਗਦੇਵ ਸਿੰਘ, ਗਿਆਨੀ ਮਹਿੰਦਰ ਸਿੰਘ, ਅਮਰੀਕ ਸਿੰਘ ਵਿਰਕ, ਬੇਕਰਜ਼ਫ਼ੀਲਡ ਤੋਂ ਉਚੇਚੇ ਪਹੁੰਚੇ ਨਾਮੀ ਗਰਾਮੀ ਸ਼ਾਇਰ ਜਨਾਬ ਆਜ਼ਰ ਸ਼ਾਹੀਨ ਤੇ ਉਨ੍ਹਾਂ ਦੇ ਮਿੱਤਰ ਮੋਹਸਿਨ ਅੱਬਾਸ ਵੀ ਸ਼ਾਮਲ ਸਨ। ਕਈ ਸਰੋਤਿਆਂ ਨੇ ਅਜਿਹੀਆਂ ਮਹਿਫਿਲਾਂ ਦਾ ਤੋਰਾ ਤੋਰਨ ਦੀ ਵੀ ਗੱਲ ਤੋਰੀ। ਅਸ਼ਰਫ਼ ਗਿੱਲ ਦੇ ਰਿਕਾਰਡ ਕੀਤੇ ਹੋਏ ਗੀਤ ਤੇ ਗ਼ਜ਼ਲਾਂ ਯੂਟਿਊਬ 'ਤੇ ਅਸਹਰਆਗਲਿਲ1 'ਤੇ ਜਾ ਕੇ ਸੁਣੀਆਂ ਜਾ ਸਕਦੀਆਂ ਹਨ। ਉਨ੍ਹਾਂ ਨਾਲ ਸੰਪਰਕ ਫੋਨ 559-237-3126 ਰਾਹੀਂ ਹੋ ਸਕਦਾ ਹੈ।

# ਮਾਈਨੌਰਟੀ 40 ਅੰਡਰ 40 ਲਿਸਟ 'ਚ ਅਮਨ ਸਿੱਧੂ ਵੀ

**ਨਿਊ ਯਾਰਕ:** ਵਕਾਲਤ ਪੇਸ਼ੇ ਦੇ ਨਾਮੀ ਰਿਸਾਲੇ ਨੈਸ਼ਨਲ ਲਾਅ ਜੌਰਨਲ ਵਲੋਂ ਜਾਰੀ "ਮਾਈਨੌਰਟੀ 40 ਅੰਡਰ 40" ਲਿਸਟ ਵਿਚ ਦਸ ਭਾਰਤੀ ਅਮਰੀਕੀ ਵਕੀਲਾਂ ਦਾ ਨਾਂ ਸ਼ਾਮਲ ਹੈ। ਇਨ੍ਹਾਂ ਵਿਚ ਰਿਚਮੰਡ, ਵਰਜੀਨੀਆ ਵਸਦਾ 33 ਸਾਲਾ ਅਮਨਦੀਪ ਸਿੰਘ ਸਿੱਧੂ ਇਕੋ ਇਕ ਸਿੱਖ ਵਕੀਲ ਹੈ। "ਮਾਈਨੌਰਟੀ 40 ਅੰਡਰ 40" ਵਿਚ ਘੱਟਗਿਣਤੀ ਭਾਈਚਾਰੇ ਦੇ 40 ਸਾਲ ਦੀ ਉਮਰ ਤੋਂ ਘੱਟ ਦੇ ਉਨ੍ਹਾਂ 40 ਵਕੀਲਾਂ ਦਾ ਨਾਂ ਸ਼ਾਮਲ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਆਪੋ ਆਪਣੇ ਖੇਤਰ ਵਿਚ ਵਕਾਲਤ ਕਰਦਿਆਂ ਕੌਮੀ ਪੱਧਰ ਉਤੇ ਨਾਮਣਾ ਖੱਟਿਆ ਹੁੰਦਾ ਹੈ। ਇਨ੍ਹਾਂ ਵਕੀਲਾਂ ਵਿਚ ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਦੀ ਵਕੀਲ 36 ਸਾਲਾ ਵਨੀਤਾ ਗੁਪਤਾ ਵੀ ਹੈ ਜਿਸ ਨੇ ਟੂਲੀਆ, ਟੈਕਸਸ ਵਿਚ ਡਰੱਗ ਦੇ ਧੰਦੇ ਦੇ ਦੋਸ਼ ਵਿਚ ਗ੍ਰਿਫਤਾਰ ਕੀਤੇ ਗਏ 38 ਕਾਲੇ ਅਮਰੀਕੀਆਂ ਦਾ ਕੇਸ ਲੜਿਆ ਸੀ ਤੇ ਸਾਬਤ ਕੀਤਾ ਸੀ ਕਿ ਕੇਸ 'ਚ ਬਹੁਤ ਸਾਰੀਆਂ ਊਣਤਾਈਆਂ ਹਨ।



ਅਮਨਦੀਪ ਸਿੰਘ ਸਿੱਧੂ

ਮੈਕਡਰਮਿਟ ਵਿਲ ਐਂਡ ਐਮਰੀ ਨਾਂ ਦੀ ਵਕਾਲਤ ਫਰਮ ਨਾਲ ਕੰਮ ਕਰਦੇ ਅਮਨਦੀਪ ਸਿੰਘ ਸਿੱਧੂ ਨੇ ਸਿੱਖ ਕੁਲੀਸ਼ਨ ਦੀ ਤਰਫੋਂ ਉਨ੍ਹਾਂ ਤਿੰਨ ਸਿੱਖ ਨੌਜਵਾਨਾਂ ਦਾ ਕੇਸ ਸਫਲਤਾ ਨਾਲ ਲੜਿਆ ਸੀ ਜੋ ਸਿੱਖੀ ਸਰੂਪ ਵਿਚ ਅਮਰੀਕੀ ਫੌਜ ਵਿਚ ਨੌਕਰੀ ਕਰਨਾ ਚਾਹੁੰਦੇ ਸਨ। ਅਮਨ ਅਦਾਲਤ ਵਿਚ ਇਹ ਸਫਲਤਾ ਨਾਲ ਸਾਬਤ ਕਰ ਸਕਿਆ ਸੀ ਕਿ ਫੌਜ ਵਲੋਂ ਦਿੱਤੇ ਗਏ ਕੱਪੜੇ ਦੀਆਂ ਦਸਤਾਰਾਂ ਸਜਾ ਕੇ ਅਤੇ ਦਾੜ੍ਹੀ ਕੇਸ ਰੱਖ ਕੇ ਇਹ ਨੌਜਵਾਨ ਨਾ ਸਿਰਫ ਗੈਸਮਾਸਕ ਕਾਰਗਰ ਤਰੀਕੇ ਨਾਲ ਇਸਤੇਮਾਲ ਕਰ ਸਕਦੇ ਸਨ ਸਗੋਂ ਉਨ੍ਹਾਂ ਦੀ ਕਾਰਗੁਜ਼ਾਰੀ ਫੀਲਡ ਟੈਸਟਾਂ ਵਿਚ ਆਪਣੇ ਕਲੀਨ ਸ਼ੇਵਨ ਸਾਥੀਆਂ ਨਾਲੋਂ ਵੀ ਬਿਹਤਰ ਸੀ। ਅਖੀਰ ਤਿੰਨਾਂ ਸਿੱਖ ਨੌਜਵਾਨਾਂ ਨੂੰ ਫੌਜ ਵਿਚ ਨੌਕਰੀ ਕਰਨ ਦੀ ਇਜਾਜ਼ਤ ਮਿਲ ਗਈ ਪਰ ਅਮਨ ਨੇ ਇਹ ਇਰਾਦਾ ਜਾਹਰ ਕੀਤਾ ਕਿ ਉਹ ਨੀਤੀ ਵਿਚ ਤਬਦੀਲੀ ਤੋਂ ਘੱਟ ਸਮਝੌਤਾ ਨਹੀਂ ਕਰੇਗਾ ਅਤੇ ਇੰਜ ਉਸ ਨੇ ਇਹ ਕਾਨੂੰਨੀ ਲੜਾਈ ਅਖੀਰ ਜਿੱਤ ਲਈ।

ਵਰਜੀਨੀਆ ਵਸਦੇ ਡਾ. ਬਲਜੀਤ ਸਿੰਘ ਸਿੱਧੂ ਦੇ ਪੁੱਤਰ ਅਮਨ ਦਾ ਜਨਮ ਇਸੇ ਸਟੇਟ ਦੇ ਸ਼ਹਿਰ ਨੌਰਫੋਕ ਵਿਚ ਅਤੇ ਪਾਲਣ ਪੋਸ਼ਣ ਰਿਚਮੰਡ ਵਿਚ ਹੋਇਆ। ਅਮਨ ਦੀ ਮਾਂ ਵੀ ਡਾਕਟਰ ਹੈ। ਅਮਨ ਦੀ ਪਤਨੀ ਜਸਮੀਤ ਕੌਰ ਵੀ ਵਕੀਲ ਹੈ ਅਤੇ ਉਨ੍ਹਾਂ ਦੇ ਘਰ 19 ਮਹੀਨਿਆਂ ਦੀਆਂ ਦੋ ਜੌੜੀਆਂ ਬੇਟੀਆਂ- ਪ੍ਰਭਨੂਰ ਅਤੇ ਅਜੂਨੀ ਹਨ।

ਅਮਨ ਨੇ 8 ਸਾਲ ਪਹਿਲਾਂ ਲਾਅ ਸਕੂਲ ਦਾ ਵਿਦਿਆਰਥੀ ਹੁੰਦਿਆਂ ਵਰਜੀਨੀਆ ਬਾਰ ਐਸੋਸੀਏਸ਼ਨ ਦਾ ਓਲੀਵਰ ਹਿੱਲ ਸਟੂਡੈਂਟ ਐਵਾਰਡ ਜਿੱਤਿਆ ਸੀ।

ਇਸ ਸੂਚੀ ਵਿਚ ਕੈਨਨ ਸ਼ਾਨਮੁਗਮ, ਸਾਰੰਟ ਵਿਜੈ ਦਾਮਲੇ, ਅਮਿਤ ਮਹਿਤਾ, ਇੰਦਰਾਣੀ ਮੁਖਰਜੀ, ਮਨੀਸ਼ ਸੇਠ ਅਤੇ ਸ਼ਿਕਾਗੋ ਦੀ ਵਕੀਲ ਸੀਮਾ ਰਾਏ ਦੇ ਨਾਂ ਸ਼ਾਮਲ ਹਨ।





Sunny Truck & RV Wash

ਫੋਨ:559-834-6200 ਫੈਕਸ:559-834-1577



ਲਾ ਦਿੱਤਾ ਬਈ ਰੋਪੜੀਆ ਜਿੰਦਾ ਤੀਰਥ ਗਾਖਲ ਨੇ

ਸੰਨੀ ਟਰੱਕ ਵਾਸ਼ 'ਤੇ ਆਪਣਾ ਟਰੱਕ ਧੁਆਓ, ਟਰੱਕ ਨੂੰ ਨਵਾਂ ਰੰਗ ਰੂਪ ਦਿਓ

ਤੁਹਾਡੇ ਮਨ ਪਸੰਦ ਕਬੱਡੀ ਖਿਡਾਰੀ ਤੀਰਥ ਗਾਖਲ ਦਾ ਟਰੱਕ ਵਾਸ਼



ਬਹੁਤ ਹੀ ਵਾਜਬ ਰੇਟ

ਟਰੱਕ ਵਾਸ਼ $30.00
ਟਰੱਕ ਤੇ ਟਰੇਲਰ ਵਾਸ਼ $55.00
ਟਰੇਲਰ ਵਾਸ਼ $30.00
ਟਰੇਲਰ ਵਾਸ਼ਆਊਟ $25.00
ਅੰਡਰ ਕੈਰੀਏਜ $90.00
ਟੈਂਕਰ ਵਾਸ਼ਆਊਟ $100.00
ਇੰਜਨ ਵਾਸ਼ $15.00



ਤੁਹਾਡੀ ਸਹੂਲਤ ਲਈ ਦੋ ਲੋਕੇਸ਼ਨਾਂ

2713 Vineyard Place, Fowler, Ca 93625
Ph: 559-834-6200
Open
Monday to Friday 6AM to 9PM
Saturday-Sunday 7AM to 7PM
From Hwy 99 > Take E manning Ave. exit 121, right turn at first light.

Mini Mart
Featuring Hot & Cold Foods and Beverages

2255 F St. Livingston, CA 95334
Ph: 209-394-8880
Open
Monday to Saturday 7AM to 7PM
Sunday 8AM to 5PM
From Hwy 99 > take Hammatt Ave. exit 201, turn west on Hammatt ave. left at F st.

Ad sponsored by Amolak Singh Gakhal

## ਇਕ ਸਾਫ ਸੁਥਰਾ ਪੰਜਾਬੀ ਚੈਨਲ 'ਸਾਡਾ ਚੈਨਲ'

**ਫਰਿਜ਼ਨੋ (ਕੁਲਵੰਤ ਉੱਭੀ):** ਪੰਜਾਬੀ ਸੱਭਿਆਚਾਰ ਬੜਾ ਅਮੀਰ ਸੱਭਿਆਚਾਰ ਹੈ ਪਰ ਅਫ਼ਸੋਸ, ਅਜੋਕੇ ਸਮੇਂ ਦੇ ਗਾਇਕਾਂ ਦੀਆਂ ਨਵੀਂਆਂ ਵੀਡੀਓ ਅਤੇ ਵਹਿਮਾਂ-ਭਰਮਾਂ 'ਤੇ ਆਧਾਰਤ ਚੱਲ ਰਹੇ ਹੋਰ ਕਈ ਟੀ.ਵੀ. ਪ੍ਰੋਗਰਾਮਾਂ ਨੇ ਪੰਜਬੀ ਦੇ ਨਾਂ ਉਪਰ ਕਾਲਖ਼ ਮਲਣੀ ਸ਼ੁਰੂ ਕਰ ਦਿੱਤੀ ਹੈ। ਇਸ ਦਾ ਕਾਰਨ ਸੈਟੇਲਾਈਟ ਰਾਹੀਂ ਆ ਰਹੇ ਦੇਸੀ ਪ੍ਰੋਗਰਾਮਾਂ ਹਨ। ਸਮੁੱਚੇ ਪਰਿਵਾਰ ਨਾਲ ਬੈਠ ਕੇ ਦੇਖਣ ਵਾਲੇ ਪ੍ਰੋਗਰਾਮ ਦੀ ਬਹੁਤ ਘਾਟ ਰਹੀ ਹੈ। ਹਮੇਸ਼ਾ ਹੀ ਅਸ਼ਲੀਲਤਾ ਦਾ ਪੱਖ ਭਾਰੂ ਰਿਹਾ ਹੈ। ਇਸ ਦੇ ਨਾਲ ਨਾਲ ਬਹੁਤੇ ਚੈਨਲਾਂ ਲਈ ਹਰ ਮਹੀਨੇ ਪੈਸੇ ਵੀ ਦੇਣੇ ਪੈਂਦੇ ਹਨ।

ਇਸ ਸਭ ਕੁਝ ਤੋਂ ਵੱਖਰਾ ਕਰਦੇ ਹੋਏ ਸ. ਜਸਜੀਤ ਸਿੰਘ ਨੇ ਪੰਜਾਬੀਆਂ ਦੀ ਮੰਗ ਨੂੰ ਸਮਝਦੇ ਹੋਏ ਫਰਿਜ਼ਨੋ ਇਲਾਕੇ ਦੇ ਸਥਾਨਕ ਚੈਨਲ 33.5 ਉਪਰ 'ਦੇਸ਼ ਪੰਜਾਬ' ਦੇ ਨਾਂ ਹੇਠ ਸਿੱਧੂ ਦਮਦਮੀ ਨਾਲ ਸੰਪਰਕ ਕਰਕੇ 'ਸਾਡਾ ਚੈਨਲ' ਦਾ ਆਗ਼ਾਜ਼ ਕੀਤਾ ਹੈ। ਇਹ ਚੈਨਲ ਲੋਕਲ ਚੈਨਲ ਹੈ ਅਤੇ ਫਿਲਹਾਲ ਬਿਲਕੁਲ ਮੁਫ਼ਤ ਹੈ। ਫਰਿਜ਼ਨੋ ਦਾ ਇਲਾਕਾ ਖੇਤੀਬਾੜੀ ਵਾਲਾ ਹੋਣ ਕਰਕੇ ਮੱਧਮ ਦਰਜੇ ਦੇ ਪੰਜਾਬੀਆਂ ਦੀ ਗਿਣਤੀ ਜ਼ਿਆਦਾ ਹੈ ਤੇ ਉਨ੍ਹਾਂ ਲਈ ਸੈਟੇਲਾਈਟ ਆਦਿਕ ਮਹਿੰਗੇ ਪ੍ਰੋਗਰਾਮ ਲੈਣੇ ਔਖੇ ਸਨ। 'ਸਾਡਾ ਚੈਨਲ' ਅਤੇ 'ਦੇਸ਼ ਪੰਜਾਬ' ਦੀ ਟੀਮ ਨੇ ਇਸ ਨੂੰ ਇੰਨਾ ਆਸਾਨ ਬਣਾ ਦਿੱਤਾ ਹੈ ਕਿ ਹੁਣ ਘਰਾਂ ਵਿਚ ਬੈਠੇ ਬਜ਼ੁਰਗ ਤੇ ਬੱਚੇ ਰਲ-ਮਿਲ ਕੇ ਪਰਿਵਾਰਾਂ ਨਾਲ ਸਾਫ਼ ਸੁਥਰੇ ਪ੍ਰੋਗਰਾਮ ਦਾ ਲੁਤਫ਼ ਉਠਾ ਸਕਦੇ ਹਨ।

## ਰੌਡਸ ਵਜ਼ੀਫੇ ਲਈ ਪੰਜ ਭਾਰਤੀਆਂ ਦੀ ਚੋਣ

**ਵਾਸ਼ਿੰਗਟਨ:** ਵੱਕਾਰੀ ਰੌਡਸ ਵਜ਼ੀਫੇ (2012) ਲਈ ਚੁਣੇ ਗਏ 83 ਵਿਦਿਆਰਥੀਆਂ 'ਚ 5 ਭਾਰਤੀ ਸ਼ਾਮਲ ਹਨ। ਇਸ ਤੋਂ ਬਿਨਾ 5 ਭਾਰਤੀ-ਅਮਰੀਕੀ ਤੇ ਇਕ ਤਿੱਬਤੀ ਵਿਦਿਆਰਥੀ ਨੂੰ ਵੀ ਇਹ ਵਜ਼ੀਫਾ ਮਿਲਿਆ ਹੈ। ਵਜ਼ੀਫੇ ਲਈ ਚੁਣੇ ਗਏ ਭਾਰਤੀ ਵਿਦਿਆਰਥੀਆਂ ਵਿਚ ਬੰਗਲੌਰ ਤੋਂ ਵਰਿੰਦਾ ਭੰਡਾਰੀ, ਆਈ.ਆਈ.ਟੀ. ਨਵੀਂ ਦਿੱਲੀ ਤੋਂ ਅਕੁਲ ਦਿਆਲ, ਪੁਣੇ ਯੂਨੀਵਰਸਿਟੀ ਤੋਂ ਨਿਕੀਤਾ ਕੌਸ਼ਲ, ਆਈ.ਆਈ.ਟੀ. ਰੁੜਕੀ ਤੋਂ ਅਮਿਤ ਕੁਮਾਰ ਤੇ ਦਿੱਲੀ ਯੂਨੀਵਰਸਿਟੀ ਦੇ ਸੇਂਟ ਸਟੀਫ਼ਨ ਕਾਲਜ ਤੋਂ ਸੁਜੀਤ ਥਾਮਸ ਸ਼ਾਮਲ ਹਨ। ਭਾਰਤੀ ਅਮਰੀਕੀ ਵਿਦਿਆਰਥੀਆਂ ਵਿਚ ਇਸ਼ਾਨ ਨਾਥ, ਆਇਸ਼ਾ ਬਗਚੀ, ਨਬੀਲ ਗਿਲਾਨੀ, ਆਨੰਦ ਹਬੀਬ, ਮੋਹਿਤ ਅਗਰਵਾਲ ਤੇ ਤੇ ਨਜ਼ਿਨ ਸੇਲਡਨ ਇਸ ਅਮਰੀਕੀ ਵਜ਼ੀਫੇ ਲਈ ਚੁਣੇ ਗਏ ਹਨ। ਇਹ ਵਿਦਿਆਰਥੀ ਹੁਣ ਅਗਲੇ ਸਾਲ ਤੋਂ ਆਕਸਫੋਰਡ ਯੂਨੀਵਰਸਿਟੀ ਵਿਚ ਵੱਖੋ-ਵੱਖਰੇ ਅਕਾਦਮਿਕ ਖੇਤਰਾਂ 'ਚ ਦਾਖਲਾ ਲੈਣਗੇ।

M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

Noble Dental Care
Family and Cosmetic Dentistry



Shital Shah, DDS


ਸਪੈਸ਼ਲ ਆਫਰ Special Offer
$50 Dental X-Rays, Examination Consultation and Cleaning (Cash Patients Only)* *Conditions Apply
Up to 50% off Cash Patients. Senior and Student Discounts

*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children

*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ

ਵਿਆਜ ਰਹਿਤ ਪੇਮੈਂਟ ਪਲੈਨ

Invisalign



Starting at $2,550*
*Limidited time offer may end without notice. Restrictions apply. Not valid with any other offer.

Emergency Patients Welcome
Evening/Saturday Appointments Available

State of the Art Dental Technology
Most Dental PPO Plans Accepted
Interest Free Payment Plans Available

Ph:510-493-2130
www.1nobledentalcare.com

34603 Alvarado Niles Rd., Union City, CA (Alvarado Niles & Decoto Rd., Behind Taco Bell)

ਘਰ ਖਰੀਦਣਾ ਹੈ ਜਾਂ ਵੇਚਣਾ !

ਸੈਂਟਰਲ ਵੈਲੀ ਦੇ ਸ਼ਹਿਰਾਂ-ਲਿਵਿੰਗਸਟਨ, ਐਟਵਾਟਰ, ਮਰਸਡ, ਟਰਲਕ, ਮਾਡੈਸਟੋ ਅਤੇ ਲਾਸ ਬੈਨੋਸ ਵਿਚ ਘਰਾਂ ਦੀ ਖਰੀਦ ਅਤੇ ਵੇਚ ਲਈ ਬਿਹਤਰੀਨ ਸੇਵਾ ਲਈ ਕਾਲ ਕਰੋ

ਜਰਨੈਲ ਸਿੰਘ ਲਾਲੜੀਆ
ਫੋਨ:209-856-2131



Century 21
M&M AND ASSOCIATES
Each office is independently owned and operated.

Jarnail Singh Lallria
Broker Associate
DRE#01440382

Cell: 209-620-5393
Fax:209-216-5502
e-mail: jlallria@c21mm.com
Mob Web: m.jlallria.c21mm.com

1472 'B' Street, Ste. D, Livingston, CA 95334




ਕੀ ਤੁਹਾਡਾ ਕਰੈਡਿਟ ਖਰਾਬ ਹੈ????
ਤੁਹਾਨੂੰ ਮਾਰਟਗੇਜ, ਕਾਰ ਲੋਨ, ਕਰੈਡਿਟ ਕਾਰਡ ਜਾਂ ਇੰਸ਼ੋਰੈਂਸ ਕਿਸ ਭਾਅ ਮਿਲੇਗੀ, ਇਹ ਸਭ ਤੁਹਾਡੇ ਕਰੈਡਿਟ ਸਕੋਰ 'ਤੇ ਹੀ ਨਿਰਭਰ ਹੈ।

We Can Help

We specialize in repairing credit reports. We Improve your credit by removing negative items you identify as inaccurate, misleading or unverifiable. *Damaging Items include:*

*Bankruptcies *Late Payments *Judgements *Collections
*Foreclosures *Charge Offs *Garnishments *Repossessions
*Liens *Partial Payments *all credit killers!*

ਅੱਜ ਹੀ ਕਰੈਡਿਟ ਠੀਕ ਕਰਨ ਵਾਲੇ ਮਾਹਰਾਂ ਨੂੰ ਕਾਲ ਕਰੋ

ZiNU CREDIT REPAIR
Call 1-800-400-ZINU(9468)
Visit:www.Zinucreditrepair.com

# ਸਿੱਖ ਜਥੇਬੰਦੀਆਂ ਬਾਦਲ ਨੂੰ 'ਫ਼ਖ਼ਰ-ਏ-ਕੌਮ' ਖਿਤਾਬ ਦੇਣ ਵਿਰੁਧ ਡਟੀਆਂ

## ਅਕਾਲ ਤਖ਼ਤ ਦੇ ਜਥੇਦਾਰ ਨੂੰ ਫੈਸਲੇ 'ਤੇ ਮੁੜ ਗ਼ੌਰ ਕਰਨ ਦੀ ਅਪੀਲ







**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਵਿਰਾਸਤ-ਏ-ਖਾਲਸਾ ਦੇ ਉਦਘਾਟਨੀ ਸਮਾਰੋਹ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 'ਪੰਥ ਰਤਨ ਫਖ਼ਰ-ਏ-ਕੌਮ' ਪੁਰਸਕਾਰ ਦੇਣ ਦੇ ਕੀਤੇ ਗਏ ਐਲਾਨ ਦਾ ਸਿੱਖ ਜਥੇਬੰਦੀਆਂ ਨੇ ਵਿਰੋਧ ਕੀਤਾ ਹੈ ਤੇ ਸਿੱਖ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਆਪਣੇ ਇਸ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਪੰਥਕ ਕੌਂਸਲ, ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਇਸ ਫੈਸਲੇ 'ਤੇ ਸਵਾਲ ਉਠਾਉਂਦਿਆਂ ਇਤਰਾਜ਼ ਦਾ ਪ੍ਰਗਟਾਵਾ ਕੀਤਾ ਗਿਆ। ਇਸ ਤੋਂ ਪਹਿਲਾਂ ਦਲ ਖਾਲਸਾ, ਅਕਾਲੀ ਦਲ 1920 ਤੇ ਖਾਲਸਾ ਐਕਸ਼ਨ ਕਮੇਟੀ ਵੱਲੋਂ ਇਸ ਫੈਸਲੇ ਦਾ ਵਿਰੋਧ ਕੀਤਾ ਗਿਆ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਦਾਅਵਾ ਕੀਤਾ ਕਿ ਪੰਜਾਬ ਵਿਚ ਵੱਡੀ ਗਿਣਤੀ ਸਿੱਖ ਨੌਜਵਾਨ ਧਰਮ ਦਾ ਸਾਥ ਛੱਡਦਿਆਂ ਪਤਿਤ ਹੋ ਚੁੱਕੇ ਹਨ ਤੇ ਸਿੱਖ ਕੁੜੀਆਂ ਦੇ ਵਿਆਹ ਸ਼ਾਦੀਆਂ ਵਾਸਤੇ ਗੁਰਸਿੱਖ ਮੁੰਡਿਆਂ ਦੀ ਘਾਟ ਹੋ ਗਈ ਹੈ। ਸ. ਸਰਨਾ ਨੇ ਸਵਾਲ ਕੀਤਾ ਕਿ ਸਿੰਘ ਸਾਹਿਬਾਨ ਦੱਸਣ ਕਿ ਉਹ ਸ. ਬਾਦਲ ਦੀ ਕਿਸ ਗੱਲ 'ਤੇ ਫ਼ਖ਼ਰ ਮਹਿਸੂਸ ਕਰ ਰਹੇ ਹਨ ਜਿਸ ਬਦਲੇ ਉਨ੍ਹਾਂ ਨੂੰ ਫਖ਼ਰ-ਏ-ਕੌਮ ਦਾ ਪੁਰਸਕਾਰ ਦੇਣ ਦਾ ਐਲਾਨ ਕੀਤਾ ਹੈ।

ਉਨ੍ਹਾਂ ਪੁੱਛਿਆ ਕਿ ਕੀ ਪੰਜਾਬ ਵਿਚ ਪਤਿਤਪੁਣਾ ਵਧਣਾ ਫਖ਼ਰ ਦੀ ਗੱਲ ਹੈ? ਕੀ ਦਸਵੇਂ ਗੁਰੂ ਵੱਲੋਂ ਉਸਾਰੀ ਸਿੱਖੀ ਦੀ ਇਮਾਰਤ ਦੀ ਰਖਵਾਲੀ ਨਾ ਹੋਣਾ ਫਖ਼ਰ ਦੀ ਗੱਲ ਹੈ? ਉਨ੍ਹਾਂ ਕਿਹਾ ਕਿ ਸਰਕਾਰਾਂ ਵੱਲੋਂ ਹਰ ਥਾਂ ਇਮਾਰਤਾਂ ਬਣਾਈਆਂ ਜਾਂਦੀਆਂ ਹਨ ਤੇ ਦੋ ਚਾਰ ਇਮਾਰਤਾਂ ਬਣਾਉਣ ਲਈ ਪੰਥ ਰਤਨ ਦਾ ਪੁਰਸਕਾਰ ਨਹੀਂ ਦਿੱਤਾ ਜਾ ਸਕਦਾ ਹੈ। ਉਨ੍ਹਾਂ ਆਖਿਆ ਕਿ ਇਸ ਐਲਾਨ ਨਾਲ ਇੰਜ ਪ੍ਰਤੀਤ ਹੋ ਰਿਹਾ ਹੈ ਕਿ ਜਿਵੇਂ ਦੇਣ ਵਾਲੇ ਵੀ ਆਪ ਹੋਣ ਤੇ ਲੈਣ ਵਾਲੇ ਵੀ ਆਪ ਹੀ ਹੋਣ।

ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ ਨੇ ਸ. ਬਾਦਲ ਨੂੰ ਇਹ ਪੁਰਸਕਾਰ ਦੇਣ ਦੇ ਐਲਾਨ ਨੂੰ ਗੈਰ ਸਿਧਾਂਤਕ ਕਰਾਰ ਦਿੰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਉਹ ਗੁਰਮਤਿ ਸਿਧਾਂਤਾਂ, ਪੰਥਕ ਰਿਵਾਇਤਾਂ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਪ੍ਰੰਪਰਾਵਾਂ ਨੂੰ ਤਿਲਾਂਜਲੀ ਦੇਣ ਦੀ ਭੁੱਲ ਕੀਤੀ ਗਈ ਤਾਂ ਸਿੱਖ ਸਿਧਾਂਤਾਂ 'ਤੇ ਸਵਾਲੀਆ ਚਿੰਨ੍ਹ ਲੱਗ ਜਾਵੇਗਾ। ਉਨ੍ਹਾਂ ਕਿਹਾ ਕਿ ਅਜਿਹੇ ਪੁਰਸਕਾਰ ਸਿੱਖ ਕੌਮ ਵੱਲੋਂ ਪੰਥਕ ਹਿੱਤਾਂ ਲਈ ਕੀਤੀਆਂ ਸੇਵਾਵਾਂ ਬਦਲੇ ਦਿੱਤਾ ਜਾਂਦਾ ਹੈ ਤੇ ਇਸ ਮਾਮਲੇ ਵਿਚ ਪ੍ਰਿੰਸੀਪਲ ਤੇਜਾ ਸਿੰਘ, ਪ੍ਰੋ. ਜੋਧ ਸਿੰਘ, ਭਾਈ ਕਾਹਨ ਸਿੰਘ ਨਾਭਾ, ਭਾਈ ਵੀਰ ਸਿੰਘ, ਗਿਆਨੀ ਦਿੱਤ ਸਿੰਘ, ਪ੍ਰੋ. ਮੋਹਨ ਸਿੰਘ, ਪ੍ਰਿੰ: ਗੁਰਮੁਖ ਸਿੰਘ, ਪ੍ਰੋ. ਬਲਬੀਰ ਸਿੰਘ, ਅਖੰਡ ਕੀਰਤਨੀ ਜਥੇ ਦੇ ਭਾਈ ਰਣਧੀਰ ਸਿੰਘ, ਸੰਤ ਅਤਰ ਸਿੰਘ ਦੇ ਨਾਂ ਅਹਿਮ ਹਨ ਜਿਨ੍ਹਾਂ ਨੂੰ ਹੁਣ ਤੱਕ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੋਈ ਖਿਤਾਬ ਨਹੀਂ ਦਿੱਤਾ ਗਿਆ। ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਇਹ ਖਿਤਾਬ ਦੇਣ ਤੋਂ ਪਹਿਲਾਂ ਇਸ ਫੈਸਲੇ 'ਤੇ ਮੁੜ ਵਿਚਾਰ ਕਰਨ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਇਸ ਫੈਸਲੇ 'ਤੇ ਸਵਾਲ ਉਠਾਉਂਦਿਆਂ ਆਖਿਆ ਕਿ ਇਹ ਸਮਾਗਮ ਸਿੱਖੀ ਸਿਧਾਂਤਾਂ ਅਨੁਸਾਰ ਨਹੀਂ ਸੀ। ਇਸ ਵਿਚ ਹਿੰਦੂਤਵੀ ਸ਼ਕਤੀਆਂ ਦਾ ਬੋਲਬਾਲਾ ਸੀ ਜਦਕਿ ਅਹਿਮ ਸਿੱਖ ਸ਼ਖ਼ਸੀਅਤਾਂ ਨੂੰ ਇਸ ਸਮਾਗਮ ਤੋਂ ਦੂਰ ਰੱਖਿਆ ਗਿਆ। ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦੇ ਪ੍ਰਧਾਨ ਹਰਮਨਦੀਪ ਸਿੰਘ ਸਰਹਾਲੀ, ਖਾਲਸਾ ਪੰਚਾਇਤ ਦੇ ਜੋਗਿੰਦਰ ਸਿੰਘ ਫੌਜੀ ਤੇ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਕਿਰਪਾਲ ਸਿੰਘ ਰੰਧਾਵਾ ਨੇ ਵੀ ਇਹ ਪੁਰਸਕਾਰ ਸ. ਬਾਦਲ ਨੂੰ ਦਿੱਤੇ ਜਾਣ ਦਾ ਵਿਰੋਧ ਕਰਦਿਆਂ ਦੋਸ਼ ਲਾਇਆ ਕਿ ਸ. ਬਾਦਲ ਨੇ ਸਾਕਾ ਨੀਲਾ ਤਾਰਾ ਸਮੇਂ ਕੇਂਦਰ ਸਰਕਾਰ ਨਾਲ ਗੰਢਤੁੱਪ ਕੀਤੀ ਸੀ। ਉਨ੍ਹਾਂ ਕਿਹਾ ਕਿ ਸ. ਬਾਦਲ ਨੂੰ ਇਸ ਪੁਰਸਕਾਰ ਨਾਲ ਨਿਵਾਜਣ ਨੂੰ ਸਿੱਖ ਪੰਥ ਪ੍ਰਵਾਨ ਨਹੀਂ ਕਰੇਗਾ।

## ਜਥੇਦਾਰ ਵੱਲੋਂ ਬਾਦਲ ਦੀ ਮਹਾਰਾਜਾ ਰਣਜੀਤ ਸਿੰਘ ਨਾਲ ਤੁਲਨਾ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਐਲਾਨ ਕੀਤਾ ਕਿ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਨੇ ਫੈਸਲਾ ਕੀਤਾ ਹੈ ਕਿ ਵਿਰਾਸਤ-ਏ-ਖਾਲਸਾ ਕੇਂਦਰ ਤੇ ਤਿੰਨ ਹੋਰ ਇਤਿਹਾਸਕ ਯਾਦਗਾਰਾਂ ਬਣਾਉਣ 'ਚ ਨਿਭਾਏ ਅਹਿਮ ਤੇ ਮਿਸਾਲੀ ਯੋਗਦਾਨ ਬਦਲੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 'ਫਖ਼ਰ-ਏ-ਕੌਮ ਪੰਥ ਰਤਨ' ਦੇ ਖਿਤਾਬ ਨਾਲ ਨਿਵਾਜਿਆ ਜਾਵੇਗਾ ਤੇ ਇਹ ਖਿਤਾਬ ਦੇਣ ਲਈ 5 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵਿਸ਼ੇਸ਼ ਸਮਾਗਮ ਕੀਤਾ ਜਾਵੇਗਾ। ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਸ. ਬਾਦਲ ਨੂੰ ਇਹ ਖਿਤਾਬ ਮੁੱਖ ਮੰਤਰੀ ਜਾਂ ਅਕਾਲੀ ਦਲ ਦਾ ਸਰਪ੍ਰਸਤ ਹੋਣ ਕਾਰਨ ਨਹੀਂ, ਸਗੋਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਸਿੱਖ ਵਿਰਾਸਤ ਨੂੰ ਸੰਭਾਲਣ ਲਈ ਪਾਏ ਵੱਡਮੁੱਲੇ ਯੋਗਦਾਨ ਬਦਲੇ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਸੀਂ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਭਰਪੂਰ ਪ੍ਰਸੰਸਾ ਕਰਦੇ ਹਾਂ।

## ਬਾਦਲ ਨੂੰ 'ਲੋਟੂ-ਏ-ਕੌਮ' ਦਾ ਐਵਾਰਡ ਦਿੱਤਾ ਜਾਵੇ: ਕੈਪਟਨ

**ਹੁਸ਼ਿਆਰਪੁਰ:** ਸਾਬਕਾ ਮੁੱਖ ਮੰਤਰੀ ਤੇ ਪੰਜਾਬ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਤਖ਼ਤਾਂ ਦੇ ਜਥੇਦਾਰਾਂ ਵੱਲੋਂ ਬਾਦਲ ਨੂੰ 'ਫ਼ਖ਼ਰੇ-ਇ-ਕੌਮ' ਦੀ ਜਗ੍ਹਾ 'ਲੋਟੂ-ਇ-ਕੌਮ' ਦਾ ਪੁਰਸਕਾਰ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ ਨੌਜਵਾਨਾਂ ਨਾਲ ਭੱਦਾ ਮਜ਼ਾਕ ਕੀਤਾ ਹੈ। ਪੰਜਾਬ ਅੰਦਰ 47 ਲੱਖ ਨੌਜਵਾਨ ਬੇਰੁਜ਼ਗਾਰ ਹੋ ਗਏ ਹਨ ਤੇ ਉਹ ਬੇਰੁਜ਼ਗਾਰੀ ਕਾਰਨ ਨਸ਼ਿਆਂ ਵੱਲ ਤੁਰ ਪਏ ਹਨ। ਪੰਜਾਬ ਦਾ ਉਦਯੋਗ ਸੂਬੇ ਤੋਂ ਬਾਹਰ ਮੱਧ-ਪ੍ਰਦੇਸ਼, ਯੂ.ਪੀ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵਿਚ ਜਾ ਰਿਹਾ ਹੈ।



ਉਨ੍ਹਾਂ ਕਿਹਾ ਕਿ ਕਾਂਗਰਸ ਨੇ ਪਿਛਲੇ ਕਾਰਜਕਾਲ ਦੌਰਾਨ ਮੁਕੇਸ਼ ਅੰਬਨੀ ਨਾਲ ਗੱਲ ਕਰ ਕੇ ਇਕ ਲੱਖ ਸਟੋਰਾਂ ਵਿਚ ਪੰਜਾਬ ਦੀਆਂ ਸਬਜ਼ੀਆਂ ਨੂੰ ਭੇਜਣ ਦਾ ਪ੍ਰੋਗਰਾਮ ਬਣਾਇਆ ਸੀ ਤਾਂਕਿ ਕਿਸਾਨਾਂ ਨੂੰ ਫ਼ਸਲੀ ਚੱਕਰ ਵਿਚੋਂ ਕਢਿਆਂ ਜਾ ਸਕੇ, ਉਸ ਸਮੇਂ ਅਕਾਲੀ-ਭਾਜਪਾ ਨੇ ਇਸ ਦਾ ਵਿਰੋਧ ਕੀਤਾ ਜਿਸ ਕਾਰਨ ਅੱਜ ਪੰਜਾਬ ਅੰਦਰ ਮੰਡੀਆਂ ਵਿਚ ਬਾਸਮਤੀ ਚਾਵਲ ਦੇ ਅੰਬਾਰ ਲੱਗੇ ਹੋਏ ਹਨ ਜਿਨ੍ਹਾਂ ਨੂੰ ਖ਼ਰੀਦਣ ਵਾਲਾ ਕੋਈ ਨਹੀਂ ਹੈ। ਕੈਪਟਨ ਨੇ ਕਿਹਾ ਕਿ ਪਿਉ-ਪੁੱਤਰ ਨੇ ਰਲ ਕੇ ਪੂਰੇ ਪੰਜਾਬ ਨੂੰ ਲੁਟਿਆ ਹੈ। ਇਸ ਲਈ ਬਾਦਲ ਨੂੰ 'ਫ਼ਖ਼ਰੇ-ਇ-ਕੌਮ' ਦੀ ਜਗ੍ਹਾ 'ਲੋਟੂ-ਇ-ਕੌਮ' ਦਾ ਪੁਰਸਕਾਰ ਦੇਣਾ ਚਾਹੀਦਾ ਹੈ।

## ਬਾਦਲ ਨੂੰ ਨੋਬੇਲ ਅਮਨ ਪੁਰਸਕਾਰ ਦਿੱਤਾ ਜਾਵੇ: ਭਾਜਪਾ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 'ਪੰਥ ਰਤਨ ਫਖ਼ਰ-ਏ-ਕੌਮ' ਪੁਰਸਕਾਰ ਦਾ ਸਿੱਖ ਜਥੇਬੰਦੀਆਂ ਵੱਲੋਂ ਵਿਰੋਧ ਕਰਨ ਤੋਂ ਬਾਅਦ ਭਾਜਪਾ ਨੇ ਕਿਹਾ ਹੈ ਕਿ ਬਾਦਲ ਨੂੰ ਨੋਬੇਲ ਅਮਨ ਪੁਰਸਕਾਰ ਦਿੱਤਾ ਜਾਵੇ।

ਪੰਜਾਬ ਦੇ ਸਥਾਨਕ ਸਰਕਾਰਾਂ ਤੇ ਉਦਯੋਗ ਮੰਤਰੀ ਤੀਕਸ਼ਣ ਸੂਦ ਨੇ ਕਿਹਾ ਕਿ ਸ. ਬਾਦਲ ਨੇ ਮਨੁੱਖੀ ਭਲਾਈ ਨੂੰ ਆਪਣੇ ਸਿਆਸੀ ਜੀਵਨ ਦਾ ਕੇਂਦਰ ਬਿੰਦੂ ਬਣਾਇਆ ਤੇ ਆਪਣੇ ਪੰਜਾਹ ਸਾਲ ਦੇ ਸਿਆਸੀ ਜੀਵਨ ਵਿਚ ਅਨੇਕ ਔਕੜਾਂ ਦੇ ਬਾਵਜੂਦ ਮਨੁੱਖਤਾ ਲਈ ਨਿਰਸਵਾਰਥ ਲੜਾਈ ਲੜੀ। ਉਨ੍ਹਾਂ ਕਿਹਾ ਕਿ 1975 ਵਿਚ ਕਾਂਗਰਸ ਵੱਲੋਂ ਲਾਈ ਗਈ ਐਮਰਜੈਂਸੀ ਮੌਕੇ ਮਨੁੱਖੀ ਹੱਕਾਂ ਦਾ ਘਾਣ ਰੋਕਣ ਲਈ ਸ. ਬਾਦਲ ਨੇ ਜੇਲ੍ਹ ਕੱਟੀ ਜਿਸਦੀ ਮਿਸਾਲ ਦੱਖਣੀ ਅਫਰੀਕਾ ਦੇ ਸਾਬਕਾ ਰਾਸ਼ਟਰਪਤੀ ਨੈਲਸਨ ਮੰਡੇਲਾ ਤੋਂ ਇਲਾਵਾ ਸਿਰਫ ਪ੍ਰਕਾਸ਼ ਸਿੰਘ ਬਾਦਲ ਹੀ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਹਿੰਦੂ-ਸਿੱਖ ਏਕਤਾ ਲਈ ਸ. ਬਾਦਲ ਵੱਲੋਂ ਲਾਮਿਸਾਲ ਯਤਨ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਵਡਮੁੱਲੀਆਂ ਸੇਵਾਵਾਂ ਨੂੰ ਧਿਆਨ ਵਿਚ ਰੱਖਦਿਆਂ ਸ੍ਰੀ ਬਾਦਲ ਨੂੰ 2012 ਦੇ ਨੋਬੇਲ ਅਮਨ ਪੁਰਸਕਾਰ ਨਾਲ ਨਿਵਾਜਿਆ ਜਾਵੇ।

# ਅਕਾਲੀ ਦਲ ਤੇ ਸੰਤ ਸਮਾਜ ਦੂਰ-ਦੂਰ ਹੋਣੇ ਸ਼ੁਰੂ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਪਹਿਲੀ ਵਾਰ ਘਿਓ-ਖਿਚੜੀ ਹੋਏ ਸ਼੍ਰੋਮਣੀ ਅਕਾਲੀ ਦਲ ਤੇ ਸੰਤ ਸਮਾਜ ਵਿਚਾਲੇ ਕਈ ਮਾਮਲਿਆਂ 'ਤੇ ਖ਼ਾਮੋਸ਼ ਜੰਗ ਸ਼ੁਰੂ ਹੋ ਗਈ ਹੈ। ਵਿਰਾਸਤ-ਏ-ਖਾਲਸਾ ਸਮਾਗਮ ਵਿਚ ਸੰਤ ਸਮਾਜ ਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਦੀ ਗੈਰਹਾਜ਼ਰੀ ਨੇ ਦੋਵਾਂ ਧਿਰਾਂ ਵਿਚਾਲੇ ਆਈਆਂ ਦੂਰੀਆਂ ਦੀ ਲਕੀਰ ਹੋਰ ਡੂੰਘੀ ਕਰ ਦਿੱਤੀ ਹੈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਅਨੰਦਪੁਰ ਸਾਹਿਬ ਤੋਂ ਵਿਧਾਇਕ ਬਾਬਾ ਅਜੀਤ ਸਿੰਘ ਵੀ ਗ਼ੈਰ ਹਾਜ਼ਰ ਰਹੇ।

ਇਨ੍ਹਾਂ ਦੂਰੀਆਂ ਦਾ ਇਕ ਕਾਰਨ ਇਹ ਹੈ ਕਿ ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦਾ ਸੰਤ ਸਮਾਜ ਦੀ ਇਹ ਸਮਝੌਤਾ ਹੋਇਆ ਸੀ ਕਿ ਪੰਦਰਾਂ ਨਾਮਜ਼ਦ ਮੈਂਬਰਾਂ ਵਿਚ ਤਿੰਨ ਮੈਂਬਰ ਸੰਤ ਸਮਾਜ ਦੇ ਹੋਣਗੇ ਪਰ ਹੁਣ ਇਸ ਬਾਰੇ ਸੰਤ ਸਮਾਜ ਨਾਲ ਕੋਈ ਗੱਲ ਹੀ ਨਹੀਂ ਕੀਤੀ ਜਾ ਰਹੀ। ਸੰਤ ਸਮਾਜ ਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਜਾਣਬੁੱਝ ਕੇ ਵਿਰਾਸਤ-ਏ-ਖਾਲਸਾ ਸਮਾਗਮ ਤੋਂ ਦੂਰ ਰਹੇ। ਉਹ ਪਹਿਲਾਂ ਹੀ ਮਹਾਂਰਾਸ਼ਟਰ ਚਲੇ ਗਏ। ਟਕਸਾਲ ਦੇ ਸੂਤਰਾਂ ਅਨੁਸਾਰ ਵਿਰਾਸਤ-ਏ-ਖਾਲਸਾ ਦੇ ਸਮਾਗਮ ਲਈ ਉਨ੍ਹਾਂ ਨੂੰ ਠੀਕ ਢੰਗ ਨਾਲ ਸੱਦਾ ਪੱਤਰ ਨਹੀਂ ਦਿੱਤੇ ਗਏ।

ਹਾਸਲ ਜਾਣਕਾਰੀ ਅਨੁਸਾਰ ਹੁਣ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਈ ਸੰਤਾਂ ਮਹਾਂਪਰਸ਼ਾਂ ਨੂੰ ਟੈਲੀਫੋਨ ਕਰਕੇ 30 ਨਵੰਬਰ ਵਾਲੇ ਸਮਾਗਮ ਵਿਚ ਸ਼ਾਮਲ ਹੋਣ ਲਈ ਸੁਨੇਹੇ ਦਿੱਤੇ ਹਨ। ਮੁੱਖ ਮੰਤਰੀ ਵੱਲੋਂ ਆਪ ਸੁਨੇਹੇ ਦੇਣ ਪਿੱਛੇ ਇਹੋ ਕਾਰਨ ਦੱਸਿਆ ਜਾ ਰਿਹਾ ਹੈ ਕਿ ਸੰਤ ਸਮਾਜ ਦੇ ਮੁਖੀ ਬਾਬਾ ਧੁੰਮਾਂ ਦੀ ਗੈਰਹਾਜ਼ਰੀ ਦੀ ਰੜਕ ਨੂੰ ਖੁੰਢਿਆ ਕੀਤਾ ਜਾ ਸਕੇ। ਕਈ ਸੰਤਾਂ ਨੂੰ ਮੁੱਖ ਮੰਤਰੀ ਦੇ ਸਲਾਹਕਾਰ ਡਾ. ਦਲਜੀਤ ਸਿੰਘ ਚੀਮਾ ਨੇ ਵੀ ਟੈਲੀਫੋਨ ਕੀਤੇ ਹਨ।

### ਹਰਨਾਮ ਸਿੰਘ ਧੁੰਮਾ ਵਿਰਾਸਤ-ਏ-ਖਾਲਸਾ ਸਮਾਗਮ ਤੋਂ ਟਲੇ



ਭਾਈ ਹਰਨਾਮ ਸਿੰਘ ਧੁੰਮਾ

ਸੰਤ ਸਮਾਜ ਨੇ ਵਿਧਾਨ ਸਭਾ ਚੋਣਾਂ ਲਈ ਸੱਤ ਸੀਟਾਂ ਦੀ ਮੰਗ ਕੀਤੀ ਸੀ ਪਰ ਇਸ ਮੰਗ ਨੂੰ ਵੀ ਸ਼੍ਰੋਮਣੀ ਅਕਾਲੀ ਦਲ ਨੇ ਠੰਢੇ ਬਸਤੇ ਵਿਚ ਪਾਇਆ ਹੋਇਆ ਹੈ। ਇਨ੍ਹਾ ਕਾਰਨਾਂ ਦੇ ਨਾਲ ਹੀ ਦਮਦਮੀ ਟਕਸਾਲ ਲਈ ਸਭ ਤੋਂ ਵੱਡੀ ਪ੍ਰੇਸ਼ਾਨੀ ਮਾਲੇਰਕੋਟਲਾ ਦੀ ਬਣੀ ਹੋਈ ਹੈ। ਮਾਲੇਰਕੋਟਲਾ ਤੋਂ ਸ਼੍ਰੋਮਣੀ ਅਕਾਲੀ ਦਲ ਜਨਾਬ ਇਜ਼ਹਾਰ ਆਲਮ ਨੂੰ ਚੋਣ ਲੜਾਉਣਾ ਚਾਹੁੰਦਾ ਹੈ ਪਰ ਦਮਦਮੀ ਟਕਸਾਲ ਦੇ ਮੁਖੀ ਇਸ ਦਾ ਸਖਤ ਵਿਰੋਧ ਕਰ ਚੁੱਕੇ ਹਨ।

ਹਾਸਲ ਜਾਣਕਾਰੀ ਅਨੁਸਾਰ ਇਜ਼ਹਾਰ ਆਲਮ ਨੂੰ ਟਿਕਟ ਨਾ ਦੇਣ ਬਾਰੇ ਬਾਬਾ ਧੁੰਮਾ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਜਾਣੂ ਕਰਵਾ ਚੁੱਕੇ ਹਨ। ਵਿਰਾਸਤ-ਏ-ਖਾਲਸਾ ਸਮਾਗਮ ਦੌਰਾਨ ਇਜ਼ਹਾਰ ਆਲਮ ਨੂੰ ਸਟੇਜ 'ਤੇ ਬਿਠਾ ਕੇ ਬਾਦਲਾਂ ਨੇ ਬਾਬਾ ਧੁੰਮਾਂ ਲਈ ਹੋਰ ਮੁਸੀਬਤਾਂ ਖੜ੍ਹੀਆਂ ਕਰ ਦਿੱਤੀਆਂ ਹਨ।

ਇਜ਼ਹਾਰ ਆਲਮ 'ਤੇ ਮਨੁੱਖੀ ਅਧਿਕਾਰ ਸੰਗਠਨ ਇਹ ਦੋਸ਼ ਲਾ ਰਹੇ ਹਨ ਕਿ ਆਲਮ ਨੇ ਜਲੰਧਰ ਤੇ ਅੰਮ੍ਰਿਤਸਰ ਦਾ ਐਸ.ਐਸ.ਪੀ. ਹੁੰਦਿਆਂ ਨਿਰਦੋਸ਼ ਸਿੱਖ ਨੌਜਵਾਨਾਂ ਨੂੰ ਝੂਠੇ ਪੁਲੀਸ ਮੁਕਾਬਲਿਆਂ ਵਿਚ ਮਾਰਿਆ ਸੀ। ਇਸ ਮਾਮਲੇ ਕਾਰਨ ਦਮਦਮੀ ਟਕਸਾਲ 'ਤੇ ਵਿਦੇਸ਼ਾਂ ਤੋਂ ਵੱਡਾ ਦਬਾਅ ਬਣ ਰਿਹਾ ਹੈ ਕਿ ਉਹ ਅਕਾਲੀ ਦਲ ਨਾਲੋਂ ਨਾਤਾ ਤੋੜ ਲਵੇ।

## ਭਾਜਪਾ ਨੇ 'ਵਿਰਾਸਤ-ਏ-ਖਾਲਸਾ' ਸਮਾਗਮ ਤੋਂ ਟਾਲਾ ਵੱਟਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ 'ਵਿਰਾਸਤ-ਏ-ਖਾਲਸਾ' ਸਮਾਗਮ ਨੂੰ ਯਾਦਗਾਰੀ ਬਣਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਦਿੱਤਾ ਪਰ ਉਸ ਦੀ ਭਾਈਵਾਲ ਪਾਰਟੀ ਭਾਜਪਾ ਨੇ ਇਸ ਸਮਾਗਮ ਤੋਂ ਟਾਲਾ ਵੱਟਦਿਆਂ ਨਵੀਂ ਚਰਚਾ ਛੇੜ ਦਿੱਤੀ ਹੈ।

ਉਧਰ ਭਾਜਪਾ ਦੀ ਹਾਈ ਕਮਾਂਡ ਨੇ 'ਵਿਰਾਸਤ-ਏ-ਖਾਲਸਾ' ਦੇ ਉਦਘਾਟਨੀ ਸਮਾਰੋਹ ਮੌਕੇ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਕੁਮਾਰ ਸ਼ਰਮਾ ਦੀ ਗ਼ੈਰਹਾਜ਼ਰੀ ਦਾ ਗੰਭੀਰ ਨੋਟਿਸ ਲੈਂਦਿਆਂ ਉਸ ਦੀ ਖਿਚਾਈ ਕੀਤੀ ਹੈ। ਜ਼ਿਕਰਯੋਗ ਹੈ ਕਿ ਭਾਵੇਂ ਭਾਜਪਾ ਦੀ ਹਾਈ ਕਮਾਨ ਇਸ ਸਮਾਗਮ 'ਚ ਪੁੱਜੀ ਸੀ ਪਰ ਸਥਾਨਕ ਵਰਕਰਾਂ ਤੇ ਆਗੂਆਂ ਨੇ ਕੋਈ ਬਾਹਲਾ ਉਤਸ਼ਾਹ ਨਹੀਂ ਵਿਖਾਇਆ। ਹੋਰ ਤਾਂ ਹੋਰ ਪਾਰਟੀ ਦੇ ਪੰਜਾਬ ਪ੍ਰਧਾਨ ਵੀ ਸਮਾਗਮ ਤੋਂ ਦੂਰ ਹੀ ਰਹੇ। ਪਾਰਟੀ ਹਾਈ ਕਮਾਂਡ ਨੇ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਦੀ 25 ਨਵੰਬਰ ਦੀ ਆਨੰਦਪੁਰ ਸਾਹਿਬ ਫੇਰੀ ਮੌਕੇ ਅਸ਼ਵਨੀ ਸ਼ਰਮਾ ਦੇ ਗ਼ੈਰਹਾਜ਼ਰ ਰਹਿਣ ਦਾ ਗੰਭੀਰ ਨੋਟਿਸ ਲਿਆ ਹੈ। ਹਾਈ ਕਮਾਂਡ ਨੂੰ ਪਹਿਲਾਂ ਵੀ ਉਨ੍ਹਾਂ ਦੇ ਕਈ ਅਹਿਮ ਮੀਟਿੰਗਾਂ ਵਿਚ ਗ਼ੈਰਹਾਜ਼ਰ ਰਹਿਣ ਦੀਆਂ ਸ਼ਿਕਾਇਤਾਂ ਮਿਲੀਆਂ ਹਨ। ਪ੍ਰਧਾਨ ਖ਼ਿਲਾਫ਼ ਪਾਰਟੀ ਵਰਕਰਾਂ ਨਾਲ ਗੱਲਬਾਤ ਕਰਨ ਜਾਂ ਉਨ੍ਹਾਂ ਦੇ ਗਿਲ੍ਹੇ ਸ਼ਿਕਵੇ ਸੁਨਣ ਸਮੇਂ ਸਬਰ ਨਾ ਰੱਖਣ ਦੀਆਂ ਸ਼ਿਕਾਇਤਾਂ ਹਨ ਪਰ ਉਨ੍ਹਾਂ ਦਾ ਆਨੰਦਪੁਰ ਸਾਹਿਬ ਵਿਖੇ ਹੋਏ 'ਵਿਰਾਸਤ-ਏ-ਖਾਲਸਾ' ਦੇ ਸਮਾਗਮ ਵਿਚੋਂ ਗ਼ੈਰਹਾਜ਼ਰ ਰਹਿਣ ਦੇ ਫੈਸਲੇ ਨੇ ਹਾਈ ਕਮਾਂਡ ਨੂੰ ਤੁਰੰਤ ਕਾਰਵਾਈ ਲਈ ਮਜਬੂਰ ਕਰ ਦਿੱਤਾ ਸੀ।

## ਹਿੰਦੂ ਤੇ ਸਿੱਖ ਇਕੋ ਪਰਿਵਾਰ ਦੇ ਮੈਂਬਰ: ਭਾਜਪਾ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਵੱਲੋਂ ਬੜੇ ਲੁਕਵੇਂ ਰੂਪ 'ਚ ਸਿੱਖਾਂ ਦੀ ਆਜ਼ਾਦ ਹਸਤੀ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ ਪਰ ਫਿਰ ਵੀ ਗਾਹੇ-ਬਗਾਹੇ ਭਾਜਪ ਦੇ ਆਗੂ ਆਪਣੀ ਸੋਚ ਦਾ ਮੁਜ਼ਾਹਰਾ ਕਰ ਹੀ ਜਾਂਦੇ ਹਨ। ਇਸੇ ਤਰ੍ਹਾਂ ਬੀਤੇ ਦਿਨ ਵਿਰਾਸਤ-ਏ-ਖਾਲਸਾ ਦੇ ਉਦਘਾਟਨੀ ਸਮਾਗਮ 'ਚ ਹਿੱਸਾ ਲੈਣ ਆਏ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਨੇ ਕਿਹਾ ਹੈ ਕਿ ਹਿੰਦੂਆਂ ਤੇ ਸਿੱਖਾਂ ਦੀ ਵਿਰਾਸਤ ਸਾਂਝੀ ਹੈ । ਹਿੰਦੂ ਤੇ ਸਿੱਖ ਇਕੋ ਪਰਿਵਾਰ ਦੇ ਮੈਂਬਰ ਹਨ ਤੇ ਇਨ੍ਹਾਂ ਨੂੰ ਇਕ ਦੂਜੇ ਤੋਂ ਅਲੱਗ ਕਰਕੇ ਨਹੀਂ ਦੇਖਿਆ ਜਾ ਸਕਦਾ।

ਉਨ੍ਹਾਂ ਨੇ ਕਿਹਾ ਕਿ ਸਿੱਖ ਗੁਰੂਆਂ ਨੇ ਹਿੰਦੂ ਧਰਮ ਦੀ ਰਾਖੀ ਲਈ ਕੁਰਬਾਨੀਆਂ ਕੀਤੀਆਂ ਜਿਸ ਨੂੰ ਭੁਲਾਇਆ ਨਹੀਂ ਜਾ ਸਕਦਾ। ਦਿੱਲੀ ਵਿਚ ਸ਼ਰਦ ਪਵਾਰ ਦੇ ਇਕ ਸਿੱਖ ਨੌਜੁਆਨ ਵੱਲੋ ਥੱਪੜ ਮਾਰਨ ਦੀ ਘਟਨਾ ਬਾਰੇ ਉਨ੍ਹਾਂ ਦਾ ਕਹਿਣਾ ਸੀ ਕਿ ਇਸ ਲਈ ਪੂਰੀ ਸਿੱਖ ਕੌਮ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਉਨ੍ਹਾਂ ਨੇ ਕਿਹਾ ਕਿ ਮਰਹੂਮ ਇੰਦਰਾਂ ਗਾਂਧੀ ਦੇ ਕਤਲ ਪਿੱਛੋਂ ਵੀ ਪੂਰੀ ਸਿੱਖ ਕੌਮ ਨੂੰ ਨਿਸ਼ਾਨਾ ਬਨਾਉਣਾ ਗਲਤ ਸੀ। ਉਨ੍ਹਾਂ ਨੇ ਕਿਹਾ ਕਿ ਰਾਸ਼ਟਰੀ ਸਿੱਖ ਸੰਗਤ ਵਧੀਆ ਕੰਮ ਕਰ ਰਹੀ ਹੈ। ਉਨ੍ਹਾਂ ਨੇ ਕਾਂਗਰਸ 'ਤੇ ਭਾਜਪਾ ਵਿਰੁੱਧ ਕੂੜ ਪ੍ਰਚਾਰ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਕਾਂਗਰਸ ਭਾਜਪਾ 'ਤੇ ਫਿਰਕੂ ਹੋਣ ਦੇ ਝੂਠੇ ਦੋਸ਼ ਲਾ ਰਹੀ ਹੈ।

ਗੀਤ ਸੰਗੀਤ

# ਬਲਕਾਰ ਦਾਨਿਸ਼ ਦੀ ਕੋਲੋਂ ਤੱਕੀ ਰੰਗੀਨ ਸ਼ਾਮ

**ਨਿਊ ਜਰਸੀ (ਐਸ. ਅਸ਼ੋਕ ਭੌਰਾ):** ਦਸਤਖਤ ਤਾਂ ਕਰਵਾਏ ਜਾਂਦੇ ਹਨ ਕਿ ਬੰਦਾ ਮੁੱਕਰੇ ਨਾ ਪਰ ਜਿਨ੍ਹਾਂ ਦੀ ਜ਼ਮੀਰ ਨਾ ਹੋਵੇ, ਉਨ੍ਹਾਂ ਦਾ ਅੱਖਰਾਂ 'ਤੇ ਕੀ ਵਿਸ਼ਵਾਸ ਹੋ ਸਕਦਾ ਹੈ? ਅੱਜ ਦੇ ਯੁੱਗ ਵਿਚ ਚੰਗੇ ਮਿੱਤਰ ਲੱਭਣੇ ਇੰਨੇ ਔਖੇ ਹਨ ਜਿਵੇਂ ਕਿਸੇ ਦੀ ਤੂੜੀ ਆਲੇ ਕੁੱਪ 'ਚ ਸੂਈ ਗੁਆਚ ਗਈ ਹੋਵੇ; ਪਰ ਆਪਣੇ ਸਾਹਿਤਕ, ਸੰਗੀਤਕ ਤੇ ਲੇਖਣੀ ਵਾਲੇ ਜੀਵਨ ਵਿਚ ਮੈਂ ਜਿਨ੍ਹਾਂ ਦੋ ਮਿੱਤਰਾਂ ਦੇ ਬਹੁਤ ਥੋੜ੍ਹੇ ਅਰਸੇ ਵਿਚ ਬਹੁਤ ਵੱਧ ਨੇੜੇ ਹੋਇਆ ਹਾਂ, ਉਹ ਨੇ ਨਿਊ ਜਰਸੀ ਵਸਦੇ ਸ਼ਾਇਰ ਗੁਰਬਖ਼ਸ਼ ਰਾਹੀ ਅਤੇ ਸ਼ਾਇਰ ਤੇ ਗਾਇਕ ਬਲਕਾਰ ਦਾਨਿਸ਼। ਮੇਰਾ ਵਿਸ਼ਵਾਸ ਬਣਿਆ ਹੈ ਕਿ ਸਾਰੇ ਘੜੇ ਟੁਣਕਾਉਣ ਦੀ ਲੋੜ ਨਹੀਂ ਹੁੰਦੀ। ਕਈ ਘੜੇ ਆਪਣੇ ਆਪ ਵੀ ਟੁਣਕ ਪੈਂਦੇ ਹਨ।

ਨਿਊ ਯਾਰਕ ਹਵਾਈ ਅੱਡੇ 'ਤੇ ਲੈਣ ਮੈਨੂੰ ਹਰਬੰਸ ਬੱਧਣ ਆਇਆ ਸੀ ਪਰ ਮੁੱਹਬਤ ਦੀਆਂ ਡੋਰੀਆਂ ਦਾ ਹਾਰ ਪਾ ਕੇ ਲੈ ਦੋਵੇਂ ਜਣੇ ਇਹ ਗਏ। ਕਿਸੇ ਵੇਲੇ ਹੰਸ ਦੀਆਂ ਮਹਿਫਲਾਂ ਵੀ ਸੁਣੀਆਂ ਸਨ, ਸਰਦੂਲ ਦੀਆਂ ਵੀ, ਬਰਕਤ ਸਿੱਧੂ ਹੋਰਾਂ ਦੀ ਵੀ, ਤੇ ਢਾਡੀ ਦਇਆ ਸਿੰਘ ਦਿਲਬਰ ਦੇ ਘਰ ਪੂਰਨ ਚੰਦ ਤੇ ਪਿਆਰੇ ਲਾਲ ਦੀਆਂ ਨਵਾਂ ਸ਼ਹਿਰ 'ਚ ਵੀ। ਤੇ ਇਹ ਤਕਰੀਬਨ ਸਾਰੀਆਂ ਹੀ ਮੰਜਿਆਂ 'ਤੇ ਚਾਦਰਾਂ ਵਿਛਾ ਕੇ ਜਾ ਭੁੰਜੇ ਲੀੜੇ ਸੁੱਟ ਕੇ ਹੀ ਹੁੰਦੀਆਂ ਸਨ। ਮੈਂ ਬਲਕਾਰ ਦਾਨਿਸ਼ ਦੀ ਕਿਤਾਬ 'ਤੂੰ' ਪੜ੍ਹ ਕੇ ਉਹਦੀ ਸ਼ਾਇਰੀ ਦਾ ਤਾਂ ਕਾਇਲ ਹੋਇਆ ਹੀ ਸਾਂ, ਤੇ ਜਦੋਂ ਦਰੀਆਂ ਵਾਲੀ ਮਹਿਫਲ 'ਚ ਉਸ ਨੇ ਗੁਰਬਖ਼ਸ਼ ਦੇ ਘਰ ਗਾਇਆ ਤਾਂ ਮੈਂ ਸਿੱਧਾ ਉਹਦੇ ਗਲ ਨੂੰ ਹੀ ਚਿੰਬੜ ਗਿਆ। ਮੇਰਾ ਵੀ ਗਾਇਕੀ ਨਾਲ ਵਾਹ-ਵਾਸਤਾ ਹੈ ਤੇ ਮੈਂ ਸੋਚ ਵਿਚਾਰ ਕੇ ਹੀ ਜਿੱਤ ਵਾਲੀ ਕੀਮਤੀ ਵੋਟ ਇਸ ਮਹਿਫ਼ਲ ਦੀ ਰੂਹੇ-ਰਵਾਂ ਬਲਕਾਰ ਦੇ ਖਾਤੇ 'ਚ ਪਾਉਣ ਲੱਗਾ ਹਾਂ।

ਫਿਰ ਮਹਿਫਲ ਦਾ ਮਾਹੌਲ ਚੇਤੇ 'ਚ ਇਸ ਕਰਕੇ ਵੀ ਵਸ ਗਿਆ ਜਿਵੇਂ ਕੋਈ ਦੁੱਧ-ਖੋਆ ਖਾਣ ਲੱਗ ਪਿਆ ਹੋਵੇ, ਜਦੋਂ:

ਇਹ ਧੀਆਂ ਦੇ ਕਾਤਲ ਕੀ ਕਰ ਰਹੇ ਨੇ।
ਅਣਜੰਮੀਆਂ ਜਾਨਾਂ ਕਤਲ ਕਰ ਰਹੇ ਨੇ।
ਪੁੱਛਦਾਂ ਜਦੋਂ ਵੀ ਮੈਂ ਕੋਈ ਨਾ ਬੋਲੇ,
ਮੇਰੀ ਜ਼ੁਬਾਂ 'ਤੇ ਚੁੱਪ ਧਰ ਰਹੇ ਨੇ...।

ਤਾਂ ਲੱਗਾ ਕਿ ਚੋਟ ਸਿੱਧੀ ਨਗਾਰੇ ਉਤੇ ਹੀ ਵੱਜ ਰਹੀ ਹੈ। ਪੰਜਾਬੀ ਗਾਇਕੀ ਦੀ ਘੜਮੱਸ ਵਾਲੀ ਸਥਿਤੀ ਵਿਚ ਕੋਈ ਚੁਪਕੇ ਜਿਹੇ ਕੋਇਲ ਦੇ ਗਲ ਗਾਣੀ ਪਾਉਣ ਦੀ ਸਫ਼ਲ ਕੋਸ਼ਿਸ਼ ਵੀ ਕਰ ਰਿਹਾ ਹੈ। ਮਹਿਫ਼ਲ 'ਚ ਗੁਰਬਖ਼ਸ਼ ਨੇ, ਦੀਪਕ ਵਰਮਾ ਨੇ, ਤੇ ਸੁਖਜਿੰਦਰ ਭੁੱਲਰ ਨੇ ਇਰਸ਼ਾਦ ਨਹੀਂ, ਸਗੋਂ ਪੇਂਡੂ ਲਹਿਜੇ ਵਾਲੀ ਦਾਦ ਵਿਚ ਸਿੱਧਿਆਂ 'ਬੱਲੇ ਬੱਲੇ ਮੁੰਡਿਆ' ਹੀ ਕਹਿ ਦਿੱਤਾ।

ਬਲਕਾਰ ਦੀ ਆਪਣੀ ਸ਼ਾਇਰੀ ਦੀ ਸੂਖਮ ਸੋਚ, ਸੁਰ ਨਾਲ ਕਿਵੇਂ ਅਠਖੇਲੀਆਂ ਕਰਦੀ ਐ:

ਕਈ ਚੇਤ ਗੁਜ਼ਰੇ ਤੇ ਸਾਵਣ ਵੀ ਆਏ
ਇਹ ਦਿਲ ਨਹੀਂ ਖਲੋਇਆ
ਤੇਰੇ ਜਾਣ ਮਗਰੋਂ।
ਤੂੰ ਆਏਂ ਤਾਂ ਠਹਿਰੀਂ ਚੁਰਾਹਿਆਂ ਨੇ ਦੱਸਣਾ
ਕਿ ਕੀ ਕੀ ਨਹੀਂ ਹੋਇਆ
ਤੇਰੇ ਜਾਣ ਮਗਰੋਂ...।

ਅਸਲ ਵਿਚ ਗਾਇਕੀ ਦੇ ਪੜ੍ਹਛੇ ਇਸ ਕਰਕੇ ਉਤਰ ਗਏ ਹਨ ਕਿ ਗੀਤ ਤੁਕਬੰਦੀ ਤੋਂ ਵੀ ਹੇਠਾਂ ਵਿਲਕਣ ਲੱਗ ਪਏ ਨੇ। ਗ਼ਜ਼ਲ ਗਾਇਕ ਹੋਣ ਦਾ ਦਾਅਵਾ ਕਰਨ ਵਾਲੇ ਕਿਸੇ ਨਵੇਂ ਗਾਇਕ ਨੂੰ ਮੈਂ ਪੁੱਛਿਆ, "ਤੂੰ ਪਾਸ਼ ਨੂੰ ਜਾਣਦੈਂ?" ਉਹ ਹੱਬ ਕੇ ਕਹਿਣ ਲੱਗਾ, "ਕੀ ਗੱਲ ਕਰਦੇ ਹੋ, ਉਹਨੂੰ ਕੌਣ ਨ੍ਹੀਂ ਜਾਣਦਾ। ਅਗਲਾ ਗੀਤ ਉਨ੍ਹਾਂ ਦਾ ਹੀ ਲਿਖਿਆ ਹੋਇਐ, ਮਾਏ ਨੀ ਮਾਏ ਮੇਰੇ ਗੀਤਾਂ ਦੇ ਨੈਣਾਂ ਵਿਚ ਬਿਰਹੋਂ ਦੀ ਰੜਕ ਪਵੇ...।" ਦੱਸੋ ਅਜਿਹੀ ਸਥਿਤੀ 'ਤੇ ਹੱਸੀਏ ਕਿ ਪੱਟਾਂ 'ਤੇ ਹੱਥ ਮਾਰੀਏ? ਕਲਾ ਜਦੋਂ ਸਿਰਫ਼ ਪੈਸੇ ਕਮਾਉਣ ਲਈ ਸੀਮਤ ਕਰ ਲਈ ਜਾਵੇ ਤਾਂ ਕੜਕੜ ਹੀ ਨਹੀਂ ਹੋਣੀ ਹੁੰਦੀ, ਦੁਰਘਟਨਾ ਵਾਪਰਨ ਦਾ ਖ਼ਤਰਾ ਬਣ ਜਾਂਦਾ ਹੈ।

ਪਹਿਲੇ ਪਹਿਰ ਤੱਕ ਚੱਲੀ ਇਸ ਮਹਿਫਲ ਵਿਚ ਹਰਬੰਸ ਸਿੰਘ ਬੱਧਣ ਆਪਣੀ ਪਤਨੀ ਸਵਿਤਾ ਨਾਲ ਆਇਆ। ਪ੍ਰਭਜੋਤ ਕੌਰ, ਗੁਰਪ੍ਰੀਤ ਕੌਰ ਰਾਹੀ, ਨੀਲਮ ਰਾਣੀ। ਸੁਰਾਹੀ ਤੇ ਜਾਮ ਮਹਿਫ਼ਲ 'ਚ ਹੋਵੇ, ਨਾ ਇੰਦਾਂ ਘੱਟ ਹੀ ਹੁੰਦੈ। ਇਸੇ ਲਈ ਚਾਅ ਨਾਲ ਗੁਰਬਖ਼ਸ਼ ਮੰਚ ਸੰਚਾਲਨ ਕਰਦਿਆਂ ਜਾਮ ਵੀ ਸੰਚਾਲਿਤ ਕਰਦਾ ਰਿਹੈ।

ਆਹ ਚੁੱਕ ਆਪਣਾ ਤਾਨ ਤਸੱਬਰ
ਰੋਂਦਾ ਕਿਹਤੀ ਗੱਲੇ।
ਉਮਰਾਂ ਦੀ ਮੈਲੀ ਚਾਦਰ ਵਿਚ
ਬੰਨ੍ਹ ਇਕਲਾਪਾ ਪੱਲੇ।
ਤੇ... ਜੋਗੀ ਚੱਲੇ ਚੱਲੇ...।

ਨਾਲ ਐਂ ਲਗਦਾ ਸੀ ਜਿਵੇਂ ਸੁਨੱਖੀ ਕੁੜੀ ਨੂੰ ਲਾਇਕ ਵਰ ਲੱਭ ਪਿਆ ਹੋਵੇ। ਸੁਰ ਤੇ ਸ਼ਾਇਰੀ ਘੁਲ-ਮਿਲ ਗਈਆਂ ਸਨ।

ਜੀ ਕਰਦੈ ਤੇਰਿਆਂ ਹੋਠਾਂ ਦਾ
ਇਕ ਗੀਤ ਬਣਾ ਕੇ ਮੁੱਕ ਜਾਵਾਂ।
ਜਾਂ ਬਣ ਰੁੱਖ ਤੇਰੇ ਵਿਹੜੇ ਦਾ
ਤੈਨੂੰ ਛਾਂਵਾਂ ਕਰਦਾ ਮੁੱਕ ਜਾਵਾਂ...।

ਨਿਊ ਜਰਸੀ 'ਚ ਚਿਰਾਂ ਪਿੱਛੋਂ ਚਿਰਾਂ ਤੀਕਰ ਯਾਦ ਰਹਿਣ ਵਾਲੀ ਇਸ ਸੰਗੀਤਕ ਮਹਿਫਿਲ ਦਾ ਖੁਲਾਸਾ ਤੁਹਾਡੇ ਨਾਲ ਸਾਂਝਾ ਕਰ ਲਿਆ ਹੈ ਪਰ ਦਾਅਵਾ ਇਹ ਕਰਾਂਗਾ ਕਿ ਗੁਰਬਖ਼ਸ਼, ਦੀਪਕ, ਸੁਖਜਿੰਦਰ ਤੇ ਬਲਕਾਰ ਹੋਰਾਂ ਸ਼ਗਨਾਂ ਦੀਆਂ ਜਿਹੜੀਆਂ ਚਾਰੇ ਤਣੀਆਂ ਖਿੱਚੀਆਂ ਹਨ, ਉਹ ਤੁਹਾਨੂੰ ਵੀ ਛੇਤੀ ਕਹਿਣਗੀਆਂ, 'ਤੇਲ ਚੋਏ ਬਿਨਾ ਬਰੂਹਾਂ ਨਾ ਲੰਘਿਓ।' ਤਾਲ ਤੇ ਸੁਰ 'ਚ ਪੈਣ ਵਾਲੇ ਗਿੱਧੇ ਵਿਚ ਮਰਦ ਵੀ ਕਈ ਵਾਰ ਲੱਕ ਹਿਲਾਉਣ ਲਈ ਉਠ ਖੜ੍ਹਦੇ ਹਨ।



ਲੇਖਕ ਐਸ਼ ਅਸ਼ੋਕ ਭੌਰਾ ਅਤੇ ਬਲਕਾਰ ਦਾਨਿਸ਼

# ਸਿਆਸੀ ਪਾਰਟੀਆਂ ਮੀਡੀਏ ਉਤੇ ਗਲਬਾ ਪਾਉਣ ਨੂੰ ਬੇਕਰਾਰ

## ਸੈਂਕੜੇ ਅਖ਼ਬਾਰਾਂ ਤੇ ਚੈਨਲਾਂ 'ਤੇ ਸਿਆਸੀ ਪਰਿਵਾਰਾਂ ਦਾ ਕਬਜ਼ਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਿਆਸੀ ਪਾਰਟੀਆਂ ਮੀਡੀਏ ਦੀ ਤਾਕਤ ਨੂੰ ਆਪਣੇ ਹਿੱਤਾਂ 'ਚ ਵਰਤਣ ਲਈ ਇਸ 'ਤੇ ਗਲਬਾ ਪਾਉਣ ਨੂੰ ਬੇਕਰਾਰ ਹਨ। ਇਸ ਕੰਮ ਲਈ ਜਿੱਥੇ ਸਿਆਸੀ ਆਗੂਆਂ ਵੱਲੋਂ ਅਖ਼ਬਾਰਾਂ ਤੇ ਟੀ.ਵੀ. ਚੈਨਲਾਂ ਨੂੰ 'ਇਸ਼ਤਿਹਾਰ' ਰੂਪੀ ਤੋਹਫੇ ਦੇ ਕੇ ਆਪਣੇ ਹੱਕ 'ਚ ਭੁਗਤਾਉਣ ਦਾ ਯਤਨ ਕੀਤਾ ਜਾਂਦਾ ਹੈ, ਉਥੇ ਹੁਣ ਕੁਝ ਧਨਾਢ ਲੀਡਰ ਆਪਣੇ ਅਖ਼ਬਾਰ ਤੇ ਟੀ.ਵੀ. ਚੈਨਲ ਖੋਲ੍ਹਣ ਲੱਗ ਪਏ ਹਨ।

ਇਸ ਤਰ੍ਹਾਂ ਸਿਆਸੀ ਪਰਿਵਾਰਾਂ ਵੱਲੋਂ ਆਪਣੇ ਟੀ.ਵੀ. ਚੈਨਲ ਤੇ ਮੀਡੀਆ ਹਾਊਸ ਚਲਾਉਣ ਦਾ ਰੁਝਾਨ ਪੂਰੇ ਦੇਸ਼ ਵਿਚ ਹਾਵੀ ਹੋ ਚੁੱਕਾ ਹੈ। ਖੇਤਰੀ ਤੇ ਕੌਮੀ ਪੱਧਰ ਦੀਆਂ ਸਿਆਸੀ ਪਾਰਟੀਆਂ ਨਾਲ ਸਬੰਧਤ ਦਰਜਨਾਂ ਘਰਾਣੇ ਇਸ ਕਾਰੋਬਾਰ 'ਚ ਆਪਣੀ ਮੌਜੂਦਗੀ ਦਰਜ ਕਰਾ ਚੁੱਕੇ ਹਨ। ਪੰਜਾਬ ਦੀਆਂ ਦੋਵੇਂ ਮੁੱਖ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਦੇ ਆਗੂ ਇਸ ਸਮੇਂ ਆਪੋ-ਆਪਣੇ ਟੀ.ਵੀ. ਚੈਨਲ ਨੂੰ ਲੈ ਕੇ ਚਰਚਾ 'ਚ ਹਨ।

ਪੰਜਾਬ ਵਿਚ ਟੈਲੀਕਾਸਟ ਹੁੰਦੇ ਇਕ ਚੈਨਲ ਨੂੰ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਦੱਸਿਆ ਜਾ ਰਿਹਾ ਹੈ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਸਮੇਤ ਵਿਰੋਧੀ ਧਿਰਾਂ ਦੇ ਸਾਰੇ ਆਗੂ ਇਸ ਚੈਨਲ ਦੀ ਮਾਲਕੀ ਨੂੰ ਲੈ ਕੇ ਬਾਦਲ ਪਰਿਵਾਰ ਨੂੰ ਨਿਸ਼ਾਨਾ ਬਣਾਉਂਦੇ ਆ ਰਹੇ ਹਨ। ਦੂਜੇ ਪਾਸ ਇਹ ਵੀ ਚਰਚਾ ਹੈ ਕਿ ਕੈਪਟਨ ਤੇ ਭਰਤਇੰਦਰ ਸਿੰਘ ਚਾਹਲ ਦੇ ਕਰੀਬੀ ਮੰਨੇ ਜਾਂਦੇ ਮੋਗਾ ਤੋਂ ਕਾਂਗਰਸੀ ਆਗੂ ਲਾਭ ਸਿੰਘ ਆਹਲੂਵਾਲੀਆ ਵੱਲੋਂ ਵੀ ਆਪਣਾ ਟੀ.ਵੀ. ਚੈਨਲ ਚਲਾਇਆ ਜਾ ਰਿਹਾ ਹੈ।

ਅਕਾਲੀ ਦਲ ਦੇ ਐਨ.ਆਰ.ਆਈ. ਵਿੰਗ ਦੇ ਪ੍ਰਧਾਨ ਸੁਰਜੀਤ ਸਿੰਘ ਰੱਖੜਾ ਵੀ ਟੀ.ਵੀ. ਚੈਨਲ ਕਾਰੋਬਾਰ 'ਚ ਕੁੱਦੇ ਸਨ ਪਰ ਉਹ ਸਫਲ ਨਹੀਂ ਹੋ ਸਕੇ ਜਿਸ ਕਾਰਨ ਉਨ੍ਹਾਂ ਡੀ.ਟੀ.ਵੀ. ਚੈਨਲ ਅੱਗੇ ਵੇਚ ਦਿੱਤਾ। ਇਸੇ ਤਰ੍ਹਾਂ ਪੰਜਾਬ 'ਚ ਕੁਝ ਮਹੀਨੇ ਪਹਿਲਾਂ ਸ਼ੁਰੂ ਹੋਏ ਇਕ ਚੈਨਲ ਦੀਆਂ ਨਜ਼ਦੀਕੀਆਂ ਪਟਿਆਲਾ ਦੇ ਸ਼ਾਹੀ ਘਰਾਣੇ ਨਾਲ ਦੱਸੀਆਂ ਜਾ ਰਹੀਆਂ ਹਨ। ਪੰਜਾਬ ਤੋਂ ਬਿਨ੍ਹਾਂ ਉੱਤਰੀ ਭਾਰਤ 'ਚ ਹਰਿਆਣਾ, ਜੰਮੂ-ਕਸ਼ਮੀਰ, ਦਿੱਲੀ, ਉੱਤਰ ਪ੍ਰਦੇਸ਼, ਰਾਜਸਥਾਨ, ਝਾਰਖੰਡ ਤੇ ਬਿਹਾਰ ਵਿਚ ਇਸ ਵੇਲੇ ਦੋ ਦਰਜਨ ਟੀ.ਵੀ. ਚੈਨਲ ਅਜਿਹੇ ਹਨ ਜਿਨ੍ਹਾਂ 'ਚ ਸਿਆਸੀ ਘਰਾਣਿਆਂ ਦੀ ਮਾਲਕੀ ਜਾਂ ਹਿੱਸੇਦਾਰੀ ਹੈ।

ਟੀ.ਵੀ. ਚੈਨਲ ਦੌੜ 'ਚ ਅਜਿਹੇ ਚੈਨਲਾਂ ਦੀ ਗਿਣਤੀ ਵੀ ਘੱਟ ਨਹੀਂ ਜੋ ਕਿਸੇ ਪਾਰਟੀ ਦੇ ਸੱਤਾ 'ਚ ਆਉਣ ਨਾਲ ਚਾਲੂ ਹੁੰਦੇ ਹਨ ਤੇ ਸਰਕਾਰ ਜਾਂਦਿਆਂ ਹੀ ਅਲੋਪ ਹੋ ਜਾਂਦੇ ਹਨ। ਪੰਜਾਬ 'ਚ ਪਿਛਲੀ ਕੈਪਟਨ ਸਰਕਾਰ ਮੌਕੇ ਸ਼ੁਰੂ ਹੋਇਆ 'ਪੰਜਾਬ ਟੂਡੇ' ਚੈਨਲ ਇਸ ਦੀ ਪ੍ਰੱਤਖ ਮਿਸਾਲ ਹੈ। ਅੱਜ ਕੱਲ੍ਹ 'ਪੰਜਾਬ ਟੂਡੇ' ਹਰਿਆਣਾ ਵਿਚ 'ਹਰਿਆਣਾ ਟੂਡੇ' ਵਜੋਂ ਚੱਲ ਰਿਹਾ ਹੈ। 'ਇੰਡੀਆ ਨਿਊਜ਼ ਹਰਿਆਣਾ' ਵੀ ਹਰਿਆਣਾ ਦੇ ਸੀਨੀਅਰ ਕਾਂਗਰਸੀ ਨੇਤਾ ਤੇ ਵਿਧਾਇਕ ਵਿਨੋਦ ਸ਼ਰਮਾ ਨਾਲ ਸਬੰਧਤ ਹੈ। ਕਾਂਗਰਸ ਦੇ ਹੀ ਸੀਨੀਅਰ ਨੇਤਾ ਰਾਜੀਵ ਸ਼ੁਕਲਾ 'ਨਿਊਜ਼ 24' ਨਾਮ ਦਾ ਟੀ.ਵੀ. ਚੈਨਲ ਚਲਾ ਰਹੇ ਹਨ।

ਇਸ ਰੁਝਾਨ ਦੀ ਸ਼ੁਰੂਆਤ ਕਰਨ ਵਾਲੇ ਦੱਖਣੀ ਭਾਰਤ ਦੇ ਟੀ.ਵੀ. ਮੀਡੀਆ 'ਤੇ ਝਾਤ ਮਾਰਦਿਆਂ ਸਪੱਸ਼ਟ ਹੁੰਦਾ ਹੈ ਕਿ ਉਥੋਂ ਦੇ ਸਿਆਸੀ ਪਰਿਵਾਰ ਟੀ.ਵੀ. ਮੀਡੀਆ ਦਾ ਐਨੀ ਵੱਡੀ ਗਿਣਤੀ 'ਚ ਸਿੱਧੇ ਤੌਰ 'ਤੇ ਹਿੱਸਾ ਬਣ ਚੁੱਕੇ ਹਨ ਕਿ ਸਿਆਸੀ ਦੁਸ਼ਣਬਾਜੀ 'ਚ ਟੀ.ਵੀ. ਚੈਨਲਾਂ ਦੀ ਮਾਲਕੀ ਸਿਆਸੀ ਮੁੱਦਾ ਹੀ ਨਹੀਂ ਬਣਦੀ। ਤਮਿਲਨਾਡੂ 'ਚ ਕਰੁਨਾਨਿਧੀ ਦੇ ਪਰਿਵਾਰ ਵੱਲੋਂ ਚਲਾਏ ਜਾਂਦੇ ਮੁਰਾਸੋਲੀ ਨਾਂ ਦੇ ਅਖ਼ਬਾਰ ਤੇ 'ਕਲੈਗਨਰ' ਟੀ.ਵੀ. ਚੈਨਲ ਨੂੰ ਇਨ੍ਹੀਂ ਦਿਨੀਂ ਅਜਿਹੀ ਹੀ ਬਦਨਾਮੀ ਝੱਲਣੀ ਪੈ ਰਹੀ ਹੈ।

ਕਰੁਨਾਨਿਧੀ ਪਰਿਵਾਰ ਨਾਲ ਸਬੰਧਤ ਇਹ ਮੀਡੀਆ ਹਾਊਸ ਬਹੁਚਰਚਿਤ 2-ਜੀ ਸਪੈਕਟ੍ਰਮ ਤੇ ਕੁਝ ਹੋਰ ਇਕਾ ਦੁੱਕਾ ਘਪਲਿਆਂ ਕਾਰਨ ਆਲੋਚਨਾ ਦਾ ਸ਼ਿਕਾਰ ਬਣੇ ਹੋਏ ਹਨ। ਕੇਂਦਰੀ ਮੰਤਰੀ ਤੇ ਐਨ.ਸੀ.ਪੀ. ਪ੍ਰਮੁੱਖ ਸ਼ਰਦ ਪਵਾਰ ਦੇ ਸਕਾਲ ਪੇਪਰ ਲਿਮਿਟਿਡ ਵੱਲੋਂ ਅਖ਼ਬਾਰ ਦੇ ਨਾਲ-ਨਾਲ ਮਰਾਠੀ ਟੀ.ਵੀ. ਚੈਨਲ ਵੀ ਚਲਾਇਆ ਜਾ ਰਿਹਾ ਹੈ। ਮਹਾਰਾਸ਼ਟਰ ਦਾ ਟੀ.ਵੀ. 18 ਤੇ ਆਈ.ਬੀ.ਐਨ. ਜਨਮਤ ਵੀ ਉਥੋਂ ਦੇ ਸਿੱਖਿਆ ਮੰਤਰੀ ਰਾਜੇਂਦਰ ਦਰਡਾ ਤੇ ਰਾਜ ਸਭਾ ਮੈਂਬਰ ਵਿਜੈ ਦਰਡਾ ਦਾ ਹੈ।

ਆਂਧਰਾ ਪ੍ਰਦੇਸ਼ ਦੇ ਸਾਖਸ਼ੀ ਟੀ.ਵੀ. ਚੈਨਲ ਦੇ ਮਾਲਕ ਕਾਂਗਰਸ ਦੇ ਸਾਬਕਾ ਐਮ.ਪੀ. ਜਗਨਮੋਹਨ ਰੈਡੀ ਦੋ ਹੋਰ ਚੈਨਲ ਐਨ.ਟੀ.ਵੀ. ਤੇ ਟੀ.ਵੀ.-5 ਚਲਾ ਰਹੇ ਹਨ। ਤੇਲਗੂ ਦੇਸ਼ਮ ਪਾਰਟੀ ਦੇ ਪ੍ਰਮੁੱਖ ਚੰਦਰ ਬਾਬੂ ਨਾਇਡੂ ਦੇ ਇਕ ਬੇਹੱਦ ਕਰੀਬੀ ਨਾਰਨੇ ਸ੍ਰੀ ਨਿਵਾਸ ਨੇ ਸਟੂਡੀਓ ਐਨ. ਸ਼ੁਰੂ ਕਰ ਦਿੱਤਾ ਹੈ। ਉੜੀਸਾ ਦੇ ਅੱਧਾ ਦਰਜਨ ਟੀ.ਵੀ. ਚੈਨਲ ਨੇਤਾਵਾਂ ਤੇ ਉਨ੍ਹਾਂ ਦੇ ਕਰੀਬੀਆਂ ਦੇ ਹਨ।

ਇਸੇ ਤਰ੍ਹਾਂ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਐਚ.ਡੀ. ਦੇਵਗੌੜਾ ਦੇ ਪੁੱਤਰ ਤੇ ਕਰਨਾਟਕਾ ਦੇ ਸਾਬਕਾ ਮੁੱਖ ਮੰਤਰੀ ਐਚ.ਡੀ. ਕੁਮਾਰਾਸਵਾਮੀ ਦਾ ਕਸਤੂਰੀ ਟੀ.ਵੀ., ਕਰਨਾਟਕਾ ਦੇ ਹੀ ਮੰਤਰੀ ਜਨਾਰਦਨ ਰੈਡੀ ਤੇ ਸਾਇਰਾਮਲੂ ਰੈਡੀ ਦਾ ਜਨ ਸ੍ਰੀ ਟੀ.ਵੇ. ਚੈਨਲ, ਪੀ.ਐਮ. ਕੇ ਨੇਤਾ ਐਮ ਰਾਮਾ ਦੋਸ ਦਾ ਮਾਖਲ ਟੀ.ਵੀ., ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੇ.ਵੀ. ਥਾਨਾਕਬਾਲੂ ਦਾ ਮੈਗਾ ਟੀ.ਵੀ. ਅਤੇ ਵਿਜੈ ਕੈਂਥ ਦਾ ਕੈਪਟਨ ਟੀ.ਵੀ., ਮਾਰਨਜ ਦਾ ਸਨ ਟੀ.ਵੀ. ਤੇ ਰਾਜ ਸਭਾ ਮੈਂਬਰ ਰਾਜੀਵ ਚੰਦਰਸ਼ੇਖਰ ਨਾਲ ਸਬੰਧਤ ਏਸ਼ਿਆ ਨੈਟ ਗਰੁੱਪ ਦਾ ਸੁਵਾਰਨਾਂ ਟੀ.ਵੀ. ਚੈਨਲ ਸਮੇਤ ਤਮਿਲਨਾਡੂ, ਕੇਰਲਾ, ਕਰਨਾਟਕਾ ਤੇ ਆਂਧਰਾਪ੍ਰਦੇਸ਼ 'ਚ ਅਨੇਕਾਂ ਹੋਰ ਦੱਖਣੀ ਭਾਸ਼ਾਈ ਟੀ.ਵੀ. ਚੈਨਲ ਹਨ, ਜਿਨ੍ਹਾਂ ਦੀ ਮਾਲਕੀ ਉਥੋਂ ਦੇ ਪ੍ਰਮੁੱਖ ਸਿਆਸੀ ਘਰਾਣਿਆ ਨਾਲ ਸਬੰਧਤ ਹੈ।

# ਕੈਪਟਨ ਨੇ ਬਾਦਲ ਨੂੰ ਬਹਿਸ ਲਈ ਵੰਗਾਰਿਆ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪੰਜਾਬ ਦੇ ਵਿਕਾਸ ਬਾਰੇ ਜਨਕਤ ਬਹਿਸ ਲਈ ਕਿਸੇ ਢੁਕਵੇਂ ਮੰਚ 'ਤੇ ਆਹਮਣੇ ਸਾਹਮਣੇ ਹੋਣ ਦੀ ਚੁਣੌਤੀ ਦਿੱਤੀ ਹੈ। ਕੈਪਟਨ ਨੇ ਬਾਦਲ ਨੂੰ ਪੰਥ ਰਤਨ, ਫ਼ਖ਼ਰ-ਏ-ਕੌਮ ਤੇ ਨੋਬਲ ਸ਼ਾਂਤੀ ਪੁਰਸਕਾਰ ਵਰਗੇ ਐਵਾਰਡ ਪਾਉਣ ਲਈ ਆਪਣੇ ਬੰਦਿਆਂ ਦਾ ਇਸਤੇਮਾਲ ਕਰਨ ਦੀ ਬਜਾਏ ਹਿੰਮਤ ਵਿਖਾਉਂਦਿਆਂ ਖ਼ੁਦ ਜ਼ੁਬਾਨ ਖੋਲ੍ਹਣ ਨੂੰ ਕਿਹਾ ਹੈ। ਬਾਦਲ ਵੱਲੋਂ ਕਾਂਗਰਸ ਦੇ ਪੰਜਾਬ ਲਈ ਇਕ ਵੀ ਯੋਗਦਾਨ ਬਾਰੇ ਉਠਾਏ ਸਵਾਲ ਦਾ ਜਵਾਬ ਦਿੰਦਿਆਂ ਕੈਪਟਨ ਨੇ ਕਿਹਾ ਕਿ ਇਸ ਮੁੱਦੇ ਨੂੰ ਲੈ ਕੇ ਉਹ ਬਾਦਲ ਨਾਲ ਖੁੱਲ੍ਹੀ ਬਹਿਸ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਬਹਿਸ ਦੌਰਾਨ ਉਹ ਬਾਦਲ ਵੱਲੋਂ ਪੰਜਾਬ ਦੇ ਕੀਤੇ ਗਏ ਨੁਕਸਾਨ ਦਾ ਖੁਲਾਸਾ ਕਰਨਗੇ ਕਿ ਉਹ ਪੰਜਾਬ ਦੇ ਲੋਕਾਂ ਲਈ ਨਹੀਂ ਸਗੋਂ ਸਿਰਫ਼ ਆਪਣੇ ਪਰਵਾਰ ਦੀ ਖ਼ੁਸ਼ਹਾਲੀ ਲਈ ਕੰਮ ਕਰ ਰਹੇ ਹਨ।

ਸਾਬਕਾ ਮੁੱਖ ਮੰਤਰੀ ਨੇ ਦੋਸ਼ ਲਾਇਆ ਕਿ ਬਾਦਲ ਨੂੰ ਭੁੱਲਣ ਦੀ ਆਦਤ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪੰਜਾਬ ਦੇ ਪਾਣੀ ਵਰਗੇ ਮੁੱਦੇ 'ਤੇ ਕੰਮ ਕਰਦਿਆਂ ਇਸ ਨੂੰ ਬਚਾਇਆ ਹੈ ਕਿਉਂਕਿ ਬਾਦਲ ਨੇ ਅਪਣੇ ਹਰਿਆਣਾ ਦੇ ਭਰਾ ਦੇਵੀ ਲਾਲ





ਨਾਲ ਮਿਲ ਕੇ ਸਤਲੁਜ-ਯਮਨਾ ਨਹਿਰ ਦੇ ਪਾਣੀ ਦਾ ਅੰਦਰਖਾਤੇ ਸੌਦਾ ਕਰ ਲਿਆ ਸੀ ਜਿਸ ਬਾਰੇ ਪੰਜਾਬ ਦੇ ਲੋਕ ਚੰਗੀ ਤਰ੍ਹਾਂ ਜਾਣਦੇ ਹਨ। ਉਨ੍ਹਾਂ ਬਾਦਲ ਨੂੰ ਯਾਦ ਦਿਵਾਉਂਦਿਆਂ ਕਿਹਾ ਕਿ ਵਿਧਾਨ ਸਭਾ 'ਚ ਸਰਬਸੰਮਤੀ ਨਾਲ ਪਾਸ ਹੋਏ ਪੰਜਾਬ ਦੇ ਪਾਣੀ ਦੇ ਸੰਕਲਪ ਜਿਸ 'ਤੇ ਉਨ੍ਹਾਂ ਦੇ ਦਸਤਖਤ ਹਨ, ਨੂੰ ਉਹ ਕਿਵੇਂ ਭੁਲਾ ਸਕਦੇ ਹਨ?

ਕੈਪਟਨ ਨੇ ਕਿਹਾ ਕਿ ਬਾਦਲ ਵੱਲੋਂ ਪੰਜਾਬ ਨੂੰ ਡੁਬਾਉਣ ਲਈ ਕੀਤੀਆਂ ਗ਼ਲਤੀਆਂ ਇਕ-ਇਕ ਕਰ ਕੇ ਗਿਣਾ ਦੇਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸੂਬਾ ਅੰਦੋਲਨ ਦੌਰਾਨ ਪੰਜਾਬ ਨੂੰ ਏਨਾ ਨੁਕਸਾਨ ਹੋਇਆ ਹੈ ਜਿਸ ਤੋਂ ਅੱਜ ਤਕ ਸੂਬਾ ਉਭਰ ਨਹੀਂ ਸਕਿਆ। ਪੰਜਾਬ ਦੇ ਹੱਥੋਂ ਹਿਮਾਚਲ ਪ੍ਰਦੇਸ਼ ਤਾਂ ਗਿਆ ਹੀ, ਨਾਲ ਜੋ ਉਦਯੋਗਕ ਖੇਤਰ ਫ਼ਰੀਦਾਬਾਦ ਤੇ ਗੁੜਗਾਉਂ ਗਿਆ, ਉਹ ਕਦੇ ਭੁਲਾਉਣ ਵਾਲੀ ਗੱਲ ਨਹੀਂ ਹੈ। ਇਸ ਦੇ ਸਿੱਟੇ ਵਜੋਂ ਅੱਜ ਤਕ ਪੰਜਾਬ ਵਿਚ ਕਿਸੇ ਵੀ ਤਰ੍ਹਾਂ ਦੇ ਉਦਯੋਗੀਕਰਨ ਦਾ ਕੰਮ ਨਹੀਂ ਹੋਇਆ ਤੇ ਨਾ ਹੀ ਇਥੋਂ ਦੇ ਨੌਜਵਾਨਾਂ ਨੂੰ ਨੌਕਰੀਆਂ ਮਿਲੀਆਂ।

ਇਹ ਸਭ ਬਾਦਲ ਦੇ ਕਾਰਨ ਹੋਇਆ ਹੈ ਜਿਨ੍ਹਾਂ ਨੇ ਆਪਣੀ ਕੁਰਸੀ ਖ਼ਾਤਰ ਸਭ ਕੁਝ ਲੁਟਾ ਦਿੱਤਾ ਹੈ। ਕੈਪਟਨ ਨੇ ਕਿਹਾ ਕਿ ਅੰਦੋਲਨ ਦੌਰਾਨ ਜਦੋਂ ਪੰਜਾਬ ਬਲ ਰਿਹਾ ਸੀ, ਬਾਦਲ ਸਰਕਾਰ ਗੈਸਟ ਹਾਊਸ 'ਚ ਬੰਦ ਹੋ ਜਾਂਦੀ ਸੀ ਜਦਕਿ ਪੰਜਾਬ ਵਿਚ ਹਜ਼ਾਰਾਂ ਨੌਜਵਾਨਾਂ ਦੀਆਂ ਜਾਨਾਂ ਚਲੀਆਂ ਗਈਆਂ।

# ਮਲੇਸ਼ੀਆ ਸਰਕਾਰ ਵੱਲੋਂ ਗੁਰਦੁਆਰੇ ਦੀ ਮਦਦ ਲਈ ਗਰਾਂਟ

**ਕੁਆਲਾਲੰਪੁਰ:** ਮਲੇਸ਼ੀਆ ਨੇ ਦੇਸ਼ ਦੇ ਸਭ ਤੋਂ ਪੁਰਾਣੇ ਗੁਰਦੁਆਰੇ ਦੀ ਮੁਰੰਮਤ ਲਈ 16000 ਡਾਲਰ ਦੇ ਕਰੀਬ ਗਰਾਂਟ ਦਿੱਤੀ ਹੈ। ਇਹ ਗੁਰਦੁਆਰਾ ਸਬਾਹ ਸੂਬੇ 'ਚ ਸਥਿਤ ਹੈ। ਮੁਸਲਿਮ ਬਹੁਲਤਾ ਵਾਲੇ ਇਸ ਦੇਸ਼ ਵਿਚ ਅੱਠ ਫੀਸਦੀ ਭਾਰਤੀ ਲੋਕ ਹਨ ਜਿਨ੍ਹਾਂ 'ਚੋਂ ਬੜੇ ਥੋੜ੍ਹੇ ਜਿਹੇ ਸਿੱਖ ਵੀ ਹਨ ਤੇ ਇਸ ਦੱਖਣ ਪੂਰਬੀ ਏਸ਼ਿਆਈ ਮੁਲਕ 'ਚ 200 ਤੋਂ ਵੱਧ ਸਾਲਾਂ ਤੋਂ ਰਹਿ ਰਹੇ ਹਨ। ਬਹੁਤ ਪਹਿਲਾਂ ਇਹ ਸਿੱਖ ਜੋ ਨਿਡਰਤਾ ਤੇ ਦਲੇਰੀ ਲਈ ਮਸ਼ਹੂਰ ਸਨ, ਬਰਤਾਨਵੀਆਂ ਵੱਲੋਂ ਸੁਰੱਖਿਆ ਲਈ ਲਿਆਂਦੇ ਗਏ ਸਨ।

ਉਪ ਪ੍ਰਧਾਨ ਮੰਤਰੀ ਮੁਹੀਇਦੀਨ ਯਾਸੀਨ ਵੱਲੋਂ ਦਿੱਤੀ ਗਈ 50,000 ਰਿੰਗਿਟ (15,633 ਅਮਰੀਕੀ ਡਾਲਰ) ਦੀ ਰਾਸ਼ੀ ਨਾਲ ਹੁਣ ਇਸ ਗੁਰਦੁਆਰੇ ਦੀ ਮੁਰੰਮਤ ਕਰਾਈ ਜਾਵੇਗੀ। ਗੁਰਦੁਆਰੇ ਦੀ ਕਮੇਟੀ ਦੇ ਮੈਂਬਰ ਅਨੂਪ ਸਿੰਘ ਨੂੰ ਇਹ ਰਾਸ਼ੀ ਭੇਟ ਕਰਦਿਆਂ ਮਲੇਸ਼ਿਆਈ ਇੰਡੀਅਨ ਕਾਂਗਰਸ (ਐਮ.ਆਈ.ਸੀ.) ਦੇ ਸਬਾਹ ਸੂਬੇ ਦੇ ਆਗੂ ਨੇ ਕਿਹਾ ਕਿ ਇਹ ਗਰਾਂਟ ਦਿੱਤੇ ਜਾਣ ਤੋਂ ਸਰਕਾਰ ਦੀ ਇਸ ਵਚਨਬੱਧਤਾ ਦਾ ਪਤਾ ਲੱਗਦਾ ਹੈ ਕਿ ਇਹ ਕਿਸੇ ਵੀ ਧਰਮ ਦੇ ਲੋਕਾਂ ਦੀ ਮਦਦ ਲਈ ਹਰ ਵੇਲੇ ਤਿਆਰ ਹੈ।

ਉਨ੍ਹਾਂ ਕਿਹਾ ਕਿ ਹੋਰ ਖੇਤਰਾਂ ਵਿਚਲੇ ਗੁਰਦੁਆਰਿਆਂ ਨੂੰ ਵੀ ਇਸੇ ਤਰ੍ਹਾਂ ਦੀ ਮਦਦ ਦਿੱਤੀ ਜਾਵੇਗੀ। ਇਸੇ ਮਹੀਨੇ ਦੇ ਸ਼ੁਰੂ 'ਚ ਮੁਹੀਇਦੀਨ ਨੇ ਐਮ.ਆਈ.ਸੀ. ਸਬਾਹ ਦੀ ਬੇਨਤੀ 'ਤੇ ਦੀਵਾਲੀ ਦੇ ਸਮਾਗਮ ਲਈ 400,000 ਰਿੰਗਿਟ ਦੀ ਗਰਾਂਟ ਦਾ ਐਲਾਨ ਕੀਤਾ ਸੀ। ਸ. ਅਨੂਪ ਸਿੰਘ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਵੀ ਗੁਰਦੁਆਰੇ ਨੂੰ ਮੁਰੰਮਤ ਦੇ ਕਾਰਜ ਲਈ 40,000 ਰਿੰਗਿਟ ਦਿੱਤੇ ਸਨ। 1924 'ਚ ਬਣਾਇਆ ਗਿਆ ਇਹ ਦੇਸ਼ ਦਾ ਸਭ ਤੋਂ ਪੁਰਾਣਾ ਗੁਰਦੁਆਰਾ ਹੈ।

## ਚੋਣ ਪੈੜਚਾਲ...

# ਡੇਰਾ ਸਿਆਸਤ ਦੀ ਗੋਲ ਗੱਪ

## ਵੋਟਾਂ ਦੀ ਸਿਆਸਤ ਬਨਾਮ ਡੇਰਿਆਂ ਦਾ ਰਸੂਖ

***ਪੰਜਾਬ ਦੀ ਸਿਆਸਤ ਦਾ ਪਿੜ ਬੰਨ੍ਹਣ ਵਿਚ ਵੱਖ-ਵੱਖ ਡੇਰੇ ਅਹਿਮ ਭੂਮਿਕਾ ਨਿਭਾਉਂਦੇ ਆ ਰਹੇ ਹਨ। ਇਹ ਡੇਰੇ ਭਾਵੇਂ ਆਪਣੇ-ਆਪ ਨੂੰ ਗੈਰ-ਸਿਆਸੀ ਹੀ ਦੱਸਦੇ ਹਨ ਪਰ ਇਨ੍ਹਾਂ ਡੇਰਿਆਂ ਦਾ ਆਪਣਾ-ਆਪਣਾ ਪੱਕਾ ਵੋਟ ਬੈਂਕ ਹੈ। ਸਿਰਸਾ ਵਿਚ ਸਥਿਤ ਡੇਰਾ ਸੱਚਾ ਸੌਦਾ ਨੇ ਤਾਂ ਆਪਣਾ ਵੱਖਰਾ ਸਿਆਸੀ ਵਿੰਗ ਵੀ ਬਣਾਇਆ ਹੋਇਆ ਹੈ। ਹੁਣ ਜਦੋਂ ਪੰਜਾਬ ਵਿਧਾਨ ਸਭਾ ਚੋਣਾਂ ਕੁਝ ਕੁ ਮਹੀਨੇ ਦੂਰ ਹਨ ਤਾਂ ਇਹ ਡੇਰੇ ਮੁੜ ਉੱਭਰ ਕੇ ਸਾਹਮਣੇ ਆ ਗਏ ਹਨ। ਫਿਲਹਾਲ ਪੀ.ਪੀ.ਪੀ. ਦੇ ਲੀਡਰ ਮਨਪ੍ਰੀਤ ਸਿੰਘ ਬਾਦਲ ਦੀ ਡੇਰਾ ਸਿਰਸਾ ਦੀ ਫੇਰੀ ਨੇ ਡੇਰਿਆਂ ਬਾਰੇ ਚਰਚਾ ਮਘਾਈ ਹੈ। ਪੰਜਾਬ ਦੀ ਸਿਆਸਤ ਹੀ ਨਹੀਂ, ਪੰਜਾਬ ਦੇ ਸਮਾਜਕ, ਧਾਰਮਿਕ, ਸਭਿਆਚਾਰਕ ਤਾਣੇ-ਬਾਣੇ ਵਿਚ ਇਨ੍ਹਾਂ ਡੇਰਿਆਂ ਦੀ ਭੂਮਿਕਾ ਹੁਣ ਬਹੁਤ ਅਹਿਮੀਅਤ ਅਖਤਿਆਰ ਕਰ ਗਈ ਹੈ। ਇਸੇ ਨੁਕਤੇ ਤੋਂ ਹੀ ਇੱਥੇ ਇਨ੍ਹਾਂ ਡੇਰਿਆਂ ਬਾਰੇ ਚਰਚਾ ਕੀਤੀ ਜਾ ਰਹੀ ਹੈ ਤਾਂ ਕਿ ਇਨ੍ਹਾਂ ਡੇਰਿਆਂ ਦੀ ਕਾਰਜਸ਼ੈਲੀ ਨੂੰ ਸਮਝਿਆ ਜਾ ਸਕੇ।***



## ਡੇਰਾ ਸੱਚਾ ਸੌਦਾ, ਸਿਰਸਾ

ਡੇਰੇ ਦਾ ਸਦਰ ਮੁਕਾਮ ਭਾਵੇਂ ਹਰਿਆਣਾ 'ਚ ਸਿਰਸਾ ਵਿਚ ਹੈ ਪਰ ਇਸ ਦੀ ਸਭ ਤੋਂ ਵੱਧ ਚਰਚਾ ਪੰਜਾਬ ਦੀ ਸਿਆਸਤ ਵਿਚ ਹੁੰਦੀ ਹੈ। ਇਹ ਇਕੋ ਇਕ ਡੇਰਾ ਹੈ ਜਿਸ ਨੇ 2007 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦੀ ਖੁੱਲ੍ਹ ਕੇ ਹਮਾਇਤ ਕੀਤੀ ਸੀ। ਪੰਜਾਬ ਦੇ ਮਾਲਵਾ ਖੇਤਰ ਵਿਚ ਡੇਰੇ ਦਾ ਕਾਫ਼ੀ ਅਸਰ ਰਸੂਖ ਹੈ। ਡੇਰੇ ਦਾ ਵੱਖਰਾ ਸਿਆਸੀ ਵਿੰਗ ਵੀ ਹੈ ਜੋ ਆਪਣੇ ਸ਼ਰਧਾਲੂਆਂ ਤੋਂ ਫੀਡਬੈਕ ਲੈਂਦਾ ਅਤੇ ਵੋਟਾਂ ਬਾਰੇ ਹਦਾਇਤਾਂ ਜਾਰੀ ਕਰਦਾ ਹੈ। ਡੇਰੇ ਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਅਕਸਰ ਵਿਵਾਦਾਂ ਦੇ ਘੇਰੇ ਵਿਚ ਰਿਹਾ ਹੈ ਅਤੇ ਉਸ ਦੇ ਖਿਲਾਫ਼ ਕਈ ਕੇਸ ਚੱਲ ਰਹੇ ਹਨ।

2009 ਦੀਆਂ ਲੋਕ ਸਭਾ ਚੋਣਾਂ ਵੇਲੇ ਡੇਰੇ ਦੇ ਸ਼੍ਰੋਮਣੀ ਅਕਾਲੀ ਦਲ ਦੀ ਬਠਿੰਡਾ ਹਲਕੇ ਤੋਂ ਉਮੀਦਵਾਰ ਹਰਸਿਮਰਤ ਕੌਰ ਬਾਦਲ ਦੀ ਹਮਾਇਤ ਕੀਤੀ ਸੀ ਜਦ ਕਿ ਪਟਿਆਲਾ ਸੀਟ 'ਤੇ ਡੇਰਾ ਪ੍ਰੇਮੀ ਕਾਂਗਰਸ ਉਮੀਦਵਾਰ ਪ੍ਰਨੀਤ ਕੌਰ ਦੇ ਹੱਕ ਵਿਚ ਭੁਗਤੇ ਸਨ।

ਅਕਾਲੀ ਤੇ ਕਾਂਗਰਸ ਆਗੂ ਅਕਸਰ ਡੇਰੇ ਜਾਂਦੇ ਰਹਿੰਦੇ ਹਨ ਪਰ 2007 ਵਿਚ ਡੇਰਾ ਮੁਖੀ ਵਲੋਂ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੀ ਨਕਲ ਕਰਨ ਦਾ ਵਿਵਾਦ ਭਖਣ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਨੇ ਹੁਕਮਨਾਮਾ ਜਾਰੀ ਕਰਕੇ ਸਿੱਖਾਂ ਨੂੰ ਡੇਰੇ ਨਾਲੋਂ ਸਬੰਧ ਤੋੜਨ ਦੀ ਅਪੀਲ ਕੀਤੀ ਸੀ। ਕਈ ਅਕਾਲੀ ਆਗੂ ਅਜੇ ਵੀ ਲੁਕ-ਛਿਪ ਕੇ ਡੇਰੇ ਜਾਂਦੇ ਹਨ। ਇਸ ਡੇਰੇ ਦਾ ਬਾਨੀ ਸ਼ਾਹ ਮਸਤਾਨਾ ਸੀ। ਡੇਰੇ ਦਾ ਮੌਜੂਦਾ ਮੁਖੀ ਕਿਸੇ ਵੇਲੇ ਉੱਘੇ ਖਾੜਕੂ ਗੁਰਜੰਟ ਸਿੰਘ ਰਾਜਸਥਾਨੀ ਦਾ ਲਫਟੈਨ ਰਿਹਾ ਹੈ।

7 ਦਸੰਬਰ 2003 ਨੂੰ 15432 ਵਾਲੰਟੀਅਰਾਂ ਵਲੋਂ ਖੂਨਦਾਨ ਦਿੱਤਾ ਗਿਆ ਜੋ ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼ ਵਿਚ ਸ਼ਾਮਲ ਹੈ। ਇਕ ਘੰਟੇ ਵਿਚ 9,38007 ਪੌਦੇ ਲਗਾਉਣ ਦਾ ਵਿਸ਼ਵ ਰਿਕਾਰਡ ਵੀ ਬਣਾਇਆ। ਵੇਸਵਾਵਾਂ ਨਾਲ ਡੇਰਾ ਪ੍ਰੇਮੀਆਂ ਦੇ ਵਿਆਹ ਕਰਵਾ ਕੇ ਉਨ੍ਹਾਂ ਦੇ ਮੁੜ ਵਸੇਬੇ ਦੇ ਯਤਨ ਕੀਤੇ।

ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ 'ਤੇ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਕਤਲ, ਸਾਧਵੀਆਂ ਦੇ ਸਰੀਰਕ ਸ਼ੋਸ਼ਣ ਅਤੇ ਡੇਰਾ ਪ੍ਰਬੰਧਕ ਰਣਜੀਤ ਸਿੰਘ ਦੇ ਕਤਲ ਦੇ ਕੇਸ ਚੱਲ ਰਹੇ ਹਨ। ਹਾਲ ਹੀ ਵਿਚ ਵਿਸ਼ਵਾਸ ਗੁਪਤਾ ਨਾਂ ਦੇ ਨੌਜਵਾਨ ਨੇ ਡੇਰਾਮੁਖੀ ਉਤੇ ਉਸ ਦੀ ਪਤਨੀ ਹਨੀਪ੍ਰੀਤ ਉਰਫ਼ ਪ੍ਰਿਯੰਕਾ ਨੂੰ ਕੈਦ ਵਿਚ ਰੱਖਣ ਦੇ ਦੋਸ਼ ਲਾਏ ਗਏ ਹਨ। ਕੁਝ ਦਿਨ ਬਾਅਦ ਹੀ ਉਸ ਦੀ ਪਤਨੀ ਦੀ ਸ਼ਿਕਾਇਤ 'ਤੇ ਸਿਰਸਾ ਪੁਲਿਸ ਨੇ ਵਿਸ਼ਵਾਸ ਗੁਪਤਾ ਖਿਲਾਫ਼ ਦਹੇਜ ਮੰਗਣ ਦਾ ਕੇਸ ਦਰਜ ਕਰ ਲਿਆ।

ਇਕ ਅੰਦਾਜ਼ੇ ਮੁਤਾਬਕ ਡੇਰੇ ਦੇ 3.5 ਕਰੋੜ ਸ਼ਰਧਾਲੂ ਹਨ। ਬਠਿੰਡਾ ਤੋਂ ਕਾਂਗਰਸ ਵਿਧਾਇਕ ਹਰਮੰਦਰ ਸਿੰਘ ਜੱਸੀ ਡੇਰੇ ਦਾ ਸ਼ਰਧਾਲੂ ਹੈ ਜਿਸ ਦੀ ਧੀ ਡੇਰਾ ਮੁਖੀ ਦੇ ਪੁੱਤਰ ਨੂੰ ਵਿਆਹੀ ਹੋਈ ਹੈ।

## ਰਾਧਾ ਸੁਆਮੀ ਸਤਿਸੰਗ, ਬਿਆਸ

ਰਾਧਾ ਸੁਆਮੀ ਸਤਿਸੰਗ ਬਿਆਸ ਬਿਨਾ ਸ਼ੱਕ ਪੰਜਾਬ ਦਾ ਸਭ ਤੋਂ ਵੱਡਾ ਡੇਰਾ ਹੈ। ਹਿੰਦੂ ਸਿੱਖਾਂ ਸਮੇਤ ਸਾਰੇ ਧਰਮਾਂ ਦੇ ਲੋਕ ਇਸ ਦੇ ਅਨੁਆਈ ਹਨ। ਦਲਿਤ ਭਾਈਚਾਰੇ ਖਾਸ ਕਰਕੇ ਆਦਿ ਧਰਮੀਆਂ ਦਾ ਚੋਖਾ ਹਿੱਸਾ ਇਸ ਦਾ ਪੈਰੋਕਾਰ ਹੈ। ਗੁਰਬਾਣੀ ਦੀ ਵਿਆਖਿਆ ਨੂੰ ਲੈ ਕੇ ਕੁਝ ਸਿੱਖ ਹਲਕਿਆਂ ਨਾਲ ਡੇਰੇ ਦੇ ਮਤਭੇਦ ਹਨ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਸਣੇ ਸਾਰੀਆਂ ਵੱਡੀਆਂ ਸਿਆਸੀ ਪਾਰਟੀਆਂ ਦੇ ਆਗੂ ਡੇਰੇ 'ਚ ਆਉਂਦੇ ਰਹੇ ਹਨ। ਦੇਸ਼ ਭਰ 'ਚ ਫੈਲੇ ਇਸ ਡੇਰੇ ਦੇ ਖਾਸਕਰ ਕੇ ਕਾਂਗਰਸ ਅਤੇ ਆਮ ਤੌਰ 'ਤੇ ਸਾਰੀਆਂ ਪਾਰਟੀਆਂ ਨਾਲ ਚੰਗੇ ਸਬੰਧ ਹਨ ਪਰ ਇਸ ਨੇ ਕਦੇ ਵੀ ਆਪਣੇ ਆਪ ਨੂੰ ਕਿਸੇ ਪਾਰਟੀ ਨਾਲ ਨਹੀਂ ਜੋੜਿਆ। ਰਹਿਤ ਮਰਿਆਦਾ ਦੀ ਪਾਲਣਾ ਦੇ ਸੁਆਲ ਨੂੰ ਲੈ ਕੇ ਇਸ ਦੀ ਸ਼੍ਰੋਮਣੀ ਅਕਾਲੀ ਦਲ ਨਾਲ ਤਣਾਤਣੀ ਰਹੀ ਸੀ ਪਰ ਪਿਛੇ ਜਿਹੇ ਅਕਾਲੀ ਲੀਡਰਸ਼ਿਪ ਨੇ ਡੇਰੇ ਨਾਲ ਸੁਲ੍ਹਾ ਕਰਨ ਦੀ ਲਾਈਨ ਆਪਣਾ ਲਈ। ਸਾਬਕਾ ਅਕਾਲੀ ਟਰਾਂਸਪੋਰਟ ਮੰਤਰੀ ਰਘਬੀਰ ਸਿੰਘ ਕਪੂਰਥਲਾ ਵਰਤਮਾਨ ਡੇਰਾ ਮੁਖੀ ਗੁਰਿੰਦਰ ਸਿੰਘ ਢਿੱਲੋਂ ਦੇ ਰਿਸ਼ਤੇਦਾਰ ਹਨ। ਚੋਣਾਂ 'ਚ ਕਈ ਵਾਰ ਹਾਰਨ ਦੇ ਬਾਵਜੂਦ ਅਕਾਲੀ ਦਲ ਨੇ ਰਘਬੀਰ ਸਿੰਘ ਨੂੰ ਟਿਕਟ ਤੋਂ ਨਾਂਹ ਨਹੀਂ ਕੀਤੀ, ਤੇ ਰਘਬੀਰ ਸਿੰਘ ਹੁਣ ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਵਿਚ ਸ਼ਾਮਲ ਹੋ ਗਏ ਹਨ।



ਯੂਥ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਦੀ ਪਤਨੀ ਗੈਨਵ ਗਰੇਵਾਲ ਡੇਰਾ ਮੁਖੀ ਗੁਰਿੰਦਰ ਸਿੰਘ ਢਿੱਲੋਂ ਦੀ ਰਿਸ਼ਤੇਦਾਰ ਹੈ। ਬਾਬਾ ਗੁਰਿੰਦਰ ਸਿੰਘ ਵਲੋਂ ਡੇਰਾ ਬੱਲਾਂ ਦੇ ਵਿਰੋਧੀ ਡੇਰਾ ਬਾਬਾ ਜੌੜੇ ਰਾਏਪੁਰ ਰਸੂਲਪੁਰ ਵਿਚ ਆ ਕੇ ਪਹਿਲੀ ਵਾਰ ਸਤਿਸੰਗ ਕਰਨ ਦੇ ਵੀ ਕਈ ਅਰਥ ਕੱਢੇ ਜਾ ਰਹੇ ਹਨ। ਡੇਰਾ ਬਾਬਾ ਜੌੜੇ ਦੇ ਮੁਖੀ ਸੰਤ ਨਿਰਮਲ ਸਿੰਘ ਅਕਾਲੀ ਲੀਡਰਸ਼ਿਪ ਦੇ ਨਜ਼ਦੀਕ ਦੱਸੇ ਜਾਂਦੇ ਹਨ। ਉਂਜ, ਡੇਰਾ ਸਦਾ ਵੋਟ ਸਿਆਸਤ ਤੋਂ ਨਿਰਲੇਪ ਰਹਿਣ ਦਾ ਪ੍ਰਚਾਰ ਕਰਦਾ ਰਿਹਾ ਹੈ। ਇਸ ਡੇਰੇ ਦੇ ਬਾਨੀ ਬਾਬਾ ਜੈਮਲ ਸਿੰਘ (1891) ਸਨ। ਇਹ ਡੇਰਾ ਲਗਭਗ 300 ਏਕੜਾਂ 'ਚ ਫੈਲਿਆ ਹੋਇਆ ਹੈ। ਹੋਰ ਬਹੁਤ ਸਾਰੇ ਥਾਈਂ ਇਸ ਡੇਰੇ ਦੀਆਂ ਸਤਿਸੰਗ ਥਾਵਾਂ ਹਨ ਜਿੱਥੇ ਐਤਵਾਰ ਨੂੰ ਸਤਿਸੰਗ ਕੀਤਾ ਜਾਂਦਾ ਹੈ।

2002 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬਾਦਲ ਸਰਕਾਰ ਵਲੋਂ ਡੇਰੇ ਨੂੰ ਅਲਾਟ ਕੀਤੀ 200 ਏਕੜ ਜ਼ਮੀਨ ਤੋਂ ਇਲਾਵਾ ਇਸ ਨੇ ਹੋਰ 34 ਏਕੜਾਂ 'ਤੇ ਕਬਜ਼ਾ ਕਰ ਲਿਆ। 2009 ਵਿਚ ਬਾਦਲ ਸਰਕਾਰ ਨੇ ਡੇਰਾ ਵਲੋਂ ਕੁਝ ਜ਼ਮੀਨ ਛੱਡ ਦੇਣ 'ਤੇ ਇਸ ਦੀ ਬਾਕੀ ਜ਼ਮੀਨ 'ਤੇ ਕਬਜ਼ਾ ਨਿਯਮਤ ਕਰਾਰ ਕੇ ਦਿੱਤਾ। ਲਾਗਲੇ ਪਿੰਡਾਂ ਦੇ ਲੋਕਾਂ, ਕਿਸਾਨਾਂ ਵਲੋਂ ਡੇਰਾ ਨੂੰ ਜ਼ਮੀਨਾਂ ਵੇਚਣ ਲਈ ਮਜਬੂਰ ਕਰਨ ਅਤੇ ਉਪਜਾਊ ਜ਼ਮੀਨ ਹਥਿਆਉਣ ਲਈ ਬਿਆਸ ਦਰਿਆ ਦਾ ਵਹਿਣ ਬਦਲਣ ਦੇ ਦੋਸ਼ ਵੀ ਲਾਏ ਗਏ ਹਨ। ਕਿਸਾਨਾਂ ਵਲੋਂ ਮੀਡੀਆ ਰਾਹੀਂ ਇਹ ਮਾਮਲਾ ਉਭਾਰਨ ਤੋਂ ਬਾਅਦ ਡੇਰੇ ਨੇ ਇਹ ਕੋਸ਼ਿਸ਼ਾਂ ਬੰਦ ਕਰ ਦਿੱਤੀਆਂ।

ਪੰਜਾਬ ਦੇ ਸਾਬਕਾ ਐਡਵੋਕੇਟ ਜਨਰਲ ਹਰਦੇਵ ਸਿੰਘ ਮੱਤੇਵਾਲ, ਪੰਜਾਬ ਦੇ ਸਾਬਕਾ ਮੁੱਖ ਸਕੱਤਰ ਰਾਜਨ ਕਸ਼ਿਅਪ, ਦਿੱਲੀ ਦੇ ਉਪ ਰਾਜਪਾਲ ਤੇਜਿੰਦਰ ਖੰਨਾ, ਪੰਜਾਬ ਦੇ ਮਰਹੂਮ ਏਡੀਜੀਪੀ ਜੇ.ਪੀ. ਬਿਰਦੀ, ਸੀਨੀਅਰ ਆਈਏਐਸ ਅਫ਼ਸਰ ਐਸ ਕੇ ਸੰਧੂ, ਹਾਈ ਕੋਰਟ ਦੇ ਕੁਝ ਜੱਜ ਡੇਰੇ ਦੇ ਚਰਚਿਤ ਸ਼ਰਧਾਲੂ ਹਨ।

## ਕੁਝ ਹੋਰ ਅਹਿਮ ਡੇਰੇ

### ਸੰਤ ਸਮਾਜ

ਸਿੱਖ ਸੰਤਾਂ ਦੀ ਸਾਂਝੀ ਜਥੇਬੰਦੀ ਜਿਨ੍ਹਾਂ 'ਚ ਉਦਾਸੀ ਤੋਂ ਲੈ ਕੇ ਖਾਲਸਾ ਰਵਾਇਤਾਂ ਦੀ ਧਾਰਾ ਵਹਿੰਦੀ ਹੈ। ਹਾਲ ਹੀ 'ਚ ਹੋਈਆਂ ਸ਼੍ਰੋਮਣੀ ਕਮੇਟੀ ਚੋਣਾਂ 'ਚ ਸੰਤ ਸਮਾਜ ਨੇ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਦਿੱਤਾ ਸੀ। ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਧੁੰਮਾ ਇਸ ਵੇਲੇ ਸੰਤ ਸਮਾਜ ਦੀ ਅਗਵਾਈ ਕਰ ਰਹੇ ਹਨ।

### ਡੇਰਾ ਸੰਤ ਹਰਨਾਮ ਸਿੰਘ, ਰਾਮਪੁਰ ਖੇੜਾ

ਹੁਸ਼ਿਆਰਪੁਰ ਜ਼ਿਲ੍ਹੇ 'ਚ ਇਸ ਡੇਰੇ ਦਾ ਜਲੰਧਰ ਦੇ ਕੁਝ ਖੇਤਰਾਂ ਤੱਕ ਚੰਗਾ ਅਸਰ ਰਸੂਖ ਹੈ। ਇਸ ਸਾਲ ਜੁਲਾਈ ਮਹੀਨੇ ਇਕ ਸੰਗਤ ਦਰਸ਼ਨ ਸਮਾਗਮ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਕ ਰਾਤ ਇਸ ਡੇਰੇ 'ਚ ਬਿਤਾਈ ਸੀ। ਡੇਰਾ ਮੁਖੀ ਸੰਤ ਸੇਵਾ ਸਿੰਘ ਸਿਆਸੀ ਧਿਰ ਬਣਨ ਦੇ ਆਦੀ ਨਹੀਂ ਹਨ ਪਰ ਸ. ਬਾਦਲ ਵਲੋਂ ਸਿਆਸੀ ਲਾਹਾ ਲੈਣ ਦੇ ਯਤਨ ਕੀਤੇ ਜਾ ਰਹੇ ਹਨ।

### ਡੇਰਾ ਸੰਤ ਅਜੀਤ ਸਿੰਘ ਹੰਸਾਲੀ ਵਾਲੇ

ਸਰਹਿੰਦ ਨੇੜੇ ਪੈਂਦੇ ਇਸ ਡੇਰੇ ਦੇ ਸ਼ਰਧਾਲੂਆਂ ਦੀ ਬਹੁ-ਗਿਣਤੀ ਫਤਹਿਗੜ੍ਹ ਸਾਹਿਬ, ਰੋਪੜ ਅਤੇ ਪਟਿਆਲਾ ਜ਼ਿਲ੍ਹਿਆਂ ਵਿਚੋਂ ਆਉਂਦੀ ਹੈ। ਕ੍ਰਿਕਟਰ ਯੁਵਰਾਜ ਸਿੰਘ ਤੇ ਹਰਭਜਨ ਸਿੰਘ ਵੀ ਡੇਰੇ ਦੇ ਸ਼ਰਧਾਲੂ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਕਸਰ ਪਰਿਵਾਰ ਸਹਿਤ ਡੇਰੇ 'ਚ ਅਸ਼ੀਰਵਾਦ ਲੈਣ ਆਉਂਦੇ ਰਹਿੰਦੇ ਹਨ। ਬਹੁਤ ਸਾਰੇ ਪੁਲਿਸ ਅਫ਼ਸਰ ਡੇਰੇ 'ਚ ਆਉਂਦੇ ਹਨ।

### ਡੇਰਾ ਬਾਬਾ ਪਿਆਰਾ ਸਿੰਘ ਭਨਿਆਰਾ

ਦਲਿਤ ਵਰਗ ਵਿਚ ਇਸ ਡੇਰੇ ਦਾ ਚੋਖਾ ਪ੍ਰਭਾਵ ਹੈ। ਆਪਣਾ ਵੱਖਰਾ ਗ੍ਰੰਥ ਬਣਾਉਣ ਕਰਕੇ ਇਹ ਡੇਰਾ ਵਿਵਾਦ ਵਿਚ ਘਿਰਿਆ ਹੋਇਆ ਹੈ। ਬਾਬਾ ਪਿਆਰਾ ਸਿੰਘ ਅੱਜਕੱਲ੍ਹ ਜੇਲ੍ਹ ਵਿਚ ਹੈ। ਵੱਖ-ਵੱਖ ਪਾਰਟੀਆਂ ਦੇ ਆਗੂ ਵੋਟਾਂ ਖਾਤਰ ਇਸ ਡੇਰੇ ਵਿਚ ਜਾਂਦੇ ਰਹੇ ਹਨ।

## ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ, ਨੂਰ ਮਹਿਲ



ਇਸ ਡੇਰੇ ਦੀ ਸ਼ੁਰੂਆਤ ਨੂਰਮਹਿਲ ਵਿਚ ਬਾਬਾ ਆਸ਼ੂਤੋਸ਼ ਵੱਲੋਂ 1984 ਵਿਚ ਕੀਤੀ ਗਈ ਜਦੋਂ ਪੰਜਾਬ ਗੜਬੜ ਦੇ ਦੌਰ ਵਿਚੋਂ ਲੰਘ ਰਿਹਾ ਸੀ। 90ਵਿਆਂ ਵਿਚ ਉਸ ਦੇ ਪ੍ਰਵਚਨਾਂ ਨੂੰ ਲੈ ਕੇ ਸਿੱਖ ਹਲਕਿਆਂ ਵਿਚ ਬੋਲ-ਬਲਾਰਾ ਹੋਣਾ ਸ਼ੁਰੂ ਹੋ ਗਿਆ, ਖਾਸ ਕਰਕੇ ਇਸ ਬਾਬੇ ਵਲੋਂ ਗੁਰਬਾਣੀ ਅਤੇ ਇਸ ਦੀ ਵਿਆਖਿਆ ਦੀ ਕੀਤੀ ਜਾਂਦੀ ਵਰਤੋਂ ਸੁਆਲ 'ਤੇ। ਮਾਮਲਾ ਉਦੋਂ ਭੜਕ ਪਿਆ ਜਦੋਂ ਡੇਰਾ ਪ੍ਰਚਾਰਕ ਮਰਹੂਮ ਸ਼ਰਧਾਨੰਦ ਨੇ ਕੁਝ ਸਿੱਖ ਸੰਸਥਾਵਾਂ ਬਾਰੇ ਉਲਟੇ-ਸਿੱਧੇ ਸ਼ਬਦ ਵਰਤੇ।

ਇਸ ਤੋਂ ਬਾਅਦ ਸੰਸਥਾਨ ਦੇ ਪ੍ਰੋਗਰਾਮਾਂ ਦਾ ਮੁਹਾਣ ਹਿੰਦੂ ਮੁਹਾਵਰੇ, ਵਿਧੀਆਂ ਅਤੇ ਸੰਸਥਾਵਾਂ ਵੱਲ ਹੋ ਗਿਆ। ਇਸ ਡੇਰੇ ਅਤੇ ਸਿੱਖਾਂ ਦਰਮਿਆਨ ਵਿਵਾਦ ਦੀ ਜੱਦ ਵਿਚ ਡੇਰੇ 'ਚ ਸ਼ਰਧਾ ਰੱਖਣ ਬਦਲੇ ਕੁਝ ਸਿੱਖ ਆਗੂ ਵੀ ਆ ਗਏ ਜਿਨ੍ਹਾਂ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਮਰਹੂਮ ਪਤਨੀ ਸੁਰਿੰਦਰ ਕੌਰ ਬਾਦਲ ਵੀ ਸ਼ਾਮਲ ਸੀ। ਹਾਲਾਤ ਜਦੋਂ ਬੇਕਾਬੂ ਹੋ ਗਏ ਤਾਂ ਕੁਝ ਥਾਵਾਂ 'ਤੇ ਝੜਪਾਂ ਵੀ ਹੋਈਆਂ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਡੇਰੇ ਦੇ ਜਨਤਕ ਸਮਾਗਮਾਂ 'ਤੇ ਕੁਝ ਸਮੇਂ ਲਈ ਪਾਬੰਦੀ ਲਗਾ ਦਿੱਤੀ ਸੀ। ਇਸ ਤੋਂ ਬਾਅਦ ਇਸ ਡੇਰੇ ਨੇ ਸਾਰੀਆਂ ਸਿਆਸੀ ਪਾਰਟੀਆਂ ਵਿਚਲੇ ਆਪਣੇ ਪੱਖੀ ਆਗੂਆਂ ਰਾਹੀਂ ਸਰਕਾਰੀ ਮਸ਼ੀਨਰੀ 'ਤੇ ਦਬਾਅ ਪਾਇਆ।

2007 ਵਿਚ ਬਾਦਲ ਸਰਕਾਰ ਬਣਨ ਤੋਂ ਥੋੜ੍ਹੀ ਦੇਰ ਬਾਅਦ ਹੀ ਫਗਵਾੜਾ ਵਿਚ ਸੰਸਥਾਨ ਦੇ ਕਾਰਕੁਨਾਂ ਅਤੇ ਸਿੱਖ ਜਥੇਬੰਦੀਆਂ ਵਿਚਕਾਰ ਟਕਰਾਅ ਭੜਕ ਪਿਆ। ਭਾਜਪਾ ਵਿਧਾਇਕ ਹਰੀਸ਼ ਬੇਦੀ ਨੇ 5 ਦਸੰਬਰ 2009 ਨੂੰ ਲੁਧਿਆਣਾ ਸ਼ਹਿਰ 'ਚ ਡੇਰੇ ਦਾ ਪ੍ਰੋਗਰਾਮ ਕਰਵਾਇਆ। ਸਿੱਖ ਜਥੇਬੰਦੀਆਂ ਵਿਰੋਧ 'ਤੇ ਉਤਰ ਆਈਆਂ ਅਤੇ ਮੁਜ਼ਾਹਰੇ 'ਤੇ ਪੁਲਿਸ ਫਾਇਰਿੰਗ ਦੌਰਾਨ ਇਕ ਸਿੱਖ ਦੀ ਮੌਤ ਹੋ ਗਈ। ਭਾਜਪਾ ਦੇ ਸਾਰੇ 19 ਵਿਧਾਇਕ ਸੰਸਥਾਨ ਦੇ ਹੱਕ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲੇ। ਅਕਾਲੀ ਵਿਧਾਇਕ ਮੋਹਨ ਲਾਲ ਜੋ ਪੱਗ ਬੰਨ੍ਹਦਾ ਹੈ ਤੇ ਦਾੜ੍ਹੀ ਖੁੱਲ੍ਹੀ ਰੱਖਦਾ ਹੈ, ਸੰਸਥਾਨ ਦਾ ਕੱਟੜ ਸਮਰਥਨ ਮੰਨਿਆ ਜਾਂਦਾ ਹੈ। ਉਂਜ, ਡੇਰੇ ਦੇ ਬੁਲਾਰੇ ਸਵਾਮੀ ਅਰਵਿੰਦਾਨੰਦ ਵਲੋਂ ਇਸ ਦਾ ਖੰਡਨ ਕੀਤਾ ਗਿਆ ਹੈ। ਡੇਰੇ ਵਿਚ ਸਾਧਣੀਆਂ ਬਣ ਕੇ ਰਹਿ ਰਹੀਆਂ ਕੁੜੀਆਂ ਦੇ ਮਾਪਿਆਂ ਵਲੋਂ ਇਲਜ਼ਾਮ ਲਾਏ ਜਾਂਦੇ ਰਹੇ ਹਨ ਕਿ ਉਨ੍ਹਾਂ ਨੂੰ ਆਪਣੀਆਂ ਧੀਆਂ ਨੂੰ ਮਿਲਣ ਵੀ ਨਹੀਂ ਦਿੱਤਾ ਜਾਂਦਾ।


## ਭੈਣੀ ਸਾਹਿਬ



ਸਿੱਖਾਂ ਦਾ ਇਹ ਫਿਰਕਾ 1947 ਤੋਂ ਪਹਿਲਾਂ ਵੀ ਸਿਆਸੀ ਤੌਰ 'ਤੇ ਸਰਗਰਮ ਰਿਹਾ ਸੀ ਅਤੇ ਇਸ ਨੇ ਸਿਆਸੀ ਇਕਾਈ ਦੇ ਤੌਰ 'ਤੇ ਅੰਗਰੇਜ਼ਾਂ ਦੀ ਮੁਖ਼ਾਲਫ਼ਤ ਕੀਤੀ ਸੀ। ਸੁਤੰਤਰਤਾ ਲਹਿਰ ਵਿਚ ਜਦੋਂ ਮਹਾਤਮਾ ਗਾਂਧੀ ਦਾ ਕੋਈ ਨਾਂ ਨਿਸ਼ਾਨ ਤੱਕ ਵੀ ਨਹੀਂ ਸੀ, ਤਦ ਨਾਮਧਾਰੀ ਲਹਿਰ ਦੇ ਮੋਹਰੀ ਬਾਬਾ ਰਾਮ ਸਿੰਘ ਨੇ ਅਹਿੰਸਕ ਲਹਿਰ ਦੀ ਅਗਵਾਈ ਕੀਤੀ ਸੀ। ਉਨ੍ਹਾਂ ਡਾਕ ਸਣੇ ਹੋਰ ਸੇਵਾਵਾਂ ਦੀ ਸੁਤੰਤਰ ਪ੍ਰਣਾਲੀ ਵੀ ਵਿਕਸਤ ਕੀਤੀ ਸੀ।

ਕੱਟੜ ਸਿੱਖ ਨਾਮਧਾਰੀਆਂ ਨੂੰ ਸਿੱਖੀ ਦਾ ਅੰਗ ਨਹੀਂ ਮੰਨਦੇ ਕਿਉਂਕਿ ਉਹ ਸਾਕਾਰ ਗੁਰੂ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਰਹਿਤ ਮਰਿਆਦਾ ਬਾਰੇ ਵੀ ਇਨ੍ਹਾਂ ਦੇ ਕੁਝ ਵੱਖਰੇ ਮੱਤ ਹਨ। ਇਸ ਕਰਕੇ ਇਹ ਫਿਰਕਾ ਕਈ ਸਾਲ ਸ਼੍ਰੋਮਣੀ ਅਕਾਲੀ ਦਲ ਤੋਂ ਦੂਰ ਰਿਹਾ ਅਤੇ ਕਾਂਗਰਸ ਦੇ ਕਾਫ਼ੀ ਨੇੜੇ ਰਿਹਾ। ਇਹ ਇਕ ਮੁੰਦਵਾਂ ਫਿਰਕਾ ਹੈ ਜੋ ਆਪਣੀ ਵਰਤਮਾਨ ਮੁਖੀ ਸਤਿਗੁਰੂ ਜਗਜੀਤ ਸਿੰਘ ਦੀਆਂ ਹਦਾਇਤਾਂ 'ਤੇ ਚਲਦਾ ਹੈ। ਪਿਛਲੇ ਕੁਝ ਸਾਲਾਂ ਦੌਰਾਨ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸਤਿਗੁਰੂ ਬਾਬਾ ਰਾਮ ਸਿੰਘ ਚੇਅਰ ਸਥਾਪਤ ਕਰਨ ਜਿਹੇ ਕੁਝ ਕਦਮ ਉਠਾ ਕੇ ਨਾਮਧਾਰੀ ਫਿਰਕੇ ਨਾਲ ਆਪਣੇ ਸਬੰਧ ਬਣਾਉਣ 'ਚ ਸਫਲਤਾ ਹਾਸਲ ਕੀਤੀ ਹੈ। ਸੁਤੰਤਰਤਾ ਸੰਗਰਾਮ ਦੌਰਾਨ ਵੱਡੀਆਂ ਕੁਰਬਾਨੀਆਂ ਦਿੱਤੀਆਂ, ਅੰਗਰੇਜ਼ ਹਾਕਮਾਂ ਨੇ 65 ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾ ਦਿੱਤਾ ਗਿਆ ਸੀ। ਨਾਮਧਾਰੀ ਫਿਰਕੇ ਦੇ ਬਹੁਤੇ ਮੈਂਬਰ ਰਾਮਗੜ੍ਹੀਆ ਬਰਾਦਰੀ ਨਾਲ ਸਬੰਧਤ ਹਨ। ਭਾਰਤ ਵਿਚ ਸਨਅਤੀ ਕ੍ਰਾਂਤੀ ਦੀ ਆਮਦ ਨਾਲ ਇਸ ਤਕਨੀਕੀ ਬਰਾਦਰੀ ਦਾ ਅਸਰ ਰਸੂਖ ਵੀ ਵਧਿਆ ਹੈ। ਸਾਬਕਾ ਐਮ.ਪੀ. ਹਰਿੰਦਰ ਸਿੰਘ ਹੰਸਪਾਲ ਅਨੁਸਾਰ ਪੰਜਾਬ 'ਚ ਫਿਰਕੇ ਦੇ 20 ਲੱਖ ਸ਼ਰਧਾਲੂ ਹੰਸਪਾਲ ਰਾਜ ਸਭਾ ਮੈਂਬਰ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਰਹਿ ਚੁੱਕੇ ਹਨ। ਇਸ ਵੇਲੇ ਉਹ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਹਨ। ਰਵਾਇਤੀ ਤੌਰ 'ਤੇ ਨਾਮਧਾਰੀ ਕਾਂਗਰਸ ਦੀ ਹਮਾਇਤ ਕਰਦੇ ਰਹੇ ਹਨ, ਪਰ ਮੁੱਖ ਮੰਤਰੀ ਬਾਦਲ ਨੇ ਵੀ ਇਨ੍ਹਾਂ ਨੂੰ ਪਤਿਆਉਣ 'ਚ ਕੋਈ ਕਸਰ ਨਹੀਂ ਛੱਡੀ।

## ਡੇਰਾ ਸੱਚ ਖੰਡ ਬੱਲਾਂ



ਇਹ ਦੋਆਬੇ ਵਿਚ ਆਦਿਧਰਮੀ (ਰਵਿਦਾਸੀਏ) ਭਾਈਚਾਰੇ ਦਾ ਸਭ ਤੋਂ ਪ੍ਰਭਾਵਸ਼ਾਲੀ ਡੇਰਾ ਬਣ ਕੇ ਉਭਰਿਆ ਹੈ। ਮਈ 2009 ਵਿਚ ਵੀਏਨਾ (ਆਸਟਰੀਆ) ਦੇ ਇਕ ਗੁਰਦੁਆਰੇ ਵਿਚ ਇਸ ਡੇਰੇ ਦੇ ਉਪ ਮੁਖੀ ਸੰਤ ਰਾਮਾਨੰਦ ਦੀ ਹੱਤਿਆ ਨਾਲ ਭਾਈਚਾਰੇ ਅੰਦਰ ਇਸ ਦੀ ਪੈਂਠ ਵਿਚ ਹੋਰ ਵਾਧਾ ਹੋਇਆ। ਕਾਂਗਰਸ ਦਾ ਇਸ ਖੇਤਰ ਵਿਚ ਚੋਖਾ ਆਧਾਰ ਹੋਣ ਕਰਕੇ ਇਹ ਸਮਝਿਆ ਜਾਂਦਾ ਹੈ ਕਿ ਇਸ ਡੇਰੇ ਦੇ ਕਾਂਗਰਸੀ ਆਗੂਆਂ ਨਾਲ ਚੰਗੇ ਸਬੰਧ ਹਨ। ਉਂਜ, ਦਲਿਤਾਂ 'ਚ ਬਹੁਜਨ ਸਮਾਜ ਪਾਰਟੀ ਦੇ ਉਭਾਰ ਨਾਲ ਡੇਰੇ ਦਾ ਇਸ ਦੇ ਆਗੂਆਂ ਵੱਲ ਵੀ ਕਾਫ਼ੀ ਝੁਕਾਅ ਹੋ ਗਿਆ। 25 ਮਈ 1997 ਨੂੰ ਵਾਰਾਨਸੀ ਵਿਚ ਗੁਰੂ ਰਵਿਦਾਸ ਗੇਟ ਦਾ ਨੀਂਹ ਪੱਥਰ ਬਸਪਾ ਦੇ ਬਾਨੀ ਕਾਂਸੀ ਰਾਮ ਕੋਲੋਂ ਰਖਵਾਇਆ ਗਿਆ ਸੀ। 16 ਜੁਲਾਈ 1998 ਨੂੰ ਕਾਂਸੀ ਰਾਮ ਦੇ ਯਤਨਾਂ ਸਦਕਾ ਹੀ ਉਸ ਵੇਲੇ ਦੇ ਰਾਸ਼ਟਰਪਤੀ ਕੇ.ਆਰ. ਨਰਾਇਣਨ ਨੇ ਇਸ ਦਾ ਉਦਘਾਟਨ ਕੀਤਾ ਸੀ। ਵਿਧਾਨ ਸਭਾ ਚੋਣਾਂ ਵਿਚ ਭਾਵੇਂ ਇਸ ਡੇਰੇ ਵੱਲੋਂ ਦੋ ਟੁੱਕ ਪਹੁੰਚ ਅਪਣਾਉਣ ਦੀ ਸੰਭਾਵਨਾ ਘੱਟ ਹੈ ਪਰ ਇਸ ਦੇ ਸ਼ਰਧਾਲੂਆਂ ਦਾ ਝੁਕਾਅ ਕਾਂਗਰਸ ਵੱਲ ਰਹਿ ਸਕਦਾ ਹੈ। ਇਸ ਡੇਰੇ ਨੇ 30 ਜਨਵਰੀ 2009 ਨੂੰ ਨਵੇਂ ਧਰਮ, ਰਵਿਦਾਸੀਆ ਅਤੇ ਨਵੇਂ ਗ੍ਰੰਥ 'ਅੰਮ੍ਰਿਤਬਾਣੀ ਸ੍ਰੀ ਗੁਰੂ ਰਵਿਦਾਸ' ਅਪਣਾਉਣ ਦਾ ਐਲਾਨ ਕਰ ਦਿੱਤਾ ਸੀ। ਇਉਂ ਇਸ ਨੇ ਸਿੱਖਾਂ ਦੇ ਪਾਵਨ ਗੁਰੂ ਗ੍ਰੰਥ ਸਾਹਿਬ ਤੋਂ ਟੇਕ ਲੈਣ ਦੀ ਪ੍ਰਥਾ ਤੋਂ ਨਾਤਾ ਤੋੜ ਲਿਆ। ਡੇਰੇ ਦੀ ਇਸ ਪੇਸ਼ਕਾਰੀ ਦਾ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਏ ਸੁਸਾਇਟੀ ਨੇ ਡਟ ਕੇ ਵਿਰੋਧ ਕੀਤਾ। ਭਾਈਚਾਰੇ ਦੇ ਧਰਮ 'ਚ ਗੁਰੂ ਗ੍ਰੰਥ ਸਾਹਿਬ ਦੀ ਥਾਂ 'ਅੰਮ੍ਰਿਤਬਾਣੀ' ਗ੍ਰੰਥ ਦਾ ਪ੍ਰਕਾਸ਼ ਕਰਨ ਲਈ ਡੇਰੇ ਦੀ ਪੇਸ਼ਕਾਰੀ ਨੂੰ ਪੂਰ ਨਾ ਚੜ੍ਹਨ ਦੇਣ ਕਰਕੇ ਅਕਾਲੀ ਸਰਕਾਰ ਖਿਲਾਫ਼ ਕਾਫ਼ੀ ਰੋਹ ਪੈਦਾ ਹੋਇਆ। ਸਿਆਸੀ ਹਲਕਿਆਂ ਅੰਦਰ ਆਮ ਪ੍ਰਭਾਵ ਇਹ ਹੈ ਕਿ ਡੇਰੇ ਦੀ ਵੋਟ ਅਕਾਲੀ ਦਲ ਦੇ ਵਿਰੁਧ ਭੁਗਤੇਗੀ ਪਰ ਇਸ ਦਾ ਲਾਹਾ ਕਾਂਗਰਸ, ਬਸਪਾ ਜਾਂ 'ਅੰਮ੍ਰਿਤਬਾਣੀ' ਦੇ ਹੱਕ ਵਿਚ ਸਟੈਂਡ ਲੈਣ ਵਾਲੀ ਕਿਸੇ ਹੋਰ ਧਿਰ ਨੂੰ ਮਿਲੇਗਾ, ਇਸ ਬਾਰੇ ਹਾਲੇ ਭੰਬਲਭੂਸਾ ਹੀ ਹੈ। ਡੇਰਾ ਪ੍ਰਬੰਧਕਾਂ ਦਾ ਇਕ ਖਾਸਮ ਖਾਸ ਸਤਪਾਲ ਮੱਲ ਜਲੰਧਰ ਪੱਛਮੀ ਤੋਂ ਕਾਂਗਰਸ ਦੀ ਟਿਕਟ ਲਈ ਜ਼ੋਰ ਅਜ਼ਮਾਈ ਵੀ ਕਰ ਰਿਹਾ ਹੈ। ਇਸ ਡੇਰੇ ਦੇ ਬਾਨੀ ਸੰਤ ਸਰਵਣ ਦਾਸ (1928) ਸਨ। ਇਸ ਡੇਰੇ ਨੇ ਵਾਰਾਨਸੀ (ਉਤਰ ਪ੍ਰਦੇਸ਼) ਵਿਚ ਗੁਰੂ ਰਵਿਦਾਸ ਦੇ ਜਨਮ ਸਥਾਨ 'ਤੇ ਸ਼ਾਨਦਾਰ ਮੰਦਰ ਦੀ ਉਸਾਰੀ ਕਰਵਾਈ। ਦੋ ਹਸਪਤਾਲ ਤੇ ਇਕ ਪਬਲਿਕ ਸਕੂਲ ਵੀ ਬਣਵਾਇਆ। ਇਸ ਤੋਂ ਇਲਾਵਾ ਡੇਰਾ ਰਵਿਦਾਸ ਮੰਦਰਾਂ ਦੀ ਉਸਾਰੀ ਲਈ ਮੱਦਦ ਕਰਦਾ ਹੈ ਅਤੇ ਇਸ ਨੇ ਵਿਦੇਸ਼ਾਂ ਵਿਚ ਵੀ ਕਈ ਕੇਂਦਰ ਖੋਲ੍ਹੇ ਹੋਏ ਹਨ। ਕਾਂਗਰਸ ਮੰਤਰੀ ਮਰਹੂਮ ਮਾਸਟਰ ਗੁਰਬੰਤਾ ਸਿੰਘ, ਉਸ ਦੇ ਪੁੱਤਰ ਤੇ ਸਾਬਕਾ ਮੰਤਰੀ ਚੌਧਰੀ ਜਗਜੀਤ ਸਿੰਘ ਦਾ ਅਸਰ ਸੰਤ ਰਾਮਾਨੰਦ ਦੇ ਕਤਲ ਤੋਂ ਬਾਅਦ ਘਟਿਆ ਸਮਝਿਆ ਜਾਂਦਾ ਹੈ।

# ਧੀ ਦੀ ਕੁੱਟਮਾਰ ਕਰਨ ਵਾਲਾ ਅਮਰੀਕੀ ਜੱਜ ਮੁਅੱਤਲ

**ਵਾਸ਼ਿੰਗਟਨ (ਬਿਊਰੋ):** ਅਮਰੀਕੀ ਸੂਬੇ ਟੈਕਸਸ ਦੀ ਸੁਪਰੀਮ ਕੋਰਟ ਨੇ ਸੂਬੇ ਦੇ ਉਸ ਜੱਜ ਨੂੰ ਮੁਅੱਤਲ ਕਰ ਦਿੱਤਾ ਹੈ ਜਿਸ ਵੱਲੋਂ ਝਗੜੇ ਕਾਰਨ ਆਪਣੀ ਅੱਲ੍ਹੜ ਉਮਰ ਦੀ ਧੀ ਦੀ ਕੁੱਟਮਾਰ ਕੀਤੇ ਜਾਣ ਦੀ ਵੀਡੀਓ ਬੀਤੇ ਦਿਨੀਂ ਇੰਟਰਨੈੱਟ ਉੱਤੇ ਨਸ਼ਰ ਕਰ ਦਿੱਤੀ ਗਈ ਸੀ। ਟੈਕਸਸ ਦੀ ਕਾਊਂਟੀ ਅਰਨਾਸਾਸ ਦੇ ਜੱਜ ਵਿਲੀਅਮ ਐਡਮਜ਼ ਦੀ ਇਸ ਸੱਤ ਮਿੰਟ ਦੀ ਵੀਡੀਓ ਨੂੰ ਦੇਖ ਕੇ ਲੋਕਾਂ ਵੱਲੋਂ ਉਸ ਦਾ ਜ਼ੋਰਦਾਰ ਵਿਰੋਧ ਕੀਤਾ ਜਾ ਰਿਹਾ ਸੀ।

ਜੱਜ ਦੀ ਇਹ ਫਿਲਮ 2004 ਵਿਚ ਉਸ



ਦੀ ਧੀ ਹਿਲੇਰੀ ਵਿਲੀਅਮਜ਼ ਨੇ ਫਿਲਮਾਈ ਸੀ ਜੋ ਉਸ ਵੇਲੇ 16 ਸਾਲ ਦੀ ਸੀ। ਬੀਤੇ ਮਹੀਨੇ ਉਸ ਨੇ ਇਹ ਵੀਡੀਓ ਇੰਟਰਨੈਟ ਉਤੇ ਵੀਡੀਓ ਫਿਲਮਾਂ ਨਸ਼ਰ ਕਰਨ ਵਾਲੀ ਵੈੱਬਸਾਈਟ 'ਯੂ ਟਿਊਬ' ਉੱਤੇ ਨਸ਼ਰ ਕਰ ਦਿੱਤੀ। ਉਦੋਂ ਤੋਂ ਇਸ ਨੂੰ ਲੱਖਾਂ ਲੋਕ ਦੇਖ ਤੇ ਆਪਣੇ ਵਿਰੋਧ ਦਾ ਇਜ਼ਹਾਰ ਕਰ ਚੁੱਕੇ ਹਨ।

ਸੁਪਰੀਮ ਕੋਰਟ ਨੇ ਆਪਣੇ ਹੁਕਮਾਂ ਵਿਚ ਕਿਹਾ ਹੈ ਕਿ ਜਦੋਂ ਤੱਕ ਇਸ ਮਾਮਲੇ ਦੀ ਜਾਂਚ ਪੂਰੀ ਨਹੀਂ ਹੋ ਜਾਂਦੀ, ਜੱਜ ਪੂਰੀ ਤਨਖਾਹ ਉੱਤੇ ਮੁਅੱਤਲ ਰਹੇਗਾ। ਫਿਲਮ ਵਿਚ ਕੁੱਟ ਖਾਂਦੀ ਦਿਸ ਰਹੀ ਉਸ ਦੀ ਧੀ ਹਿਲੇਰੀ ਨੇ ਏ.ਬੀ.ਸੀ. ਨਿਊਜ਼ ਨੂੰ ਦੱਸਿਆ ਕਿ ਉਸ ਨੇ ਸੱਤ ਸਾਲ ਪਹਿਲਾਂ ਇਹ ਫਿਲਮ ਖੁਫੀਆ ਢੰਗ ਨਾਲ ਰਿਕਾਰਡ ਕਰ ਲਈ ਸੀ। ਫਿਲਮ ਵਿਚ ਜੱਜ ਆਪਣੀ ਧੀ ਨੂੰ ਇਕ ਬੈਲਟ ਨਾਲ ਕੁੱਟਦਾ ਤੇ ਬੁਰਾ-ਭਲਾ ਕਹਿੰਦਾ ਦਿਖਾਈ ਦਿੰਦਾ ਹੈ।

ਜੱਜ ਐਡਮਜ਼ ਨੇ ਇਸ ਬਾਰੇ ਕਿਹਾ, ''ਮੈਨੂੰ ਨਹੀਂ ਜਾਪਦਾ ਕਿ ਮੈਂ ਕੁਝ ਗਲਤ ਕੀਤਾ ਸੀ ਕਿਉਂਕਿ ਮੇਰੀ ਧੀ ਚੋਰੀ ਕਰਦੀ ਇੰਟਰਨੈੱਟ ਤੋਂ ਚੋਰੀ ਨਾਲ ਕੋਈ ਗਲਤ ਚੀਜ਼ ਡਾਊਨਲੋਡ ਕਰਦੀ ਫੜੀ ਗਈ ਸੀ ਤੇ ਉਸ ਨੂੰ ਅਨੁਸ਼ਾਸਨ ਸਿਖਾਉਣਾ ਜ਼ਰੂਰੀ ਸੀ। ਮੈਨੂੰ ਗੁੱਸਾ ਆ ਗਿਆ ਸੀ ਪਰ ਮੈਂ ਬਾਅਦ ਵਿਚ ਮੁਆਫੀ ਮੰਗ ਲਈ ਸੀ।''

ਹਿਲੇਰੀ ਨੇ ਵੀ ਮੰਨਿਆ ਕਿ ਉਹ ਇੰਟਰਨੈੱਟ ਤੋਂ ਗੈਰ-ਕਾਨੂੰਨੀ ਢੰਗ ਨਾਲ ਕੋਈ ਡਾਊਨਲੋਡਿੰਗ ਕਰ ਰਹੀ ਸੀ ਤੇ ਉਸ ਦੇ ਪਿਤਾ ਨੇ ਸਜ਼ਾ ਦੇ ਤੌਰ 'ਤੇ ਉਸ ਦੀ ਕੁੱਟਮਾਰ ਕੀਤੀ ਸੀ। ਉਸ ਦਾ ਨਾਲ ਹੀ ਕਹਿਣਾ ਸੀ ਕਿ ਜ਼ਿੰਦਗੀ ਦੇ ਉਨ੍ਹਾਂ ਦਿਨਾਂ ਵਿਚ ਉਸ ਦੀ ਅਕਸਰ ਹੀ ਅਜਿਹੀ ਕੁੱਟਮਾਰ ਹੁੰਦੀ ਸੀ। ਜੱਜਾਂ ਦੇ ਰਵੱਈਏ ਬਾਰੇ ਸੂਬਾਈ ਕਮਿਸ਼ਨ ਨੇ ਬੀਤੀ 2 ਨਵੰਬਰ ਨੂੰ ਹੀ ਮਾਮਲੇ ਦੀ ਜਾਂਚ ਦਾ ਐਲਾਨ ਕਰ ਦਿੱਤਾ ਸੀ।






# ਕੋਸ਼ਿਸ਼ ਕ੍ਰਾਂਤੀ ਦੇ ਕਤਲ ਦੀ

## ਸਰਕਾਰ ਦੀਆਂ ਹਰ ਪਾਸੇ ਆਂਧਰਾ ਤੇ ਪੰਜਾਬ ਵਾਲੀਆਂ ਨੀਤੀਆਂ

*ਮਾਓਵਾਦੀ ਆਗੂ ਕਿਸ਼ਨਜੀ (ਮੋਲਾਜੁਲਾ ਕੋਟੇਸ਼ਵਰ ਰਾਓ: 26 ਨਵੰਬਰ 1956–24 ਨਵੰਬਰ 2011) ਆਂਧਰਾ ਪ੍ਰਦੇਸ਼ ਤੋਂ ਸਨ। ਆਂਧਰਾ ਪ੍ਰਦੇਸ਼ ਵਿਚ ਜਦੋਂ ਸਰਕਾਰ ਨੇ ਤੇਜੀ ਨਾਲ ਪ੍ਰਭਾਵ ਵਧਾ ਰਹੇ ਮਾਓਵਾਦੀਆਂ ਨੂੰ ਫੜ ਫੜ ਕੇ ਮਾਰਨ ਦੀ ਮੁਹਿੰਮ ਚਲਾਈ (ਇਸ ਤਰ੍ਹਾਂ ਦੀ ਮੁਹਿੰਮ ਖਾਲਸਤਾਨੀ ਦੌਰ ਵੇਲੇ ਪੰਜਾਬ ਵਿਚ ਵੀ ਚਲਾਈ ਗਈ ਸੀ) ਤਾਂ ਪਾਰਟੀ ਨੇ ਪਿਛਾਂਹ ਹਟਣ ਦਾ ਫੈਸਲਾ ਕੀਤਾ ਅਤੇ 1995 ਵਿਚ ਸਾਰਾ ਧਿਆਨ ਪੱਛਮੀ ਬੰਗਾਲ 'ਤੇ ਕੇਂਦਰਤ ਕਰ ਦਿੱਤਾ। ਪੱਛਮੀ ਬੰਗਾਲ ਵਿਚ ਮਾਓਵਾਦ ਦੇ ਪ੍ਰਸਾਰ ਲਈ ਕਿਸ਼ਨਜੀ ਨੇ ਮੋਢੀ ਰੋਲ ਅਦਾ ਕੀਤਾ ਅਤੇ ਪਿਛਲੇ ਡੇਢ ਦਹਾਕੇ ਦੌਰਾਨ ਲੋਕਾਂ ਨੂੰ ਵੱਡੀ ਪੱਧਰ 'ਤੇ ਲਾਮਬੰਦ ਕੀਤਾ। ਲਾਲਗੜ੍ਹ ਵਿਚ ਮਾਓਵਾਦੀਆਂ ਨੇ ਅਜੇ ਤੱਕ ਸਰਕਾਰ ਦੇ ਨਾਸੀਂ ਧੂੰਆਂ ਕੱਢਿਆ ਹੋਇਆ ਹੈ। ਨੰਦੀਗਰਾਮ ਅਤੇ ਸਿੰਗੂਰ ਵਿਚ ਜਿਹੜੇ ਵੱਡੇ ਲੋਕ ਅੰਦੋਲਨ ਚੱਲੇ ਅਤੇ ਸਫਲ ਹੋਏ, ਉਨ੍ਹਾਂ ਪਿੱਛੇ ਕਿਸ਼ਨਜੀ ਦੀ ਹੀ ਰਣਨੀਤੀ ਕੰਮ ਕਰ ਰਹੀ ਸੀ। ਇਨਕਲਾਬ ਦੇ ਰਾਹ ਤੋਂ ਭਟਕੇ ਰਵਾਇਤੀ ਕਮਿਊਨਿਸਟਾਂ ਦਾ ਪੱਛਮੀ ਬੰਗਾਲ ਵਿਚ ਗੜ੍ਹ ਤੋੜਨ ਵਿਚ ਮਾਓਵਾਦੀਆਂ ਦਾ ਵੱਡਾ ਯੋਗਦਾਨ ਰਿਹਾ ਹੈ। ਚਿਰ ਪਹਿਲਾਂ ਸਿਆਸੀ ਪੰਡਿਤਾਂ ਦੀ ਵੀ ਇਹੀ ਰਾਏ ਸੀ ਕਿ ਪੱਛਮੀ ਬੰਗਾਲ ਵਿਚ ਰਵਾਇਤੀ ਕਮਿਊਨਿਸਟਾਂ ਦਾ ਗੜ੍ਹ ਕੋਈ ਕਮਿਊਨਿਸਟ ਤਾਕਤ ਹੀ ਤੋੜ ਸਕਦੀ ਹੈ, ਇਹ ਕਾਂਗਰਸ ਜਾਂ ਤ੍ਰਿਣਮੂਲ ਦੇ ਵਸ ਦਾ ਰੋਗ ਨਹੀਂ ਹੈ।*



## ਮਾਓਵਾਦੀ ਆਗੂ ਕਿਸ਼ਨਜੀ ਝੂਠੇ ਮੁਕਾਬਲੇ 'ਚ ਹਲਾਕ

**ਕੋਲਕਾਤਾ:** ਮਾਓਵਾਦੀ ਆਗੂ ਕਿਸ਼ਨਜੀ ਪੱਛਮੀ ਮਿਦਨਾਪੁਰ ਜ਼ਿਲ੍ਹੇ ਦੇ ਬੁਰੀਸੋਲ ਜੰਗਲ ਵਿਚ 24 ਨਵੰਬਰ ਨੂੰ ਸੁਰੱਖਿਆ ਦਸਤਿਆਂ ਨਾਲ ਹੋਏ ਮੁਕਾਬਲੇ ਵਿਚ ਮਾਰਿਆ ਗਿਆ। ਉਹ 23 ਨਵੰਬਰ ਨੂੰ ਇਸੇ ਇਲਾਕੇ ਵਿਚੋਂ ਬਚ ਕੇ ਨਿਕਲਣ ਵਿਚ ਕਾਮਯਾਬ ਹੋ ਗਿਆ ਸੀ। ਸੀ.ਪੀ.ਆਈ. (ਮਾਓਵਾਦੀ), ਪਾਰਟੀ ਦੇ ਸਮਰਥਕਾਂ ਅਤੇ ਕਈ ਹੋਰ ਪਾਰਟੀਆਂ ਨੇ ਦੋਸ਼ ਲਾਇਆ ਹੈ ਕਿ ਇਸ ਮਾਓਵਾਦੀ ਆਗੂ ਨੂੰ ਫੜ ਕੇ ਝੂਠੇ ਮੁਕਾਬਲੇ ਵਿਚ ਮਾਰਿਆ ਗਿਆ ਹੈ। ਕਿਸ਼ਨਜੀ ਵਜੋਂ ਜਾਣੇ ਜਾਂਦੇ ਇਸ ਮਾਓਵਾਦੀ ਕਮਾਂਡਰ ਦਾ ਅਸਲ ਨਾਂ ਮੋਲਾਜੁਲਾ ਕੋਟੇਸ਼ਵਰ ਰਾਓ ਸੀ। ਉਹ ਪਾਰਟੀ ਦੀ ਪੋਲਿਟ ਬਿਊਰੋ ਦਾ ਮੈਂਬਰ ਸੀ ਅਤੇ 2009 ਤੋਂ ਜੰਗਲ ਮਹਿਲ ਇਲਾਕੇ ਵਿਚ ਪਾਰਟੀ ਦੇ ਅਪਰੇਸ਼ਨਾਂ ਦੀ ਕਮਾਂਡ ਉਸ ਦੇ ਹੱਥਾਂ ਵਿਚ ਸੀ।

ਸੁਰੱਖਿਆ ਅਫਸਰ ਨੇ ਇਸ ਕਥਿਤ ਮੁਕਾਬਲੇ ਬਾਰੇ ਦੱਸਿਆ ਕਿ ਉਨ੍ਹਾਂ ਨੂੰ ਇਹ ਸੂਹ ਮਿਲੀ ਸੀ ਕਿ ਕਿਸ਼ਨਜੀ, ਉਸ ਦੀ ਪਤਨੀ ਸੁਚਿੱਤਰਾ ਮਹਿਤੋ ਅਤੇ ਉਨ੍ਹਾਂ ਦੇ ਕੁਝ ਸਾਥੀ ਕੁਸ਼ਬਨੀ ਜੰਗਲ ਵਿਚ ਹਨ। ਸੁਰੱਖਿਆ ਦਸਤਿਆਂ ਨੇ ਇਲਾਕੇ ਦੀ ਘੇਰਾਬੰਦੀ ਕਰ ਲਈ ਅਤੇ ਮੁਕਾਬਲਾ ਸ਼ੁਰੂ ਹੋ ਗਿਆ। ਕਿਸ਼ਨਜੀ ਦੁਆਲੇ ਚਾਰ ਪਰਤੀ ਸੁਰੱਖਿਆ ਘੇਰਾ ਤੋੜ ਕੇ ਸੁਰੱਖਿਆ ਦਸਤੇ ਉਸ ਤੱਕ ਪਹੁੰਚ ਗਏ। ਕਿਹਾ ਜਾ ਰਿਹਾ ਹੈ ਕਿ ਕਿਸ਼ਨਜੀ ਅਤੇ ਸੁਚਿਤਰਾ 23 ਨਵੰਬਰ ਨੂੰ ਕੁਸ਼ਬਨੀ ਜੰਗਲ ਵਿਚੋਂ ਹੀ ਸਾਂਝੀ ਸੁਰੱਖਿਆ ਟੁਕੜੀ ਨੂੰ ਝਕਾਨੀ ਦੇ ਕੇ ਬਚ ਨਿਕਲੇ ਸਨ।

ਸੁਰੱਖਿਆ ਅਫਸਰ ਮੁਤਾਬਕ ਇਹ ਮੁਕਾਬਲਾ ਬੁਰੀਸੋਲ ਜੰਗਲ ਵਿਚ 24 ਨਵੰਬਰ ਨੂੰ ਸਵੇਰੇ ਸ਼ੁਰੂ ਹੋਇਆ। ਜਾਮਬਨੀ ਪੁਲਿਸ ਸਟੇਸ਼ਨ ਅਧੀਨ ਆਉਂਦਾ ਇਹ ਇਲਾਕਾ ਝਾਰਖੰਡ ਬਾਰਡਰ ਦੇ ਨੇੜੇ ਪੈਂਦਾ ਹੈ। ਅਫਸਰ ਨੇ ਦੱਸਿਆ ਕਿ ਕਿਸ਼ਨਜੀ ਦੀ ਲਾਸ਼ ਦੀ ਪਛਾਣ ਉਸ ਦੀ ਏ.ਕੇ. 47 ਰਾਈਫਲ ਤੋਂ ਕੀਤੀ ਗਈ। ਸੁਚਿਤਰਾ ਅਤੇ ਕੁਝ ਹੋਰ ਮਾਓਵਾਦੀ ਕਾਰਕੁਨ ਬਚ ਕੇ ਨਿਕਲ ਗਏ। ਸੁਰੱਖਿਆ ਦਸਤੇ ਨੇ ਨੇੜਲੇ ਗੋਸਾਈਬੰਧ ਪਿੰਡ ਤੋਂ ਲੈਪਟਾਪ ਬੈਗ, ਕਿਸ਼ਨਜੀ ਤੇ ਸੁਚਿਤਰਾ ਵੱਲੋਂ ਲਿਖੀਆਂ ਚਿੱਠੀਆਂ ਅਤੇ ਕੁਝ ਹੋਰ ਦਸਤਾਵੇਜ਼ ਜ਼ਬਤ ਕਰਨ ਦਾ ਦਾਅਵਾ ਵੀ ਕੀਤਾ ਹੈ।

ਕਿਸ਼ਨਜੀ ਦਾ ਜਨਮ ਆਂਧਰਾ ਪ੍ਰਦੇਸ਼ ਦੇ ਕਰੀਮਨਗਰ ਜ਼ਿਲ੍ਹੇ ਦੇ ਪਿੰਡ ਪੇਡਾਪੱਲੀ ਵਿਚ ਹੋਇਆ ਸੀ। ਕਿਸ਼ਨਜੀ 1974 ਵਿਚ ਇਨਕਲਾਬੀ ਲਹਿਰ ਦੇ ਕੁਲਵਕਤੀ ਕਾਮੇ (ਹੋਲਟਾਈਮਰ) ਬਣੇ। 1980 ਵਿਚ ਜਦੋਂ ਆਂਧਰਾ ਪ੍ਰਦੇਸ਼ ਦੇ ਚੋਟੀ ਦੇ ਨਕਸਲੀ ਆਗੂ ਕੌਂਡਾਪੱਲੀ ਸੀਤਾ ਰਮੱਈਆ ਨੇ ਫੁੱਟ ਦੀ ਸ਼ਿਕਾਰ ਹੋਈ ਪਾਰਟੀ ਸੀ.ਪੀ.ਆਈ. (ਐਮ.ਐਲ) ਨੂੰ ਮੁੜ ਪੈਰਾਂ ਸਿਰ ਕਰਨਾ ਸ਼ੁਰੂ ਕੀਤਾ ਤਾਂ ਕਿਸ਼ਨਜੀ ਨੇ ਅਹਿਮ ਭੂਮਿਕਾ ਨਿਭਾਈ। ਉਦੋਂ ਨੇ ਕੌਂਡਾਪੱਲੀ ਨੇ ਸੀ.ਪੀ.ਆਈ. (ਐਮ.ਐਲ)-ਪੀਪਲਜ਼ ਵਾਰ ਗਰੁੱਪ ਦੇ ਨਾਂ ਹੇਠ ਕੰਮ ਵਿੱਢਿਆ। ਬਾਅਦ ਵਿਚ 2004 ਵਿਚ ਜਦੋਂ ਸੀ.ਪੀ.ਆਈ. (ਐਮ.ਐਲ)-ਪੀਪਲਜ਼ ਵਾਰ ਗਰੁੱਪ ਦਾ ਭਾਰਤੀ ਮਾਓਵਾਦੀ ਕਮਿਊਨਿਟ ਕੇਂਦਰ (ਐਮ.ਸੀ.ਸੀ. ਆਈ.) ਨਾਲ ਰਲੇਵਾਂ ਹੋਇਆ ਅਤੇ ਸੀ.ਪੀ.ਆਈ. (ਮਾਓਵਾਦੀ) ਹੋਂਦ ਵਿਚ ਆਈ, ਉਦੋਂ ਵੀ ਕਿਸ਼ਨਜੀ ਦਾ ਰੋਲ ਅਹਿਮ ਸੀ।

## ਕਿਸ਼ਨਜੀ ਨੂੰ ਫਰਜ਼ੀ ਮੁਕਾਬਲੇ 'ਚ ਮਾਰਨ ਦੇ ਦੋਸ਼

**ਕੋਲਕਾਤਾ/ਝਾਰਗ੍ਰਾਮ:** ਚੋਟੀ ਦੇ ਮਾਓਵਾਦੀ ਆਗੂ ਕਿਸ਼ਨਜੀ ਦੀ ਪਾਰਟੀ ਸੀ.ਪੀ.ਆਈ. (ਮਾਓਵਾਦੀ), ਉਨ੍ਹਾਂ ਦੇ ਸਮਰਥਕਾਂ ਅਤੇ ਕੁਝ ਸਿਆਸੀ ਪਾਰਟੀਆਂ ਨੇ ਦੋਸ਼ ਲਾਏ ਹਨ ਕਿ ਇਸ ਆਗੂ ਨੂੰ ਫਰਜ਼ੀ ਮੁਕਾਬਲੇ 'ਚ ਮਾਰਿਆ ਗਿਆ ਹੈ। ਕਿਸ਼ਨਜੀ ਦੇ ਪਰਿਵਾਰ ਨੇ ਵੀ ਉਹਦੇ ਝੂਠੇ ਮੁਕਾਬਲੇ 'ਚ ਮਾਰੇ ਜਾਣ ਦੇ ਦੋਸ਼ ਲਾਏ ਹਨ।ਸੀ.ਆਰ.ਪੀ.ਐਫ. ਵੱਲੋਂ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਜਾ ਗਿਆ ਹੈ।

ਮਾਓਵਾਦੀਆਂ ਨੇ ਕਿਸ਼ਨਜੀ ਦੀ ਹੱਤਿਆ ਦਾ ਕਾਰਨ ਬਣੇ ਹਾਲਾਤ ਸਬੰਧੀ ਆਜ਼ਾਦ ਤੌਰ 'ਤੇ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਮਾਓਵਾਦੀਆਂ ਨੇ ਇਸ ਕਤਲ ਖਿਲਾਫ ਪੱਛਮੀ ਬੰਗਾਲ 'ਚ ਦੋ ਦਿਨ ਬੰਦ ਵੀ ਕੀਤਾ। ਮਾਓਵਾਦੀਆਂ ਦੇ ਸੂਬਾ ਕਮੇਟੀ ਮੈਂਬਰ ਅਤੇ ਤਰਜਮਾਨ ਆਕਾਸ਼ ਨੇ ਟੈਲੀਫੋਨ 'ਤੇ ਦੱਸਿਆ ਕਿ ਕਿਸ਼ਨਜੀ ਨੂੰ ਫਰਜ਼ੀ ਮੁਕਾਬਲੇ 'ਚ ਮਾਰਿਆ ਗਿਆ ਹੈ। ਜਦੋਂ ਕਿਸ਼ਨਜੀ ਨੂੰ ਹਿਰਾਸਤ 'ਚ ਲਿਆ ਗਿਆ ਸੀ ਤਾਂ ਉਨ੍ਹਾਂ ਦੇ ਕੁਝ ਸਾਥੀ ਨੇੜੇ ਹੀ ਹਾਜ਼ਰ ਸਨ।

ਤੇਲਗੂ ਦੇ ਇਨਕਲਾਬੀ ਕਵੀ ਅਤੇ ਮਾਓਵਾਦੀਆਂ ਦੇ ਸਮਰਥਕ ਵਰਵਰਾ ਰਾਓ ਨੇ ਦੋਸ਼ ਲਾਏ ਕਿ ਕਿਸ਼ਨਜੀ ਨੂੰ ਕਤਲ ਤੋਂ ਦੋ ਦਿਨ ਪਹਿਲਾਂ ਗ੍ਰਿਫਤਾਰ ਕੀਤਾ ਗਿਆ ਸੀ ਤੇ ਫਿਰ ਝੂਠੇ ਮੁਕਾਬਲੇ 'ਚ ਮਾਰ ਦਿੱਤਾ ਗਿਆ। ਇਹ ਕਤਲ ਦਾ ਮਾਮਲਾ ਹੈ ਜਿਸ ਦੀ ਜਾਂਚ ਹੋਣੀ ਚਾਹੀਦੀ ਹੈ। ਇਸੇ ਦੌਰਾਨ ਸੀ.ਪੀ.ਆਈ. ਦੇ ਆਗੂ ਗੁਰੂਦਾਸ ਦਾਸਗੁਪਤਾ ਨੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਮੁਕਾਬਲੇ ਦੀ ਕਹਾਣੀ ਫਰਜ਼ੀ ਜਾਪਦੀ ਹੈ, ਇਹਦੀ ਜਾਂਚ ਕਰਾਉਣ ਦੀ ਲੋੜ ਹੈ। ਸਰਕਾਰ ਨੂੰ ਇਹ ਪੱਖ ਸਪਸ਼ਟ ਕਰਨਾ ਚਾਹੀਦਾ ਹੈ। ਕਿਸ਼ਨਜੀ ਦੇ ਮਾਰੇ ਜਾਣ ਦੇ ਢੰਗ 'ਤੇ ਸੁਆਲ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਇਹ ਸਪਸ਼ਟ ਕਰੇ ਕਿ ਉਹਨੂੰ ਗ੍ਰਿਫਤਾਰੀ ਮਗਰੋਂ ਤਸੀਹੇ ਦੇ ਕੇ ਮਾਰਿਆ ਗਿਆ। ਕਿਸ਼ਨਜੀ ਦੇ ਪਿੰਡ ਪੇਡਾਪੱਲੀ ਵਿਚ ਜਦੋਂ ਕਿਸ਼ਨਜੀ ਦੀ ਬਿਮਾਰ ਮਾਂ ਮਧੂਰਮਾ ਨੂੰ ਪੁੱਤ ਦੀ ਮੌਤ ਦੀ ਖਬਰ ਬਾਰੇ ਪਤਾ ਲੱਗਾ ਤਾਂ ਉਹ ਬੇਹੋਸ਼ ਹੋ ਗਈ।

### ਕਿਸ਼ਨਜੀ ਨੂੰ ਮਾਰੀਆਂ ਗਈਆਂ ਛੇ ਗੋਲੀਆਂ

**ਮਿਦਨਾਪੁਰ (ਪੱਛਮੀ ਬੰਗਾਲ):** ਮਾਓਵਾਦੀ ਆਗੂ ਕਿਸ਼ਨਜੀ ਦੀ ਪੋਸਟਮਾਰਟਮ ਰਿਪੋਰਟ ਮੁਤਾਬਕ ਉਸ ਦੇ ਛੇ ਗੋਲੀਆਂ ਮਾਰੀਆਂ ਗਈਆਂ। ਉਸ ਦੇ ਸਰੀਰ ਉਤੇ ਦੋ ਛੋਟੇ ਜ਼ਖ਼ਮਾਂ ਦੇ ਨਿਸ਼ਾਨ ਵੀ ਮਿਲੇ ਹਨ। ਪੋਸਟਮਾਰਟਮ ਕਰਨ ਵਾਲੇ ਡਾਕਟਰ ਮੁਤਾਬਕ, "ਕਿਸ਼ਨਜੀ ਦੀ ਠੋਡੀ, ਸਿਰ ਤੇ ਛਾਤੀ ਤੋਂ ਇਲਾਵਾ ਸਰੀਰ ਦੇ ਹੋਰ ਹਿੱਸਿਆਂ 'ਤੇ ਗੋਲੀਆਂ ਲੱਗੀਆਂ ਹੋਈਆਂ ਸਨ। ਇਨ੍ਹਾਂ ਵਿਚੋਂ ਇਕ ਗੋਲੀ ਕਰੀਬ 500 ਮੀਟਰ ਦੀ ਦੂਰੀ ਤੋਂ ਮਾਰੀ ਲੱਗਦੀ ਹੈ।" ਫੋਰੈਂਸਿਕ ਟੀਮ ਨੂੰ ਉਸ ਦੇ ਹੱਥਾਂ ਉਪਰ ਲੱਗਿਆ ਬਾਰੂਦ ਵੀ ਮਿਲਿਆ ਹੈ ਜਿਸ ਤੋਂ ਸੰਕੇਤ ਹਨ ਕਿ ਮੁਕਾਬਲੇ ਦੌਰਾਨ ਉਸ ਨੇ ਆਪਣੇ ਬਚਾਅ ਲਈ ਵੀ ਗੋਲੀਆਂ ਚਲਾਈਆਂ।

### ਭਤੀਜੀ ਨੇ ਪਛਾਣੀ ਕਿਸ਼ਨਜੀ ਦੀ ਲਾਸ਼

**ਮਿਦਨਾਪੁਰ (ਪੱਛਮੀ ਬੰਗਾਲ):** ਮਾਓਵਾਦੀ ਆਗੂ ਕਿਸ਼ਨਜੀ ਦੀ ਲਾਸ਼ ਦੀ ਸ਼ਨਾਖਤ ਮਿਦਨਾਪੁਰ ਹਸਪਤਾਲ ਵਿਚ ਉਸ ਦੀ ਭਤੀਜੀ ਦੀਪਾ ਰਾਓ ਨੇ ਕੀਤੀ। ਬਾਅਦ ਵਿਚ ਦੇਹ ਪਹਿਲਾਂ ਹੈਦਰਾਬਾਦ ਅਤੇ ਫਿਰ ਉਨ੍ਹਾਂ ਦੇ ਪਿੰਡ ਪੇਡਾਪੱਲੀ ਵਿਖੇ ਪਹੁੰਚਾਈ ਗਈ ਜਿੱਥੇ ਉਨ੍ਹਾਂ ਦਾ ਸਸਕਾਰ ਕਰ ਦਿੱਤਾ ਗਿਆ। ਇਸ ਮੌਕੇ ਉਨ੍ਹਾਂ ਨੂੰ ਲਾਲ ਸਲਾਮੀ ਦਿੱਤੀ ਗਈ। ਦੀਪਾ ਰਾਓ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਸ ਦੇ ਇਨਕਲਾਬੀ ਚਾਚੇ ਦੀ ਦੇਹ 'ਤੇ ਸੱਟਾਂ ਦੇ ਘੱਟੋ-ਘੱਟ 20 ਨਿਸ਼ਾਨ ਸਨ ਅਤੇ ਚਿਹਰੇ ਦਾ ਇਕ ਪਾਸਾ ਬੇਪਛਾਣ ਹੋਇਆ ਪਿਆ ਸੀ। ਇਸ ਮਰਹੂਮ ਮਾਓਵਾਦੀ ਆਗੂ ਦੀ ਦੇਹ ਕੋਲਕਾਤਾ ਤੋਂ ਮੂੰਹ ਹਨੇਰੇ ਪੇਡਾਪੱਲੀ ਲਿਆਂਦੀ ਗਈ। ਲੋਕਾਂ ਦੇ ਦਰਸ਼ਨਾਂ ਲਈ ਉਨ੍ਹਾਂ ਦੀ ਦੇਹ ਜੱਦੀ ਘਰ ਵਿਚ ਰੱਖੀ ਗਈ।ਪਰਿਵਾਰ ਪਹਿਲਾਂ ਦੇਹ ਜੂਨੀਅਰ ਕਾਲਜ ਮੈਦਾਨ ਵਿਚ ਰੱਖਣਾ ਚਾਹੁੰਦਾ ਸੀ ਪਰ ਪੁਲਿਸ ਨੇ ਇਸ ਦੀ ਇਜਾਜ਼ਤ ਨਹੀਂ ਦਿੱਤੀ। ਕਿਸ਼ਨਜੀ ਦੀ ਚਿਤਾ ਨੂੰ ਅਗਨੀ ਉਨ੍ਹਾਂ ਦੇ ਵੱਡੇ ਭਰਾ ਅਨਜਾਨੇਯੂਲੂ ਨੇ ਦਿਖਾਈ। ਇਸੇ ਦੌਰਾਨ ਸੀ.ਪੀ.ਆਈ. (ਮਾਓਵਾਦੀ) ਨੇ ਕਿਸ਼ਨਜੀ ਦੀ ਕਥਿਤ ਹੱਤਿਆ ਦੇ ਰੋਸ ਵਜੋਂ 4-5 ਦਸੰਬਰ ਨੂੰ ਦੋ ਦਿਨਾ ਭਾਰਤ ਬੰਦ ਦਾ ਸੱਦਾ ਦਿੱਤਾ ਹੈ। ਪਾਰਟੀ ਦੀ ਕੇਂਦਰੀ ਕਮੇਟੀ ਦਾ ਬਿਆਨ ਵਰਵਰਾ ਰਾਓ ਨੇ ਪੜ੍ਹਿਆ। ਨਕਸਲੀਆਂ ਦੇ ਹਮਦਰਦ ਤੇ ਗਾਇਕ ਗ਼ਦਰ ਨੇ ਸੱਦਾ ਦਿੱਤਾ ਹੈ ਕਿ ਵੱਖਰੇ ਤਿਲੰਗਾਨਾ ਰਾਜ ਦੀ ਪ੍ਰਾਪਤੀ ਲਈ ਸੰਘਰਸ਼ ਤੇਜ਼ ਕੀਤਾ ਜਾਵੇ ਤੇ ਇਹੀ ਕਿਸ਼ਨਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

## ਕਾਮਰੇਡ ਕਿਸ਼ਨਜੀ ਨਾਲ ਗੱਲਾਂ

■ ਯਾਦਵਿੰਦਰ ਕਰਫਿਊ

ਟੀ.ਵੀ 'ਤੇ ਮਾਓਵਾਦੀ ਕਿਸ਼ਨਜੀ ਦੀ ਮੌਤ ਦੀ ਖ਼ਬਰ ਸੁਣ ਕੇ ਜ਼ਿਹਨ ਵਿਚ ਫਲੈਸ਼ਬੈਕ ਉਭਰਦੀ ਹੈ ਇਕਦਮ। ਮਈ 2009, ਮਾਓਵਾਦੀ/ਨਕਸਲਵਾਦੀ ਲਹਿਰ ਦੀ ਜੰਮਣ ਭੂਮੀ ਪੱਛਮੀ ਬੰਗਾਲ ਦਾ ਲਾਲਗੜ੍ਹ। ਲਾਲਗੜ੍ਹ ਦਾ ਜੰਗਲਮਹਿਲ ਇਲਾਕਾ। ਉਪਰੋਂ ਸਿਖ਼ਰ ਦੁਪਿਹਰ। ਅੱਧਖੜ ਉਮਰ ਦੇ ਬੰਦੇ ਨੂੰ ਮੈਂ ਵਾਰ ਵਾਰ ਹਿੰਸਕ ਘਟਨਾਵਾਂ ਬਾਰੇ ਅਤੇ ਹੋਰ ਸਵਾਲ ਪੁੱਛ ਰਿਹਾ ਹਾਂ,ਤੇ ਉਹ ਸਹਿਜ ਮਤੇ ਸਮਝਾ ਰਿਹਾ ਸੀ-'ਭਾਈ! ਇਸ ਦੇਸ਼ 'ਚ ਕਿਸੇ ਮੱਧ ਵਰਗੀ ਪਰਿਵਾਰ ਦਾ ਨੌਜਵਾਨ (ਖੁਦ ਕਿਸ਼ਨਜੀ) ਐਲ.ਐਲ.ਬੀ.ਤੋਂ ਬਾਅਦ ਜੰਗਲ ਅਤੇ ਸਿਆਸੀ ਹਿੰਸਾ ਦਾ ਰਾਹ ਕਿਉਂ ਚੁਣਦਾ ਹੈ?



ਉਦੋਂ ਅਸੀਂ 7-8 ਜਣੇ ਪਹਿਲਾਂ ਏਸ਼ੀਆ ਦੇ ਸਭ ਤੋਂ ਵੱਡੇ ਸਟੇਸ਼ਨ ਖੜਗਪੁਰ ਪਹੁੰਚੇ ਸਾਂ। ਉਥੋਂ ਕਿਰਾਏ 'ਤੇ ਜੀਪ ਲੈ ਕੇ ਲਾਲਗੜ੍ਹ ਚਾਲੇ ਪਾਉਂਦੇ ਹਾਂ। ਸਾਨੂੰ ਨਹੀਂ ਪਤਾ ਕਿ ਮਿਦਨਾਪੁਰ ਜ਼ਿਲ੍ਹੇ ਦੇ ਨੇੜੇ ਲਾਲਗੜ੍ਹ ਇਲਾਕੇ ਦੇ ਆਦਿਵਾਸੀਆਂ ਦੀ ਬਣਾਈ 'ਪੁਲਿਸ ਦਮਨ ਵਿਰੋਧੀ ਕਮੇਟੀ' ਦੀ ਰੈਲੀ ਚੱਲ ਰਹੀ ਹੈ। ਉੱਥੇ ਚੋਣਾਂ ਤੋਂ ਥੋੜ੍ਹਾ ਸਮਾਂ ਪਹਿਲਾਂ ਮਮਤਾ ਬੈਨਰਜੀ ਨੇ ਵੱਡੀ ਰੈਲੀ ਕੀਤੀ ਸੀ। ਅਸੀਂ ਲੋਕਾਂ ਨੂੰ ਤੀਰਾਂ, ਭਾਲਿਆਂ ਆਦਿ ਰਵਾਇਤੀ ਹਥਿਆਰਾਂ ਨਾਲ ਪਹਿਲੀ ਵਾਰ ਵੇਖਦੇ ਹਾਂ। ਦਰਅਸਲ ਇਹੋ ਜਿਹਾ ਭਾਰਤ ਹੀ ਪਹਿਲੀ ਵਾਰ ਅੱਖੀਂ ਵੇਖ ਰਹੇ ਸੀ। ਰੈਲੀ ਨੂੰ ਤ੍ਰਿਣਮੂਲ ਕਾਂਗਰਸ ਆਗੂ ਤੇ ਕਮੇਟੀ ਦੇ ਆਦਿਵਾਸੀ ਆਗੂ ਛਤਰਧਰ ਮਹਿਤੋ ਸੰਬੋਧਨ ਕਰਦੇ ਹਨ। ਉਨ੍ਹਾਂ ਦਿਨਾਂ ਵਿਚ ਉੱਥੇ ਮਾਓਵਾਦੀਆਂ ਦੀ ਚੰਗੀ ਪਹਿਲ ਚਹਿਲ ਸੀ। ਆਦਿਵਾਸੀਆਂ ਦੀ ਰੈਲੀ ਵਿਚ ਮਾਓਵਾਦੀ ਮੌਜੂਦ ਸਨ। ਮੈਨੂੰ ਨਾ ਬੰਗਾਲੀ ਤੇ ਨਾ ਆਦਿਵਾਸੀਆਂ ਦੀ ਸੰਥਾਲੀ ਭਾਸ਼ਾ ਆਉਂਦੀ ਹੈ। ਜਦੋਂ ਆਗੂ ਜ਼ਿਆਦਾ ਭਾਵੁਕ ਹੋ ਕੇ ਅਤੇ ਗੁੱਸੇ ਨਾਲ ਬੋਲਦੇ ਤਾਂ ਮੈਂ ਆਪਣੇ ਬੰਗਾਲੀ ਮਿੱਤਰਾਂ ਨੂੰ ਤਰਜਮਾ ਕਰਨ ਲਈ ਕਹਿੰਦਾ।

ਲਾਲਗੜ੍ਹ ਉਦੋਂ ਆਜ਼ਾਦ ਜ਼ੋਨ ਵਰਗਾ ਇਲਾਕਾ ਬਣ ਚੁੱਕਿਆ ਸੀ। ਮਾਓਵਾਦੀਆਂ ਦੀ ਅਗਵਾਈ ਵਿਚ ਆਦਿਵਾਸੀਆਂ ਦੀ ਵੱਡੀ ਗਿਣਤੀ ਲਾਲਗੜ੍ਹ ਵਿਚ ਪੁਲਿਸ ਨੂੰ ਦਾਖ਼ਲ ਨਹੀਂ ਸੀ ਹੋਣ ਦਿੰਦੀ।ਸਾਡੇ ਨਾਲ ਗੱਲਬਾਤ ਦੌਰਾਨ ਆਦਿਵਾਸੀ ਇਲਜ਼ਾਮ ਲਗਾ ਰਹੇ ਸੀ ਕਿ 'ਪੁਲਿਸ ਹਰ ਆਦਿਵਾਸੀ ਨੂੰ ਮਾਓਵਾਦੀ ਬਣਾ ਕੇ ਦਮਨ ਕਰਦੀ ਹੈ। ਆਦਿਵਾਸੀ ਧੀਆਂ, ਮਾਵਾਂ, ਭੈਣਾਂ ਦੀ ਬੇਪਤੀ ਹੁੰਦੀ ਹੈ। ਅਸੀਂ ਵੀ ਮਾਓਵਾਦੀਆਂ ਨੂੰ ਮਿਲਣ ਦੀ ਇੱਛਾ ਰੱਖਦੇ ਸੀ। ਇਸੇ ਦੌਰਾਨ ਪਹਿਲੀ ਹੀ ਰਾਤ ਦੇ 9 ਵਜੇ ਇਕ ਬੰਦੇ ਦੇ ਜ਼ਰੀਏ ਮਾਓਵਾਦੀ ਕੈਂਪ ਵਿਚ ਜਾਣ ਦੀ ਗੱਲ ਹਈ। ਸਾਨੂੰ ਮਾਓਵਾਦੀਆਂ ਦਾ ਹਮਦਰਦ ਰਾਤ ਦੇ 11-12 ਵਜੇ ਜੰਗਲ ਵਿਚ ਬਣੇ ਮਾਓਵਾਦੀਆਂ ਦੇ ਕੈਂਪ ਵਿਚ ਲੈ ਗਿਆ। ਰਾਤ ਨੂੰ ਜਾਂਦੇ ਸਾਰ ਸਭ ਥੱਕੇ-ਹਾਰੇ ਸੌਂ ਗਏ। ਸਵੇਰੇ 5-6 ਛੇ ਵਜੇ ਜਦੋਂ ਜਾਗ ਖੁੱਲ੍ਹੀ ਤਾਂ ਮੈਂ ਫੌਜੀ ਵਰਦੀਆਂ ਵਾਲੇ ਕੁਝ ਮਾਓਵਾਦੀ ਗੁਰੀਲਿਆਂ ਅਤੇ ਅਤਿ ਆਧੁਨਿਕ ਹਥਿਆਰਾਂ ਵਿਚ ਘਿਰਿਆ ਹੋਇਆ ਸੀ। ਕੁਝ ਮਿੱਤਰਾਂ ਨੇ ਦੱਸਿਆ-'ਆਹ ਜਿਹੜਾ ਗੁਲਾਬੀ ਜਿਹੇ ਗਮਸ਼ੇ ਵਾਲਾ ਬੈਠਾ ਹੈ, ਇਹ ਮਾਓਵਾਦੀਆਂ ਦਾ ਪੋਲਿਟ ਬਿਊਰੋ ਮੈਂਬਰ ਕੁਟੇਸ਼ਵਰ ਰਾਓ ਉਰਫ ਕਿਸ਼ਨਜੀ ਹੈ। ਉਹ ਉਸ ਸਮੇਂ ਰੇਡਿਓ 'ਤੇ ਬੀ.ਬੀ.ਸੀ. ਦੀਆਂ ਖ਼ਬਰਾਂ ਸੁਣ ਰਿਹਾ ਸੀ। ਸਾਡੇ ਨਾਲ ਉਹਦੀ ਰਸਮੀ ਜਿਹੀ ਮੁਲਾਕਾਤ ਹੋਈ। ਸਭ ਨੂੰ ਉਹ ਬੜੇ ਨਿੱਘ ਨਾਲ ਮਿਲਿਆ। ਮੇਰੇ ਨਾਲ ਪੱਤਰਕਾਰੀ ਅਤੇ ਪੰਜਾਬ ਕਰਕੇ ਉਹਦੀ ਖਾਸ ਖਿੱਚ ਸੀ। ਫਿਰ ਉਹਦੇ ਨਾਲ ਗੱਲਾਂਬਾਤਾਂ ਹੋਣ ਲੱਗੀਆਂ। ਸਾਡੇ ਤਿੱਖੇ ਤੋਂ ਤਿੱਖੇ ਸਵਾਲ ਅਤੇ ਉਹਦੇ ਕਿਸੇ ਸੁਲਝੇ ਹੋਏ ਬੰਦੇ ਜਿਹੇ ਜਵਾਬ। ਉਹਨੂੰ ਤੇਲਗੂ, ਅੰਗਰੇਜ਼ੀ, ਹਿੰਦੀ, ਬੰਗਾਲੀ, ਸੰਥਾਲੀ ਤੇ ਝਾਰਖੰਡ, ਛੱਤੀਸਗੜ੍ਹ ਦੀਆਂ ਕਈਆਂ ਭਾਸ਼ਾਵਾਂ ਆਉਂਦੀਆਂ ਸਨ। ਮੈਂ ਪੱਤਰਕਾਰਾਂ ਵਾਂਗੂੰ ਪੁੱਛਿਆ-'ਕਿਤੇ ਇਹ ਕ੍ਰਾਂਤੀ ਸਿਰਫ ਹਥਿਆਰਾਂ ਦਾ ਰੋਮਾਂਸ ਤਾਂ ਨਹੀਂ।' ਉਹ ਕਹਿੰਦਾ-'ਹਥਿਆਰ ਸਾਨੂੰ ਕੰਟਰੋਲ ਨਹੀਂ ਕਰਦੇ, ਅਸੀਂ ਹਥਿਆਰਾਂ ਨੂੰ ਕੰਟਰੋਲ ਕਰਦੇ ਹਾਂ।' ਮੈਂ ਪੁੱਛਿਆ-'ਹਰ ਕੰਮ ਲਈ ਹਿੰਸਾ ਕਿੰਨੀ ਕੁ ਜਾਇਜ਼ ਹੈ।' ਉਹ ਕਹਿੰਦਾ-'ਸਾਡੀ ਹਿੰਸਾ ਅਰਾਜਕਤਾ ਨਹੀਂ, ਸਿਆਸੀ-ਜਮਾਤੀ ਹਿੰਸਾ ਹੈ। ਇਹ ਸਿਆਸੀ

*(ਬਾਕੀ ਅਗਲੇ ਸਫੇ 'ਤੇ)*

# ਡੈਟ ਕਨਸਾਲੀਡੇਸ਼ਨ ਨਾਲ ਕਰਜੇ ਦਾ ਭੁਗਤਾਨ

## ਵਿਤੀ ਮਾਮਲੇ

ਡੈਟ ਕਨਸਾਲੀਡੇਸ਼ਨ ਇਕ ਅਜਿਹਾ ਸ਼ਬਦ ਹੈ ਜੋ ਖਪਤਕਾਰ ਨੂੰ ਕਰਜੇ ਤੋਂ ਜਲਦ ਤੋਂ ਜਲਦ ਮੁਕਤ ਕਰਵਾਉਣ ਵਾਲੇ ਵਖ ਵਖ ਤਰੀਕਿਆਂ ਦੀ ਵਿਆਖਿਆ ਕਰਨ ਲਈ ਵਰਤਿਆ ਜਾਂਦਾ ਹੈ। ਇਸ ਦਾ ਮਤਲਬ ਡੈਟ ਕਨਸਾਲੀਡੇਸ਼ਨ ਲੋਨ ਨਾਲ ਨਹੀਂ ਲੈਣਾ ਚਾਹੀਦਾ, ਜੋ ਕਿ ਕਾਫੀ ਅਲੱਗ ਹੈ।

ਡੈਟ ਕਨਸਾਲੀਡੇਸ਼ਨ ਕੀ ਹੈ? ਵੱਖ-ਵੱਖ ਬਿਲਾਂ ਜਾਂ ਭੁਗਤਾਨਾਂ ਨੂੰ ਕਿਸੇ ਡੈਟ ਕਨਸਾਲੀਡੇਸ਼ਨ ਪ੍ਰੋਵਾਈਡਰ ਵੱਲੋਂ ਉਪਲਬਧ ਕਰਾਈ ਜਾਂਦੀ ਡੈਟ

**ਸੁਰਿੰਦਰ ਸਿੰਘ, ਡੈਟ ਸਪੈਸ਼ਲਿਸਟ**

ਰੀਪੇਮੈਂਟ ਯੋਜਨਾ ਨਾਲ ਇਕਮੁਸ਼ਤ ਭੁਗਤਾਨ ਵਿਚ ਕਨਸਾਲੀਡੇਟ ਕਰਨ ਦੀ ਪ੍ਰਕਿਰਿਆ ਨੂੰ ਡੈਟ ਕਨਸਾਲੀਡੇਸ਼ਨ ਕਿਹਾ ਜਾਂਦਾ ਹੈ। ਦੋ ਤਰ੍ਹਾਂ ਦੇ ਡੈਟ ਕਨਸਾਲੀਡੇਸ਼ਨ ਪਲੈਨ ਹਨ: ਡੈਟ ਮੈਨੇਜਮੈਂਟ ਪਲੈਨ (ਡੀ.ਐਮ.ਪੀ.) ਅਤੇ ਡੈਟ ਸੈਟਲਮੈਂਟ ਪਲੈਨ (ਡੀ.ਐਸ.ਪੀ.)।

ਕਿਸੇ ਵੀ ਤਰ੍ਹਾਂ ਦੇ ਡੈਟ ਕਨਸਾਲੀਡੇਸ਼ਨ ਪਲੈਨ ਨੂੰ ਅਪਨਾਉਣ ਦੇ ਕਈ ਫਾਇਦੇ ਹਨ: ਤੁਸੀਂ ਆਪਣਾ ਮੌਜੂਦਾ ਕਰਜਾ ਲਾਹੁਣ ਲਈ ਹੋਰ ਪੈਸੇ ਉਧਾਰ ਨਹੀਂ ਮੰਗ ਰਹੇ। ਤੁਸੀਂ ਆਪਣੇ ਅਸੁਰੱਖਿਅਤ ਕਰਜਿਆਂ ਨੂੰ ਇੱਕੋ ਮਾਸਿਕ ਭੁਗਤਾਨ ਵਿਚ ਇਕੱਠਾ ਕਰਕੇ ਆਪਣੇ ਡੈਟ ਰਿਲੀਫ ਪ੍ਰੋਵਾਈਡਰ ਨੂੰ ਦੇ ਸਕਦੇ ਹੋ। ਤੁਹਾਡਾ ਮਾਸਿਕ ਭੁਗਤਾਨ ਕਾਫੀ ਘੱਟ ਹੋਵੇਗਾ। ਡੈਟ ਕਨਸਾਲੀਡੇਸ਼ਨ ਪ੍ਰੋਗਰਾਮ ਨਾਲ ਤੁਸੀਂ ਆਪਣੇ ਕ੍ਰੈਡਿਟ ਕਾਰਡ ਜਾਂ ਸਟੋਰ ਕਾਰਡਾਂ ਦੀ ਵਰਤੋਂ ਨਹੀਂ ਕਰ ਸਕਦੇ, ਇਸ ਲਈ ਪ੍ਰੋਗਰਾਮ ਦੌਰਾਨ ਤੁਹਾਡੇ ਉਤੇ ਕੋਈ ਫਾਲਤੂ ਕਰਜਾ ਨਹੀਂ ਚੜ੍ਹੇਗਾ।

**ਇਹ ਕਿਸ ਤਰ੍ਹਾਂ ਕੰਮ ਕਰਦਾ ਹੈ?** ਡੈਟ ਕਨਸਾਲੀਡੇਸ਼ਨ ਵਿਚ ਤੁਸੀਂ ਕੋਈ ਪੈਸਾ ਉਧਾਰ ਨਹੀਂ ਲੈਂਦੇ। ਇਸ ਦੀ ਬਜਾਏ ਤੁਹਾਡੇ ਸਾਰੇ ਅਸੁਰੱਖਿਅਤ ਕਰਜੇ ਇੱਕੋ ਮਾਸਿਕ ਭੁਗਤਾਨ ਵਿਚ ਕਨਸਾਲੀਡੇਟ ਕਰ ਦਿੱਤੇ ਜਾਂਦੇ ਹਨ, ਜਿਹੜੇ ਕਿ ਤੁਹਾਡਾ ਡੈਟ ਰਿਲੀਫ ਪ੍ਰੋਵਾਈਡਰ ਤੁਹਾਡੇ ਵੱਲੋਂ ਅਪਣਾਏ ਜਾਂਦੇ ਡੈਟ ਕਨਸਾਲੀਡੇਸ਼ਨ ਪ੍ਰੋਗਰਾਮ ਦੇ ਅਧਾਰ 'ਤੇ ਤੁਹਾਡੇ ਕ੍ਰੈਡਿਟਰ ਨੂੰ ਵਾਪਸ ਕਰ ਦਿੰਦਾ ਹੈ।

**ਕੇਵਲ ਵਨ ਤੋਂ ਡੈਟ ਕਨਸਾਲੀਡੇਸ਼ਨ ਕਰਵਾਉਣ ਵਾਸਤੇ ਸ਼ਰਤਾਂ:** ਤੁਹਾਡੇ ਉਤੇ $2,500 ਜਾਂ ਇਸ ਤੋਂ ਵੱਧ ਦਾ ਕਰਜਾ ਹੋਣਾ ਚਾਹੀਦਾ ਹੈ। ਤੁਸੀਂ ਘੱਟੋ-ਘੱਟ ਦੋ ਕ੍ਰੈਡਿਟਰਾਂ ਦੇ ਪੈਸੇ ਵਾਪਸ ਕਰਨੇ ਹੋਣ। ਤੁਹਾਡੇ ਕੋਲ ਆਮਦਨੀ ਦਾ ਇੱਕ ਜ਼ਰੀਆ ਹੋਵੇ।

**ਡੈਟ ਕਨਸਾਲੀਡੇਸ਼ਨ ਲੋਨ:** ਡੈਟ ਕਨਸਾਲੀਡੇਸ਼ਨ ਲੋਨ ਅਜਿਹਾ ਕਰਜਾ ਹੈ ਜੋ ਤੁਹਾਡੇ ਮੌਜੂਦਾ ਕਰਜਿਆਂ ਨੂੰ ਚੁਕਾਉਣ ਲਈ ਕਿਸੇ ਲੈਂਡਰ ਤੋਂ ਲਿਆ ਜਾਂਦਾ ਹੈ। ਡੈਟ ਕਨਸਾਲੀਡੇਸ਼ਨ ਲੋਨ ਨਾਲ ਤੁਹਾਡੇ ਸਾਰੇ ਕਰਜੇ ਇੱਕ ਮਾਸਿਕ ਅਦਾਇਗੀ ਵਿਚ ਕਨਸਾਲੀਡੇਟ ਕਰ ਦਿੱਤੇ ਜਾਂਦੇ ਹਨ, ਜੋ ਕਿ ਉਸ ਨਵੇਂ ਲੈਂਡਰ ਨੂੰ ਦੇ ਦਿੱਤੀ ਜਾਂਦੀ ਹੈ।


**ਫਾਇਦੇ:** ਤੁਸੀਂ ਆਪਣੇ ਲੈਂਡਰ ਨੂੰ ਸਿਰਫ ਇੱਕ ਮਾਸਿਕ ਭੁਗਤਾਨ ਕਰਨਾ ਹੁੰਦਾ ਹੈ। ਇਹ ਮਾਸਿਕ ਭੁਗਤਾਨ ਕਾਫੀ ਘੱਟ ਹੁੰਦਾ ਹੈ ਜਿਸਦਾ ਮਤਲਬ ਹੈ ਘੱਟ ਸਮੇਂ 'ਚ ਜ਼ਿਆਦਾ ਪੈਸਾ ਆਉਣਾ। ਇਸ ਲੋਨ ਦੀ ਵਿਆਜ ਦਰ ਤੁਹਾਡੀਆਂ ਮੌਜੂਦਾ ਵਿਆਜ ਦਰਾਂ ਨਾਲੋਂ ਕਾਫੀ ਘੱਟ ਹੋਵੇਗੀ।

**ਇਹ ਕਿਸ ਤਰ੍ਹਾਂ ਕੰਮ ਕਰਦਾ ਹੈ:** ਡੈਟ ਕਨਸਾਲੀਡੇਸ਼ਨ ਦਾ ਮਕਸਦ ਹੈ, ਇੱਕ ਲੋਨ ਦੀ ਵਰਤੋਂ ਨਾਲ ਤੁਹਾਡੇ ਬਕਾਇਆ ਬਿਲਾਂ ਅਤੇ ਕਰਜਿਆਂ ਦਾ ਭੁਗਤਾਨ ਅਤੇ ਤੁਹਾਡੀਆਂ ਕੁੱਲ ਵਿਆਜ ਦਰਾਂ ਨੂੰ ਘਟਾ ਕੇ ਤੁਹਾਡੇ ਮਾਸਿਕ ਭੁਗਤਾਨਾਂ ਵਿਚ ਕਟੌਤੀ ਅਤੇ ਲੰਬੇ ਸਮੇਂ ਲਈ ਤੁਹਾਡੇ ਕਰਜੇ ਨੂੰ ਚੁਕਾਉਣਾ।

**ਡੈਟ ਕਨਸਾਲੀਡੇਸ਼ਨ ਲੋਨ ਦੀਆਂ ਯੋਗਤਾਂ ਸ਼ਰਤਾਂ:** ਤੁਹਾਡੇ ਘਰ ਵਿਚ ਇੰਨੀ ਕੁ ਇਕੁਇਟੀ ਹੋਵੇ ਤਾਂ ਜੋ ਤੁਸੀਂ ਇਸ ਨੂੰ ਸਿਕਿਉਰਿਟੀ ਜਾਂ ਕੋਲੈਟਰਲ ਦੇ ਤੌਰ 'ਤੇ ਇਸਤੇਮਾਲ ਕਰ ਸਕੋ (ਇੱਕ ਘਰ ਤੋਂ ਬਗੈਰ ਵੀ ਤੁਸੀਂ ਆਪਣੇ ਕਰਜੇ ਕਨਸਾਲੀਡੇਟ ਕਰਵਾ ਸਕਦੇ ਹੋ ਪਰ ਕਨਸਾਲੀਡੇਟ ਕਰਵਾ ਸਕਨ ਯੋਗ ਰਕਮ ਬਹੁਤ ਘੱਟ ਹੋਵੇਗੀ)। ਆਪਣੇ ਭੁਗਤਾਨਾਂ ਦੀ ਹਿਸਟਰੀ ਦਿਖਾ ਕੇ ਸਾਬਿਤ ਕਰਨਾ ਪਵੇਗਾ ਕਿ ਤੁਸੀਂ ਆਪਣੇ ਸਾਰੇ ਕਰਜੇ ਸਮੇਂ ਸਿਰ ਭੁਗਤਾ ਰਹੇ ਹੋ। ਇੱਕ ਹੀ ਜਗ੍ਹਾ 'ਤੇ ਲਗਾਤਾਰ ਦੋ ਸਾਲ ਤੱਕ ਰਹਿ ਕੇ ਸਥਿਰਤਾ ਦਿਖਾਉਣੀ ਪਵੇਗੀ। ਆਮਦਨੀ ਦਾ ਇੱਕ ਜ਼ਰੀਆ ਹੋਣਾ ਚਾਹੀਦਾ ਹੈ।

**ਡੈਟ ਕਨਸਾਲੀਡੇਸ਼ਨ ਕਰਕੇ ਕਰਜਾ ਚੁਕਾਉਣਾ:** ਕਰਜੇ ਲੈ ਕੇ ਜੀਣਾ ਕੋਈ ਆਸਾਨ ਕੰਮ ਨਹੀਂ ਹੈ। ਤੁਹਾਨੂੰ ਹਮੇਸ਼ਾ ਭੁਗਤਾਨਾਂ ਦੇ ਚੈਕ ਦੇਣ ਅਤੇ ਮਾਸਿਕ ਬਿਲਾਂ ਅਤੇ ਗੁਜ਼ਾਰਾ ਖਰਚੇ ਪੂਰੇ ਕਰਨ ਦੀ ਫਿਕਰ ਲੱਗੀ ਰਹਿੰਦੀ ਹੈ। ਜਦ ਕਿ ਸਾਡੇ ਵਿਚੋਂ ਜ਼ਿਆਦਾਤਰ ਆਤਮ ਨਿਰਭਰ ਹੋਣ 'ਤੇ ਫਖਰ ਮਹਿਸੂਸ ਕਰਦੇ ਹਨ, ਇਸ ਗੱਲ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਅਸੀਂ ਕਦੇ-ਕਦੇ ਆਪਣੀ ਹੈਸੀਅਤ ਤੋਂ ਵੱਧ ਖਰਚਾ ਕਰਦੇ ਹਾਂ। ਭਾਵੇਂ ਇਹ ਹੰਗਾਮੀ ਸਥਿਤੀ ਲਈ ਪੈਸੇ ਦੀ ਲੋੜ ਹੋਵੇ, ਨੌਕਰੀ ਚਲੇ ਜਾਣ 'ਤੇ ਖਰਚੇ ਪੂਰੇ ਕਰਨ ਜਾਂ ਵੈਸੇ ਹੀ ਬਦਕਿਸਮਤੀ ਕਰਕੇ ਹੋਵੇ। ਕਰਜੇ ਨਾਲ ਨਿਪਟਣਾ ਕਾਫੀ ਲੋਕਾਂ ਲਈ ਇੱਕ ਬਹੁਤ ਵੱਡਾ ਬੋਝ ਹੈ। ਪਰ ਤੁਹਾਨੂੰ ਕਰਜੇ ਨਾਲ ਨਹੀਂ ਜੀਣਾ ਪਵੇਗਾ। ਇਸ ਦਾ ਹੱਲ ਹੈ ਅਤੇ ਇਸ ਦੀ ਸ਼ੁਰੂਆਤ ਤੁਹਾਡੇ ਇਸ ਸਥਿਤੀ ਨੂੰ ਸਵੀਕਾਰ ਨਾ ਕਰਨ ਦੇ ਫੈਸਲੇ ਨਾਲ ਹੁੰਦੀ ਹੈ। ਡੈਟ ਕਨਸਾਲੀਡੇਸ਼ਨ ਦੀਆਂ ਕਈ ਚੋਣਾਂ ਹਨ। ਇਨ੍ਹਾਂ ਵਿਚੋਂ ਕਿਹੜੀ ਚੋਣ ਸਭ ਤੋਂ ਵਧੀਆ ਹੈ? ਇਹ ਫੈਸਲਾ ਤੁਸੀਂ ਆਪ ਕਰਨਾ ਹੈ।

**ਡੈਟ ਕਨਸਾਲੀਡੇਸ਼ਨ ਲੋਨ ਦੀ ਵਰਤੋਂ:** ਇਹ ਲੋਨ ਮੁੜ ਆਪਣੇ ਪੈਰਾਂ ਉਤੇ ਖੜ੍ਹੇ ਹੋਣ ਲਈ ਇੱਕ ਠੋਸ ਵਿਕਲਪ ਹੈ। ਇਹ ਤੁਹਾਡੇ ਸਾਰੇ ਕਰਜਿਆਂ ਨੂੰ ਇੱਕ ਵੱਡੀ ਰਕਮ ਵਿਚ ਇੱਕਠਾ ਕਰਕੇ ਕੰਮ ਕਰਦੇ ਹਨ। ਇਸ ਦਾ ਮਤਲਬ ਹੈ ਕਿ ਤੁਹਾਡੇ ਸਾਰੇ ਕ੍ਰੈਡਿਟ ਕਾਰਡ ਅਤੇ ਬੈਂਕਾਂ ਦੇ ਖਰਚੇ ਮਿਲ ਕੇ ਇੱਕ ਲੋਨ ਵਿਚ ਤਬਦੀਲ ਹੋ ਜਾਣਗੇ। ਇਸ ਨਾਲ ਤੁਸੀਂ ਆਪਣੇ ਕਰਜੇ ਦਾ




ਸਿਰਫ ਇੱਕ ਮਾਸਿਕ ਭੁਗਤਾਨ ਕਰੋਗੇ ਅਤੇ ਕਈ ਭੁਗਤਾਨਾਂ ਨੂੰ ਸੰਭਾਲਣ ਦੇ ਝਮੇਲੇ ਤੋਂ ਬਚ ਜਾਓਗੇ। ਨਾਲ ਹੀ ਮਾਸਿਕ ਭੁਗਤਾਨ ਅਤੇ ਵਿਆਜ ਦਰਾਂ ਵੀ ਘਟ ਜਾਣਗੀਆਂ। ਇਸ ਨਾਲ ਤੁਹਾਡੇ ਭੁਗਤਾਨ ਦਾ ਵਧੇਰੇ ਹਿੱਸਾ ਬਕਾਇਆ ਰਕਮ ਦੀ ਅਦਾਇਗੀ ਵੱਲ ਜਾ ਸਕਦਾ ਹੈ। ਨਾਲ ਹੀ ਖਰਚਣਯੋਗ ਆਮਦਨ ਵੀ ਵਧ ਜਾਵੇਗੀ ਅਤੇ ਤੁਹਾਨੂੰ ਆਪਣੇ ਹੋਰ ਬਿਲਾਂ ਅਤੇ ਖਰਚਿਆਂ ਦਾ ਭੁਗਤਾਨ ਕਰਨਾ ਸੁਖਾਲਾ ਹੋ ਜਾਵੇਗਾ। ਇਸ ਦੇ ਫਾਇਦੇ ਇਸ ਤਰ੍ਹਾਂ ਹਨ: ਇੱਕਮੁਸ਼ਤ ਮਾਸਿਕ ਭੁਗਤਾਨ, ਘੱਟ ਵਿਆਜ ਦਰਾਂ, ਖਰਚਣਯੋਗ ਆਮਦਨ ਵਿਚ ਵਾਧਾ, ਡੈਟ ਕਨਸਾਲੀਡੇਸ਼ਨ ਤੁਹਾਨੂੰ ਆਪਣੇ ਹੋਰਨਾਂ ਬਿਲਾਂ ਅਤੇ ਖਰਚਿਆਂ ਦਾ ਭੁਗਤਾਨ ਕਰਨ ਦੇ ਕਾਬਲ ਬਣਾਉਂਦਾ ਹੈ।

**ਬਕਾਇਆ ਟ੍ਰਾਂਸਫਰ ਕਰਕੇ ਕਰਜਾ ਕਨਸਾਲੀਡੇਟ ਕਰਨਾ:** ਇੱਕ ਹੋਰ ਤਰੀਕਾ ਹੈ ਇੱਕ ਘੱਟ ਵਿਆਜ ਦਰ ਵਾਲੇ ਕ੍ਰੈਡਿਟ ਕਾਰਡ ਤੋਂ ਆਪਣੀ ਬਕਾਇਆ ਰਕਮ ਕਿਸੇ ਦੂਜੇ ਕ੍ਰੈਡਿਟ ਕਾਰਡ ਵਿਚ ਭੇਜ ਕੇ ਕਰਜੇ ਨੂੰ ਆਪਣੇ ਆਪ ਕਨਸਾਲੀਡੇਟ ਕਰਨਾ ਪਰ ਇਸ ਵਿਚ ਬਹੁਤ ਸਮਾਂ ਲੱਗਦਾ ਹੈ ਅਤੇ ਇਸ ਨੂੰ ਸੰਭਾਲਣਾ ਬਹੁਤ ਔਖਾ ਹੈ। ਇਹ ਤਰੀਕਾ ਬੇਕਾਰ ਵੀ ਜਾ ਸਕਦਾ ਹੈ ਕਿਉਂਕਿ ਜ਼ਿਆਦਾਤਰ ਕ੍ਰੈਡਿਟ ਕਾਰਡ ਕੰਪਨੀਆਂ ਘੱਟ ਵਿਆਜ ਦਰਾਂ ਸਿਰਫ ਥੋੜ੍ਹੇ ਸਮੇਂ ਲਈ ਹੀ ਦਿੰਦੀਆਂ ਹਨ। ਇਸ ਸਮੇਂ ਦੇ ਖਤਮ ਹੋ ਜਾਣ 'ਤੇ ਕ੍ਰੈਡਿਟ ਕਾਰਡ ਵਿਆਜ ਦਰਾਂ ਅਸਮਾਨ ਛੂਹਣ ਲੱਗ ਪੈਂਦੀਆਂ ਹਨ, ਜਿਸ ਨਾਲ ਥੋੜ੍ਹੇ ਸਮੇਂ ਦਾ ਮੁਨਾਫਾ ਲੰਬੇ ਸਮੇਂ ਲਈ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ। ਕੁੱਝ ਲੋਕ ਇਸ ਤਰੀਕੇ ਨਾਲ ਆਪਣਾ ਕੰਮ ਕੱਢ ਲੈਂਦੇ ਹਨ ਪਰ ਇਹ ਬਹੁਤਾ ਉਨ੍ਹਾਂ ਮਾਮਲਿਆਂ ਵਿਚ ਕਾਮਯਾਬ ਹੈ ਜਿੱਥੇ ਕਈ ਕ੍ਰੈਡਿਟ ਕਾਰਡਾਂ ਉਤੇ ਤੁਹਾਡੀਆਂ ਕਈ ਛੋਟੀਆਂ ਛੋਟੀਆਂ ਰਕਮਾਂ ਬਕਾਇਆ ਹਨ। ਇਸ ਦੇ ਨਾਲ ਹੀ, ਇੱਕ ਕ੍ਰੈਡਿਟ ਕਾਰਡ ਤੋਂ ਦੂਜੇ ਵਿਚ ਪੈਸੇ ਭੇਜਣ ਨਾਲ ਤੁਹਾਡਾ ਕੁੱਲ ਕਰਜਾ ਨਹੀਂ ਘਟੇਗਾ।

**ਡੈਟ ਸੈਟਲਮੈਂਟ ਪ੍ਰੋਗਰਾਮ ਦੀ ਵਰਤੋਂ:** ਕੁੱਝ ਲੋਕਾਂ ਨੂੰ ਕਰਜੇ ਦੇ ਖਾਤਮੇ ਦੀ ਪ੍ਰਕ੍ਰਿਆ ਬਹੁਤ ਤਣਾਅ ਦੇਣ ਵਾਲੀ ਲਗਦੀ ਹੈ। ਆਪਣੀਆਂ ਪ੍ਰੇਸ਼ਾਨੀਆਂ ਖਤਮ ਕਰਨ ਲਈ ਕਈ ਕਿਸੇ ਡੈਟ ਕਨਸਾਲੀਡੇਸ਼ਨ ਕੰਪਨੀ ਜਾਂ ਡੈਟ ਕਨਸਾਲੀਡੇਸ਼ਨ ਪ੍ਰੋਗਰਾਮ ਦੀ ਚੋਣ ਕਰਦੇ ਹਨ। ਡੈਟ ਕਨਸਾਲੀਡੇਸ਼ਨ ਨੂੰ ਬੈਂਕਰਪਸੀ ਤੋਂ ਪਹਿਲਾਂ ਦੇ ਆਖਰੀ ਵਿਕਲਪ ਦੇ ਤੌਰ 'ਤੇ ਦੇਖਿਆ ਜਾਂਦਾ ਹੈ ਕਿਉਂਕਿ ਇਸ ਪ੍ਰੋਗਰਾਮ ਨੂੰ ਕਾਮਯਾਬ ਬਣਾਉਣ ਲਈ ਤੁਹਾਨੂੰ ਪਿਛਲੀ ਬਕਾਇਆ ਰਕਮ ਛੱਡਣੀ ਪਵੇਗੀ। ਇਸ ਤਰ੍ਹਾਂ ਇਹ ਤੁਹਾਨੂੰ ਤੁਹਾਡੇ ਕਰਜੇ ਦੀ ਰਕਮ ਤੋਂ ਕਾਫੀ ਘੱਟ ਭੁਗਤਾਨ ਕਰਕੇ ਕਰਜੇ 'ਚੋਂ ਬਾਹਰ ਕੱਢ ਦਿੰਦਾ ਹੈ। ਜੇ ਤੁਸੀਂ ਕਰਜੇ ਪ੍ਰਤੀ ਫਿਕਰਮੰਦ ਹੋ ਤਾਂ ਇਹ ਤੁਹਾਡੇ ਲਈ ਸਭ ਤੋਂ ਵਧੀਆ ਚੋਣ ਹੈ।

**ਹੋਮ ਇਕੁਇਟੀ ਲਾਈਨ ਅਤੇ ਹੋਮ ਇਕੁਇਟੀ ਲੋਨ:** ਇੱਕ ਹੋਰ ਪ੍ਰਚਲਿਤ ਵਿਕਲਪ ਹੈ ਤੁਹਾਡੇ ਘਰ ਵਿਚ ਮੌਜੂਦ ਚਲ ਸੰਪਤੀ ਦੇ ਆਧਾਰ 'ਤੇ ਉਧਾਰ ਲੈਣਾ। ਹੋਮ ਇਕੁਇਟੀ ਲਾਈਨ ਆਫ ਕ੍ਰੈਡਿਟ ਜਾਂ ਹੋਮ ਇਕੁਇਟੀ ਲੋਨ ਤੁਹਾਨੂੰ ਘਰ ਵਿਚ ਮੌਜੂਦ ਜਾਇਦਾਦ ਦੀ ਵਰਤੋਂ ਕਰਕੇ ਤੁਹਾਡੇ ਬਕਾਏ ਦਾ ਭੁਗਤਾਨ ਕਰਨ ਵਿਚ ਮਦਦ ਕਰਦਾ ਹੈ। ਕੁੱਝ ਲੋਕ ਇਨ੍ਹਾਂ ਸਾਧਨਾਂ ਨੂੰ "ਸੈਕਿੰਡ ਮਾਰਗੇਜ" ਵੀ ਕਹਿੰਦੇ ਹਨ ਪਰ ਇਨ੍ਹਾਂ ਦੋਵੇਂ ਚੋਣਾਂ ਵਿਚ ਕਾਫੀ ਫਰਕ ਹੈ। ਹੋਮ ਇਕੁਇਟੀ ਲੋਨ ਕਿਸੇ ਵੀ ਹੋਰ ਲੋਨ ਦੀ ਤਰ੍ਹਾਂ ਹੀ ਹੈ ਅਤੇ ਇਸ ਦੀਆਂ ਸ਼ਰਤਾਂ ਕਰਜੇ ਦੀ ਪੂਰੀ ਰਕਮ ਵਾਪਸ ਕਰਨ ਤੱਕ ਇੱਕ ਮਿਥੀ ਹੋਈ ਰਕਮ ਦੀ ਅਦਾਇਗੀ ਕਰਨ 'ਤੇ ਆਧਾਰਤ ਹਨ। ਹੋਮ ਇਕੁਇਟੀ ਲਾਈਨ ਆਫ ਕ੍ਰੈਡਿਟ ਕਿਸੇ ਵੀ ਹੋਰ ਕ੍ਰੈਡਿਟ ਲਾਈਨ ਵਾਂਗ ਹੀ ਕੰਮ ਕਰਦੀ ਹੈ। ਇਸ ਨੂੰ ਇੱਕ ਖੁੱਲ੍ਹੇ ਸਿਰੇ ਵਾਲੇ ਵਿਕਲਪ ਦੇ ਤੌਰ 'ਤੇ ਦੇਖਿਆ ਜਾਂਦਾ ਹੈ ਕਿਉਂਕਿ ਇਸ ਵਿਚ ਕਰਜ ਦੀ ਰਕਮ ਨੂੰ ਘੱਟ ਕਰਨ ਵਿਚ ਤੁਹਾਡਾ ਆਪਣਾ ਅਨੁਸ਼ਾਸਨ ਕੰਮ ਕਰਦਾ ਹੈ। ਇਕੁਇਟੀ ਲਾਈਨ ਆਫ ਕ੍ਰੈਡਿਟ ਦੀ ਸਮੱਸਿਆ ਇਹ ਹੈ ਕਿ ਲੋਕ ਇਸ ਦੀ ਕਦੇ ਕਦੇ ਹੀ ਚੰਗੀ ਤਰ੍ਹਾਂ ਸੰਭਾਲ ਕਰ ਸਕਦੇ ਹਨ। ਭੁਗਤਾਨ ਕਰਨ ਦੀ ਬਜਾਏ ਉਹ ਬਕਾਇਆ ਰਕਮ ਨੂੰ ਇੰਜ ਹੀ ਪਈ ਰਹਿਣ ਦਿੰਦੇ ਹਨ। ਇਸ ਦੇ ਨਾਲ ਕ੍ਰੈਡਿਟਰ ਨੂੰ ਤੁਹਾਡੀ ਬਕਾਇਆ ਰਕਮ ਉਤੇ ਵਿਆਜ ਵਧਾਉਂਦੇ ਰਹਿਣ ਦਾ ਮੌਕਾ ਮਿਲ ਜਾਂਦਾ ਹੈ।

**ਬੱਚਤਾਂ ਤੇ ਰਿਟਾਇਰਮੈਂਟ ਦਾ ਪੈਸਾ:** ਜੇ ਤੁਹਾਡੇ ਕੋਲ ਕੁੱਝ ਪੈਸਾ ਹੈ ਜਿਸ ਨੂੰ ਤੁਸੀਂ ਆਪਣੇ ਕਰਜਾ ਚੁਕਾਉਣ ਲਈ ਵਰਤ ਸਕਦੇ ਹੋ ਤਾਂ ਇਹ ਇੱਕ ਚੰਗਾ ਵਿਚਾਰ ਹੈ ਅਤੇ ਤੁਹਾਨੂੰ ਇਹੀ ਕਰਨਾ ਚਾਹੀਦਾ ਹੈ। ਇਹ ਨਾ ਸੋਚੋ ਕਿ ਇਸ ਨਾਲ ਤੁਸੀਂ ਪੈਸਾ ਖੋ ਦਿਓਗੇ। ਹੁਣ ਜਦੋਂ ਕਿ ਕ੍ਰੈਡਿਟ ਕਾਰਡਾਂ ਦੀਆਂ ਵਿਆਜ ਦਰਾਂ 20-30% ਤੱਕ ਹਨ, ਤੁਹਾਨੂੰ ਅਜਿਹਾ ਮੌਕਾ ਮਿਲਣਾ ਬਹੁਤ ਔਖਾ ਹੈ ਜਿਸ ਵਿਚ ਐਨੇ ਚੰਗੇ ਨਤੀਜੇ ਮਿਲ ਸਕਨ। ਤੁਹਾਡੇ ਬੱਚਤ ਖਾਤੇ 'ਤੇ ਮਿਲਣ ਵਾਲੀ 1.5 ਜਾਂ 2% ਵਿਆਜ ਦਰ ਕਰਜੇ ਦੀਆਂ ਦਰਾਂ ਦੇ ਮੁਕਾਬਲੇ ਕੁੱਝ ਵੀ ਨਹੀਂ ਹੈ। ਜੇ ਤੁਸੀਂ ਆਪਣੀ ਰਿਟਾਇਰਮੈਂਟ ਦਾ ਪੈਸਾ ਕਢਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਪੈਸੇ ਪਹਿਲਾਂ ਕਢਵਾਉਣ ਕਰਕੇ ਬਣਦੇ ਟੈਕਸ ਬਾਰੇ ਪਤਾ ਹੋਣਾ ਚਾਹੀਦਾ ਹੈ। ਭਾਵੇਂ ਇਹ ਆਰ.ਆਰ.ਐਸ.ਪੀ ਜਾਂ 401ਕੇ ਜਾਂ ਫੇਰ ਤੁਹਾਡਾ ਪਰਸਨਲ ਪੈਨਸ਼ਨ ਪਲੈਨ ਹੋਵੇ, ਜਲਦੀ ਪੈਸੇ ਕਢਵਾਉਣ ਉਤੇ ਤੁਹਾਨੂੰ ਫੀਸ ਜ਼ਰੂਰ ਦੇਣੀ ਪਵੇਗੀ। ਇਸ ਲਈ ਇਸ ਚੋਣ ਬਾਰੇ ਸੋਚਣ ਤੋਂ ਪਹਿਲਾਂ ਇਸ ਫੀਸ ਦਾ ਹਿਸਾਬ ਰੱਖਣਾ ਨਾ ਭੁੱਲੋ।

ਬਦਕਿਸਮਤੀ ਨਾਲ ਬਿਨਾਂ ਸੋਚੇ ਸਮਝੇ ਕੀਤੇ ਗਏ ਇਨ੍ਹਾਂ ਸਾਰੇ ਖਰਚਿਆਂ ਲਈ ਸਾਨੂੰ ਇੱਕ ਕੀਮਤ ਅਦਾ ਕਰਨੀ ਪੈਂਦੀ ਹੈ। ਇਸੇ ਤਰ੍ਹਾਂ ਬਹੁਤ ਸਾਰੇ ਕ੍ਰੈਡਿਟ ਕਾਰਡ ਕੈਸ਼ ਐਡਵਾਂਸ ਲੈਣ 'ਤੇ ਵੀ ਇੱਕ ਕੀਮਤ ਦੇਣੀ ਪੈਂਦੀ ਹੈ। ਹਾਲਾਂਕਿ ਸਾਡੇ ਵਿਚੋਂ ਜ਼ਿਆਦਾਤਰ ਜ਼ਰੂਰੀ ਤੌਰ 'ਤੇ ਕ੍ਰੈਡਿਟ ਉਤੇ ਨਹੀਂ ਜੀਂਦੇ, ਫੇਰ ਵੀ ਕਈ ਹਾਲਤਾਂ ਵਿਚ ਸਾਨੂੰ ਵੱਡੀ ਰਕਮ ਉਧਾਰ ਲੈਣ 'ਤੇ ਮਜਬੂਰ ਹੋਣਾ ਪੈਂਦਾ ਹੈ। ਕਈ ਵਾਰ ਇਹ ਸਾਡੀ ਆਪਣੀ ਵਜ੍ਹਾ ਕਰਕੇ ਹੁੰਦਾ ਹੈ ਪਰ ਹੋਰ ਸਮਿਆਂ 'ਤੇ ਇਸ ਵਿਚ ਸਾਡੀ ਕੋਈ ਗਲਤੀ ਨਹੀਂ ਹੁੰਦੀ। ਜਦੋਂ ਵੀ ਤੁਸੀਂ ਆਪਣੇ ਆਪ ਨੂੰ ਭਾਰੀ ਕਰਜੇ ਵਿਚ ਘਿਰਿਆ ਹੋਇਆ ਦੇਖੋ, ਤਾਂ ਆਪਣੇ ਸਾਰੇ ਡੈਟ ਕਨਸਾਲੀਡੇਸ਼ਨ ਦੇ ਵਿਕਲਪਾਂ ਬਾਰੇ ਸੋਚਣ ਲਈ ਸਮਾਂ ਜ਼ਰੂਰ ਕੱਢੋ। ਹਰ ਚੋਣ ਦੇ ਫਾਇਦੇ ਅਤੇ ਨੁਕਸਾਨ ਬਾਰੇ ਤੁਹਾਨੂੰ ਜਾਣੂੰ ਹੋਣਾ ਚਾਹੀਦਾ ਹੈ ਅਤੇ ਇਸ ਦੀ ਫੀਸ, ਵਿਆਜ ਦਰਾਂ ਅਤੇ ਛੁਪੇ ਖਰਚਿਆਂ ਬਾਰੇ ਵੀ ਤੁਹਾਨੂੰ ਜਾਣਕਾਰੀ ਹੋਣੀ ਚਾਹੀਦੀ ਹੈ। ਜੇਕਰ ਤੁਹਾਡੇ ਕੋਈ ਵੀ ਸਵਾਲ ਹਨ, ਤਾਂ ਫੋਨ 1-818-639-2717 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਦੁੱਖਾਂ ਦਾ ਦਰਿਆ ਜੋ ਵਗਣੋਂ ਨਹੀਂ ਹਟਦਾ

*(ਸਫਾ 16 ਦੀ ਬਾਕੀ)*

ਹੈ ਮੇਰੂ ਨਾਲ ਸਲਾਹ ਕਰਨ ਦਾ, ਕਿਉਂਕਿ ਕੰਮ ਤੋਂ ਵਾਪਸ ਆਉਣ ਤੱਕ ਤਾਂ ਮੇਰੂ ਨੇ ਸ਼ਰਾਬ ਪੀ ਕੇ ਘੋੜੇ ਚੜ੍ਹ ਜਾਣਾ। ਉਸ ਕਮਲੀ ਨੂੰ ਹਾਲੇ ਇਹ ਵੀ ਨਹੀਂ ਸੀ ਪਤਾ ਕਿ ਪੈਸੇ ਦੇ ਨਾਲ ਨਾਲ ਇਥੇ ਘਰ ਲੈਣ ਵਾਸਤੇ ਚੰਗੇ ਕਰੈਡਿਟ ਦਾ ਹੋਣਾ ਵੀ ਜ਼ਰੂਰੀ ਹੈ ਜਿਹੜਾ ਮੇਰੂ ਨੇ ਪਹਿਲਾਂ ਹੀ ਕਾਰਡਾਂ ਤੋਂ ਪੈਸੇ ਚੁੱਕ ਚੁੱਕ ਕੇ ਖਰਾਬ ਕੀਤਾ ਹੋਇਆ ਸੀ।

ਘਰ ਖਰੀਦਣ ਲਈ ਮਨੋ-ਮਨੀ ਜਦੋਜਹਿਦ ਵਿਚ ਫਸੀ ਨੂੰ ਆਸ ਦੀ ਕਿਰਨ ਲੱਭਦੀ ਹੈ, ਉਸ ਦਾ ਆਪਣਾ ਕਰੈਡਿਟ ਨਵਾਂ ਹੈ। ਡਾਊਨ ਪੇਮੈਂਟ ਜ਼ਿਆਦਾ ਦੇ ਕੇ ਘਰ ਲੈਣ ਦਾ ਸੁਫਨਾ ਪੂਰਾ ਹੋ ਸਕਦਾ ਹੈ। ਤੇ ਉਹ ਪੈਸੇ ਦੇ ਪ੍ਰਬੰਧ ਵਿਚ ਰੁਝ ਗਈ। ਕਈ ਰਿਸ਼ਤੇਦਾਰਾਂ ਨੂੰ ਫੋਨ ਕੀਤਾ ਪਰ ਮੇਰੂ ਨੂੰ ਦਿੱਤੇ ਪੈਸੇ ਗੰਗਾ ਗਈਆਂ ਹੱਡੀਆਂ ਵਾਂਗ ਹੋਣ ਕਾਰਨ ਕੋਈ ਵੀ ਪੈਸਿਆਂ ਦੀ ਹਾਮੀ ਨਾ ਭਰਦਾ। ਹਿੰਮਤੀ ਲਿਤਰੋ ਨੇ ਹਿੰਮਤ ਨਾ ਹਾਰੀ। ਸੋਚ ਦੇ ਘੋੜੇ 'ਤੇ ਸਵਾਰ ਹੋਈ ਇਕ ਹੋਰ ਰਸਤਾ ਲੱਭ ਮੇਰੂ ਨੂੰ ਰਾਜ਼ੀ ਕਰਦੀ ਹੈ ਕਿ ਪੰਜਾਬ ਵਿਚਲੀ ਜ਼ਮੀਨ ਵੇਚ ਕੇ ਪੈਸੇ ਲਿਆਂਦੇ ਜਾਣ। ਆਖਰ ਭਾਬੀ ਲਿਤਰੋ ਇਸ ਮੰਜ਼ਿਲ 'ਤੇ ਪੁੱਜ ਗਈ। ਉਹ ਦਿਨ ਆ ਗਿਆ ਜਿਸ ਦਿਨ ਲਿਤਰੋ ਨੂੰ ਉਸ ਦੇ ਸੁਫਨਿਆਂ ਦੇ ਘਰ ਦੀ ਚਾਬੀ ਮਿਲਣੀ ਸੀ।

ਖ਼ੁਸ਼ੀ ਦੇ ਇਸ ਮੌਕੇ ਵੀ ਉਸ ਨੂੰ ਅਜਿਹੀ ਦਰਦ ਭਰੀ ਚੀਸ ਮਿਲੀ ਜਿਸ ਨਾਲ ਉਸ ਨੂੰ ਲੱਗਿਆ ਕਿ ਰੱਬ ਉਸ ਨਾਲ ਲੁਕਣ-ਮੀਚੀਆਂ ਖੇਡ ਰਿਹਾ ਹੈ। ਲਿਤਰੋ ਦੀਆਂ ਖ਼ੁਸ਼ੀਆਂ ਵਾਲੇ ਦੁੱਧ ਵਿਚ ਉਦੋਂ ਅੱਕ ਦਾ ਦੁੱਧ ਘੁਲ ਗਿਆ ਜਦੋਂ ਪੁਲਿਸ ਦਾ ਫ਼ੋਨ ਆਇਆ ਕਿ ਤੁਹਾਡਾ ਬੇਟਾ ਸਾਬੀ ਯਾਨਿ ਛੋਟਾ ਮੁੰਡਾ ਇਸ ਕਰਕੇ ਗ੍ਰਿਫਤਾਰ ਕੀਤਾ ਗਿਆ ਹੈ ਕਿ ਉਸ ਨੇ ਕਿਸੇ ਕੁੜੀ ਨਾਲ ਛੇੜਖਾਨੀ ਕੀਤੀ ਹੈ। ਸ਼ਿਕਾਇਤ ਕੁੜੀ ਦੇ ਮਾਪਿਆਂ ਵੱਲੋਂ ਕੀਤੀ ਗਈ ਸੀ। ਭਾਬੀ ਲਿਤਰੋ ਵਾਂਗ ਮੇਰੂ ਨੂੰ ਵੀ ਇੰਜ ਲੱਗਿਆ ਜਿਵੇਂ ਦਰਦਾਂ ਦਾ ਦਰਿਆ ਇਸ ਖ਼ੁਸ਼ੀ ਨੂੰ ਵਹਾਉਣ ਲਈ ਚੜ੍ਹ ਆਇਆ ਹੋਵੇ। ਲਿਤਰੋ ਨੂੰ ਲੱਗਿਆ ਜਿਵੇਂ ਇੱਕੋ ਜਨਮ ਵਿਚ ਅੱਜ ਤੀਜੀ ਮੌਤ ਹੋਈ ਹੋਵੇ। ਪਹਿਲੀ ਮੌਤ ਮੇਰੂ ਨੂੰ ਸ਼ਰਾਬ ਦੇ ਸਮੁੰਦਰ ਵਿਚ ਡੁੱਬਿਆ ਵੇਖ ਕੇ ਹੋਈ ਸੀ, ਦੂਜੀ ਟਿੰਕੇ ਨੂੰ ਨਸ਼ਿਆਂ ਦੀ ਬੇੜੀ ਚੜ੍ਹਿਆ ਵੇਖ ਅਤੇ ਹੁਣ ਤੀਜੀ ਸਾਬੀ ਉਤੇ ਕੇਸ ਪੈਣ ਵੇਲੇ ਹੋਈ। ਬੜੀ ਮੁਸ਼ਕਿਲ ਨਾਲ ਘਰ ਵਾਸਤੇ ਪੈਸੇ ਇਕੱਠੇ ਕੀਤੇ ਸਨ, ਉਤੋਂ ਸਿਰ ਵਿਚ ਮੋਗਰੀ ਵੱਜ ਗਈ। ਸਾਬੀ ਦੀ ਜ਼ਮਾਨਤ ਵਾਸਤੇ ਪੂਰੇ 25,000 ਡਾਲਰਾਂ ਲਈ ਪਤਾ ਨਹੀਂ ਕਿਸ ਕਿਸ ਅੱਗੇ ਪੱਲਾ ਅੱਡਣਾ ਪਿਆ।

ਅੱਜ ਭਾਬੀ ਲਿਤਰੋ ਹਾਰ ਗਈ, ਟੁੱਟ ਗਈ। ਅੱਜ ਲਿਤਰੋ ਦਾ ਦਰਦ ਅੱਥਰੂ ਬਣ ਤੁਪਕਾ-ਤੁਪਕਾ ਹੋ ਡੁੱਲ੍ਹਣ ਲਈ ਮਜਬੂਰ ਹੋ ਗਿਆ। ਘਰੇਲੂ ਜ਼ਿੰਦਗੀ ਦੇ ਮਾਮਲਿਆਂ ਵਿਚ ਉਸ ਦਾ ਕਿਸੇ ਨੇ ਸਾਥ ਨਹੀਂ ਦਿੱਤਾ। ਪੰਜਾਬ ਵਿਚ ਗਰੀਬੀ ਅਤੇ ਹੋਰ ਮੁਸੀਬਤਾਂ ਨਾਲ ਲੜਦੀ ਹੋਈ ਸੁੱਖਾਂ ਦੀ ਤਲਾਸ਼ ਵਿਚ ਇਥੇ ਆਈ। ਇਥੇ ਵੀ ਦਰਦ ਨੇ ਉਸ ਦਾ ਲੜ ਫੜੀ ਰੱਖਿਆ।

# ਮਾਓਵਾਦੀ ਕਿਸ਼ਨਜੀ ਨਾਲ ਗੱਲਾਂ

*(ਸਫਾ 26 ਦੀ ਬਾਕੀ)*

ਹਿੰਸਾ ਸੰਸਦੀ ਧਾਰਾ ਨੂੰ ਰੱਦ ਕਰਕੇ ਦੇਸ਼ ਨੂੰ ਨਵਾਂ ਰਾਹ ਦਿਖਾਉਣ ਲਈ ਪੈਦਾ ਹੋਈ ਹੈ।' ਫਿਰ ਪੁੱਛਿਆ-'ਮਮਤਾ ਬੈਨਰਜੀ ਨਾਲ ਯਰਾਨੇ ਦੇ, ਦਿੱਲੀ ਵਿਚ ਤੁਹਾਡੇ ਬੜੇ ਚਰਚੇ ਨੇ।' ਉਹਨੇ ਕਿਹਾ-'ਇਹ ਗਲਤ ਸਮਝ ਹੈ। ਮਮਤਾ ਨੂੰ ਅਸੀਂ ਨੰਦੀਗ੍ਰਾਮ ਜਾਂ ਜ਼ਮੀਨ ਦੇ ਮਸਲਿਆ ਬਾਰੇ ਵਿਚਾਰਕ ਹਮਾਇਤ ਦਿੰਦੇ ਹਾਂ। ਸਾਨੂੰ ਲੱਗਦੈ ਕਿ ਉਹ ਇਸ ਸਰਕਾਰ ਖਿਲਾਫ ਚੰਗਾ ਕੰਮ ਕਰ ਰਹੀ ਹੈ।'

ਫਿਰ ਮੈਂ ਪੁੱਛਿਆ-'ਲੋਕ ਕਹਿੰਦੇ ਨੇ ਤੁਸੀਂ 22-23 ਸਾਲਾਂ ਤੋਂ ਜੰਗਲ 'ਚ ਹੀ ਹੋ, ਅੱਗੇ ਕਿਉਂ ਨਹੀਂ ਵਧ ਰਹੇ।' ਉਹਨੇ ਕਿਹਾ-'ਬਹੁਤ ਘੱਟ ਸਾਧਨਾਂ ਅਤੇ ਐਨੇ ਸਰਕਾਰੀ ਤਸ਼ੱਦਦ ਦੇ ਬਾਵਜੂਦ ਸਾਡੀ ਲਹਿਰ ਅੱਗੇ ਵਧ ਰਹੀ ਹੈ। ਕ੍ਰਾਂਤੀ ਕੋਈ ਜਾਦੂ ਨਹੀਂ ਹੁੰਦੀ। ਇਤਿਹਾਸ ਮੋਮਬੱਤੀਆਂ ਨਾਲ ਨਹੀਂ, ਹਮੇਸ਼ਾ ਖੂਨ ਦੇ ਦੀਵਿਆਂ ਨਾਲ ਬਦਲਣੇ ਪੈਂਦੇ ਨੇ।' ਉਹ ਮੈਨੂੰ ਮੋੜਵਾਂ ਸਵਾਲ ਕਰਨ ਲੱਗਿਆ-'ਪੰਜਾਬ ਵਿਚ ਐਨੀ ਬੇਰੁਜ਼ਗਾਰੀ ਤੇ ਸੰਕਟ ਹੈ, ਕੋਈ ਸਮਾਜਿਕ-ਸਿਆਸੀ ਲਹਿਰ ਕਿਉਂ ਨਹੀਂ ਉੱਭਰ ਰਹੀ।' ਮੈਂ ਕਿਹਾ-'ਮੇਰੇ ਵਰਗਾ ਛੋਟਾ ਜਿਹਾ ਬੰਦਾ ਤੁਹਾਡੇ ਵੱਡੇ ਸਵਾਲਾਂ ਦੇ ਜਵਾਬ ਨਹੀਂ ਦੇ ਸਕਦਾ।' ਗੱਲਾਂ ਗੱਲਾਂ ਵਿਚ ਉਹ ਬੋਲਿਆ-'ਮੈਂ ਦਰਬਾਰ ਸਾਹਿਬ 'ਤੇ ਹਮਲੇ ਅਤੇ 1984 ਦੇ ਦਿੱਲੀ ਸਿੱਖ ਕਤਲੇਆਮ ਬਾਰੇ ਕਾਫੀ ਲੇਖ ਲਿਖੇ ਨੇ। ਪੰਜਾਬ ਦੀ ਕੌਮੀ ਲਹਿਰ ਦੇ ਸਵਾਲ ਨੂੰ ਵੀ ਸਮਝਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ।' ਮੈਂ ਕਿਹਾ-'ਮੈਨੂੰ ਦਿਓ ਉਹ ਲੇਖ। ਵੇਖਾਂ ਕੀ ਕੁਝ ਲਿਖਿਆ ਤੁਸੀਂ।' ਉਹਨੇ ਕਿਹਾ-'ਹੁਣ ਤਾਂ ਕੋਲ ਨਹੀਂ, ਫਿਰ ਕਦੇ ਦੇਵਾਂਗਾ।'

ਸਵਾਲ-ਜਵਾਬ ਸੌ ਦੀ ਸਪੀਡ 'ਤੇ ਜਾਰੀ ਸਨ। ਮੈਂ ਪੁੱਛਿਆ-'ਤੁਸੀਂ ਇਲਾਕਾ ਬੰਦ ਕਰਕੇ ਸਰਕਾਰੀ ਵਿਕਾਸ ਤਾਂ ਰੋਕ ਦਿੱਤਾ, ਤੁਹਾਡੇ ਕੋਲ ਵਿਕਾਸ ਦਾ ਕੀ ਰਾਹ ਹੈ?' ਜਵਾਬ ਸੀ-'ਅਸੀਂ ਸਰਕਾਰੀ ਆਰਥਿਕ ਸਹਾਇਤਾ ਬਿਲਕੁਲ ਨਹੀਂ ਰੋਕੀ। ਉੱਚ ਸਰਕਾਰੀ ਭ੍ਰਿਸ਼ਟ ਅਧਿਕਾਰੀਆਂ ਨੂੰ ਰੋਕਿਆ ਹੈ। ਜੇ ਉਨ੍ਹਾਂ ਨੇ ਵਿਕਾਸ ਕਰਨਾ ਹੁੰਦਾ ਤਾਂ ਪਿਛਲੇ 64 ਸਾਲਾਂ 'ਚ ਹੋ ਜਾਂਦਾ ਤੇ ਸਭ ਤੋਂ ਵੱਡੀ ਜਮਹੂਰੀਅਤ 'ਚ ਇਹ ਇਲਾਕੇ ਆਦਿਵਾਸੀ ਇਲਾਕਿਆਂ ਦੇ ਨਾਂ ਨਾਲ ਜਾਣੇ ਜਾਂਦੇ। ਇਹ ਦੇਸ਼ 'ਤੇ ਦਾਗ ਹੈ। ਆਦਿਵਾਸੀਆਂ ਤੋਂ ਪੁੱਛ ਲਓ ਕਿ ਇਨ੍ਹਾਂ ਇਲਾਕਿਆਂ ਵਿਚ ਸਾਡੀ ਰਹਿਨੁਮਾਈ 'ਚ ਕੀ ਬਦਲਿਆ ਹੈ! ਅਸੀਂ ਤਾਂ ਆਦਿਵਾਸੀਆਂ ਨੂੰ ਜੈਵਿਕ ਖੇਤੀ ਤੱਕ ਦੀ ਸਿਖਲਾਈ ਦੇ ਰਹੇ ਹਾਂ ਤਾਂ ਕਿ ਬਾਜ਼ਾਰ ਤੋਂ ਖੇਤੀ ਦੀ ਨਿਰਭਰਤਾ ਘਟਾਈ ਜਾ ਸਕੇ।'

ਉਦੋਂ ਮੈਂ ਚੇਨ ਸਮੋਕਰ ਹੁੰਦਾ ਸੀ। ਲਾਲਗੜ੍ਹ ਸਿਗਰਟ ਦੀ ਥਾਂ ਬੀੜੀਆਂ ਮਿਲਦੀਆਂ ਸਨ। ਇਸ ਗੱਲਬਾਤ ਦੌਰਾਨ ਕਿਸ਼ਨਜੀ ਨਾਲ ਕਸ਼ ਸਾਂਝੇ ਕਰਨ ਦਾ ਮੌਕਾ ਵੀ ਮਿਲਿਆ। ਥੋੜ੍ਹੀ ਨੇੜਤਾ ਹੋਈ ਤਾਂ ਮੈਂ ਮਾਓਵਾਦੀਆਂ ਦੇ ਕੈਂਪ ਦੀਆਂ ਫੋਟੋਆਂ ਖਿੱਚ ਲਈਆਂ। ਮਾਓਵਾਦੀ ਗੁਰੀਲਿਆਂ ਨੇ ਮੇਰੇ ਵੱਲ ਸ਼ੱਕ ਦੀ ਨਜ਼ਰ ਨਾਲ ਵੇਖਿਆ। ਇਕ ਨੇ ਕਿਹਾ-'ਕੈਮਰੇ 'ਚੋਂ ਫੋਟੋਆਂ ਡਲੀਟ ਕਰ ਦਿਓ।' ਮੈਂ ਕਿਹਾ-'ਸਿਰਫ ਹਥਿਆਰਾਂ ਅਤੇ ਜਗ੍ਹਾ ਦੀਆਂ ਹਨ। ਕਿਸੇ ਗੁਰੀਲੇ ਜਾਂ ਆਗੂ ਦੀ ਫੋਟੋ ਨਹੀਂ ਖਿੱਚੀ ਪਰ ਫੋਟੋਆਂ ਡਲੀਟ ਕਰਵਾ ਦਿੱਤੀਆਂ ਗਈਆਂ।

ਗੱਲਾਂ ਜਾਰੀ ਸਨ। ਫਿਰ ਸੁਨੇਹਾ ਆਉਂਦਾ ਹੈ ਕਿ ਇਕ ਟੁਕੜੀ ਨੂੰ ਇਹ ਥਾਂ ਛੱਡਣ ਅਤੇ ਕਿਸੇ ਹੋਰ ਥਾਂ ਜਾਣ ਦੀ ਸਖਤ ਜ਼ਰੂਰਤ ਹੈ। ਕਿਸ਼ਨਜੀ ਟੁਕੜੀ ਦੀ ਅਗਵਾਈ ਲਈ ਤਿਆਰ ਹੁੰਦਾ ਹੈ। ਮੇਰੇ ਕਈ ਸਵਾਲਾਂ ਦੇ ਜਵਾਬ ਦਿੰਦਾ ਉਹ ਵਿਸਥਾਰ 'ਚ ਚਲਾ ਗਿਆ ਸੀ। ਕਹਿੰਦਾ ਹੈ-'ਯਾਦਵਿੰਦਰ ਤੂੰ ਅਜੇ ਲਾਲਗੜ੍ਹ 'ਚ ਹੀ ਹੈਂ। ਛੇਤੀ ਹੀ ਮਿਲਦੇ ਹਾਂ ਤੇ ਫਿਰ ਸਾਰੇ ਮਸਲਿਆਂ ਬਾਰੇ ਵਿਸਥਾਰਪੂਰਵਕ ਗੱਲ ਕਰਾਂਗੇ ਤੇ ਤੇਰੇ ਸਵਾਲਾਂ ਦੇ ਜਵਾਬ ਵੀ ਮਿਲ ਜਾਣਗੇ।'

ਮੈਂ ਪੰਜ ਦਿਨ ਲਾਲਗੜ੍ਹ ਦੀ ਖਾਕ ਛਾਣਦਾ ਰਿਹਾ। ਮੁੜ ਕਦੇ ਮੁਲਾਕਾਤ ਨਾ ਹੋਈ। ਕਿਸ਼ਨਜੀ ਦਾ ਵਾਅਦਾ ਉਹਦੇ ਨਾਲ ਹੀ ਚਲਾ ਗਿਆ। ਕਿਸ਼ਨਜੀ ਅਤੇ ਉਸ ਦੇ ਸਾਥੀਆਂ ਵੱਲੋਂ ਚਲਾਈ ਜਾ ਰਹੀ ਲਹਿਰ ਦੇ ਹੱਕ ਅਤੇ ਵਿਰੋਧ, ਦੋਵਾਂ ਤਰ੍ਹਾਂ ਦੇ ਪ੍ਰਚਾਰ ਤੋਂ ਮੁਕਤ ਹੋ ਕੇ ਮੈਂ ਇਸ ਸਿੱਟੇ ਉਤੇ ਪੁੱਜਾ ਸੀ ਕਿ ਇਸ ਲਹਿਰ ਦਾ ਭਵਿੱਖ ਜੋ ਵੀ ਹੋਵੇ, ਪਰ ਇਸਨੂੰ ਪੜ੍ਹੇ ਲਿਖੇ ਅਤੇ ਜ਼ਮੀਨੀ ਹਾਲਾਤ ਨੂੰ ਸਮਝਦੇ ਅਕਲਮੰਦ ਲੋਕ ਚਲਾ ਰਹੇ ਹਨ।

# ਧਰਮ ਸ਼ਾਸਤਰ ਦੇ ਮੂਲ ਸਰੋਕਾਰ

ਧਰਮ ਮਨੁੱਖ ਦਾ ਮੁਢਲਾ ਸਰੋਕਾਰ ਰਿਹਾ ਹੈ ਅਤੇ ਇਹ ਵੀ ਹਕੀਕਤ ਹੈ ਕਿ ਧਰਮ ਨੇ ਹਮੇਸ਼ਾ ਹੀ ਮਨੁੱਖ ਵਾਸਤੇ ਕੇਂਦਰੀ ਮਹੱਤਵ ਦਾ ਧਾਰਨੀ ਰਹਿਣਾ ਹੈ। ਇਹ ਗੱਲ ਮੈਂ ਇਸ ਆਧਾਰ 'ਤੇ ਕਹਿ ਰਹੀ ਹਾਂ ਕਿ ਧਰਮ ਦੇ ਯੋਗਦਾਨ 'ਤੇ ਕਿੰਤੂ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਰਹੀ, ਫਿਰ ਵੀ ਧਰਮ ਅਪ੍ਰਸੰਗਕ ਨਹੀਂ ਹੋਇਆ। ਜੇ ਧਰਮ ਦੇ ਵਿਰੋਧੀਆਂ ਦੀ ਭਾਸ਼ਾ ਵਿਚ ਕਹਿਣਾ ਹੋਵੇ ਤਾਂ ਧਰਮ ਜ਼ਿੰਦਗੀ ਦੀਆਂ ਸਭ ਪਰਤਾਂ ਵਿਚ ਦਖਲ-ਅੰਦਾਜ਼ ਹੈ। ਮੇਰੇ ਵੇਖਦਿਆਂ-ਵੇਖਦਿਆਂ ਧਰਮ ਕਈ ਸਥਿਤੀਆਂ ਵਿਚੋਂ ਗੁਜ਼ਰ ਚੁੱਕਾ ਹੈ। ਰੂਸ ਦੇ ਇਨਕਲਾਬ ਦਾ ਅਸਰ ਸਾਰੀ ਦੁਨੀਆਂ 'ਤੇ ਤੁਰੰਤ ਹੋਣਾ ਸ਼ੁਰੂ ਹੋ ਗਿਆ ਸੀ। ਰੂਸੀ ਕ੍ਰਾਂਤੀ ਦੇ ਅਸਰ ਹੇਠ ਭਾਰਤ ਵੀ ਆਇਆ ਪਰ ਭਾਰਤ ਵਿਚ ਖੱਬੇ-ਪੱਖੀ ਪ੍ਰਭਾਵ ਦਾ ਬੋਲਬਾਲਾ 1947 ਤੋਂ ਬਾਅਦ ਸ਼ੁਰੂ ਹੋਇਆ। 1960-65 ਤੱਕ ਇਹ ਹਾਲਾਤ ਸਨ ਕਿ ਸਾਰੇ ਵਿਦਿਅਕ ਅਦਾਰਿਆਂ ਵਿਚ ਪੜ੍ਹਦੇ ਅਤੇ ਪੜ੍ਹਾਉਂਦੇ ਲੋਕ ਇਹ ਸਮਝਣ ਲੱਗ ਪਏ ਸਨ ਕਿ ਧਾਰਮਿਕ ਹੋਣਾ ਜਿਵੇਂ ਪਾਪ ਹੋਵੇ। ਇਸੇ ਪਾਪ ਦਾ ਨਾਂ ਉਨ੍ਹਾਂ ਵਕਤਾਂ ਵਿਚ ਪਿਛਾਂਹ-ਖਿੱਚੂ ਹੋਣ ਵਜੋਂ ਪ੍ਰਚਲਿਤ ਹੋਇਆ ਸੀ। ਮਾਰਕਸ ਦੀ ਮਸ਼ਹੂਰ ਟਿੱਪਣੀ ਕਿ ਧਰਮ ਮਨੁੱਖ



ਡਾ. ਗੁਰਨਾਮ ਕੌਰ

ਵਾਸਤੇ ਅਫੀਮ ਦੇ ਨਸ਼ੇ ਵਾਂਗ ਹੈ, ਜਿਵੇਂ ਸਾਰੇ ਪਾਸੇ ਫੈਲ ਗਿਆ ਹੋਵੇ ਜਾਂ ਪ੍ਰਵਾਨ ਹੋ ਗਿਆ ਹੋਵੇ। ਇਸ ਦੇ ਬਾਵਜੂਦ ਭਾਰਤ ਵਿਚ ਧਾਰਮਿਕ ਜਜ਼ਬੇ ਦੀਆਂ ਜੜ੍ਹਾਂ ਇਤਨੀਆਂ ਗਹਿਰੀਆਂ ਸਨ ਕਿ ਮਾਰਕਸਵਾਦ ਜਾਂ ਕੋਈ ਵੀ ਹੋਰ ਨਾਸਤਿਕ ਵਿਚਾਰਧਾਰਾ ਉਨ੍ਹਾਂ ਨੂੰ ਗੰਭੀਰ ਚੁਣੌਤੀ ਨਾ ਦੇ ਸਕੀ, ਜਾਂ ਕਾਂਟੇ ਹੇਠ ਨਾ ਲਿਆ ਸਕੀ।

ਭਾਰਤੀ ਸਿਆਸਤਦਾਨਾਂ ਨੇ ਭਾਰਤ ਦੀ ਆਜ਼ਾਦੀ ਪਿੱਛੋਂ ਆਪਣਾ ਸਿਆਸੀ ਆਦਰਸ਼ ਧਰਮ ਨਿਰਪੇਖਤਾ ਨੂੰ ਪ੍ਰਵਾਨ ਕੀਤਾ ਪਰ ਧਰਮ ਨਿਰਪੇਖਤਾ ਦਾ ਅਰਥ ਧਰਮਾਂ ਦੀ ਸਹਿਹੋਂਦ ਦੀ ਥਾਂ 'ਤੇ ਧਰਮ ਦੇ ਵਿਰੋਧ ਵਜੋਂ ਹੀ ਸਾਹਮਣੇ ਆਇਆ। ਸਿਆਸੀ ਤੌਰ 'ਤੇ ਇਹੋ ਹੀ ਗੱਲ ਮਹਾਤਮਾ ਗਾਂਧੀ ਦੀ ਵਿਚਾਰਧਾਰਾ ਦੇ ਵੀ ਅਨੁਕੂਲ ਨਹੀਂ ਸੀ। ਨਤੀਜਾ ਇਹ ਹੋਇਆ ਕਿ ਸਿਆਸਤ ਅਤੇ ਸਿਆਸਤਦਾਨ ਦੋ ਹਿੱਸਿਆਂ ਵਿਚ ਵੰਡੇ ਗਏ ਅਤੇ ਸਿੱਟੇ ਵਜੋਂ ਦੋਗ਼ਲੀ ਰਾਜਨੀਤੀ ਸਾਹਮਣੇ ਆਈ। ਕਹਿਣਾ ਮੈਂ ਇਹ ਚਾਹੁੰਦੀ ਹਾਂ ਕਿ ਧਰਮ ਵੱਲ ਪਿੱਠ ਕਰਨ ਦੀ ਥਾਂ ਧਰਮ ਨੂੰ ਸਮਝਣਾ ਜ਼ਰੂਰੀ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿਚ ਹੀ ਧਰਮ ਦੇ ਅੰਤਰੀਵ ਖਾਸੇ ਬਾਰੇ ਭ੍ਰਾਂਤੀਆਂ ਪੈਦਾ ਹੋਈਆਂ ਹਨ। ਇਹੋ ਹੀ ਹਾਲ ਦਰਸ਼ਨ ਦਾ ਹੈ। ਆਮ ਜੀਵਨ ਵਿਚ ਫਿਲਾਸਫਰਾਂ ਬਾਰੇ ਲਤੀਫੇ ਆਮ ਪ੍ਰਚਲਿਤ ਹਨ। ਆਮ ਲੋਕਾਂ ਵਿਚ ਫਿਲਾਸਫਰਾਂ ਬਾਰੇ ਪ੍ਰਭਾਵ ਇਹੀ ਹੈ ਕਿ ਉਹ ਵਿਅਕਤੀ ਫਿਲਾਸਫਰ ਹੈ ਜੋ ਭੁਲੱਕੜ ਹੈ, ਕਿਸੇ ਗੱਲ ਨੂੰ ਸੰਜੀਦਗੀ ਨਾਲ ਨਹੀਂ ਲੈਂਦਾ ਅਤੇ ਸਵਾਲ ਕੁਝ ਤੇ ਜਵਾਬ ਕੁਝ ਦਿੰਦਾ ਹੈ। ਇਸ ਤਰ੍ਹਾਂ ਦੀਆਂ ਭ੍ਰਾਂਤੀਆਂ ਦਾ ਕਾਰਨ ਤਾਂ ਸਪੱਸ਼ਟ ਹੀ ਹੈ-ਜਿਹੜੀ ਗੱਲ ਆਮ ਆਦਮੀ ਦੀ ਸਮਝ ਵਿਚ ਨਾ ਆਉਂਦੀ ਹੋਵੇ, ਉਸ ਬਾਰੇ ਵਿਥ ਬਣਾ ਕੇ ਉਸ ਨਾਲੋਂ ਨਾਤਾ ਹੀ ਤੋੜ ਲੈਣ ਦੀ ਇਨਸਾਨੀ ਬਿਰਤੀ ਸਭ ਦੇ ਸਾਹਮਣੇ ਹੈ। ਹੁਣ ਜਦੋਂ ਧਰਮ ਅਤੇ ਦਰਸ਼ਨ ਪੜ੍ਹਾਈ-ਲਿਖਾਈ ਦਾ ਭਾਗ ਹੋ ਗਏ ਹਨ ਤਾਂ ਇਨ੍ਹਾਂ ਬਾਰੇ ਸਪੱਸ਼ਟਤਾ ਵੀ ਆਉਣੀ ਸ਼ੁਰੂ ਹੋ ਗਈ ਹੈ।

ਧਰਮ ਦੀ ਵਿਆਖਿਆ ਇਹ ਕੀਤੀ ਜਾਂਦੀ ਹੈ ਕਿ ਉਹ ਵਿਸ਼ਵਾਸ ਜਾਂ ਧਾਰਨਾ ਜੋ ਮਨੁੱਖ ਨੇ ਧਾਰਨ ਕੀਤੀ ਹੋਈ ਹੋਵੇ। ਸਪੱਸ਼ਟ ਹੋਇਆ ਕਿ ਧਰਮ ਮਨੁੱਖ ਦੀ ਚੇਤੰਨ ਧਾਰਨਾ ਹੈ। ਸੋ, ਧਰਮ ਦੇ ਮੂਲ ਸਰੋਕਾਰਾਂ ਵਿਚ ਪਹਿਲ ਚੇਤਨਾ ਨੂੰ ਪ੍ਰਾਪਤ ਹੈ। ਦਸਮ ਪਾਤਸ਼ਾਹ ਹਜ਼ੂਰ ਨੇ ਧਰਮ ਨੂੰ ਇੰਨੀ ਮਹੱਤਤਾ ਦਿੱਤੀ ਹੋਈ ਹੈ ਕਿ "ਧਰਮ ਚਲਾਵਨ" ਨੂੰ ਆਪਣੇ ਜੀਵਨ ਦਾ ਆਦਰਸ਼ ਪ੍ਰਵਾਨ ਕੀਤਾ ਹੋਇਆ ਹੈ ਅਤੇ ਧਰਮ ਚਲਾਵਨ ਦਾ ਅਰਥ ਵੀ ਸਪੱਸ਼ਟ ਕੀਤਾ ਹੋਇਆ ਹੈ, "ਸੰਤ ਉਬਾਰਨਾ" ਅਤੇ "ਦੁਸ਼ਟ ਸਭਨ ਕਾ ਮੂਲ ਉਪਾਰਨ"। ਸੋ, ਧਰਮ ਦਾ ਇਕ ਸਰੋਕਾਰ ਨੇਕੀ ਦੇ ਬੋਲਬਾਲੇ ਵਾਸਤੇ ਹਰ ਸੰਭਵ ਯਤਨ ਕਰਨਾ ਅਤੇ ਬਦੀ ਦੇ ਵਿਰੁਧ ਚੇਤੰਨ ਲਾਮਬੰਦੀ ਕਰਨਾ ਹੈ। ਧਰਮ ਦਾ ਇਕ ਸਰੋਕਾਰ ਇਹ ਵੀ ਹੈ ਕਿ ਮਨੁੱਖ ਨੂੰ ਪਤਾ ਹੋਵੇ ਕਿ ਉਸ ਦੇ ਜਨਮ ਲੈਣ ਦਾ ਕੀ ਮੰਤਵ ਹੈ? ਪੰਚਮ ਪਾਤਸ਼ਾਹ ਹਜ਼ੂਰ ਗੁਰੂ ਅਰਜਨ ਦੇਵ ਜੀ ਨੇ ਰਹਿਰਾਸ ਵਿਚ ਆਏ ਇਸ ਸ਼ਬਦ ਵਿਚ ਸਪੱਸ਼ਟ ਕੀਤਾ ਹੈ ਕਿ ਜ਼ਿੰਦਗੀ ਦਾ ਆਦਰਸ਼ ਪ੍ਰਭੂ ਨਾਲ ਇਕਸੁਰਤਾ ਹੈ:

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥

ਆਮ ਆਦਮੀ ਵਾਸਤੇ ਧਰਮ ਜ਼ਿੰਦਗੀ ਨੂੰ ਨੈਤਿਕ ਖੂਬਸੂਰਤੀ ਨਾਲ ਜਿਊਣ ਦਾ ਮਾਰਗ ਜਾਂ ਜੀਵਨ ਜਾਚ ਹੈ। ਫਰਕ ਕੇਵਲ ਇੰਨਾ ਹੈ ਕਿ ਧਾਰਮਿਕ ਖੂਬਸੂਰਤੀ ਕਿਸੇ ਨਿਸ਼ਚਿਤ ਬੰਧੇਜ ਵਿਚੋਂ ਪੈਦਾ ਹੁੰਦੀ ਪ੍ਰਵਾਨ ਕੀਤੀ ਗਈ ਹੈ ਪਰ ਖੂਬਸੂਰਤੀ ਦੀ ਆਮ ਧਾਰਨਾ ਤੁਰੰਤ ਸੰਤੁਸ਼ਟਤਾ ਜਾਂ ਮਨ ਦੀ ਮੌਜ ਨਾਲ ਜੋੜ ਕੇ ਪ੍ਰਸਤੁਤ ਕੀਤੀ ਜਾਂਦੀ ਹੈ। ਧਾਰਮਿਕ ਮੁਹਾਵਰੇ ਵਿਚ ਇਸ ਨੂੰ ਮਨਮੁਖਤਾ ਕਿਹਾ ਗਿਆ ਹੈ। ਮਨਮੁਖਤਾ ਉਲਾਰ ਹੈ। ਦੂਜੇ ਦੀ ਕੀਮਤ 'ਤੇ ਵਿਹਾਜਿਆ ਨਿੱਜੀ ਸੁਖ ਹੈ। ਲਾਲਚ ਵਾਸਤੇ ਕੀਤਾ ਗਿਆ ਕਾਰਜ ਹੈ। ਮਨੁੱਖ ਵੱਲੋਂ ਮਨੁੱਖ ਦਾ ਕੀਤਾ ਗਿਆ ਸ਼ੋਸ਼ਣ ਹੈ। ਇਸ ਵਿਚੋਂ ਕਿਸੇ ਦੇ ਕੰਮ ਆਉਣ ਦਾ ਜਜ਼ਬਾ ਗੁੰਮ ਰਹਿੰਦਾ ਹੈ। ਅਜਿਹੀ ਬਿਰਤੀ ਵਾਸਤੇ ਧਰਮ ਸ਼ਬਦ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਧਰਮ ਦਾ ਇਕ ਹੋਰ ਸਰੋਕਾਰ ਵੀ ਹੈ ਜਿਸ ਨੂੰ ਅਕਾਦਮਿਕਤਾ ਵਿਚ ਸ਼ਾਮਲ ਕੀਤਾ ਗਿਆ ਹੈ। ਇਹ ਸਰੋਕਾਰ ਮਨੁੱਖ ਅਤੇ ਪਰਮਾਤਮਾ ਦੇ ਸਬੰਧਾਂ 'ਤੇ ਆਧਾਰਤ ਹੈ।

ਪਰਮਾਤਮਾ ਬਾਰੇ ਧਰਮ ਵਿਚ ਵੱਖ-ਵੱਖ ਰਾਵਾਂ ਪ੍ਰਾਪਤ ਹਨ। ਇਕ ਰਾਇ ਮੁਤਾਬਿਕ ਪਰਮਾਤਮਾ ਨਾ ਦਿਸਣ ਵਾਲੀ ਅਤੇ ਬੰਦੇ ਦੀ ਪਹੁੰਚ ਤੋਂ ਦੂਰ ਅਜਿਹੀ ਸ਼ਕਤੀ ਹੈ ਜਿਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਧਾਰਨਾ ਵਾਲੇ ਲੋਕਾਂ ਨੇ ਪਰਮਾਤਮਾ ਨੂੰ ਉਸੇ ਤਰ੍ਹਾਂ ਨਾ ਦਿਸਣ ਵਾਲਾ ਪ੍ਰਵਾਨ ਕਰ ਲਿਆ ਜਿਵੇਂ ਧੁੱਪ ਵਿਚ ਸੇਕ ਨਹੀਂ ਦਿਸਦਾ ਜਾਂ ਫੁੱਲ ਵਿਚ ਖੁਸ਼ਬੂ ਨਹੀਂ ਦਿਸਦੀ। ਇਸੇ ਤੋਂ ਅੰਦਾਜ਼ਾ ਲਾਇਆ ਗਿਆ ਕਿ ਧਰਮ ਬੰਦੇ ਵਾਸਤੇ ਅਨੁਭਵ ਦਾ ਵਿਸ਼ਾ ਹੈ। ਇਹ ਉਸ ਵੇਲੇ ਬੜੀ ਉਹਲੇ ਵਾਲੀ ਗੱਲ ਬਣ ਜਾਂਦੀ ਹੈ ਜਦੋਂ ਅਨੁਭਵ ਨੂੰ ਕੁਝ ਲੋਕ ਆਪਣੀ ਮਲਕੀਅਤ ਸਮਝ ਬੈਠਦੇ ਹਨ ਅਤੇ ਦੂਜਿਆਂ ਨੂੰ ਅਨੁਭਵ ਤੋਂ ਖਾਲੀ ਕਹਿ ਕੇ ਆਪਣੇ ਮਗਰ ਲੱਗਣ ਲਈ ਆਖਦੇ ਹਨ। ਇਹ ਹੀ ਗੱਲ ਕੋਈ ਸਿੱਧ ਪੁਰਸ਼ ਜਾਂ ਬਾਣੀ ਦੇ ਮੁਹਾਵਰੇ ਵਿਚ ਗੁਰਮੁਖ ਆਖੇ ਤਾਂ ਇਸ ਦਾ ਪ੍ਰਸੰਗ ਸਮਝ ਆ ਸਕਦਾ ਹੈ ਪਰ ਜਦੋਂ ਇਹੀ ਗੱਲ ਕੋਈ ਚਲਾਕ ਵਿਅਕਤੀ ਬਾਕੀਆਂ ਨੂੰ ਮਗਰ ਲਾਉਣ ਵਾਸਤੇ ਧਾਰਮਿਕ ਮੁਖੌਟੇ ਵਜੋਂ ਵਰਤਦਾ ਹੈ ਤਾਂ ਧਰਮ ਬਦਨਾਮ ਹੋ ਜਾਂਦਾ ਹੈ। ਇਸ ਦੇ ਬਾਵਜੂਦ ਧਰਮ ਦੇ ਸਰੋਕਾਰ ਸਪੱਸ਼ਟ ਹਨ। ਗੁਰਬਾਣੀ ਦੇ ਵਿਦਿਆਰਥੀ ਵਜੋਂ ਮੈਨੂੰ ਇਹ ਗੱਲ ਸਮਝ ਆਈ ਹੈ ਕਿ ਬੰਦੇ ਨੇ ਜੇ ਕੋਈ ਚੀਜ਼ ਸੰਭਾਲ ਕੇ ਰੱਖਣੀ ਹੈ ਤਾਂ ਉਹ ਧਰਮ ਹੈ ਅਤੇ ਬੰਦੇ ਵਾਸਤੇ ਹੀ ਛੱਡਣਯੋਗ ਗੱਲ ਪਾਪ ਜਾਂ ਪਾਪ ਨੂੰ ਪੈਦਾ ਕਰਨ ਵਾਲੇ ਸਰੋਕਾਰ ਹਨ,

ਨਹਿ ਬਿਲੰਬ ਧਰਮੰ॥
ਬਿਲੰਬ ਪਾਪੰ॥

ਸੋ, ਸਪੱਸ਼ਟ ਹੋਇਆ ਕਿ ਧਰਮ ਮਨੁੱਖ ਵਾਸਤੇ ਸਦਾ ਹੀ ਕੇਂਦਰੀ ਰਿਹਾ ਹੈ ਅਤੇ ਧਰਮ ਨੂੰ ਸਮਝਣ ਵਾਲੇ ਸਰੋਕਾਰਾਂ ਵਿਚ ਪੁੰਨ-ਪਾਪ, ਨੇਕੀ-ਬਦੀ, ਚੰਗਾ-ਮਾੜਾ, ਗੁਰਮੁਖ-ਮਨਮੁਖ ਆਦਿ ਸੰਗਿਆਵਾਂ ਸਾਹਮਣੇ ਹਨ।

ਅੱਜ ਦੀ ਵਾਰਤਾ ਦਾ ਵਿਸ਼ਾ ਧਰਮ ਦੇ ਨਾਲ ਦਰਸ਼ਨ ਵੀ ਹੈ। ਦਰਸ਼ਨ ਇਕ ਪਾਸੇ ਅਕਾਦਮਿਕ ਬੰਧਨ ਹੈ ਅਤੇ ਦੂਜੇ ਪਾਸੇ ਸਿੱਧ ਕੀਤੀ ਹੋਈ ਸੱਚਾਈ ਹੈ। ਜਿਹੜੀਆਂ ਧਾਰਨਾਵਾਂ ਕਿੰਤੂ ਮੁਕਤ ਹੋ ਜਾਣ, ਉਹ ਦਰਸ਼ਨ ਦੇ ਘੇਰੇ ਵਿਚ ਆ ਜਾਂਦੀਆਂ ਹਨ। ਇਸ ਦ੍ਰਿਸ਼ਟੀ ਤੋਂ ਧਰਮ ਨਾਲੋਂ ਦਰਸ਼ਨ ਨੂੰ ਨਹੀਂ ਨਿਖੇੜਿਆ ਜਾ ਸਕਦਾ ਪਰ ਇਸ ਦੇ ਨਾਲ ਹੀ ਇਹ ਵੀ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਦਰਸ਼ਨ ਵਾਸਤੇ ਧਰਮ ਜ਼ਰੂਰੀ ਵੀ ਨਹੀਂ ਹੈ ਅਤੇ ਕੇਂਦਰੀ ਸਰੋਕਾਰ ਵੀ ਨਹੀਂ ਹੈ। ਸੋ, ਕਿਹਾ ਜਾ ਸਕਦਾ ਹੈ ਕਿ ਧਰਮ ਵਿਚ ਦਰਸ਼ਨ ਸ਼ਾਮਲ ਹੈ ਪਰ ਦਰਸ਼ਨ ਵਿਚ ਧਰਮ ਦੀ ਸ਼ਮੂਲੀਅਤ 'ਤੇ ਕਿੰਤੂ ਕੀਤਾ ਜਾ ਸਕਦਾ ਹੈ। ਉਦਾਹਰਣ ਵਜੋਂ, ਧਰਮ ਅਧਿਆਤਮਕ ਪੱਧਰ 'ਤੇ ਸਤਿ ਸਰੂਪ ਹੋ ਕੇ ਵੀ ਅਨੁਭਵ ਦੀ ਦ੍ਰਿਸ਼ਟੀ ਤੋਂ ਗੁੰਗੇ ਦਾ ਗੁੜ ਗਰਦਾਨਿਆ ਗਿਆ ਹੈ, ਪਰ ਇਸ ਦੇ ਮੁਕਾਬਲੇ ਵਿਚ ਦਰਸ਼ਨ ਤਾਂ "ਦਿਸੈ ਜਾਹਰਾ ਜੀਉ" ਹੈ। ਦਰਸ਼ਨ ਧਰਮ ਨੂੰ ਮਨੁੱਖ ਵਾਸਤੇ ਹੰਢਾਉਣਯੋਗ ਸੱਚਾਈ ਵਿਚ ਤਬਦੀਲ ਕਰਦਾ ਹੈ। ਇਸੇ ਕਰਕੇ ਦਰਸ਼ਨ ਨੂੰ ਗਿਆਨ ਮੂਲਕ ਪ੍ਰਵਾਨ ਕੀਤਾ ਜਾਂਦਾ ਹੈ।

ਇਸ ਸਭ ਕੁਝ ਦੇ ਬਾਵਜੂਦ ਧਰਮ ਅਤੇ ਦਰਸ਼ਨ ਨੂੰ ਇਕ ਦੂਜੇ ਦੇ ਪੂਰਕ ਹੀ ਪ੍ਰਵਾਨ ਕੀਤਾ ਜਾਣਾ ਚਾਹੀਦਾ ਹੈ। ਦਰਸ਼ਨ ਨੇ ਜਿਹੜੇ ਸਤਿ ਸਰੋਕਾਰ ਸਥਾਪਤ ਕਰਨੇ ਹਨ, ਉਨ੍ਹਾਂ ਦੀ ਧਰਾਤਲ ਧਰਮ ਹੀ ਪ੍ਰਦਾਨ ਕਰਦਾ ਹੈ। ਮਨੁੱਖ ਦਾ ਸੁਭਾਅ, ਮਨੁੱਖ ਦੀ ਭਾਈਚਾਰਕ ਬਣਤਰ, ਮਨੁੱਖ ਨਾਲ ਸਬੰਧਤ ਸੰਸਕ੍ਰਿਤੀ ਤੇ ਸਭਿਆਚਾਰ ਅਤੇ ਮਨੁੱਖ ਨਾਲ ਸਬੰਧਤ ਵਿਹਾਰ ਕਿਸੇ ਨਾ ਕਿਸੇ ਤਰ੍ਹਾਂ ਧਰਮ ਨਾਲ ਜੁੜੇ ਰਹਿੰਦੇ ਹਨ। ਦਰਸ਼ਨ ਜਦੋਂ ਇਨ੍ਹਾਂ ਨਾਲ ਸਬੰਧਤ ਸਥਾਪਨਾਵਾਂ ਸਾਹਮਣੇ ਲਿਆਉਂਦਾ ਹੈ ਤਾਂ ਇਨ੍ਹਾਂ ਮੂਲ ਸਰੋਕਾਰਾਂ ਤੋਂ ਮੁਕਤ ਵੀ ਨਹੀਂ ਹੋ ਸਕਦਾ ਅਤੇ ਇਨ੍ਹਾਂ ਵੱਲ ਪਿੱਠ ਵੀ ਨਹੀਂ ਕਰ ਸਕਦਾ।

ਧਰਮ ਅਤੇ ਦਰਸ਼ਨ ਦੋਵੇਂ ਇਕ ਦੂਜੇ ਦੇ ਪੂਰਕ ਹਨ, ਇਕ ਦੂਜੇ ਦੇ ਸਮਾਨਾਂਤਰ ਨਹੀਂ ਹਨ, ਕਿਉਂਕਿ ਦੋਹਾਂ ਦਾ ਅੰਤਮ ਟੀਚਾ ਇਕੋ ਹੈ। ਜਿਥੇ ਧਰਮ ਦਾ ਟੀਚਾ ਪਰਮ ਸਤਿ ਜਾਂ ਸਤਿ ਦਾ ਅਨੁਭਵ ਕਰਨਾ ਹੈ, ਉਥੇ ਦਰਸ਼ਨ ਦਾ ਟੀਚਾ ਸਤਿ ਜਾਂ ਪਰਮ ਸਤਿ ਦਾ ਗਿਆਨ ਪ੍ਰਾਪਤ ਕਰਨਾ ਹੈ, ਉਸ ਦੀ ਖੋਜ ਕਰਨਾ ਹੈ। ਧਰਮ ਦੇ ਸਿਧਾਂਤਾਂ ਅਤੇ ਸੰਕਲਪਾਂ ਦਾ ਅਧਿਐਨ ਕਰਨ ਲਈ, ਉਨ੍ਹਾਂ ਦਾ ਨਿਰੂਪਣ ਕਰਨ ਲਈ ਦਰਸ਼ਨ ਦੀ ਲੋੜ ਪੈਂਦੀ ਹੈ। ਇਸੇ ਵਿਚੋਂ ਹੀ ਧਰਮ ਦੇ ਦਰਸ਼ਨ ਦਾ ਜਨਮ ਹੁੰਦਾ ਹੈ। ਧਰਮ ਵੀ ਦਰਸ਼ਨ ਨੂੰ ਬਹੁਤ ਹੱਦ ਤੱਕ ਪ੍ਰਭਾਵਿਤ ਕਰਦਾ ਹੈ। ਉਦਾਹਰਣ ਵਜੋਂ, ਯੂਨਾਨੀ ਦਰਸ਼ਨ ਦਾ ਇਤਿਹਾਸ ਸਾਡੇ ਸਾਹਮਣੇ ਹੈ ਜਿਥੇ ਈਸਾਈ ਧਰਮ ਨੇ ਯੂਨਾਨੀ ਦਰਸ਼ਨ ਨੂੰ ਪ੍ਰਭਾਵਿਤ ਕੀਤਾ। ਭਾਰਤੀ ਪਰੰਪਰਾ ਵਿਚ ਤਾਂ ਦਰਸ਼ਨ ਅਤੇ ਧਰਮ ਇਕ ਦੂਜੇ ਨਾਲ ਬਹੁਤ ਗਹਿਰੇ ਰੂਪ ਵਿਚ ਜੁੜੇ ਹੋਏ ਹਨ। ਇਥੇ ਧਰਮ ਨੂੰ ਦਰਸ਼ਨ ਨਾਲੋਂ ਅਲੱਗ ਕਰ ਸਕਣਾ ਮੁਸ਼ਕਲ ਹੈ। ਸ਼ਾਇਦ ਇਸੇ ਕਰਕੇ ਇਥੇ ਫਿਲਾਸਫੀ ਨੂੰ ਦਰਸ਼ਨ ਕਿਹਾ ਗਿਆ ਹੈ ਅਤੇ ਇਸ ਦਾ ਅਰਥ ਹੈ-ਸਤਿ ਦੇ ਦਰਸ਼ਨ। ਰਿਸ਼ੀਆਂ-ਮੁਨੀਆਂ ਜਿਨ੍ਹਾਂ ਨੇ ਦਰਸ਼ਨ ਦੀ ਰਚਨਾ ਕੀਤੀ, ਨੂੰ ਦ੍ਰਸ਼ਟਾ ਆਖਿਆ ਗਿਆ।

ਧਰਮ ਮਨੁੱਖੀ ਅਨੁਭਵ ਹੈ ਅਤੇ ਧਰਮ ਦਰਸ਼ਨ ਦਾ ਮੂਲ ਸਰੋਕਾਰ, ਇਤਿਹਾਸ ਦੀ ਕਿਸੇ ਵੀ ਪੜਾਅ 'ਤੇ ਮਨੁੱਖੀ ਅਨੁਭਵ ਨੂੰ ਵਿਸਤ੍ਰਿਤ ਰੂਪ 'ਚ ਦ੍ਰਿਸ਼ਟੀਗੋਚਰ ਕਰਨਾ ਹੈ, ਉਸ ਦਾ ਨਿਰੀਖਣ ਕਰਨਾ ਹੈ। ਇਸ ਸਭ ਕਾਸੇ ਲਈ ਫਿਲਾਸਫਰ ਨੂੰ ਮਨੁੱਖੀ ਅਨੁਭਵ ਦੇ ਸਾਰੇ ਪੱਖਾਂ ਨੂੰ ਵਿਚਾਰਸ਼ੀਲ ਢੰਗ ਨਾਲ ਘੋਖਣਾ ਚਾਹੀਦਾ ਹੈ ਤਾਂ ਕਿ ਉਹ ਵਿਆਪਕ ਸੰਕਲਪ ਬਣਾ ਸਕੇ; ਜਿਨ੍ਹਾਂ ਰਾਹੀਂ ਇਸ ਅਨੁਭਵ ਦੇ ਛੋਟੇ ਤੋਂ ਛੋਟੇ ਅੰਸ਼ ਦੀ ਵੀ ਲੋੜ ਪੈਣ 'ਤੇ ਵਿਆਖਿਆ ਕੀਤੀ ਜਾ ਸਕੇ। 21ਵੀਂ ਸਦੀ ਦੇ ਮਹਾਨ ਪੱਛਮੀ ਚਿੰਤਕ ਵ੍ਹਾਈਟਹੈਡ ਦਾ ਵਿਚਾਰ ਹੈ ਕਿ ਅਜਿਹੇ ਵਿਆਪਕ ਸੰਕਲਪਾਂ ਦੀ ਵਿਉਂਤ ਇਕਸਾਰ, ਤਾਰਕਿਕ, ਪ੍ਰਸੰਗਕ ਅਤੇ ਢੁੱਕਵੀਂ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਧਰਮ ਦੇ ਸਬੰਧ 'ਚ ਦਰਸ਼ਨ ਦਾ ਮੂਲ ਸਰੋਕਾਰ ਧਾਰਮਿਕ ਕੀਮਤਾਂ 'ਤੇ ਵਿਚਾਰ ਕਰਨਾ, ਉਨ੍ਹਾਂ ਦਾ ਆਲੋਚਨਾਤਮਕ ਮੁਲੰਕਣ ਕਰਨਾ ਅਤੇ ਕੇਂਦਰੀ ਕੀਮਤ ਸੰਕਲਪਾਂ ਨੂੰ ਸਥਾਪਿਤ ਕਰਨਾ ਹੈ।

ਦਰਸ਼ਨ ਇਹ ਸਾਰਾ ਕੁਝ ਅੰਤਰ-ਨਿਹਿਤ ਕਦਰਾਂ ਨੂੰ ਉਜਾਗਰ ਕਰਕੇ, ਉਨ੍ਹਾਂ ਨੂੰ ਆਦੇਸ਼ਾਂ ਅਤੇ ਨਿਯਮਾਂ ਦੇ ਰੂਪ 'ਚ ਸਥਾਪਤ ਕਰ ਸਕਦਾ ਹੈ ਅਤੇ ਇਨ੍ਹਾਂ ਆਦੇਸ਼ਾਂ ਤੇ ਨਿਯਮਾਂ ਦੀ ਹੋਰ ਛਾਣਬੀਣ ਦੀ ਖੁੱਲ੍ਹ ਹੁੰਦੀ ਹੈ ਤਾਂ ਕਿ ਉਹ ਪ੍ਰਸੰਗ ਅਨੁਕੂਲ ਅਤੇ ਢੁੱਕਵੇਂ ਰੂਪ 'ਚ ਜ਼ਿੰਦਗੀ ਦੀ ਅਗਵਾਈ ਲਈ ਅਪਨਾਏ ਜਾ ਸਕਣ। ਇੱਥੇ, ਜਿੱਥੋਂ ਤੱਕ ਧਰਮ ਦਾ ਕੀਮਤਾਂ ਦੀ ਵਿਆਖਿਆ ਅਤੇ ਸਥਾਪਨਾ ਨਾਲ ਸਰੋਕਾਰ ਹੈ, ਧਰਮ ਅਤੇ ਦਰਸ਼ਨ ਅੰਤਰ-ਨਿਰਭਰ ਹੋ ਜਾਂਦਾ ਹੈ। ਧਾਰਮਿਕ ਉਤਸ਼ਾਹ ਆਪਣੇ ਉਸਾਰੂ ਜਜ਼ਬੇ ਅਧੀਨ ਇਨ੍ਹਾਂ ਕੀਮਤਾਂ 'ਚ ਮਨੁੱਖਤਾ ਦੀਆਂ ਡੂੰਘਾਈਆਂ ਅਤੇ ਪਰਮਾਤਮਾ ਪ੍ਰਤੀ ਪ੍ਰੇਮ ਕਾਰਨ ਆਪ ਹਿੱਸਾ ਲੈਂਦਾ ਹੈ ਅਤੇ ਹਿੱਸਾ ਲੈਣ ਦਾ ਸਵਾਗਤ ਕਰਦਾ ਹੈ, ਦਰਸ਼ਨ ਧਰਮ ਦੀ ਅਜਿਹੀ ਸ਼ਮੂਲੀਅਤ ਦੀ ਵਿਆਖਿਆ ਕਰਦਾ ਹੈ, ਉਸ ਦਾ ਢਾਂਚਾ ਉਸਾਰਦਾ ਹੈ। ਧਾਰਮਿਕ ਚਿੰਨ੍ਹਾਂ, ਮਿੱਥਾਂ, ਸੰਕਲਪਾਂ ਅਤੇ ਧਰਮ ਗ੍ਰੰਥਾਂ ਦੇ ਪੂਰੇ ਅਰਥਾਂ ਨੂੰ ਜਾਨਣ ਲਈ ਉਨ੍ਹਾਂ ਦੀ ਮਹੱਤਤਾ ਨੂੰ ਡੂੰਘੀ ਤਰ੍ਹਾਂ ਸਮਝਣ ਲਈ ਦਰਸ਼ਨ ਦੀ ਲੋੜ ਹੈ। ਧਰਮ ਅਤੇ ਦਰਸ਼ਨ ਦੋਵੇਂ ਮਨੁੱਖੀ ਸਭਿਆਚਾਰ ਦਾ ਹਿੱਸਾ ਵੀ ਹਨ ਅਤੇ ਸਭਿਆਚਾਰ ਨੂੰ ਸਹੀ ਅਰਥਾਂ 'ਚ ਸਮਝਣ ਲਈ ਇਸ ਦੇ ਵਿਕਾਸ ਅਤੇ ਵਿਗਾਸ ਲਈ ਵੀ ਜ਼ਰੂਰੀ ਹੈ ਕਿਉਂਕਿ ਧਰਮ ਅਤੇ ਦਰਸ਼ਨ ਦੋਵੇਂ ਹੀ ਸੱਚ ਦੇ ਅਨੁਭਵ ਅਤੇ ਗਿਆਨ ਲਈ ਵਚਨਬੱਧ ਹਨ। ਇਸ ਲਈ ਦੋਹਾਂ ਦੇ ਸਿੱਟਿਆਂ 'ਚ ਕਤਈ ਤੌਰ 'ਤੇ ਕੋਈ ਦੂਰੀ ਜਾਂ ਵਿਰੋਧ ਨਹੀਂ ਹੋਣਾ ਚਾਹੀਦਾ।

## ਗੁਰਬਾਣੀ ਗਿਆਨ

# ਪ੍ਰਭੁ ਅਬਿਨਾਸੀ ਬਸਿਆ ਘਟ ਭੀਤਰਿ

ੴ ਸਤਿਗੁਰ ਪ੍ਰਸਾਦਿ॥
ਮਾਝ ਮਹਲਾ ੫
ਖੋਜਤ ਖੋਜਤ ਦਰਸਨ ਚਾਹੇ॥
ਭਾਤਿ ਭਾਤਿ ਬਨ ਬਨ ਅਵਗਾਹੇ॥
ਨਿਰਗੁਣ ਸਰਗੁਣ ਹਰਿ ਹਰਿ ਮੇਰਾ
ਕੋਈ ਹੈ ਜੀਉ ਆਵਿ ਮਿਲਾਵੈ ਜੀਉ॥
ਖਟੁ ਸਾਸਤ ਬਿਚਰਤ ਮੁਖਿ ਗਿਆਨਾ॥
ਪੂਜਾ ਤਿਲਕੁ ਤੀਰਥ ਇਸਨਾਨਾ॥
ਨਿਵਲੀ ਕਰਮ ਆਸਨ ਚਉਰਾਸੀਹ
ਇਨ ਮਹਿ ਸਾਤਿ ਨ ਐਵੇ ਜੀਉ॥
ਅਨਿਕ ਬਰਖ ਕੀਏ ਜਪ ਤਾਪਾ॥
ਗਵਨੁ ਕੀਆ ਧਰਤੀ ਭਰਮਾਤਾ॥
ਇਕੁ ਖਿਨੁ ਹਿਰਦੈ ਸਾਤਿ ਨ ਆਵੈ
ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ॥
ਕਰਿ ਕਿਰਪਾ ਮੋਹਿ ਸਾਧੁ ਮਿਲਾਇਆ
ਮਨੁ ਤਨੁ ਸੀਤਲ ਧੀਰਜੁ ਪਾਇਆ॥
ਪ੍ਰਭੁ ਅਬਿਨਾਸੀ ਬਸਿਆ ਘਟ ਭੀਤਰਿ
ਹਰਿ ਮੰਗਲੁ ਨਾਨਕੁ ਗਾਵੈ ਜੀਉ॥

ਇਸ ਸ਼ਬਦ ਵਿਚ ਗੁਰਦੇਵ ਉਸ ਪ੍ਰਭੂ ਦੀ ਮਹਾਨਤਾ ਦਰਸਾਉਂਦੇ ਹਨ ਕਿ ਹੇ ਭਾਈ! ਬਹੁਤ ਲੋਕ ਉਸ ਦਰਸ਼ਨਾਂ ਦੀ ਤਾਂਘ ਵਿਚ ਜੰਗਲਾਂ-ਪਹਾੜਾਂ ਵਿਚ ਭਟਕਦੇ ਹਨ ਪਰ ਉਸ ਨਾਲ ਮਿਲਾਪ ਨਹੀਂ ਹੁੰਦਾ। ਹੇ ਭਾਈ! ਉਹ ਪ੍ਰਭੂ ਤਾਂ ਨਿਰਗੁਣ ਸੰਸਾਰ ਤੋਂ ਵੱਖਰਾ ਹੈ ਅਤੇ ਸਰਗੁਣ ਸੰਸਾਰ ਉਸੇ ਦਾ ਹੀ ਰੂਪ ਹੈ, ਕੋਈ ਐਸਾ ਹੈ ਜੋ ਉਸ ਪ੍ਰਭੂ ਨੂੰ ਲਿਆ ਕੇ ਮਿਲਾ ਸਕਦਾ ਹੋਵੇ।

ਹੇ ਭਾਈ! ਕੁਝ ਲੋਕ ਐਸੇ ਭੀ ਹਨ ਜੋ ਸ਼ਾਸਤਰਾਂ ਨੂੰ ਵਿਚਾਰ ਕੇ ਤੀਰਥਾਂ 'ਤੇ ਇਸਨਾਨ ਕਰਦੇ ਹਨ ਅਤੇ ਨਿਓਲੀ ਕਰਮ ਅਤੇ ਜੋਗੀਆਂ ਵਾਲੇ ਚੁਰਾਸੀ ਤਰ੍ਹਾਂ ਦੇ ਆਸਣ ਕਰਦੇ ਹਨ, ਪਰ ਇਨ੍ਹਾਂ ਨਾਲ ਵੀ ਜੀਵ ਦੇ ਮਨ ਨੂੰ ਸ਼ਾਂਤੀ ਨਹੀਂ ਮਿਲਦੀ ਕਿਉਂਕਿ ਇਹ ਸਭ ਦਿਖਾਵੇ ਮਾਤਰ ਹਨ।

ਅਨਿਕ ਬਰਖ ਕੀਏ ਜਪ ਤਾਪਾ॥
ਗਵਨੁ ਕੀਆ ਧਰਤੀ ਭਰਮਾਤਾ॥
ਇਕੁ ਖਿਨੁ ਹਿਰਦੈ ਸਾਤਿ ਨ ਆਵੈ
ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ॥

ਹੁਣ ਗੁਰਦੇਵ ਕਹਿੰਦੇ ਹਨ ਕਿ ਹੇ ਭਾਈ! ਜੋਗੀ ਲੋਕ ਤਾਂ ਅਨੇਕਾਂ ਸਾਲ ਹੀ ਜਪ ਅਤੇ ਤਪ ਵੀ ਕਰਦੇ ਹਨ; ਫਿਰ ਇਸ ਸਾਰੀ ਧਰਤੀ ਦਾ ਭ੍ਰਮਣ ਵੀ ਕਰਦੇ ਫਿਰਦੇ ਹਨ। ਇਹ ਸਾਰੇ ਜਪ ਤਪ ਅਤੇ ਭ੍ਰਮਣ ਕਰਨ ਨਾਲ ਵੀ ਇਕ ਖਿਨ ਲਈ ਵੀ ਉਨ੍ਹਾਂ ਦੇ ਹਿਰਦੇ 'ਚ ਸ਼ਾਂਤੀ ਨਹੀਂ ਆਉਂਦੀ; ਫਿਰ ਵੀ ਜੋਗੀ ਇਨ੍ਹਾਂ ਜਪਾਂ-ਤਪਾਂ ਦੇ ਪਿੱਛੇ ਹੀ ਮੁੜ ਮੁੜ ਕੇ ਦੌੜੇ ਫਿਰਦੇ ਹਨ। ਇਥੇ ਸਤਿਗੁਰੂ ਇਨ੍ਹਾਂ ਦਿਖਾਵੇ ਦੇ ਜਪੁ, ਤਪੁ ਅਤੇ ਪਾਖੰਡਾਂ ਦਾ ਪੂਰੇ ਜ਼ੋਰ ਨਾਲ ਖੰਡਨ ਕਰਦੇ ਹਨ।

ਕਰਿ ਕਿਰਪਾ ਮੋਹਿ ਸਾਧੁ ਮਿਲਾਇਆ
ਮਨੁ ਤਨੁ ਸੀਤਲ ਧੀਰਜੁ ਪਾਇਆ॥
ਪ੍ਰਭੁ ਅਬਿਨਾਸੀ ਬਸਿਆ ਘਟ ਭੀਤਰਿ
ਹਰਿ ਮੰਗਲੁ ਨਾਨਕੁ ਗਾਵੈ ਜੀਉ॥

ਸਤਿਗੁਰ ਕਹਿੰਦੇ ਹਨ ਕਿ ਹੇ ਭਾਈ! ਉਸ ਪ੍ਰਭੂ ਨੇ ਕਿਰਪਾ ਕਰਕੇ ਮੈਨੂੰ ਪੂਰਾ ਗੁਰੂ ਮਿਲਾ ਦਿੱਤਾ ਹੈ ਅਤੇ ਗੁਰੂ ਦੇ ਮਿਲਾਪ ਸਦਕਾ ਮੇਰੇ ਮਨ ਨੂੰ ਤਸੱਲੀ ਮਿਲੀ ਹੈ ਅਤੇ ਗੁਰੂ ਦੀ ਮਿਹਰ ਨਾਲ ਮੇਰਾ ਮਨ ਅਤੇ ਤਨ ਦੋਵੇਂ ਠੰਢੇ ਹੋ ਗਏ ਹਨ। ਮਾਇਆ ਦੇ ਵਿਕਾਰਾਂ ਦੀ ਤਪਸ਼ ਵੀ ਮੁੱਕ ਗਈ ਹੈ ਅਤੇ ਹੁਣ ਪੂਰੇ ਗੁਰੂ ਦੀ ਕਿਰਪਾ ਸਦਕਾ ਹੀ ਉਹ ਅਬਿਨਾਸੀ ਪ੍ਰਭੂ ਸੰਸਾਰ ਦਾ ਮਾਲਿਕ ਮੇਰੇ ਹਿਰਦੇ ਵਿਚ ਆ ਕੇ ਵੱਸ ਗਿਆ ਹੈ। ਹੁਣ ਇਹ ਨਾਨਕ ਉਸ ਆਪਣੇ ਮਾਲਿਕ ਪ੍ਰਭੂ ਦੀ ਸਿਫਤ ਦੇ ਮੰਗਲਮਈ ਗੀਤ ਗਾਉਂਦਾ ਹੈ ਅਤੇ ਉਸ ਦੇ ਸ਼ੁਕਰਾਨੇ ਕਰਦਾ ਹੈ।

-ਬੀਬੀ ਸੁਰਜੀਤ ਕੌਰ
ਫੋਨ:916-687-3536

## ਸਿਆਣਿਆਂ ਦਾ ਕਿਹਾ

(1) ਕਿਸੇ ਗੱਲੋਂ ਹੱਸਣਾ ਜਾਂ ਕਿਸੇ ਉਤੇ ਹੱਸ ਛੱਡਣਾ ਬਹੁਤ ਸੌਖਾ ਹੈ ਪਰ ਕਿਸੇ ਰੋਂਦੇ ਨੂੰ ਹਸਾਉਣਾ ਬਹੁਤ ਔਖਾ।

(2) ਬਹੁਤੇ ਘਰਾਂ ਵਿਚ ਕਲੇਸ਼ ਹੈ, ਖਿਚੋਤਾਣ ਹੈ, ਅਜੀਬ ਵਾਤਾਵਰਨ ਹੈ।

(3) ਪੰਜਾਬ ਦੇ ਮਹੱਲਾਂ ਜਿਹੇ ਆਲੀਸ਼ਾਨ ਬਸੇਰਿਆਂ ਵਿਚ ਸੁੰਨ-ਮਸਾਨ ਕਿਉਂ?

(4) ਆਪਕਾ ਸਾਰਾ ਜਿਸਮ ਝੁਕ ਝੁਕ ਕਰ ਬੋਝ ਸੇ ਦੋਹਰਾ ਹੁਆ ਹੋਗਾ, ਮੈਂ ਸਜਦੇ ਮੇਂ ਨਹੀਂ ਥਾ ਆਪ ਕੋ ਧੋਖਾ ਹੁਆ ਹੋਗਾ।

(5) ਸੰਸਾਰ ਹਮੇਸ਼ਾਂ ਲੁਕਣ-ਮੀਟੀ ਖੇਡਦਾ ਰਹਿੰਦਾ ਹੈ।

(6) ਦਰਦ ਬੜੀ ਬੁਰੀ ਚੀਜ਼ ਹੈ, ਕਿਸੇ ਨੂੰ ਹੋਏ ਹੀ ਨਾ।

(7) ਹਮ ਨੇ ਦੇਖਾ ਹੀ ਨਹੀ ਬੋਲਤੇ ਹੁਏ ਉਨਕੋ ਅਬ ਤਕ, ਕੌਨ ਕਹਿਤਾ ਹੈ ਕਿ ਪੱਥਰ ਕੇ ਸਨਮ ਝੂਠੇ ਹੈਂ?

(8) ਉਦਾਸ ਆਖੋਂ ਸੇ ਆਂਸੂ ਨਹੀਂ ਨਿਕਲਤੇ ਹੈਂ, ਯੇ ਮੋਤੀਓਂ ਕੀ ਤਰਹ ਸੀਪੀਓਂ ਮੇਂ ਪਲਤੇ ਹੈਂ।

(9) ਇੱਕ ਵਿਅਕਤੀ ਦਾ ਕੂੜਾ ਕਰਕਟ ਦੂਸਰੇ ਦਾ ਖਜ਼ਾਨਾ ਹੋ ਸਕਦਾ ਹੈ।

(10) ਜਿਹੜੇ ਪਹਾੜ ਸਾਡੇ ਤੋਂ ਦੂਰ ਹਨ ਉਹ ਹਮੇਸ਼ਾਂ ਛੋਟੇ ਜਾਪਦੇ ਹਨ।

(11) ਤੁਸੀਂ ਇਸ ਵੇਲੇ ਮਹਾਨ ਉਚਾਈਆਂ ਵੱਲ ਕਾਫੀ ਤੇਜ਼ ਰਫਤਾਰ ਨਾਲ ਵੱਧ ਰਹੇ ਹੋ।

(12) ਹਰ ਸਵਾਸ ਹੋਂਦ ਦੀ ਪੁਸ਼ਟੀ ਹੈ।

(13) ਜਦ ਵੀ ਦਿੱਤਾ ਧੋਖਾ ਦਿੱਤਾ ਸਾਨੂੰ ਮਸਤ ਬਹਾਰਾਂ ਨੇ, ਜਦੋਂ ਨਿਭਾਇਆ ਸਾਥ ਨਿਭਾਇਆ ਸਾਡਾ ਤਿੱਖੀਆਂ ਧਾਰਾਂ ਨੇ।

(14) ਆਪਣਾ ਉਲੂ ਸਿੱਧਾ ਕੀਤਾ ਧਰਮ ਦੇ ਠੇਕੇਦਾਰਾਂ ਨੇ, ਦੁੱਖ ਹੈ ਸਾਨੂੰ ਆ ਕੇ ਲੁੱਟਿਆ ਸਾਡੇ ਪਹਿਰੇਦਾਰਾਂ ਨੇ।

(15) ਲਹੂ ਦੇ ਨਾਲ ਲਿੱਖੀਆਂ ਜੋ ਕੀਮਤੀ ਗੱਲਾਂ, ਸਾਂਭ ਕੇ ਰੱਖੀਂ, ਤੇਰੇ ਕਿਸੇ ਕੰਮ ਆਵੇਗੀ, ਮੇਰੀ ਇਹ ਦੌਲਤ ਸਾਂਭ ਕੇ ਰੱਖੀਂ।

(16) ਉਠ ਵੇ, ਵਾਰਿਸ ਸੁੱਤਿਆ, ਉਠ ਵੇਖ ਧੀਆਂ ਦਾ ਹਾਲ, ਵੈਰੀ ਕੋਹ ਕੋਹ ਮਾਰਦੇ ਤਿੱਖੇ ਨਸਤਰਾਂ ਨਾਲ।

(17) ਅੱਜਕਲ੍ਹ ਡਾਕੂ ਤੇ ਚੋਰ ਘਰ 'ਚੋਂ ਨਕਦੀ ਅਤੇ ਜੇਵਰ ਲੁੱਟਣ ਦੀ ਥਾਂ ਆਟਾ ਘਿਓ ਲੱਭਦੇ ਫਿਰਦੇ ਨੇ।

(18) ਜੋ ਕੌਮ ਆਪਣੇ ਵੱਡਿਆਂ ਤੋ ਸਬਕ ਨਹੀਂ ਸਿੱਖਦੀ, ਹਮੇਸ਼ਾਂ ਔਕੜਾਂ ਵਿਚ ਫਸੀ ਰਹਿੰਦੀ ਹੈ।

(19) ਸਾਡੀਆਂ ਇਮਾਰਤਾਂ ਤਾਂ ਉਚੀਆਂ ਹਨ ਪਰ ਮਿੱਠੇ ਸੁਭਾਅ ਬਹੁਤ ਨੀਵੇਂ।

(20) ਅਸੀਂ ਖਰੀਦਦੇ ਤਾਂ ਬੜਾ ਕੁੱਝ ਹਾਂ ਪਰ ਖਰੀਦੇ ਹੋਏ ਮਾਲ ਦਾ ਲੁਤਫ ਬੜਾ ਥੋੜ੍ਹਾ ਉਠਾਉਂਦੇ ਹਾਂ।

(21) ਸਾਡੇ ਕੋਲ ਸਹੂਲਤਾਂ ਵੱਧ ਸਮਾਂ ਘੱਟ ਹੈ। ਸਾਡੇ ਕੋਲ ਡਿਗਰੀਆਂ ਵੱਧ, ਅਕਲ ਘੱਟ ਹੈ। ਦਵਾਈਆਂ ਤਾਂ ਬਹੁਤ ਹਨ ਪਰ ਤੰਦਰੁਸਤੀ ਨਹੀਂ ਹੈ।

(22) ਅਸੀਂ ਟੀ.ਵੀ. ਬਹੁਤ ਦੇਖਦੇ ਹਾਂ, ਅਰਦਾਸ ਬਹੁਤ ਘੱਟ ਕਰਦੇ ਹਾਂ।

(23) ਅਸੀਂ ਇਕੱਠਾ ਤਾਂ ਬੜਾ ਕੁੱਝ ਕਰ ਲਿਆ ਹੈ ਪਰ ਆਪਣੀਆਂ ਕਦਰਾਂ ਕੀਮਤਾਂ ਘਟਾ ਲਈਆਂ ਹਨ। ਰੋਜ਼ੀ ਰੋਟੀ ਕਮਾਉਣੀ ਤਾਂ ਸਿੱਖ ਲਈ ਹੈ ਪਰ ਜ਼ਿੰਦਗੀ ਬਣਾਉਣੀ ਨਹੀਂ ਸਿੱਖੀ। ਜ਼ਿੰਦਗੀ ਵਿਚ ਸਾਲ ਤਾਂ ਜੋੜ ਲਏ ਹਨ ਪਰ ਸਾਲਾਂ ਨੂੰ ਜ਼ਿੰਦਗੀ ਨਹੀਂ ਦਿੱਤੀ।

(24) ਅਸੀਂ ਬੋਲਦੇ ਬਹੁਤ ਹਾਂ ਪਰ ਸਿੱਖਦੇ ਬਹੁਤ ਘੱਟ।

(25) ਮੇਰੀਏ ਧੀਏ ਮੇਰੀ ਤੂੰ ਪੱਗ ਦੀ ਪੱਤ ਸਾਂਭ ਕੇ ਰੱਖੀਂ, ਜੇ ਰੱਖ ਸਕਦੀ ਏਂ ਪਿਉ ਧੀ ਦੇ ਕੁੱਝ ਰਿਸਤੇ ਸਾਂਭ ਕੇ ਰੱਖੀਂ।

(26) ਅਸੀਂ ਕਾਹਲੀ ਕਰਨੀ ਤਾਂ ਸਿੱਖ ਲਈ ਹੈ ਪਰ ਉਡੀਕਣਾ ਨਹੀਂ ਆਇਆ।

(27) ਸਾਡੇ ਕੋਲ ਦਿਖਾਉਣ ਨੂੰ ਤਾਂ ਬਹੁਤ ਕੁੱਝ ਹੈ ਪਰ ਦੇਣ ਲਈ ਪਲੇ ਕੁੱਝ ਵੀ ਨਹੀਂ ਹੈ।

(28) ਇੰਟਰਨੈਟ ਦੇਖਦਿਆਂ ਫਾਰਵਰਡ ਬਟਨ ਘੱਟ ਪਰ ਡਿਲੀਟ ਬਟਨ ਵੱਧ ਦਬਾਇਆ ਜਾਂਦਾ ਹੈ।

(29) ਕੁੱਝ ਸਮਾਂ ਆਪਣੇ ਮਾਪਿਆਂ ਨਾਲ ਵੀ ਬਿਤਾਉ ਕਿਉਂਕਿ ਉਨ੍ਹਾਂ ਨੇ ਸਦਾ ਨਹੀਂ ਬੈਠੇ ਰਹਿਣਾ।

(30) ਅੱਖਾਂ ਜਦ ਸ਼ਰਮਾਉਣਾ ਛੱਡ ਦੇਣ ਤਾਂ ਕਲਯੁੱਗ ਵਰਤ ਜਾਂਦਾ ਹੈ।

ਪੇਸ਼ਕਾਰ-ਪਰਮਜੀਤ ਸਿੰਘ ਦਾਖਾ

ISBN # 978-0-9781624-9-8

ਨੈਣ-ਨਕਸ਼

# ਕੱਢਣਾ ਰੁਮਾਲ ਦੇ ਗਿਓਂ...

*ਸੰਤ ਤੇ ਮਹਾਂਪੁਰਸ਼ ਸੰਗਤਾਂ ਕਰਕੇ ਹੀ ਹੁੰਦੇ ਹਨ। ਇਕ ਵਾਰ ਕਿਸੇ ਸੰਤ ਮਹਾਂਪੁਰਸ਼ ਨੇ ਸਤਿਸੰਗ ਕਰਦਿਆਂ ਵੱਡੀ ਗਿਣਤੀ ਵਿਚ ਆਈ ਸੰਗਤ ਨੂੰ ਆਖ ਦਿੱਤਾ, 'ਅੱਜ ਤੋਂ ਸਭ ਕੁਝ ਤਿਆਗ ਦਿਓ' ਤੇ ਅਗਲੀ ਸਵੇਰ ਨਤੀਜਾ ਇਹ ਨਿਕਲਿਆ ਕਿ ਡੇਰਾ ਭਾਂ-ਭਾਂ ਕਰਨ ਲੱਗਾ। ਸੰਤ ਜੀ ਕੁਝ ਘਰਾਂ 'ਚ ਆਪ ਚੱਲ ਕੇ ਗਏ ਕਿ 'ਐਂ ਤਾਂ ਡੇਰਾ ਕਿਵੇਂ ਚੱਲੂ?' ਸੰਗਤ ਨੇ ਦੱਸਿਆ ਕਿ ਤੁਸੀਂ ਹੀ ਤਾਂ ਆਖਿਆ ਸੀ, "ਸਭ ਕੁਝ ਤਿਆਗ ਦੇਵੋ।" ਤੇ ਦੁਨਿਆਵੀ ਮੰਝਧਾਰ ਵਿਚ ਫਸੇ ਮਹਾਂਪੁਰਸ਼ ਨੂੰ ਅਗਲੇ ਸਤਿਸੰਗ 'ਚ ਕਹਿਣਾ ਪਿਆ, "ਸਭ ਕੁਝ ਛੱਡ ਦਿਓ ਪਰ ਮੈਨੂੰ ਨਾ ਛੱਡਿਓ।" ਮਨੁੱਖ ਚਲਾਕ ਤਾਂ ਬਹੁਤ ਬਣਦਾ ਹੈ ਪਰ ਜੋ ਪੱਲੇ ਹੈ, ਉਹ ਵੀ ਗੁਆ ਰਿਹਾ ਹੈ, ਹਾਸਲ ਕੁਝ ਨਹੀਂ ਹੋ ਰਿਹਾ। ਅਸੀਂ ਜ਼ਿੰਦਗੀ ਨੂੰ ਰਬੜ ਵਾਂਗ ਖਿੱਚ ਕੇ ਭੋਗਣ ਲਈ ਲੰਬੀ ਕਰਨ ਤਾਂ ਲੱਗੇ ਹੋਏ ਹਾਂ ਪਰ ਮਾਨਣ ਦਾ ਇਕ ਵੀ ਯਤਨ ਨਹੀਂ ਕਰ ਰਹੇ। ਕਦੇ ਵਿਚਾਰ ਕੀਤੈ ਕਿ ਖਾਣ ਪੀਣ ਵਾਲੀਆਂ ਜਿੰਨੀਆਂ ਵੀ ਵਸਤਾਂ ਧਰਤੀ 'ਚੋਂ ਪੈਦਾ ਹੁੰਦੀਆਂ ਹਨ, ਕੁਦਰਤ ਕੱਜ ਕੇ ਦਿੰਦੀ ਹੈ। ਕਣਕ, ਚੌਲ ਸਿੱਟਿਆਂ ਵਿਚ ਅਤੇ ਮੱਕੀ ਪਰਦੇ 'ਚ, ਦਾਲਾਂ ਫਲੀਆਂ 'ਚ, ਪਿਆਜ ਤੇ ਬੰਦ ਗੋਭੀ ਕੁਦਰਤ ਨੇ ਮਨੁੱਖ ਨੂੰ ਮਜ਼ਾਕ ਲਈ ਪੇਸ਼ ਕੀਤੇ ਸਨ ਕਿ ਲੈ! ਲਾਹੀ ਚੱਲ!! ਲਾਲਚ ਨਾਲ ਛਿੱਲਾਂ ਵਿਚੋਂ ਕੁਝ ਵੀ ਨਹੀਂ ਨਿਕਲਣਾ। ਇਸੇ ਲਈ ਮਨੁੱਖ ਇਨ੍ਹਾਂ ਨੂੰ ਖਿਝ ਕੇ ਕੁਤਰਨ ਲੱਗ ਪਿਆ ਹੈ। ਜਰਮਨੀ ਦੀ ਬਹੁਤੀ ਧਰਤੀ ਕਾਲੀ ਮਿੱਟੀ ਦੀ ਬਣੀ ਹੋਈ ਹੈ ਪਰ ਕਦੇ ਦਰਜਨਾਂ ਖੇਤਾਂ ਵਿਚਲੀ ਕਾਲੀ ਮਿੱਟੀ ਤੇ ਗੋਭੀ ਦੇ ਫੁੱਲ ਖਿੜੇ ਹੋਏ ਵੇਖਿਓ, ਲੱਗੇਗਾ ਕਿ ਕੁਦਰਤ ਲੱਕ 'ਤੇ ਹੱਥ ਰੱਖ ਕੇ ਠੁਮਕਾ ਲਾ ਕੇ ਨੱਚ ਰਹੀ ਹੈ! ਨੀਂਦ ਖੁਰਾਕ ਨਾਲੋਂ ਵੀ ਵੱਧ ਵਿਟਾਮਿਨਾਂ ਦਾ ਸਮੂਹ ਹੈ। ਇਸ ਲਈ ਇਹ ਉਸ ਰਾਤ ਨੂੰ ਵੀ ਆ ਜਾਂਦੀ ਹੈ ਜਿਸ ਨੂੰ ਉਡੀਕਦਿਆਂ ਜਵਾਨੀ ਲੋਹੀ-ਲਾਖੀ ਹੋਈ ਹੁੰਦੀ ਹੈ। ਰਾਤ ਨੂੰ ਘੁੱਟ ਪੀ ਨੇ ਇਸ ਨੂੰ ਰੰਗੀਨ ਸਮਝਣ ਵਾਲੇ ਭੁੱਲ ਗਏ ਹੁੰਦੇ ਨੇ ਕਿ ਇਹ ਗੁਜ਼ਰ ਗਈ ਹੈ ਤੇ ਜਿਸ ਦਿਨ ਉਨ੍ਹਾਂ ਨੇ ਗੁਜ਼ਰਨੈ, ਰਾਤ ਨੇ ਉਦਣ ਵੀ ਰੰਗੀਨ ਹੀ ਰਹਿਣੈ। ਜਦੋਂ ਨੇਤਾ ਦਾ ਪੁੱਤ ਕੁਝ ਹੋਰ ਹੀ ਕਰਨ ਲੱਗ ਪਵੇ ਤਾਂ ਉਹ ਅਰਦਾਸ 'ਚ ਹੱਥ ਜੋੜੀ ਖੜ੍ਹਾ ਕਹਿ ਰਿਹਾ ਹੁੰਦੈ ਕਿ ਸੱਚਿਆ ਪਾਤਸ਼ਾਹਾ! ਇਹਨੂੰ ਮੱਤ ਬਖ਼ਸ਼, ਕਾਹਨੂੰ ਮੇਰਾ ਘਰ ਉਜਾੜਨ ਤੁਰ ਪਿਐ। ਵਰਤਮਾਨ ਰਾਜਨੀਤੀ ਦੇ ਭਾਵੇਂ ਲੱਤ ਮਾਰੋ ਪਰ ਵਿਰਾਸਤੀ ਵਸਤਾਂ ਵੱਲ ਪਿੱਠ ਨਾ ਕਰੋ, ਇਨ੍ਹਾਂ ਨੂੰ ਘੁੱਟ ਕੇ ਜੱਫ਼ੀ ਪਾਵੋ।*



ਐਸ. ਅਸ਼ੋਕ ਭੌਰਾ

ਜਿਹੜੇ ਗਹਿਣਿਆਂ ਨਾਲ ਲੱਦੇ ਹੋਣ ਪਰ ਅਕਲ ਦਾ ਭੋਰਾ ਨਾ ਹੋਵੇ, ਉਨ੍ਹਾਂ ਨੂੰ ਵਹਿਮ ਹੀ ਹੁੰਦਾ ਹੈ ਕਿ ਦੁਨੀਆਂ ਉਨ੍ਹਾਂ ਨੂੰ ਸੋਹਣੇ ਮੰਨਦੀ ਹੈ। ਹਾਂ, ਸਮਾਜਿਕ ਪ੍ਰਬੰਧ ਨੂੰ ਰਸਮ ਰਿਵਾਜ਼ਾਂ ਨੇ ਘੁੱਟ ਕੇ ਫੜਿਆ ਹੁੰਦਾ ਹੈ, ਇਸ ਲਈ ਕਈ ਵਾਰ ਹਾਰ ਸ਼ਿੰਗਾਰ ਧੱਕੇ ਨਾਲ ਹੀ ਦਾਖ਼ਲ ਹੋ ਜਾਂਦਾ ਹੈ। ਡੋਲੀ ਚੜ੍ਹਦੀ ਬਹੂ ਦਾ ਵੇਖਿਆ ਹੋਣੈ, ਭਾਰ ਘੱਟ ਲੱਗ ਰਿਹਾ ਹੁੰਦੈ ਤੇ ਗਹਿਣੇ ਭਾਰੇ ਹੁੰਦੇ ਨੇ। ਦੁਨੀਆਂ ਭਰ ਦੇ ਲੋਕਾਂ ਵਿਚ ਜੇ ਕੋਈ ਸਾਂਝਾ ਫੈਸ਼ਨ ਜਾਂ ਗਹਿਣਾ ਰਿਹਾ ਹੈ ਤਾਂ ਉਹ ਰੁਮਾਲ ਹੀ ਹੈ। ਮੁਗਲ ਸ਼ਾਸਕਾਂ ਦਾ ਕਈ ਵਾਰ ਹਾਰ ਪਾ ਕੇ ਨਹੀਂ, ਰੁਮਾਲ ਹਿਲਾ ਕੇ ਸਵਾਗਤ ਕੀਤਾ ਜਾਂਦਾ ਸੀ। ਗੋਪਾਲ ਨੇ ਜਦੋਂ ਰੁਮਾਲ ਹਿਲਾ ਕੇ ਸਿਗਨਲ ਦਿੱਤਾ ਸੀ ਤਾਂ ਭਗਤ ਸਿੰਘ ਨੇ ਸਕਾਟ ਦੇ ਭੁਲੇਖੇ 'ਚ ਸਾਂਡਰਸ ਰੋੜ੍ਹ'ਤਾ ਸੀ। ਚਲੋ! ਅੱਜ ਰੁਮਾਲ ਦੇ ਵਿਸ਼ੇ 'ਤੇ ਕੁਝ ਅਹਿਮ ਪਰ ਦਿਲਚਸਪ ਤੇ ਗੁੱਝੀਆਂ ਗੱਲਾਂ ਦੀ ਚਰਚਾ ਕਰਦੇ ਹਾਂ।

ਮੈਥੋਂ ਤਿੰਨ-ਚਾਰ ਕੁ ਸਾਲ ਹੀ ਵੱਡਾ ਹੋਵੇਗਾ ਧੰਨੇ ਦਾ ਸੱਤੀ। 'ਕੱਠੇ ਬਾਂਟੇ ਖੇਡਿਆ ਕਰਦੇ ਸਾਂ। ਮੈਂ ਉਦੋਂ ਸਿੱਟਵੇਂ ਹੱਥ ਤੇਰਾਂ ਕੁ ਸਾਲਾਂ ਦਾ ਹੋਊਂ ਅੰਦਾਜ਼ੇ ਨਾਲ, ਛੇਵੀਂ 'ਚ ਪੜ੍ਹਦਾ ਸੀ। ਸਕੂਲੋਂ ਘਰ ਆਇਆ ਤਾਂ ਪਤਾ ਲੱਗਾ ਕਿ ਬੋਹੜ ਹੇਠਾਂ ਪਰ੍ਹਿਆ ਜੁੜੀ ਹੋਈ ਐ ਤੇ ਮੁਜਰਮ ਹੈ ਸੱਤੀ। ਮੈਂ ਕਿਤਾਬਾਂ ਵਾਲਾ ਬਸਤਾ ਸੁੱਟ ਕੇ ਭੱਜ ਕੇ ਨਿਆਣਿਆਂ ਵਾਲੀ ਕਤਾਰ 'ਚ ਜਾ ਖਲੋਤਾ। ਸੱਤੀ ਜਿਵੇਂ ਕਚਹਿਰੀ 'ਚ ਸਜ਼ਾ ਸੁਣਾਉਣ ਵੇਲੇ ਮੁਜਰਿਮ ਨੀਵੀਂ ਪਾ ਕੇ ਕਟਹਿਰੇ 'ਚ ਖੜ੍ਹਾ ਹੁੰਦੈ, ਭੁੰਜੇ ਹੀ ਨੀਵੀਂ ਪਾ ਕੇ ਬੈਠਾ ਸੀ। ਚਾਰ ਪੰਜ ਸਿਆਣੇ ਬੰਦਿਆਂ ਨੇ ਸਜ਼ਾ ਸੁਣਾਈ ਕਿ ਸੱਤੀ ਦਾ ਪਿਓ ਹੀ ਇਹਦੇ ਸਿਰ 'ਚ ਪੰਜ ਜੁੱਤੀਆਂ ਮਾਰੇਗਾ। ਤੇ ਸਤੇ ਬੈਠੇ ਧੰਨੇ ਨੇ ਧੌੜੀ ਦੀ ਜੁੱਤੀ ਪੈਰੋਂ ਲਾਹੀ ਤੇ ਲੁਹਾਰ ਦੇ ਘਣ ਵਾਂਗ ਪੰਜ ਦੀ ਥਾਂ ਸੱਤ ਮਾਰੀਆਂ ਸਿਰ 'ਚ। 'ਨੱਠ ਜਾ ਸਾਲਿਆ ਫਿਰ ਨਾ ਏਦਾਂ ਕਰੀਂ' ਦੇ ਫਰਮਾਨ ਨਾਲ ਪਰ੍ਹਿਆ ਉਠ ਗਈ।

ਗੱਲ ਮੇਰੇ ਖਾਨੇ ਨਹੀਂ ਪੈ ਰਹੀ ਸੀ, ਪਈ ਸੱਤੀ ਨੇ ਐਡਾ ਕੀ ਕਰ'ਤਾ ਕਿ ਨਿੱਕਾ ਜਿਹਾ ਸਿਰ ਪਿਓ ਤੋਂ ਭਨਾ ਲਿਆ। ਘਰੇ ਆ ਕੇ ਮੈਂ ਵਡੇ ਭਰਾ ਨੂੰ ਪੁੱਛਿਆ, 'ਕੀ ਕਰ'ਤਾ ਸੀ ਸੱਤੀ ਨੇ ਜਿਹੜੀ ਜੱਗੋਂ ਤੇਰਵੀਂ ਤਾਂ ਕੀ ਚੌਦਵੀਂ ਕਰ'ਤੀ?'

ਭਰਾ ਉੱਲਰ ਕੇ ਪੈ ਗਿਆ ਮੈਨੂੰ, "ਤੂੰ ਨਾ ਖਾ ਲਈਂ ਕਿਤੇ, ਤੇਰਾ ਹਾਲੇ ਸਿਰ ਗਿੱਲਾ। ਤੈਨੂੰ ਨੀਂ ਪਤਾ ਇਨ੍ਹਾਂ ਗੱਲਾਂ ਦਾ।"

ਫਿਰ ਕਈ ਸਾਲ ਬੀਤ ਗਏ ਜਦੋਂ ਨੂੰ ਮੇਰਾ ਸਿਰ ਵੀ ਸੁੱਕ ਗਿਆ। ਸੱਤੀ ਨਾਲ 'ਜਿਹੜੀ ਸਾਡੇ ਨਾਲ ਹੋਈ ਬੇਹਿਸਾਬ ਜਿਹੀ' ਹੋਈ ਦਾ ਭੇਤ ਖੁੱਲ੍ਹਿਆ ਤਾਂ ਪਤਾ ਲੱਗਾ ਕਿ ਸਾਰਾ ਪੁਆੜਾ ਰੁਮਾਲ ਦਾ ਸੀ। ਇਸ ਨਿੱਕੇ ਜਿਹੇ ਹਾਦਸੇ ਨਾਲ ਉਹ ਇੰਨਾ ਜ਼ਖ਼ਮੀ ਹੋ ਗਿਆ ਸੀ ਕਿ ਜਿਸ ਰੁਮਾਲ ਕਰ ਕੇ ਪੰਜ ਵਾਰ ਜੁੱਤੀਆਂ ਖਾਧੀਆਂ, ਹੁਣ ਉਹ ਦੋਹਤਿਆਂ ਪੋਤਰਿਆਂ ਵਾਲੈ, ਪਰ ਸਹੁੰ ਨੂੰ ਵੀ ਕਦੇ ਰੁਮਾਲ ਜੇਬ੍ਹ 'ਚ ਨੀਂ ਪਾਇਆ।

ਘਟਨਾ ਇਹ ਸੀ ਕਿ ਉਹਨੇ ਪੜ੍ਹ ਕੇ ਆਉਂਦੀ ਇਕ ਕੁੜੀ ਵੱਲ ਚੁੰਮ ਕੇ ਰੁਮਾਲ ਸੁੱਟ'ਤਾ। ਅੱਖੜ ਕੁੜੀ ਨੇ ਰੁਮਾਲ ਤਾਂ ਚੁੱਕ ਲਿਆ ਪਰ ਚਪੇੜਾਂ ਨਾਲ ਸੱਤੀ ਦਾ ਮੂੰਹ ਭੰਨ'ਤਾ। ਫਿਰ ਕੁੜੀ ਦੇ ਭਰਾਵਾਂ ਨੇ ਆ ਕੇ ਢਾਹ ਲਿਆ। ਅਗਲੇ ਦਿਨ ਪਿਓ ਨੇ ਪਰ੍ਹਿਆ 'ਚ ਛੜਿਆਂ ਦੇ ਡੋਲੂ ਵਾਂਗ ਮਾਂਜ'ਤਾ ਤੇ ਸੁੱਤੀ ਪਈ ਮਾਂ ਨੇ ਵੇਲਣੇ ਤਾਂ ਮਾਰੇ ਕਿ ਉਹਦੇ ਫੁੱਲਾਂ ਵਾਲੇ ਸੂਟ 'ਚੋਂ ਕੈਂਚੀ ਨਾਲ ਰੁਮਾਲ ਬਣਾ ਕੇ ਲੈ ਗਿਆ ਸੀ ਤੇ ਗੱਲ ਜਦੋਂ ਸਕੂਲੇ ਪਹੁੰਚੀ ਤਾਂ ਪ੍ਰਾਰਥਾਨਾ 'ਚ ਮਾਸਟਰਾਂ ਨੇ ਸੱਤੀ ਫੜਕਾਇਆ। ਇਕ ਜੁਰਮ ਦੀਆਂ ਪੰਜ ਸਜ਼ਾਵਾਂ ਵਿਚਾਰੇ ਨੂੰ ਹਾਲੇ ਤੀਕਰ ਭੁੱਲੀਆਂ ਨੀਂ।

ਵਿਗਿਆਨਕ ਯੁੱਗ 'ਚ ਭਾਵੇਂ ਰੁਮਾਲ ਦੀ ਥਾਂ ਨੈਪਕਿਨ ਜਾਂ ਟਿਸ਼ੂ ਪੇਪਰ ਨੇ ਲੈ ਲਈ ਹੈ ਤੇ ਸੱਤੀ ਵਰਗੇ ਪਤਾ ਨੀਂ ਕਿੰਨਿਆਂ ਨੇ ਰੁਮਾਲ ਦੀ ਛੇੜ-ਛਾੜ ਨਾਲ ਜਵਾਨੀ 'ਚ ਤੌਣੀ ਲੁਆਈ ਹੈ, ਪਰ ਇਹ ਸ਼ੈਅ ਰਾਜੇ-ਮਹਾਰਾਜਿਆਂ ਤੋਂ ਲੈ ਕੇ ਆਮ ਲੋਕਾਂ ਤੀਕ ਦੁਨੀਆਂ ਦੀ ਵਿਰਾਸਤ ਦਾ ਹਿੱਸਾ ਰਹੀ ਹੈ।

ਡੇਢ ਕੁ ਦਹਾਕਾ ਪਹਿਲਾਂ ਜਦੋਂ ਮੈਂ ਕੀਨੀਆ ਗਿਆ ਤਾਂ ਪਤਾ ਲੱਗਾ ਕਿ ਦੱਖਣੀ ਅਫ਼ਰੀਕਾ ਦੇ ਕੁਝ ਕਬਾਇਲੀ ਖੇਤਰਾਂ 'ਚ ਗ੍ਰਹਿਸਥ ਦੀ ਗੱਡੀ ਵਿਚ ਬੈਠਣ ਤੋਂ ਪਹਿਲਾਂ ਰੁਮਾਲ ਹੱਥਾਂ ਨਾਲ ਘੱਟ, ਮੂੰਹ ਨਾਲ ਫੜਨ ਦਾ ਵੱਧ ਅਭਿਆਸ ਹੁੰਦਾ ਹੈ। ਜਿੱਥੇ ਵਿਆਹ ਜਾਂ ਨਿਕਾਹ ਸਿਰੇ ਲਗਦਾ ਹੀ ਰੁਮਾਲ ਨਾਲ ਹੈ ਤੇ ਮਾਂ ਬਾਪ ਛੋਟੇ ਹੁੰਦਿਆਂ ਹੀ ਕੁੜੀ ਮੁੰਡੇ ਨੂੰ ਦੰਦਾਂ ਨਾਲ ਘੁੱਟ ਕੇ ਰੁਮਾਲ ਫੜਨ ਦਾ ਅਭਿਆਸ ਕਰਵਾਉਂਦੇ ਹਨ। ਵਿਆਹ ਦੀ ਪ੍ਰਵਾਨਗੀ ਵਾਲੀ ਅੰਤਿਮ ਰਸਮ ਇਹ ਹੁੰਦੀ ਹੈ ਕਿ ਮਜ਼ਬੂਤ ਰੁਮਾਲ ਦੀ ਇਕ ਕੰਨੀ ਕੁੜੀ ਦੇ ਮੂਹਰਲੇ ਦੰਦਾਂ ਹੇਠ ਅਤੇ ਦੂਜੀ ਮੁੰਡੇ ਦੇ ਦੰਦਾਂ ਹੇਠ ਫੜਾ ਦਿੱਤੀ ਜਾਂਦੀ ਹੈ। 'ਕਬੂਲ ਹੈ' ਨਹੀਂ; 'ਇਕ, ਦੋ ਤਿੰਨ' ਕਿਹਾ ਜਾਂਦੈ ਤੇ ਕੁਝ ਪਲਾਂ ਲਈ ਦੋਵੇਂ ਰੁਮਾਲ ਨੂੰ ਆਪੋ ਆਪਣੇ ਪਾਸੇ ਵੱਲ ਖਿੱਚਦੇ ਹਨ। ਪਾਦਰੀ ਵਲੋਂ ਵਧਾਈਆਂ ਦੇਣ ਨਾਲ ਹੀ ਤਾੜੀਆਂ ਦੀ ਗੂੰਜ ਉਠ ਪੈਂਦੀ ਹੈ। ਅਸਲ ਵਿਚ ਇਸ ਸਮੇਂ ਦੌਰਾਨ ਜੇ ਇਕ ਦੇ ਮੂੰਹ 'ਚੋਂ ਵੀ ਰੁਮਾਲ ਖਿਸਕ ਗਿਆ ਤਾਂ ਵਿਆਹ ਦੋ ਵਰ੍ਹਿਆਂ ਲਈ ਅੱਗੇ ਪਾ ਦਿੱਤਾ ਜਾਂਦਾ ਹੈ।

ਜਾਣਦੇ ਹੋ ਜਦੋਂ ਨੈਪੋਲੀਅਨ ਹਾਕਮ ਬਣਿਆ ਤਾਂ ਉਹਦੀ ਮਹਿਬੂਬਾ ਜੋਸਫ਼ਿਨ ਨੇ ਰੁਮਾਲ ਨੂੰ ਗਹਿਣੇ ਵਜੋਂ ਮਾਨਤਾ ਦੇ ਦਿੱਤੀ ਸੀ। ਉਹ ਘਰੋਂ ਜਾਣ ਵੇਲੇ ਘੋੜੇ ਦੀ ਕਾਠੀ 'ਤੇ ਬੈਠਣ ਲੱਗੇ ਨੈਪੋਲੀਅਨ ਨੂੰ ਰੁਮਾਲ ਬੁੱਲ੍ਹਾਂ ਨਾਲ ਚੁੰਮ ਕੇ ਫੜਾਉਂਦਿਆਂ ਆਖਦੀ ਸੀ, "ਇਸ ਰੁਮਾਲ ਨਾਲ ਲਿਪਟਿਆ ਮੇਰਾ ਪਿਆਰ



ਤੇਰੀ ਹਰ ਥਾਂ ਜਿੱਤ ਦੇ ਜਸ਼ਨਾਂ ਦੀ ਮਹਿਕ ਵੰਡੇਗਾ" ਤੇ ਸਭ ਤੋਂ ਹੈਰਾਨੀ ਵਾਲੀ ਗੱਲ ਇਹ ਸੀ ਕਿ ਹਰ ਰੋਜ਼ ਮਿਲਣ ਵਾਲੇ ਨਵੇਂ ਰੁਮਾਲ ਨੂੰ ਨੈਪੋਲੀਅਨ ਦੀਆਂ ਇਤਿਹਾਸਕ ਤੇ ਦੁਰਲੱਭ ਵਸਤਾਂ ਵਿਚ ਸ਼ਾਮਲ ਕੀਤਾ ਗਿਆ ਸੀ।

ਦਮਯੰਤੀ ਦੇ ਸਵੰਬਰ ਵੇਲੇ ਜਦੋਂ ਰਾਜੇ ਨਲ ਨਾਲ ਦੇਵਤੇ ਵੀ ਉਹਦੇ ਵਰਗਾ ਰੂਪ ਧਾਰ ਕੇ ਬੈਠ ਗਏ ਤਾਂ ਸਵੰਬਰ ਦੀ ਮਾਲਾ ਪਾਉਣ ਆਈ ਦਮਯੰਤੀ ਪ੍ਰੇਸ਼ਾਨ ਹੋ ਗਈ ਕਿ ਇਹ ਤਾਂ ਸਾਰੇ ਹੀ ਰਾਜੇ ਨਲ ਵਰਗੇ ਹਨ। ਉਹ ਭੱਜੀ, ਵਿਦਵਾਨ ਤੇ ਪੰਡਿਤ ਲੋਕਾਂ ਕੋਲ ਗਈ ਕਿ ਮੈਂ ਹੁਣ ਕੀ ਕਰਾਂ, ਕਿਤੇ ਵਰ ਗ਼ਲਤ ਹੀ ਨਾ ਚੁਣ ਲਵਾਂ। ਤਦ ਉਹਨੂੰ ਦੱਸਿਆ ਗਿਆ ਕਿ ਉਹਦਾ ਵਰ ਧਰਤੀ ਤੋਂ ਛੇ ਇੰਚ ਉਚਾ ਬੈਠਾ ਹੋਵੇਗਾ ਤੇ ਉਹਦੇ ਸੱਜੇ ਹੱਥ 'ਚ ਰੇਸ਼ਮੀ ਰੁਮਾਲ ਹੋਵੇਗਾ; ਇਨ੍ਹਾਂ ਦੋ ਨਿਸ਼ਾਨੀਆਂ ਨਾਲ ਨਲ-ਦਮਯੰਤੀ ਨੂੰ ਗ੍ਰਹਿਸਥ ਦੀ ਚਾਬੀ ਮਿਲੀ।

ਅਸਲ ਵਿਚ ਰੁਮਾਲ ਦਾ ਇਤਿਹਾਸ ਇਉਂ ਲਗਦੈ ਕਿ ਮਨੁੱਖ ਵਾਂਗ ਹੀ ਹਜ਼ਾਰਾਂ ਸਾਲ ਪੁਰਾਣਾ ਹੈ। ਅੰਕੜਿਆਂ ਵਿਚ ਇਹ ਗੱਲ ਭਾਵੇਂ ਨਾ ਵੀ ਲੱਭਦੀ ਹੋਵੇ, ਪਰ ਇਉਂ ਲਗਦਾ ਜ਼ਰੂਰ ਹੈ ਕਿ ਜਦੋਂ ਮਨੁੱਖ ਸਿਰਫ਼ ਜੰਗਲੀ ਜੀਵ ਤਾਂ ਸੀ ਪਰ ਉਹ ਪਿਆਰ ਤੋਂ ਵਿਹਲਾ ਨਹੀਂ ਹੋਵੇਗਾ। ਇਤਰ ਫਲੇਲ ਉਦੋਂ ਲੱਭੇ ਨਾ ਗਏ ਹੋਣ, ਇਸ ਲਈ ਹੋ ਸਕਦੈ ਖ਼ੂਬਸੂਰਤ ਤੇ ਖ਼ੁਸ਼ਬੂਦਾਰ ਪੱਤਿਆਂ ਦੇ ਤੋਹਫਿਆਂ 'ਚੋਂ ਰੁਮਾਲ ਅੱਗੇ ਚੱਲ ਕੇ ਹੋਂਦ ਵਿਚ ਆਇਆ ਹੋਵੇ। ਯੂਨਾਨੀ ਇਤਿਹਾਸ ਅਨੁਸਾਰ ਇਨ੍ਹਾਂ ਖ਼ੁਸ਼ਬੂਦਾਰ ਪੱਤਿਆਂ ਦੇ ਹਾਰ ਹੀ ਉਸ ਵਕਤ ਪਤੀ-ਪਤਨੀ ਦੇ ਗਲ 'ਚ ਪਾਏ ਜਾਂਦੇ ਹਨ ਤੇ ਦੁਨੀਆਂ ਵਿਚ ਸਭ ਤੋਂ ਵਧੀਆ ਤੇ ਕੀਮਤੀ ਇਤਰ ਫਲੇਲ ਬਣਾਉਣ ਵਾਲੀਆਂ ਪੈਰਿਸ ਦੀਆਂ ਕੰਪਨੀਆਂ ਹਾਲੇ ਤੀਕਰ ਵਿਗਿਆਨ ਦੇ ਯੁੱਗ 'ਚ ਵੀ ਮਹਿਕਾਂ ਨਾਲ ਲੱਦੀਆਂ ਜੜੀ-ਬੂਟੀਆਂ ਤੇ ਫੁੱਲ ਪੱਤੇ ਵਰਤਦੀਆਂ ਹਨ।

ਮੰਨਿਆ ਜਾਂਦਾ ਹੈ ਕਿ ਦੂਜੀ ਸਦੀ ਵਿਚ ਰੋਮ 'ਚ ਪਹਿਲੀ ਵਾਰ ਚਿੱਟੇ ਰੁਮਾਲ ਨੂੰ ਕਿਸੇ ਅਦਾਕਾਰ ਨੇ ਕਾਮੇਡੀ ਕਰਨ ਵੇਲੇ ਵਰਤਿਆ ਸੀ। ਅਧੇੜ ਉਮਰ ਦੀਆਂ ਔਰਤਾਂ ਆਪਣੇ ਮਰਦਾਂ ਨੂੰ ਉਨ੍ਹਾਂ ਦੀਆਂ ਹੀ ਹੋਣ ਦੀ ਨਿਸ਼ਾਨੀ ਵਜੋਂ ਰੁਮਾਲ ਪੇਸ਼ ਕਰਦੀਆਂ ਸਨ। ਰੁਮਾਲ ਪਹਿਲਾਂ ਕਿਉਂਕਿ ਅਮੀਰਾਂ ਤੱਕ ਹੀ ਸੀਮਤ ਸੀ, ਇਸ ਲਈ ਪਿਆਰ ਦੀ ਨਿਸ਼ਾਨੀ ਵਾਲਾ ਰੁਮਾਲ ਰੇਸ਼ਮ ਦਾ ਤਾਂ ਹੁੰਦਾ ਹੀ ਸੀ, ਸਗੋਂ ਇਸ ਨੂੰ ਚਾਂਦੀ ਤੇ ਸੋਨੇ ਰੰਗੇ ਧਾਗਿਆਂ ਨਾਲ ਕੱਢ ਕੇ ਸ਼ਿੰਗਾਰ ਦਿੱਤਾ ਜਾਂਦਾ ਸੀ। ਬਾਦਸ਼ਾਹ ਅਕਬਰ ਨੂੰ ਹਰ ਰੋਜ਼ ਦੀਵਾਨ ਜਾਂ ਕਚਿਹਰੀ ਲਗਾਉਣ ਵੇਲੇ ਸਤਿਕਾਰ ਨਾਲ ਥਾਲ 'ਚ ਰੱਖ ਕੇ ਨਵਾਂ ਰੁਮਾਲ ਭੇਟ ਕਰਨ ਦੀ ਜ਼ਿੰਮੇਵਾਰੀ ਸੁਨੱਖੀਆਂ ਕੁੜੀਆਂ ਦੀ ਮੁਸਕਰਾਹਟ ਨਾਲ ਪੇਸ਼ ਕਰਨ ਦੀ ਹੁੰਦੀ ਸੀ। ਫੈਸ਼ਨ ਪੱਖੋਂ ਦੁਨੀਆਂ ਨੂੰ ਖ਼ੂਬਸੂਰਤ ਰੁਮਾਲ ਮੈਡਰਿਡ (ਸਪੇਨ) ਅਤੇ ਰੋਮ ਨੇ ਦਿੱਤੇ ਹਨ। ਪੰਦਰਵੀਂ ਸਦੀ ਵਿਚ ਜਦੋਂ ਫ਼ੈਸ਼ਨ ਦਾ ਪਹਿਲਾ ਦੌਰ ਆਰੰਭ ਹੋਇਆ ਤਾਂ ਔਰਤਾਂ ਆਪਣੇ ਪਤੀ ਨੂੰ ਸ਼ਨੀਲ ਦੇ ਚਮਕਦੇ ਕੱਪੜੇ ਤੇ ਕੀਮਤੀ ਮੋਤੀ ਲਗਾ ਕੇ ਦਿੰਦੀਆਂ ਸਨ।

ਭਾਈ ਕਾਨ੍ਹ ਸਿੰਘ ਨਾਭਾ ਨੇ ਭਾਵੇਂ ਆਪਣੇ ਮਹਾਨਕੋਸ਼ ਦੇ ਪੰਨਾ 1043 'ਤੇ ਰੁਮਾਲ ਦਾ ਸ਼ਾਬਦਿਕ ਅਰਥ 'ਰੂ' ਮਤਲਬ ਮੂੰਹ ਅਤੇ 'ਮਾਲ' ਪੂੰਝਣਾ ਦੱਸਿਆ ਹੈ, ਪਰ ਇਹ ਪਿਆਰ ਦੀ ਨਿਸ਼ਾਨੀ ਉਦੋਂ ਬਣਿਆ ਜਦੋਂ ਵੱਡੇ ਲੋਕਾਂ ਵਿਚ ਇਕ ਲੜਕੀ ਨੂੰ ਇਕ ਤੋਂ ਵੱਧ ਵਰਾਂ ਦੀ ਪੇਸ਼ਕਸ਼ ਹੋਵੇ ਜਾਂ ਇਕ ਤੋਂ ਵੱਧ ਪ੍ਰੇਮੀ ਹਾੜੇ ਕੱਢਦੇ ਹੋਣ ਤਾਂ 'ਕੀਹਨੇ ਕੀਮਤੀ ਰੁਮਾਲ ਪੇਸ਼ ਕੀਤਾ' ਦੀ ਧਾਰਨਾ ਨਾਲ ਲਾਟਰੀ ਵਾਂਗ ਇਕ ਰੁਮਾਲ ਚੁਣਿਆ ਜਾਂਦਾ ਸੀ ਤੇ ਇਹ ਪਰੰਪਰਾ ਵਿਗੜਦੀ ਵਿਗੜਦੀ ਜਵਾਨੀ ਦੇ ਜ਼ੋਰ ਵਿਚ ਮੁੰਡੀਰ ਨੇ ਰੁਮਾਲ ਚੁੰਮ ਚੁੰਮ ਕੇ ਸੁੱਟਣ ਤੱਕ ਖਿੱਚ ਲਿਆਂਦੀ ਹੈ। ਇੰਟਰਨੈਟ ਦੇ ਯੁੱਗ ਵਿਚ ਭਾਵੇਂ ਪਿਆਰ ਦੇ ਅਰਥ ਹੋਰ ਹੋ ਗਏ ਹੋਣ ਪਰ ਕਿਸੇ ਵੇਲੇ ਬਹੁ-ਤੀਵੀਂ ਕਲਚਰ 'ਚ ਮੁਗਲ ਬਾਦਸ਼ਾਹਾਂ ਦੇ ਦਰ ਮੂਹਰੇ ਲਟਕਦਾ ਰੁਮਾਲ ਇਹ ਦਰਸਾਉਂਦਾ ਸੀ ਕਿ ਉਹਦੀ ਸੇਜ ਦਾ ਸ਼ਿੰਗਾਰ ਕਿਹੜੀ ਪਤਨੀ ਬਣੇਗੀ। 17ਵੀਂ ਤੇ 18ਵੀਂ ਸਦੀ ਦਰਮਿਆਨ ਭਾਵੇਂ ਰੁਮਾਲ ਦਾ ਵਿਕਾਸ ਬਹੁਤ ਹੋਇਆ ਪਰ 1685 ਈ. 'ਚ ਕਿੰਗ ਲੁਡਵਿਗ ਨੇ ਫੈਸਲਾ ਦਿੱਤਾ ਸੀ ਕਿ ਰੁਮਾਲ ਦੀ ਲੰਬਾਈ ਤੇ ਚੌੜਾਈ ਬਰਾਬਰ ਹੋਵੇਗੀ।

ਦਰਅਸਲ, ਬਰਤਾਨੀਆ ਨੇ ਰੁਮਾਲ ਦਾ ਰੂਪ ਉਦੋਂ ਹੋਰ ਵੀ ਨਿਖਾਰਿਆ ਜਦੋਂ ਇਸ ਦੀਆਂ ਕਿਨਾਰੀਆਂ ਵੀ ਕਸ਼ੀਦਾਕਾਰੀ ਵਿਚ ਕਮਾਲ ਦੀਆਂ ਬਣਾ ਦਿੱਤੀਆਂ। ਸ਼ੁਰੂ ਵਿਚ ਚਾਲੀ ਸੈਂਟੀਮੀਟਰ ਵਰਗਾਕਾਰ ਦਾ ਰੁਮਾਲ ਪ੍ਰਚੱਲਿਤ ਹੋਇਆ, ਪਰ ਜਦੋਂ ਇਸ ਦੀ ਤਿਆਰੀ ਵਿਚ ਵੱਡੀਆਂ ਕੰਪਨੀਆਂ ਆ ਗਈਆਂ ਤਾਂ ਇਸ ਦਾ ਆਕਾਰ ਨਿਸ਼ਚਿਤ ਨਹੀਂ ਰਿਹਾ। ਇਸ ਵੇਲੇ ਇਕ ਹਜ਼ਾਰ ਤੋਂ ਵੱਧ ਕਿਸਮ ਦੇ ਰੁਮਾਲ ਦੁਨੀਆਂ ਭਰ ਵਿਚ ਪ੍ਰਚੱਲਿਤ ਹਨ।

ਧੂੜ ਘੱਟੇ ਵਾਲੇ ਮੁਲਕਾਂ ਵਿਚ ਰੁਮਾਲ ਸੱਚੀਂ-ਮੁੱਚੀਂ ਹੀ ਮੂੰਹ ਪੂੰਝਣ ਦਾ ਵਸਤਰ ਹੈ ਤੇ ਬਾਕੀਆਂ ਵਿਚ ਹਾਲੇ ਵੀ ਬਹੁਤਾ ਕਰਕੇ ਪਿਆਰ ਦੀ ਨਿਸ਼ਾਨੀ ਹੀ ਹੈ। ਨਹਿਰੂ ਵਾਂਗ ਕੋਟ ਦੀ

***(ਬਾਕੀ ਸਫਾ 34 'ਤੇ)***

## ਗੱਲ ਬਣੀ ਕਿ ਨਹੀਂ

*ਐਸ. ਅਸ਼ੋਕ ਭੌਰਾ*

### *ਦੁਨੀਆਂ*

ਦੁਨੀਆਂ ਕਿੱਦਾਂ ਬਦਲ ਗਈ, ਬਦਲ ਗਏ ਰੰਗ ਰੂਪ।
ਸ਼ੀਸ਼ਾ ਬੋਝੇ ਰੱਖਦੇ, ਉਂਜ ਸ਼ਕਲੋਂ ਹੋਣ ਕਰੂਪ।
ਬੱਕਰੇ ਰਾਖੀ ਬੋਹਲ ਦੀ ਕਰਦੇ ਦੇਖੇ ਨਿੱਤ।
ਮਾਹੀ ਵਿਚ ਪਰਦੇਸ ਦੇ, ਫਿਰ ਵੀ ਲਗਦਾ ਚਿੱਤ।
ਲਾਵਾਂ ਹੋਣ ਸਵੇਰ ਨੂੰ ਤੇ ਰਾਤੀਂ ਹੋਣ ਤਲਾਕ।
ਬੜੇ-ਵਿਚੋਲੇ ਛੱਡ ਗਏ, ਤਾਂ ਹੀ ਕਰਾਉਣੇ ਸਾਕ।
ਬਦਲਣ ਹਾਕਮ ਨੀਤੀਆਂ, ਬਦਲੀ ਨਾਹੀਂ ਨੀਤ।
ਕੁੱਤੇ ਬਿੱਲੀਆਂ ਵੇਖ ਲਓ ਗੂੜ੍ਹੀ ਕਰਨ ਪ੍ਰੀਤ।
ਰੱਖੜੀ ਲੋਭੀ ਹੋ ਗਈ ਤੇ ਲੋਭਣ ਹੋ ਗਈ ਭੈਣ।
ਪੁੱਤ ਦੀ ਅਰਥੀ ਵੇਖ ਕੇ, ਮਾਂ ਨ੍ਹੀਂ ਪਾਉਂਦੀ ਵੈਣ।
ਪਾਣੀ ਵੱਟੇ ਦੇਂਦੀਆਂ ਨਹੀਂ ਹੁਣ ਭਾਬੀਆਂ ਦੁੱਧ।
ਘਰ ਤਾਂ ਛੱਡੋ, ਚੱਲਿਆ ਚੁੱਲ੍ਹਿਆਂ ਦੇ ਵਿਚ ਯੁੱਧ।
ਮਹਿਲ ਬਣਾਏ ਰੀਝ ਨਾ' ਫਿਰ ਵੀ ਜਾਪਣ ਥੇਹ।
ਝੋਟੇ ਵਰਗਾ ਸਾਧ ਹੋ ਗਿਆ ਪੀ ਜੋਤ ਦਾ ਘੇ।

## ਚੱਲ ਬਹਿ ਕੇ ਬੋਹੜ ਦੀ ਛਾਵੇਂ, ਲਾਈਏ ਇਕ ਤਾਸ਼ ਦੀ ਬਾਜ਼ੀ

ਜਦੋਂ ਬੰਨ੍ਹ ਖੋਲ੍ਹਿਆ ਜਾਂਦੈ ਤਾਂ ਪਾਣੀ ਚਾਅ ਨਾਲ ਹੀਰ ਗਾਉਂਦਿਆਂ, ਲੁੱਡੀਆਂ ਪਾਉਂਦਿਆਂ ਤੇਜ਼ੀ ਨਾਲ ਭੱਜ ਰਿਹਾ ਹੁੰਦੈ। ਇਵੇਂ ਜਦੋਂ ਅਣਬਣ ਹੋ ਕੇ ਬਣੀ ਹੋਵੇ ਜਾਂ ਟੁੱਟੀ ਗੰਢੀ ਗਈ ਹੋਵੇ ਤਾਂ ਬਾਹਾਂ ਘੁੱਟ ਕੇ ਜੱਫ਼ੀ ਪਾਉਣ ਲਈ ਪੂਰੇ ਜੋਸ਼ 'ਚ ਹੁੰਦੀਆਂ ਨੇ, ਪਰ ਲੰਘ ਗਿਆ ਸਮਾਂ ਚੇਤੇ ਕਰਕੇ ਤਕਰੀਬਨ ਸਾਰੀ ਦੁਨੀਆਂ ਹੀ ਝੂਰਦੀ ਹੈ।

ਇਕ ਯਾਦ ਦੀ ਬੰਦ ਪਈ ਖਿੜਕੀ ਪੂੰਝ ਝਾੜ ਕੇ ਖੋਲ੍ਹਣ ਲੱਗਾ ਹਾਂ ਕਿ ਸੰਗੀਤ ਸਮਰਾਟ ਚਰਨਜੀਤ ਅਹੂਜਾ ਨੂੰ ਮੈਂ ਉਦੋਂ ਤੋਂ ਜਾਣਦਾ ਹਾਂ, ਜਦੋਂ ਉਹ ਐਚ.ਐਮ.ਵੀ. ਕੰਪਨੀ ਲਈ ਬਤੌਰ ਮੈਂਡੋਲੀਨ ਸਾਜ਼ ਵਾਦਕ ਵਜੋਂ ਕੰਮ ਕਰਦਾ ਸੀ। ਫਿਰ ਉਹਦੇ ਹੱਥਾਂ 'ਚ ਸਟਾਰ ਬਣੇ ਸਾਰੇ ਗੀਤਕਾਰਾਂ ਅਤੇ ਗਾਇਕਾਂ ਨੂੰ ਵੀ ਜਾਣਦਾ ਹਾਂ। ਚਰਨਜੀਤ ਨੇ ਇਕ ਰੀਲ ਵਿਚ ਨਛੱਤਰ ਗਿੱਲ ਤੇ ਜਸਵੀਰ ਜੱਸੀ ਗੁਰਦਾਸਪੁਰੀਏ ਨੂੰ ਇਕ ਇਕ ਗੀਤ ਨਾਲ ਪੇਸ਼ ਕੀਤਾ ਸੀ। 'ਚੰਨਾ ਵੇ ਤੇਰੀ ਚਾਨਣੀ, ਜਾਹ ਅਸਾਂ ਨਹੀਂਓ ਮਾਨਣੀ...' ਨਾਲ ਜੱਸੀ ਕੁਝ ਕੁਝ ਚਰਚਿਤ ਹੋ ਗਿਆ।

ਜੱਸੀ ਫਿਰ ਲਗਾਤਾਰ ਮੇਰੇ ਸੰਪਰਕ ਵਿਚ ਰਿਹਾ, ਜਦੋਂ ਤੱਕ ਉਹਦਾ ਕਾਮਯਾਬੀ ਤੱਕ ਦਾ ਸਫ਼ਰ ਨਹੀਂ ਮੁੱਕਿਆ। ਜਦੋਂ ਮੈਂ ਹੁਸ਼ਿਆਰਪੁਰ

### ਧੁੱਪੇ ਬੈਠੀਆਂ ਯਾਦਾਂ




ਜ਼ਿਲ੍ਹੇ ਦੇ ਕਸਬਾਨੁਮਾ ਪਿੰਡ ਕੋਟ ਫ਼ਤੂਹੀ ਵਿਚ ਪੜ੍ਹਾਉਂਦਾ ਸਾਂ ਤਾਂ ਉਹਨੇ ਕਈ ਵਾਰ ਸਾਰਾ ਸਾਰਾ ਦਿਨ ਆ ਕੇ ਬੈਠੇ ਰਹਿਣਾ, ਪਰ ਫਿਰ ਉਹ ਭੀੜ 'ਚੋਂ ਆਤਿਸ਼ਬਾਜ਼ੀ ਵਾਂਗ ਨਿਕਲਿਆ। ਜਦੋਂ 'ਦਿਲ ਲੈ ਗਈ ਕੁੜੀ ਗੁਜਰਾਤ ਦੀ...' ਨੇ ਮਲਕੀਤ ਦੇ 'ਤੂਤੀਆਂ' ਵਾਲੇ ਗੀਤ ਵਾਂਗ ਗੈਰ-ਪੰਜਾਬੀ ਸਰੋਤਿਆਂ ਨੂੰ ਵੀ ਨਾਲ ਨਚਾ ਲਿਆ ਤਾਂ ਫਿਰ ਉਹਦਾ ਗਾਉਣ 'ਚ ਵੱਡਾ ਮੁੱਲ ਪੈ ਗਿਆ। ਮੇਲਿਆਂ ਤੇ ਮਹਿਫ਼ਲਾਂ 'ਚ ਗਾਉਣ ਵਾਲਾ ਜੱਸੀ ਲੱਖਾਂ ਵਾਲੇ ਪ੍ਰੋਗਰਾਮਾਂ ਦਾ ਗਾਇਕ ਬਣ ਗਿਆ। ਇਕ ਵਾਰ ਅਕਾਲੀ ਸਰਕਾਰ ਵੇਲੇ ਜਦੋਂ ਤਤਕਾਲੀ ਸਭਿਆਚਾਰ ਮੰਤਰੀ ਚੌਧਰੀ ਸਵਰਨਾ ਰਾਮ ਨੇ ਪੰਜਾਬੀ ਗੀਤਾਂ 'ਤੇ ਸੈਂਸਰ ਬੋਰਡ ਬਣਾਉਣ ਦੀ ਤਜਵੀਜ਼ ਰੱਖ ਦਿੱਤੀ ਤਾਂ ਜੱਸੀ ਦੇ ਇਕ ਗੀਤ 'ਚੰਨੋ ਦਾ ਜਵਾਨੀ ਵਿਚ ਪੈਰ ਪੈ ਗਿਆ, ਪਿੰਡ ਦਿਆਂ ਮੁੰਡਿਆਂ 'ਚ ਵੈਰ ਪੈ ਗਿਆ' ਨਾਲ ਖਿੱਚੋਤਾਣ ਵੀ ਵਾਹਵਾ ਰਹੀ। ਤਸਵੀਰ ਅਠਾਰਾਂ ਸਾਲ ਪਹਿਲਾਂ 'ਕੁੜੀ ਗੁਜਰਾਤ ਦੀ' ਵਾਲੇ ਜੱਸੀ ਦੀ ਹੀ ਮੇਰੇ ਘਰ ਦੀ ਹੈ। ਤਸਦੀਕ ਹੀ ਹੁੰਦੈ ਕਿ ਬੰਦਾ ਨਹੀਂ, ਵਕਤ ਹੀ ਬਦਲਦਾ ਹੈ।

***-ਐਸ. ਅਸ਼ੋਕ ਭੌਰਾ***

# ਸ਼ਮਸ਼ਾਨ-ਜਿਥੇ ਬਰਾਬਰ ਹੈ ਸਭ ਦੀ ਸ਼ਾਨ?

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

"ਇਹ ਇਕ ਸੱਚਾਈ ਹੈ ਕਿ ਮਨੁਖ ਨਿਰੁਕਤਕਾਰੀ ਜੀਵ ਹੈ। ਉਹ ਕਿਸੇ ਬੇਮਾਅਨਾ ਸ਼ਬਦ ਦੇ ਖ਼ਲਾਅ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਜੇ ਉਸ ਨੂੰ ਕੋਈ ਸ਼ਬਦ ਬੇਜਾਨ ਜਾਪੇ ਤਾਂ ਉਹ ਉਸ ਵਿਚ ਕੋਈ ਨਵੀਂ ਹੀ ਰੂਹ ਭਰਨ ਲਗਦਾ ਹੈ ਤੇ ਅਕਸਰ ਹੀ ਅਨਾੜੀ ਓਝੇ ਦੀ ਤਰ੍ਹਾਂ ਗਲਤ ਸਰੀਰ ਵਿਚ ਗਲਤ ਰੂਹ ਫੂਕ ਦਿੰਦਾ ਹੈ।" ਇਹ ਸ਼ਬਦ ਕਹੇ ਹਨ ਅੰਗਰੇਜ਼ ਬ੍ਰਹਮਗਿਆਨੀ ਅਤੇ ਕੋਸ਼ਕਾਰ ਅਬਰਾਹਮ ਸਮਿਥ ਪਾਰਮਰ ਨੇ। ਉਹ ਦੱਸ ਰਿਹਾ ਸੀ ਕਿ ਕਿਵੇਂ ਹਰ ਕੋਈ ਹੀ ਸ਼ਬਦ-ਰਚਨਾ ਦੇ ਭੇਤ ਬਾਰੇ ਕੁਝ ਨਾ ਕੁਝ ਕਹਿਣ ਲਈ ਤਤਪਰ ਰਹਿੰਦਾ ਹੈ। ਗੁਰਦਵਾਰਿਆਂ ਦੇ ਭਾਈਆਂ, ਕੀਰਤਨੀਆਂ, ਪ੍ਰਵਾਚਕਾਂ ਆਦਿ ਨੂੰ ਅਜਿਹਾ ਕਰਨ ਦੀ ਜਮਾਂਦਰੂ ਬੀਮਾਰੀ ਹੁੰਦੀ ਹੈ। ਉਹ ਆਪਣਾ ਅਲਪ ਗਿਆਨ ਲੁਕਾਉਣ ਲਈ ਉਘ ਦੀਆਂ ਪਤਾਲ ਮਾਰਦੇ ਰਹਿੰਦੇ ਹਨ. ਆਪਣੇ ਕੋਲੋਂ ਸਾਖੀਆਂ ਘੜ ਘੜ ਕੇ ਮਸਤ ਸੰਗਤਾਂ ਨੂੰ ਸੁਣਾਈ ਜਾਣਗੇ ਤੇ ਸ਼ਬਦਾਂ ਦੇ ਮਨਘੜਤ ਅਰਥ ਪੇਸ਼ ਕਰਕੇ ਗਿਆਨਵਾਨ ਹੋਣ ਦਾ ਭੁਲੇਂਦਰਾ ਪੈਦਾ ਕਰਨਗੇ। ਕੁਝ ਸਾਲ ਪਹਿਲਾਂ ਗੁਰਮਤਿ ਵਿਦਵਾਨ ਗੁਰੂਮੇਲ ਸਿੰਘ ਸਿੱਧੂ ਨੇ ਗੁਰਬਾਣੀ ਬਾਰੇ ਬਹੁਤ ਹੀ ਮੁਢਲੀ ਜਾਣਕਾਰੀ ਬਾਰੇ ਸੌ ਕੁ ਸਵਾਲਾਂ ਦੀ ਇਕ ਪ੍ਰਸ਼ਨੋਤਰੀ ਰਾਹੀਂ ਇਕ ਤਰ੍ਹਾਂ ਇਨ੍ਹਾਂ ਗੁਰਮਤਿ ਪ੍ਰਚਾਰਕਾਂ ਦੇ ਗਿਆਨ ਦਾ ਸਰਵੇਖਣ ਕੀਤਾ ਸੀ। ਉਸ ਦੀ ਸੂਚਨਾ ਅਨੁਸਾਰ ਘਟ ਹੀ ਕੋਈ ਚੰਦ ਇਕ ਸਵਾਲਾਂ ਦਾ ਵੀ ਸਹੀ ਜਵਾਬ ਦੇ ਸਕਿਆ ਸੀ। ਮੇਰਾ ਆਪਣਾ ਤਜਰਬਾ ਇਹੋ ਕਹਿੰਦਾ ਹੈ। ਇਕ ਭਾਈ 'ਦੋਸਤੀ' ਸ਼ਬਦ ਦੀ ਚੀਰ-ਫਾੜ ਕਰਕੇ ਇਸ ਦੇ ਅਰਥ ਸਮਝਾ ਰਿਹਾ ਸੀ, "ਦੋਸਤੀ ਵਿਚ ਉਹ 'ਦੋ' ਜਣੇ ਬਝੇ ਹੁੰਦੇ ਹਨ ਜੋ ਇਕ ਦੂਸਰੇ ਖਾਤਰ 'ਸਤੀ' ਹੋ ਜਾਣ ਲਈ ਤਿਆਰ ਰਹਿੰਦੇ ਹਨ!" ਪਾਠਕਾਂ ਨੇ ਦੋਸਤ ਬਾਰੇ ਮੇਰਾ ਲਿਖਿਆ ਲੇਖ ਪੜ੍ਹਿਆ ਹੀ ਹੋਵੇਗਾ। ਮੇਰੇ ਇਕ ਮਿੱਤਰ ਨੇ ਨਿਊ ਯਾਰਕ ਤੋਂ ਅਜਿਹੀ ਹੀ ਮਿਸਾਲ ਦੱਸੀ ਹੈ: ਭਾਈ ਕਹਿ ਰਿਹਾ ਸੀ, 'ਸ਼ਮਸ਼ਾਨ' ਉਹ ਸਥਾਨ ਹੈ ਜਿਥੇ ਸਾਰਿਆਂ ਦੀ 'ਸ਼ਾਨ' 'ਸਮ' (ਬਰਾਬਰ) ਹੋ ਜਾਂਦੀ ਹੈ। ਦੇਖਿਆ ਗਿਆ ਹੈ ਕਿ ਅਕਸਰ ਹੀ ਅਜਿਹੀਆਂ ਕੋਸ਼ਿਸ਼ਾਂ ਵਿਚ ਧੁਨੀ ਦੀ ਝੂਠੀ ਸਮਾਨਤਾ ਦੇਖ ਕੇ ਸ਼ਬਦ ਦੀ ਵਿਉਤਪਤੀ ਦਾ ਅਨੁਮਾਨ ਲਾ ਲਿਆ ਜਾਂਦਾ ਹੈ।

ਉਂਜ ਕਹਿਣ ਲਈ ਇਹ ਗੱਲ ਡਾਢੀ ਤਸੱਲੀ ਵਾਲੀ ਹੈ ਕਿ ਜਿਉਂਦੇ ਜੀਅ ਤਾਂ ਸਾਧਾਰਨ ਮਨੁੱਖ ਵੱਡਿਆਂ ਨਾਲ ਮੁਕਾਬਲਾ ਨਹੀਂ ਕਰ ਸਕਦਾ, ਚਲੋ ਮਰਨ ਉਪਰੰਤ ਹੀ ਸਹੀ। ਦੇਖਿਆ ਜਾਵੇ ਤਾਂ ਮੌਤ ਆਪਣੇ ਆਪ ਵਿਚ ਇਕ ਸਮਕਾਰੀ ਵਰਤਾਰਾ ਹੈ ਪਰ ਸ਼ਮਸ਼ਾਨਘਾਟਾਂ ਵਿਚ ਵੀ ਉਚ-ਨੀਚ ਦਾ ਵਿਤਕਰਾ ਹੁੰਦਾ ਹੈ। ਤਥਾਕਥਿਤ ਨੀਚ ਜਾਤੀਆਂ ਦੇ ਤਾਂ ਸ਼ਮਸ਼ਾਨਘਾਟ ਹੀ ਅਲੱਗ ਹੁੰਦੇ ਹਨ। ਪੱਛਮੀ ਦੇਸ਼ਾਂ ਵਿਚ ਪਹਿਲੀਆਂ 'ਚ ਮੁਰਦਿਆਂ ਦਾ ਅੰਤਮ ਸੰਸਕਾਰ ਚਰਚ ਵਿਚ ਹੀ ਕੀਤਾ ਜਾਂਦਾ ਸੀ। ਇਥੇ ਵਿਤਕਰਾ ਇਹ ਹੁੰਦਾ ਸੀ ਕਿ ਅਮੀਰ ਮੁਰਦਿਆਂ ਨੂੰ ਤਾਂ ਚਰਚ ਦੇ ਅੰਦਰ ਸ਼ਾਨ ਨਾਲ ਦਫਨਾਇਆ ਜਾਂਦਾ ਪਰ ਹਾਰੀ-ਸਾਰੀ ਦੀਆਂ ਲੋਥਾਂ ਨੂੰ ਚਰਚ ਦੇ ਵਿਹੜੇ (ਚਰਚਯਾਰਡ) ਵਿਚ ਹੀ ਬਿਲੇ ਲਾਇਆ ਜਾਂਦਾ ਸੀ। ਹੋਰ ਤਾਂ ਹੋਰ ਵਿਹੜੇ ਵਿਚ ਵੀ ਦਰਜਾ-ਬ-ਦਰਜਾ ਸਲੂਕ ਹੁੰਦਾ ਸੀ, ਚਰਚਗੇਟ ਦੇ ਉਤਰ ਵਾਲੇ ਪਾਸੇ ਉਪਰਲੀਆਂ ਸ਼੍ਰੇਣੀਆਂ ਦੇ ਮੁਰਦਿਆਂ ਨੂੰ ਪਹਿਲ ਦਿੱਤੀ ਜਾਂਦੀ



ਸੀ। ਜਿੰਨਾ ਉਤਰ ਦਿਸ਼ਾ ਤੋਂ ਪਰੇਡੇ ਜਾਈ ਜਾਵੋ, ਉਨਾ ਹੀ ਛੋਟੀ ਸ਼੍ਰੇਣੀ ਦਾ ਨਸੀਬਾ ਹੁੰਦਾ ਸੀ। ਈਸਾਈ ਮੱਤ ਅਨੁਸਾਰ ਰੋਜ਼-ਏ-ਹਸ਼ਰ ਸਮੇਂ ਜਦ ਰੱਬ ਨੇ ਇਨ੍ਹਾਂ ਮੋਇਆਂ ਨੂੰ ਜਗਾ ਕੇ ਨਬੇੜਾ ਕਰਨਾ ਹੈ ਤਾਂ ਸਭ ਤੋਂ ਪਹਿਲਾਂ ਇਨ੍ਹਾਂ ਉਤਰਵਾਸੀਆਂ ਤੇ ਹੀ ਉਸ ਦੀ ਨਿਗ੍ਹਾ ਪੈਣੀ ਹੈ। ਹਮਾਤੜ ਪਾਪੀਆਂ ਦੀਆਂ ਲਾਸ਼ਾਂ ਤਾਂ ਭਿਟ ਹੋਣ ਦੇ ਡਰੋਂ ਚਰਚ ਦੇ ਗੇਟ ਵਿਚੋਂ ਵੀ ਨਹੀਂ ਸਨ ਲੰਘਣ ਦਿੱਤੀਆਂ ਜਾਂਦੀਆਂ, ਪਿਛਲੀਆਂ ਕੰਧਾਂ ਤੋਂ ਹੀ ਟਪਾਉਣੀਆਂ ਪੈਂਦੀਆਂ ਸਨ। ਅੱਜ ਅਮੀਰ ਈਸਾਈ ਲੋਕ ਲੱਖਾਂ ਡਾਲਰ ਖਰਚ ਕਰਕੇ ਆਪਣੀ ਮਨਪਸੰਦ ਕਬਰ ਅਗਾਉਂ ਚੁਣ ਕੇ ਆਪਣਾ ਮਰਨਾ ਸਫਲਾ ਕਰ ਲੈਂਦੇ ਹਨ।

...ਅਸੀਂ ਗੱਲ ਕਰ ਰਹੇ ਸਾਂ ਕਿ ਕਈ ਨੀਮ ਹਕੀਮ ਆਪਣੀ ਕਪੋਲ ਕਲਪਨਾ ਨਾਲ ਹੀ ਸ਼ਬਦਾਂ ਦੇ ਮੂਲ ਅਰਥ ਬਣਾ ਲੈਂਦੇ ਹਨ। ਨਿਆਇਕ ਗੱਲ ਇਹ ਹੈ ਕਿ ਕਦੇ ਕਦਾਈਂ ਅਜਿਹਾ ਤੁੱਕਾ ਠੀਕ ਵੀ ਲੱਗ ਜਾਂਦਾ ਹੈ। ਐਪਰ ਦੂਜੇ ਪਾਸੇ ਕਈ ਵਾਰ ਕੁਸ਼ਲ ਨਿਰੁਕਤਕਾਰ ਅਨੇਕਾਂ ਭਾਸ਼ਾਈ ਟੱਕਰਾਂ ਮਾਰਨ ਦੇ ਬਾਵਜੂਦ ਸ਼ਬਦ ਦੀ ਸਹੀ ਵਿਉਤਪਤੀ ਨਹੀਂ ਲਭ ਸਕਦੇ ਪਰ ਇਸ ਦਾ ਮਤਲਬ ਇਹ ਨਹੀਂ ਕਿ ਖੋਜ ਛੱਡ ਕੇ ਦਿਸਦੇ ਮਗਰ ਹੀ ਲੱਗਿਆ ਜਾਵੇ। ਵਿਗਿਆਨਕ ਪਹੁੰਚ ਰੱਖਣ ਵਾਲੇ ਨਿਰੁਕਤਕਾਰ ਨਵੇਂ ਤੱਥਾਂ ਦੀ ਰੋਸ਼ਨੀ ਵਿਚ ਆਪਣੀ ਵਿਉਤਪਤੀ ਨੂੰ ਅਕਸਰ ਹੀ ਬਦਲ ਵੀ ਲੈਂਦੇ ਹਨ। ਦਰਅਸਲ ਹਰ ਸ਼ਬਦ ਦਾ ਇਕ ਇਤਿਹਾਸ ਹੁੰਦਾ ਹੈ ਜੋ ਕਈ ਵਾਰੀ ਹਜ਼ਾਰਾਂ ਵਰ੍ਹਿਆਂ ਤੱਕ ਪਿਛੇ ਜਾਂਦਾ ਹੈ। ਹਰ ਸ਼ਬਦ ਇਸ ਇਤਿਹਾਸਕ ਪ੍ਰਕ੍ਰਿਆ ਦੇ ਅਧੀਨ ਰਗੜੇ ਖਾਂਦਾ ਰਹਿੰਦਾ ਹੈ। ਇਸ ਦੀਆਂ ਧੁਨੀਆਂ ਤੇ ਅਰਥ ਇੰਨਾ ਬਦਲ ਜਾਂਦੇ ਹਨ ਕਿ ਚਿਹਰੇ ਤੋਂ ਇਸ ਨੂੰ ਪਛਾਨਣਾ ਮੁਸ਼ਕਿਲ ਹੋ ਜਾਂਦਾ ਹੈ। ਨੀਮ ਹਕੀਮਾਂ ਦੀ ਇਥੇ ਚਾਂਦੀ ਬਣਦੀ ਹੈ!

ਹਾਲਾਂਕਿ 'ਸ਼ਮਸ਼ਾਨ' ਸ਼ਬਦ ਵਿਚ ਇੰਨੀ ਉਥਲ-ਪੁਥਲ ਨਹੀਂ ਹੋਈ ਪਰ ਫਿਰ ਵੀ ਅਰਥ ਦਾ ਅਨਰਥ ਕਰਨ ਦੀ ਕਾਫ਼ੀ ਗੁੰਜਾਇਸ਼ ਹੈ। ਨਿਰੁਕਤਕਾਰਾਂ ਵਿਚ ਇਸ ਸ਼ਬਦ ਸਬੰਧੀ ਕੁਝ ਮਤਭੇਦ ਹਨ। ਇਸ ਸ਼ਬਦ ਨੂੰ ਸਮਝਣ ਲਈ ਇਸ ਨੂੰ 2 ਭਾਗਾਂ 'ਚ ਨਿਖੇੜਨਾ ਪਵੇਗਾ: ਸ਼ਮ+ਸ਼ਾਨ। ਦੋਨਾਂ ਭਾਗਾਂ ਦੇ ਮੂਲ ਸ਼ਬਦਾਂ 'ਚ ਧੁਨੀ-ਪਰਿਵਰਤਨ ਹੋਇਆ ਹੈ। ਕੁਝ ਨਿਰੁਕਤਕਾਰਾਂ ਅਨੁਸਾਰ 'ਸ਼ਮ' ਮੂਲ ਰੂਪ ਵਿਚ 'ਸ਼ਵ' ਤੋਂ ਪਲਟ ਕੇ ਬਣਿਆ ਹੈ, ਤੇ ਜਿਵੇਂ ਸਾਰੇ ਜਾਣਦੇ ਹੀ ਹੋਣਗੇ, ਸ਼ਵ ਦਾ ਅਰਥ ਲਾਸ਼ ਜਾਂ ਮੁਰਦਾ ਹੈ। ਦੂਜੇ ਪਾਸੇ ਇਕ ਹੋਰ ਮਤ ਅਨੁਸਾਰ 'ਸ਼ਮ' ਸ਼ਬਦ ਸੰਸਕ੍ਰਿਤ 'ਅਸ਼ਮ' ਤੋਂ ਬਣਿਆ ਹੈ ਜਿਸ ਦਾ ਅਰਥ ਵੀ ਮੁਢਲੇ ਤੌਰ 'ਤੇ ਸਰੀਰ ਹੈ। 'ਸਰੀਰ' ਤੇ 'ਅਸ਼ਮ' ਦੋਨੋਂ 'ਸ਼' ਵਰਗੇ ਹੀ ਇਕ ਹੋਰ ਧਾਤੂ (ਜਿਸ ਲਈ ਸਾਡੇ ਕੋਲ ਕੋਈ ਚਿੰਨ ਨਹੀਂ ਹੈ।) ਤੋਂ ਵਿਕਸਿਤ ਹੋਏ ਹਨ। ਇਸ ਦਾ ਮਤਲਬ ਹੈ ਵਿਨਾਸ਼ਯੋਗ ਜਾਂ ਖੁਰਨਯੋਗ। ਸਰੀਰ ਨੂੰ ਨਾਸ਼ਵਾਨ ਢਾਂਚੇ ਦੇ ਤੌਰ 'ਤੇ ਸਮਝਿਆ ਗਿਆ ਹੈ।

'ਸ਼ਾਨ' ਦਾ ਮੂਲ ਰੂਪ ਹੈ 'ਸ਼ਯਨ' ਜਿਸ ਦਾ ਅਰਥ ਲਿਟਣਾ, ਪੈਣਾ, ਤੇ ਸੌਣਾ ਹੁੰਦਾ ਹੈ। ਸਪਸ਼ਟ ਹੈ ਕਿ ਇਸ ਦੇ ਸੌਣ ਵਾਲੇ ਅਰਥ ਪੈਣ ਜਾਂ ਲਿਟਣ ਤੋਂ ਹੀ ਵਿਗਸੇ ਹਨ। ਅਸੀਂ ਅੱਜ ਵੀ ਸੌਣ ਨੂੰ ਪੈ ਜਾਣਾ ਆਖ ਦਿੰਦੇ ਹਾਂ, "ਵੇ ਭਾਈ ਬਥੇਰੀ ਰਾਤ ਹੋਗੀ, ਮੈਂ ਤਾਂ ਪੈਣ ਲੱਗੀ ਹਾਂ।" ਸੋ 'ਸ਼ਮਸ਼ਾਨ' ਦੇ ਸ਼ਾਬਦਿਕ ਅਰਥ ਬਣਦੇ ਹਨ, "ਉਹ ਜਗ੍ਹਾ ਜਿਥੇ ਮੁਰਦੇ ਨੂੰ ਲਿਟਾਇਆ ਜਾਂਦਾ ਹੈ।" ਅਸੀਂ ਇਹ ਵੀ ਕਹਿ ਸਕਦੇ ਹਾਂ ਜਿਥੇ ਮੁਰਦੇ ਨੂੰ ਸੁਲਾਇਆ ਜਾਂਦਾ ਹੈ। ਆਖਰ ਮੌਤ ਮੁਹਾਵਰੇ ਅਨੁਸਾਰ ਸਦਾ ਦੀ ਨੀਂਦ ਹੀ ਹੁੰਦੀ ਹੈ। ਸੋ ਸ਼ਮਸ਼ਾਨ ਇਕ ਤਰ੍ਹਾਂ ਉਹ ਜਗ੍ਹਾ ਹੈ ਜਿਥੇ ਮਨੁਖ ਸਦਾ ਦੀ ਨੀਂਦੇ ਪੈ ਰਹਿੰਦਾ ਹੈ। ਸ਼ਮਸ਼ਾਨ ਤੋਂ ਵਿਗੜ ਕੇ ਪ੍ਰਾਕ੍ਰਿਤ ਵਿਚ 'ਮਸਾਣ' ਸ਼ਬਦ ਬਣਿਆ ਜੋ ਪੰਜਾਬੀ ਤੇ ਹੋਰ ਬਹੁਤ ਸਾਰੀਆਂ ਭਾਰਤੀ ਭਾਸ਼ਾਵਾਂ ਵਿਚ ਵੀ ਇਸੇ ਤਰ੍ਹਾਂ ਹੀ ਕਾਇਮ ਹੈ। ਕੁਝ ਭਾਸ਼ਾਵਾਂ ਵਿਚ ਇਸ ਦਾ ਰੂਪ ਸੁਸਾਣ ਵੀ ਹੋ ਗਿਆ ਹੈ। ਪੰਜਾਬੀ ਵਿਚ ਇਹ ਸ਼ਬਦ ਮੜੀ-ਮਸਾਣ ਸ਼ਬਦ ਯੁਗਮ ਵਜੋਂ ਵੀ ਅਕਸਰ ਹੀ ਵਰਤਿਆ ਜਾਂਦਾ ਹੈ। ਗੁਰੂ ਨਾਨਕ ਬਾਣੀ ਵਿਚ ਮਸਾਣ ਸ਼ਬਦ ਦੀ ਖੂਬ ਵਰਤੋਂ ਹੋਈ ਹੈ। ਉਨ੍ਹਾਂ ਦੇ ਸਮੇਂ ਤਾਂ ਕੀ, ਅੱਜ ਵੀ ਲੋਕ ਮੜੀਆਂ-ਮਸਾਣਾਂ ਨੂੰ ਪੂਜਦੇ ਹਨ ਤੇ ਗੁਰੂ ਸਾਹਿਬ ਨੇ ਇਸ ਦੀ ਘੋਰ ਨਿੰਦਾ ਕੀਤੀ ਹੈ:

ਦੁਬਿਧਾ ਨ ਪੜਉ ਹਰਿ ਬਿਨੁ
ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ॥

ਤਾਂਤਰਿਕ ਤੇ ਅਘੋਰੀ ਬਲਦੇ ਸਿਵੇ ਦੁਆਲੇ ਇਕੱਠੇ ਹੋ ਕੇ ਅਲੌਕਿਕ ਸ਼ਕਤੀ ਪ੍ਰਾਪਤ ਕਰਨ ਹਿਤ ਕਈ ਕ੍ਰਿਆ ਕਰਮ ਕਰਦੇ ਹਨ। ਉਹ ਮੁਰਦੇ ਦੀਆਂ ਹੱਡੀਆਂ ਨੂੰ ਪੀਸ ਕੇ ਸਮੱਸਿਆਗ੍ਰਸਤ ਲੋਕਾਂ ਨੂੰ ਦਿੰਦੇ ਹਨ ਤਾਂ ਜੋ ਉਹ ਕੰਮ ਵਿਚ ਵਿਘਨ ਪਾਉਣ ਵਾਲੇ ਦੋਖੀਆਂ ਨੂੰ ਖੁਆ ਕੇ ਆਪਣੇ ਵੱਸ ਕਰ ਸਕਣ। ਇਸ ਨੂੰ ਮਸਾਣ ਘੋਲ ਕੇ ਪਿਲਾਉਣਾ ਕਹਿੰਦੇ ਹਨ। ਗੁਰੂ ਨਾਨਕ ਨੇ ਯੋਗੀਆਂ ਦੇ ਅਜਿਹੇ ਪਖੰਡ ਦੀ ਡਟ ਕੇ ਆਲੋਚਨਾ ਕੀਤੀ:

ਵੇਮਾਰਗੁ ਮੂਸੈ ਮੰਤਰਿ ਮਸਾਣਿ॥

***

ਜੋਗੁ ਨ ਬਾਹਰਿ ਮੜੀ ਮਸਾਣੀ
ਜੋਗੁ ਨ ਤਾੜੀ ਲਾਈਐ॥

ਲਾਸ਼ ਲਈ ਭਾਵੇਂ ਪੰਜਾਬੀ ਵਿਚ 'ਸ਼ਵ' ਸ਼ਬਦ ਦੀ ਵਰਤੋਂ ਨਹੀਂ ਹੁੰਦੀ ਪਰ ਫਿਰ ਵੀ ਅਸੀਂ ਇਸ ਦੀ ਪਛਾਣ 'ਸਿਵਾ' ਸ਼ਬਦ ਤੋਂ ਕਰ ਸਕਦੇ ਹਾਂ। ਜਲ ਰਹੀ ਚਿਤਾ ਨੂੰ ਅਸੀਂ ਸਿਵਾ ਆਖਦੇ ਹਾਂ ਤੇ ਸ਼ਮਸ਼ਾਨਘਾਟ ਨੂੰ ਸਿਵੇ। ਸੰਸਕ੍ਰਿਤ ਵਿਚ ਜਲ ਰਹੀ ਚਿਤਾ ਲਈ 'ਸ਼ਵਯ' ਸ਼ਬਦ ਵੀ ਹੈ। ਸਿਵਾ ਸ਼ਬਦ ਇਸੇ ਤੋਂ ਹੀ ਬਣਿਆ ਹੈ। 'ਸ਼ਵ' ਵਿਚ 'ਸੁ' ਧਾਤੂ ਕਾਰਜਸ਼ੀਲ ਹੈ ਜਿਸ ਦਾ ਮੁਢਲਾ ਅਰਥ 'ਸੁੱਜਿਆ, ਫੁੱਲਿਆ, ਵਧਿਆ' ਹੁੰਦਾ ਹੈ ਪਰ ਪਿਛੋਂ ਇਸ ਦਾ ਅਰਥ ਮੁਰਦਾ ਜਾਂ ਲੋਥ ਵੀ ਹੋ ਗਿਆ।

ਲਿਟਣ, ਪੈਣ ਜਾਂ ਸੌਣ ਦੇ ਅਰਥਾਂ ਵਾਲੇ 'ਸ਼ਯਨ' ਸ਼ਬਦ ਦਾ ਧਾਤੂ 'ਸ਼ੀ' ਹੈ ਜਿਸ ਦਾ ਆਪਣਾ ਅਰਥ ਵੀ ਲਿਟਣਾ, ਪੈਣਾ, ਸੌਣਾ, ਜਾਂ ਹਮ-ਬਿਸਤਰ ਹੋਣਾ ਹੁੰਦਾ ਹੈ। ਇਸ ਧਾਤੂ ਤੋਂ ਅੱਗੇ 'ਸ਼ਯ' ਤੇ 'ਸ਼ਯਨ' ਸ਼ਬਦ ਬਣੇ। ਬਿਸਤਰੇ ਦੇ ਅਰਥ ਵਾਲਾ ਸੇਜ ਸ਼ਬਦ ਵੀ ਇਸੇ ਤੋਂ ਵਿਕਸਿਤ ਹੋਇਆ। ਕਬਰਿਸਤਾਨ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ cemetery ਇਕ ਤਰ੍ਹਾਂ ਨਾਲ ਸ਼ਮਸ਼ਾਨ ਸ਼ਬਦ ਦਾ ਸੁਜਾਤੀ ਸਾਬਤ ਹੁੰਦਾ ਹੈ। ਗੱਲ ਇਸ ਤਰ੍ਹਾਂ ਹੈ ਕਿ ਸੰਸਕ੍ਰਿਤ 'ਸ' ਜਾਂ 'ਸ਼' ਧੁਨੀ ਦੇ ਟਾਕਰੇ 'ਤੇ ਗਰੀਕ (ਯੂਨਾਨੀ) ਦੀ ਅਕਸਰ 'ਕ' ਧੁਨੀ ਆਉਂਦੀ ਹੈ ਜਿਵੇਂ ਸਿਨਮਾ ਸ਼ਬਦ ਗਰੀਕ ਵਿਚ ਕਿਨਮਾ ਬਣ ਜਾਂਦਾ ਹੈ। ਇਸੇ ਤਰ੍ਹਾਂ ਜ਼ਿਕਰ ਅਧੀਨ 'ਸ਼ੀ' ਦੇ ਮੁਕਾਬਲੇ ਵਿਚ ਗਰੀਕ ਕੇਈ/ਕੋਈ (kei/koi) ਆਉਂਦੇ ਹਨ ਜਿਨ੍ਹਾਂ ਦਾ ਗਰੀਕ 'ਚ ਅਰਥ ਲੇਟਣਾ, ਸੌਣਾ/ਸੇਜ ਹੁੰਦਾ ਹੈ। ਅੰਗਰੇਜ਼ੀ ਸ਼ਬਦ cemetery ਪ੍ਰਾਚੀਨ ਫਰਾਂਸੀਸੀ ਅਤੇ ਲਾਤੀਨੀ ਰਾਹੀਂ ਹੁੰਦਾ ਹੋਇਆ ਅੰਤਿਮ ਤੌਰ 'ਤੇ ਗਰੀਕ koimetereion ਨਾਲ ਜੁੜ ਜਾਂਦਾ ਹੈ ਜਿਸ ਦਾ ਇਸ ਭਾਸ਼ਾ ਵਿਚ ਅਰਥ ਸੌਣ ਵਾਲੀ ਜਗ੍ਹਾ ਹੈ: koime (ਸੁਲਾਉਣਾ)+-terion (ਸਥਾਨਸੂਚਕ ਪਿਛੇਤਰ)। ਸ਼ਾਇਦ ਇਸ ਨੂੰ ਸ਼ਯਨਾਲਾ ਜਾਂ ਸੇਜਗਾਹ ਕਿਹਾ ਜਾ ਸਕਦਾ ਹੈ। ਪ੍ਰਾਚੀਨ ਈਸਾਈ ਲੇਖਕਾਂ ਨੇ ਇਸ ਸ਼ਬਦ ਨੂੰ 'ਦਫਨਾਉਣ ਵਾਲੀ ਜਗ੍ਹਾ' ਅਰਥਾਤ ਕਬਰਿਸਤਾਨ ਦੇ ਅਰਥ ਵਿਚ ਵਰਤਿਆ। ਇਸ ਤਰ੍ਹਾਂ ਦੇਖਦੇ ਹਾਂ ਕਿ ਕਿਸੇ ਸ਼ਬਦ ਦੀ ਨਿਰੁਕਤੀ 'ਤੇ ਕੰਮ ਕਰਦੇ ਸਮੇਂ 'ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ' ਜਿਹੀ ਕਹਾਵਤ ਤੋਂ ਸੇਧ ਨਹੀਂ ਲਈ ਜਾ ਸਕਦੀ ਬਲਕਿ ਇਥੇ ਪੈਰ-ਪੈਰ 'ਤੇ ਪ੍ਰਮਾਣ ਦੀ ਲੋੜ ਪੈਂਦੀ ਹੈ।

# ਅਮਰੀਕਨ ਪ੍ਰਬੰਧ ਦੇ ਖਿਲਾਫ ਉਠ ਰਹੀਆਂ ਰੋਹ ਦੀਆਂ ਆਵਾਜ਼ਾਂ

ਹਰਜਿੰਦਰ ਢੇਸੀ

ਇਹ ਸ਼ਾਇਦ ਕਿਸੇ ਨੇ ਕਦੇ ਵੀ ਨਾ ਸੋਚਿਆ ਹੋਵੇ ਕਿ ਅਮਰੀਕਾ ਵਰਗੇ ਸਾਮਰਾਜੀ ਮੁਲਕ ਦੇ ਵਸਨੀਕ ਵੀ ਇਕ ਦਿਨ ਆਪਣੀਆਂ ਵੱਧ ਰਹੀਆਂ ਸਮੱਸਿਆਵਾਂ ਦੇ ਹਲ ਲਈ ਗਲੀਆਂ-ਬਾਜ਼ਾਰਾਂ ਵਿਚ ਉਤਰਨ ਲਈ ਮਜਬੂਰ ਹੋ ਜਾਣਗੇ। ਅੱਜ ਨਿਊ ਯਾਰਕ ਤੋਂ ਕੈਲੀਫੋਰਨੀਆ ਤੱਕ ਕਈ ਸ਼ਹਿਰਾਂ ਵਿਚ ਲਗਾਤਾਰ ਧਰਨੇ, ਮੁਜ਼ਾਹਰੇ ਅਤੇ ਘਿਰਾਓ ਹੋ ਰਹੇ ਹਨ ਜੋ ਪਿਛਲੇ ਦੋ ਮਹੀਨਿਆਂ ਤੋਂ ਲਗਾਤਾਰ ਜਾਰੀ ਹਨ। ਨਿਊ ਯਾਰਕ ਸਟਾਕ ਮਾਰਕਿਟ ਦੇ 17 ਸਤੰਬਰ ਦੇ ਘਿਰਾਓ ਨਾਲ ਸ਼ੁਰੂ ਹੋਇਆ ਇਹ ਸਿਲਸਿਲਾ ਨਿਤ ਦਿਨ ਹੋਰ ਵਿਸ਼ਾਲ ਹੋ ਰਿਹਾ ਹੈ। ਕੈਨੇਡਾ ਦੇ ਇਕ ਸਮਾਜ ਸੇਵੀ ਗਰੁਪ ਐਡ-ਬਸਟਰ ਦੇ ਸੱਦੇ 'ਤੇ ਕੁਝ ਸੈਂਕੜੇ ਮੁਜ਼ਾਹਰਾਕਾਰੀਆਂ ਦੇ ਨਾਲ ਸ਼ੁਰੂ ਹੋਏ ਇਸ ਘਿਰਾਓ ਦਾ ਮਕਸਦ ਵਾਲ ਸਟਰੀਟ ਦੀਆਂ ਧਾਂਦਲੀਆਂ, ਬੈਂਕਾਂ ਅਤੇ ਹੋਰ ਵਿਤੀ ਸੰਸਥਾਵਾਂ ਦੀ ਸਰਕਾਰ ਦੀਆਂ ਨੀਤੀਆਂ ਵਿਚ ਦਖਲਅੰਦਾਜ਼ੀ ਦਾ ਵਿਰੋਧ ਕਰਨਾ ਸੀ। ਅੱਜ ਇਹ ਲਹਿਰ ਵੱਖ ਵੱਖ ਪੜਾਵਾਂ ਵਿਚੋਂ ਲੰਘਦੀ ਹੋਈ ਹੋਰ ਵੀ ਮਜ਼ਬੂਤ ਹੋ ਗਈ ਹੈ। ਹੁਣ ਤੱਕ ਕਈ ਸੈਂਕੜੇ ਲੋਕ ਗ੍ਰਿਫਤਾਰੀ ਦੇ ਚੁਕੇ ਹਨ। 17 ਨਵੰਬਰ ਨੂੰ ਨਿਊ ਯਾਰਕ ਦੇ ਵਿਦਰੋਹ ਦੇ ਦੋ ਮਹੀਨੇ ਪੂਰੇ ਹੋਣ 'ਤੇ ਅਮਰੀਕਾ ਭਰ ਦੇ ਸ਼ਹਿਰਾਂ ਵਿਚ 'ਡੇ ਆਫ ਐਕਸ਼ਨ' ਮਨਾਉਣ ਦਾ ਸੱਦਾ ਦਿੱਤਾ ਗਿਆ। ਇਸ ਸੱਦੇ 'ਤੇ ਦੇਸ਼ ਦੇ ਦਰਜਨਾਂ ਸ਼ਹਿਰਾਂ ਵਿਚ ਇਕੋ ਦਿਨ ਵਿਦਰੋਹ ਮਾਰਚ ਹੋਏ। ਇਨ੍ਹਾਂ ਸ਼ਹਿਰਾਂ ਵਿਚ ਨਿਊ ਯਾਰਕ, ਲਾਸ ਏਂਜਲਸ, ਬੋਸਟਨ, ਲਾਸ ਵੇਗਸ, ਓਕਲੈਂਡ ਅਤੇ ਵਾਸ਼ਿੰਗਟਨ ਵੀ ਸ਼ਾਮਲ ਹਨ।

ਇਹ ਲਹਿਰ ਆਪਣੇ ਮੁਖ ਨਾਹਰੇ 'ਵੀ ਆਰ ਦਾ 99 ਪਰਸੈਂਟ' (ਅਸੀਂ 99% ਹਾਂ) ਦੇ ਦੁਆਲੇ ਲੋਕਾਂ ਨੂੰ ਇਕੱਤਰ ਕਰਦੀ ਹੋਈ ਆਮ ਲੋਕਾਂ ਅਤੇ ਵੱਡੇ ਅਮੀਰਾਂ ਦੀ ਆਮਦਨ ਵਿਚ ਵੱਧ ਰਹੇ ਪਾੜੇ ਵੱਲ ਧਿਆਨ ਕੇਂਦਰਿਤ ਕਰਨ ਵਿਚ ਕਾਮਯਾਬ ਹੋਈ ਹੈ। ਸੰਨ 1979 ਤੋਂ ਬਾਅਦ ਅਮੀਰਾਂ ਤੇ ਗਰੀਬਾਂ ਵਿਚਲਾ ਇਹ ਪਾੜਾ ਹੋਰ ਡੂੰਘਾ ਹੋਇਆ ਹੈ। ਇਸੇ ਸਮੇਂ ਦੌਰਾਨ ਦੇਸ਼ ਦੇ ਇਕ ਫੀਸਦ ਅਮੀਰਾਂ ਦੀ ਕਮਾਈ 275% ਵੱਧੀ ਹੈ ਪਰ ਹੇਠਲੇ 20% ਲੋਕਾਂ ਦੀ ਕਮਾਈ ਕੇਵਲ 65% ਵਧੀ ਹੈ। ਇਹ ਇਕ ਫੀਸਦ ਲੋਕ ਦੇਸ਼ ਦੀ ਕੁਲ ਸੰਪਤੀ ਦੇ ਵੱਡੇ ਹਿੱਸੇ 'ਤੇ ਕਾਬਜ਼ ਹਨ ਅਤੇ ਇਹ ਹੀ ਉਹ ਲੋਕ ਹਨ ਜੋ ਸਰਕਾਰੀ ਅਤੇ ਕਾਰੋਬਾਰੀ ਬਰਾਦਰੀ ਦੀਆਂ ਨੀਤੀਆਂ ਨੂੰ ਸਭ ਤੋਂ ਵੱਧ ਪ੍ਰਭਾਵਤ ਕਰਦੇ ਹਨ। ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਪਿਛਲੇ ਲੰਬੇ ਸਮੇਂ ਤੋਂ ਸਰਕਾਰੀ ਨੀਤੀਆਂ ਵੀ ਵੱਡੇ ਅਮੀਰਾਂ ਦੇ ਹੱਕ ਵਿਚ ਭੁਗਤਦੀਆਂ ਆ ਰਹੀਆਂ ਹਨ ਅਤੇ ਗਰੀਬ ਲੋਕ ਹੋਰ ਗਰੀਬ ਹੁੰਦੇ ਗਏ ਹਨ। ਤਾਂ ਹੀ ਅੱਜ ਬਹੁਤੇ ਲੋਕ ਵੱਡੇ ਅਮੀਰਾਂ ਅਤੇ ਆਪਣੇ ਆਪ ਵਿਚ ਇਕ ਲਕੀਰ ਦੇਖ ਰਹੇ ਹਨ। ਇਹੋ ਕਾਰਨ ਹੈ ਕਿ ਅੱਜ 60% ਆਬਾਦੀ ਮੁਜ਼ਾਹਰਾਕਾਰੀਆਂ ਦੀਆਂ ਮੰਗਾਂ ਨਾਲ ਸਹਿਮਤ ਹੈ।




ਨਿਊ ਯਾਰਕ ਦੀ ਇਸ ਲਹਿਰ ਤੋਂ ਪ੍ਰਭਾਵਤ ਹੋ ਕੇ ਹੋਰ ਕਈ ਸ਼ਹਿਰਾਂ ਵਿਚ ਧਰਨੇ ਸ਼ੁਰੂ ਹੋਏ ਹਨ ਜਿਵੇਂ ਸ਼ਿਕਾਗੋ, ਕੈਲੀਫੋਰਨੀਆ ਦੇ ਸ਼ਹਿਰ-ਓਕਲੈਂਡ, ਬਰਕਲੇ, ਸੈਨ ਫਰਾਂਸਿਸਕੋ, ਫਰਿਜ਼ਨੋ, ਸਿਆਟਲ (ਵਾਸ਼ਿੰਗਟਨ), ਪੋਰਟਲੈਂਡ, ਡੈਲਸ, ਬੋਸਟਨ ਅਤੇ ਹੋਰ ਕਈ ਸ਼ਹਿਰ। ਨਿਊ ਯਾਰਕ ਦੇ ਨਕਸ਼ੇ ਕਦਮ 'ਤੇ ਚਲਦਿਆਂ ਓਕਲੈਂਡ ਦੇ ਅਗਾਂਹਵਧੂ ਲੋਕਾਂ ਨੇ ਲਾਮਬੰਦ ਹੋ ਕੇ ਇਕ ਰੋਸ ਮੁਜ਼ਾਹਰਾ ਕੀਤਾ। ਇਸ ਮੁਜ਼ਾਹਰੇ 'ਤੇ ਪੁਲਿਸ ਨੇ ਹੰਝੂ ਗੈਸ ਦੇ ਗੋਲੇ ਸਿੱਟ ਕੇ ਅਤੇ ਲਾਠੀਚਾਰਜ ਕਰਕੇ ਇਸ ਨੂੰ ਖਦੇੜਨ ਦੀ ਕੋਸ਼ਿਸ਼ ਕੀਤੀ ਪਰ ਇਸ ਸਭ ਦੇ ਬਾਵਜੂਦ ਲੋਕਾਂ ਦਾ ਗੁੱਸਾ ਅਤੇ ਹੌਸਲਾ ਹੋਰ ਵੀ ਵਧਿਆ। ਦੂਸਰੇ ਦਿਨ ਲੋਕਾਂ ਨੇ ਆਪਣੀਆਂ ਮੰਗਾਂ ਵੱਲ ਧਿਆਨ ਦਿਵਾਉਣ ਲਈ, ਓਕਲੈਂਡ ਦੀ ਬੰਦਰਗਾਹ ਦਾ ਘਿਰਾਓ ਕੀਤਾ ਅਤੇ ਇਸ ਦਾ ਸਾਰਾ ਕਾਰੋਬਾਰ ਠੱਪ ਕਰ ਦਿੱਤਾ। ਇਹ ਅਮਰੀਕਾ ਦੀ ਸਭ ਤੋਂ ਵੱਡੀ ਬੰਦਰਗਾਹ ਹੈ।

**ਲੋਕਾਂ ਦੇ ਗੁੱਸੇ ਦੇ ਕਾਰਨ:** ਲੋਕਾਂ ਦੇ ਇਸ ਵੱਧ ਰਹੇ ਗੁੱਸੇ ਦਾ ਕਾਰਨ ਸਿਰਫ ਵੱਧ ਰਹੀਆਂ ਆਰਥਿਕ ਸਮੱਸਿਆਵਾਂ ਹੀ ਨਹੀਂ ਬਲਕਿ ਇਨ੍ਹਾਂ ਨੂੰ ਨਜਿੱਠਣ ਦੇ ਨਾਂ 'ਤੇ ਸਰਕਾਰ ਵਲੋਂ ਇਜਾਰੇਦਾਰਾਂ ਦਾ ਪੱਖ ਪੂਰਿਆ ਜਾਣਾ ਅਤੇ ਆਮ ਲੋਕਾਂ ਨੂੰ ਕਿਨਾਰੇ 'ਤੇ ਰੱਖਿਆ ਜਾਣਾ ਹੈ। ਕਿਵੇਂ ਸਰਕਾਰੀ ਮਸ਼ੀਨਰੀ ਉਨ੍ਹਾਂ ਹੀ ਵਿਤੀ ਅਦਾਰਿਆਂ ਅਤੇ ਬੈਂਕਾਂ ਦੇ ਪੱਖ ਵਿਚ ਖੜ੍ਹੀ ਹੈ, ਜਿਨ੍ਹਾਂ ਨੇ ਕਦੇ ਆਪਣੇ ਨਾ ਮੁਕਣ ਵਾਲੇ ਲਾਲਚ ਕਾਰਨ ਦੇਸ਼ ਦੀਆਂ ਅਜੋਕੀਆਂ ਸਮੱਸਿਆਵਾਂ ਪੈਦਾ ਕੀਤੀਆਂ। ਸੰਨ 2003 ਤੋਂ ਬਾਅਦ ਘਰਾਂ ਦੀ ਮਾਰਕਿਟ ਵਿਚ ਆਏ ਉਛਾਲ ਦੌਰਾਨ ਬੈਂਕਾਂ ਅਤੇ ਬੀਮਾ ਕੰਪਨੀਆਂ ਨੇ ਸਾਰੇ ਨਿਯਮ ਕਾਨੂੰਨ ਛਿੱਕੇ ਟੰਗ ਕੇ ਇਕ ਦੂਜੇ ਦੇ ਹਿੱਤ ਪਾਲਣ ਦਾ ਕੰਮ ਕੀਤਾ ਜਿਸ ਨਾਲ ਘਰਾਂ ਲਈ ਦਿਤੇ ਜਾਂਦੇ ਕਰਜ਼ਿਆਂ ਵਿਚ ਅਜਿਹੀਆਂ ਬੇਨਿਯਮੀਆਂ ਹੋਈਆਂ ਜੋ ਅੰਤ ਪੂਰੇ ਅਰਥਚਾਰੇ ਨੂੰ ਮੂਧੇ ਮੂੰਹ ਸਿਟਣ ਦਾ ਕਾਰਨ ਬਣੀਆਂ। ਇਨ੍ਹਾਂ ਬੇਨਿਯਮੀਆਂ ਨੂੰ ਸਰਕਾਰ ਵਲੋਂ ਸਥਾਪਤ ਉਹ ਏਜੰਸੀਆਂ ਕੇਵਲ ਤਮਾਸ਼ਬੀਨ ਬਣ ਕੇ ਦੇਖਦੀਆਂ ਰਹੀਆਂ ਜਿਨ੍ਹਾਂ ਦਾ ਕੰਮ ਹੀ ਵਿਤੀ ਸੰਸਥਾਵਾਂ 'ਤੇ ਨਜ਼ਰ ਰੱਖਣਾ ਸੀ। ਇਸ ਤੋਂ ਵੀ ਅੱਗੇ ਇਹ ਬੈਂਕ, ਵੱਡੀਆਂ ਬੀਮਾ ਕੰਪਨੀਆਂ, ਕਾਰ ਕੰਪਨੀਆਂ ਅਤੇ ਹੋਰ ਵਿਤੀ ਅਦਾਰੇ ਜਦੋਂ ਆਪਣੇ ਹੀ ਭਾਰ ਹੇਠ ਡਿਗਣ ਲੱਗੇ ਤਾਂ ਸਰਕਾਰ ਉਨ੍ਹਾਂ ਦੀ ਮਦਦ 'ਤੇ ਇਹ ਕਹਿ ਕੇ ਜਾ ਖੜੀ ਕਿ ਜੇ ਇੰਜ ਨਾ ਕੀਤਾ ਤਾਂ ਆਰਥਿਕਤਾ ਨੂੰ ਇਸ ਤੋਂ ਵੀ ਵੱਡਾ ਖਤਰਾ ਹੈ। ਪਰ ਇਹ ਬੈਂਕ ਲੋਕਾਂ ਦੇ ਸਿਰ 'ਤੇ ਅਰਬਾਂ ਡਾਲਰਾਂ ਦੇ ਸਸਤੇ ਕਰਜੇ ਸਰਕਾਰੀ ਖਜ਼ਾਨੇ 'ਚੋਂ ਲੈ ਕੇ ਆਪ ਤਾਂ ਮੁੜ ਪੈਰਾਂ 'ਤੇ ਖੜ ਗਏ ਪਰ ਘਰਾਂ ਦੇ ਕਰਜਿਆਂ ਕਰਕੇ ਮੁਸ਼ਕਿਲ ਵਿਚ ਫਸੇ ਲੋਕਾਂ ਦੀ ਮਦਦ ਕਰਨ ਤੋਂ ਬਿਲਕੁਲ ਇਨਕਾਰੀ ਹਨ। ਸਰਕਾਰ ਵੀ ਬੈਂਕਾਂ ਤੇ ਕਿਸੇ ਤਰ੍ਹਾਂ ਦਾ ਦਬਾਅ ਬਣਾਉਣ ਵਿਚ ਅਸਫਲ ਰਹੀ ਹੈ। ਛੋਟੇ ਕਾਰੋਬਾਰ ਕਰ ਰਹੇ ਬਹੁਤੇ ਲੋਕ ਵੀ ਬੈਂਕਾਂ ਦੀ ਇਸ ਬੇਰੁਖੀ ਦਾ ਸ਼ਿਕਾਰ ਹਨ ਅਤੇ ਅੱਜ ਕਿਸੇ ਵੀ ਕਿਸਮ ਦੇ ਕਾਰੋਬਾਰ ਲਈ ਕਰਜਾ ਲੈਣਾ ਲਗਭਗ ਨਾਮੁਮਕਿਨ ਹੋ ਗਿਆ ਹੈ। ਇਸ ਦੇ ਬਾਵਜੂਦ ਸੈਂਟਰਲ ਬੈਂਕ ਵਲੋਂ ਇਨ੍ਹਾਂ ਬੈਂਕਾਂ ਨੂੰ ਕਰੀਬ 0% ਦੀ ਦਰ 'ਤੇ ਬਿਨਾ ਰੋਕ ਟੋਕ ਥੋਕ ਵਿਚ ਪੈਸਾ ਦਿਤਾ ਜਾ ਰਿਹਾ ਹੈ।

ਇਕ ਹੋਰ ਮਸਲਾ ਜੋ ਲੋਕ-ਰੋਹ ਨੂੰ ਵਧਾ


(ਬਾਕੀ ਅਗਲੇ ਸਫੇ 'ਤੇ)

# ਅਜੋਕੀ ਜ਼ਿੰਦਗੀ 'ਚ ਵਧ ਰਿਹਾ ਡਿਪਰੈਸ਼ਨ ਦਾ ਰੋਗ

**ਸਿਹਤ ਵਿਗਿਆਨ**

**ਡਾ. ਹਰਗੁਰਮੁਖਪਾਲ ਸਿੰਘ**

ਅੱਜ ਕੱਲ੍ਹ ਦੇ ਜੀਵਨ ਵਿਚ ਡਿਪਰੈਸ਼ਨ ਇਕ ਆਮ ਹੀ ਵਰਤਿਆ ਜਾਣ ਵਾਲਾ ਸ਼ਬਦ ਬਣ ਗਿਆ ਹੈ। ਅਕਸਰ ਕਿਸੇ ਨੂੰ ਇਹ ਕਹਿੰਦਿਆਂ ਸੁਣੀਂਦਾ ਹੈ ਕਿ ਫਲਾਣਾ ਅੱਜ ਕੱਲ੍ਹ ਬੜਾ ਡਿਪਰੈਸ ਜਿਹਾ ਲਗਦਾ ਹੈ, ਬੜਾ ਬੁਝਿਆ ਬੁਝਿਆ ਤੇ ਥੱਕਿਆ ਥੱਕਿਆ ਰਹਿੰਦਾ ਹੈ। ਇਹ ਮੰਨਿਆ ਗਿਆ ਹੈ ਕਿ ਅਮਰੀਕਾ ਵਿਚ ਕਰੀਬ ਡੇਢ ਕਰੋੜ ਬਾਲਗ ਡਿਪਰੈਸ਼ਨ ਤੋਂ ਪੀੜਤ ਹਨ ਅਤੇ ਕੁਲ ਆਬਾਦੀ ਦੇ 5 ਤੋਂ 8% ਬਾਲਗ ਕਿਸੇ ਇਕ ਸਾਲ ਵਿਚ ਇਸ ਮਰਜ ਤੋਂ ਪੀੜਤ ਪਾਏ ਜਾਂਦੇ ਹਨ। ਇਹ ਆਮ ਤੌਰ 'ਤੇ 40 ਸਾਲ ਤੋਂ ਵੱਧ ਉਮਰ ਵਾਲੇ ਲੋਕਾਂ ਵਿਚ ਹੁੰਦਾ ਹੈ ਪ੍ਰੰਤੂ ਜਿਵੇਂ ਜਿਵੇਂ ਆਮ ਜ਼ਿੰਦਗੀ ਗੁੰਝਲਦਾਰ ਹੋਈ ਜਾ ਰਹੀ ਹੈ, ਛੋਟੀ ਉਮਰ ਦੇ ਲੋਕਾਂ ਵਿਚ ਵੀ ਇਹ ਰੋਗ ਦੇਖਿਆ ਜਾ ਰਿਹਾ ਹੈ। ਛੋਟੀ ਉਮਰ ਵਿਚ ਇਸ ਰੋਗ ਦੇ ਹੋਣ ਦਾ ਵੱਡਾ ਕਾਰਨ ਨਸ਼ਿਆਂ ਦੀ ਵਰਤੋਂ ਮੰਨਿਆ ਜਾਂਦਾ ਹੈ। ਜ਼ਿੰਦਗੀ ਪ੍ਰਤੀ ਵਧ ਰਹੀ ਵਿਅਕਤੀਵਾਦੀ ਪਹੁੰਚ, ਪੁਰਾਣੇ ਪਰਿਵਾਰਕ ਮਾਹੌਲ ਦਾ ਟੁੱਟਣਾ, ਆਪਣਾ ਦੁੱਖ ਕਿਸੇ ਨਾਲ ਸਾਂਝਾ ਨਾ ਕਰ ਪਾਉਣਾ ਅਤੇ ਜ਼ਿੰਦਗੀ ਵਿਚ ਵਧ ਰਹੀਆਂ ਪਦਾਰਥਕ ਲੋੜਾਂ ਵੀ ਇਸ ਦਾ ਵੱਡਾ ਕਾਰਨ ਹਨ। ਔਰਤਾਂ ਵਿਚ ਇਸ ਰੋਗ ਦੀ ਅਲਾਮਤ ਮਰਦਾਂ ਦੇ ਮੁਕਾਬਲੇ ਦੁੱਗਣੀ ਮੰਨੀ ਜਾਂਦੀ ਹੈ। ਇਸ ਦੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਔਰਤਾਂ ਵਿਚ ਹਾਰਮੋਨਾਂ ਦੀ ਤਬਦੀਲੀ, ਬੱਚਾ ਜੰਮਣ ਦੀ ਪ੍ਰੀਕ੍ਰਿਆ ਅਤੇ ਕਈ ਕਿਸਮ ਦੀਆਂ ਸਮਾਜਿਕ ਬੰਦਿਸ਼ਾਂ।



ਆਖਰ ਕੀ ਹੈ ਇਹ ਡਿਪਰੈਸ਼ਨ? ਕਿਸ ਤਰ੍ਹਾਂ ਮਹਿਸੂਸ ਕਰਦੇ ਹਨ ਉਹ ਲੋਕ ਜੋ ਇਸ ਰੋਗ ਤੋਂ ਪੀੜਤ ਹਨ? ਕੀ ਕਾਰਨ ਹਨ ਇਸ ਰੋਗ ਦੇ? ਕੀ ਇਸ ਦਾ ਇਲਾਜ ਹੋ ਸਕਦਾ ਹੈ? ਸਾਧਾਰਨ ਡਿਪਰੈਸ਼ਨ ਦਾ ਫੈਮਿਲੀ ਡਾਕਟਰ ਵੀ ਅੱਛੇ ਤਰੀਕੇ ਨਾਲ ਇਲਾਜ ਕਰ ਸਕਦੇ ਹਨ ਪਰ ਕਈ ਵਾਰ ਜਦੋਂ ਆਮ ਵਰਤੋਂ ਵਾਲੀਆਂ ਦਵਾਈਆਂ ਨਾਲ ਕੋਈ ਫਰਕ ਨਹੀਂ ਪੈਂਦਾ ਤਾਂ ਮਨੋਚਿਕਿਤਸਾ ਦੇ ਮਾਹਿਰ ਦਾ ਮਸ਼ਵਰਾ ਜ਼ਰੂਰੀ ਹੋ ਜਾਂਦਾ ਹੈ।

ਆਮ ਕਰਕੇ ਡਿਪਰੈਸ਼ਨ ਦਾ ਮਤਲਬ ਲਿਆ ਜਾਂਦਾ ਹੈ, ਮਨ ਬੁਝਿਆ ਬੁਝਿਆ ਰਹਿਣਾ, ਆਤਮਵਿਸ਼ਵਾਸ ਅਤੇ ਉਤਸ਼ਾਹ ਦੀ ਘਾਟ ਹੋਣਾ ਤੇ ਕਿਸੇ ਕਿਸਮ ਦਾ ਖੁਸ਼ੀ-ਖੇੜਾ ਮਹਿਸੂਸ ਨਾ ਕਰਨਾ। ਆਮ ਲੋਕਾਂ ਨੂੰ ਇਸ ਰੋਗ ਬਾਰੇ ਇਹ ਵੀ ਗਲਤਫਹਿਮੀ ਰਹਿੰਦੀ ਹੈ ਕਿ ਇਹ ਰੋਗ ਸਿਰਫ ਮਾਨਸਿਕ ਤੌਰ 'ਤੇ ਕਮਜ਼ੋਰ ਲੋਕਾਂ ਨੂੰ ਹੁੰਦਾ ਹੈ ਅਤੇ ਆਤਮਵਿਸ਼ਵਾਸ ਨਾਲ ਇਸ ਨੂੰ ਠੀਕ ਕੀਤਾ ਜਾ ਸਕਦਾ ਹੈ। ਇਸ ਸੋਚ ਕਰਕੇ ਕਈ ਵਾਰ ਡਿਪਰੈਸ਼ਨ ਦੇ ਮਰੀਜ਼ਾਂ ਨੂੰ ਲੋਕਾਂ ਦੇ ਤ੍ਰਿਸਕਾਰ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਡਿਪਰੈਸ਼ਨ ਤੋਂ ਪੀੜਤ ਬਹੁਤ ਸਾਰੇ ਮਰੀਜ਼ਾਂ ਨੂੰ ਇਹ ਅਹਿਸਾਸ ਹੀ ਨਹੀਂ ਹੁੰਦਾ ਕਿ ਉਹ ਇਸ ਰੋਗ ਦਾ ਸ਼ਿਕਾਰ ਹਨ ਅਤੇ ਨਾ ਹੀ ਉਹ ਸਮਝਦੇ ਹਨ ਕਿ ਇਸ ਦਾ ਇਲਾਜ ਵੀ ਹੋ ਸਕਦਾ ਹੈ।

ਆਮ ਤੌਰ 'ਤੇ ਪੰਜਾਬੀ ਭਾਈਚਾਰੇ ਨਾਲ ਸਬੰਧਤ ਲੋਕ ਜਦੋਂ ਕਦੀ ਡਿਪਰੈਸ਼ਨ ਦੇ ਮਨੋਰੋਗ ਤੋਂ ਪੀੜਤ ਹੁੰਦੇ ਹਨ ਤਾਂ ਉਹ ਆਪਣੇ ਫੈਮਿਲੀ ਡਾਕਟਰ ਕੋਲ ਥੱਕੇ ਥੱਕੇ ਰਹਿਣ, ਸਿਰ ਦਰਦ ਹੋਣ, ਭੁੱਖ ਘੱਟ ਲੱਗਣ, ਭਾਰ ਘਟਣ ਜਾਂ ਵਧਣ ਦੀ ਸ਼ਿਕਾਇਤ ਲੈ ਕੇ ਜਾਂਦੇ ਹਨ। ਪਰਿਵਾਰ ਦੇ ਬਾਕੀ ਜੀਅ ਵੀ ਮਹਿਸੂਸ ਕਰਦੇ ਹਨ ਕਿ ਉਸ ਵਿਅਕਤੀ ਦਾ ਸੁਭਾਅ ਚਿੜਚਿੜਾ ਜਿਹਾ ਹੋ ਗਿਆ ਹੈ ਅਤੇ ਹਰ ਨਿੱਕੀ-ਵੱਡੀ ਗੱਲ 'ਤੇ ਉਸ ਨੂੰ ਖਿਝ ਚੜ੍ਹਨ ਲੱਗ ਪਈ ਹੈ।

ਡਿਪਰੈਸ਼ਨ ਦੇ ਲਫਜ਼ੀ ਮਾਇਨੇ ਹਨ-ਮਨ ਦੀ ਉਦਾਸੀ, ਮਨ ਦਾ ਢਹਿੰਦੀ ਕਲਾ ਵਿਚ ਰਹਿਣਾ, ਉਤਸ਼ਾਹ ਦੀ ਕਮੀ। ਮੇਜਰ ਡਿਪਰੈਸ਼ਨ ਜਾਂ ਕਲੀਨਿਕਲ ਡਿਪਰੈਸ਼ਨ ਦੀ ਪਛਾਣ ਵਾਸਤੇ ਮਨੋਚਿਕਿਤਸਕਾਂ ਦੀ ਜਥੇਬੰਦੀ ਅਮਰੀਕਨ ਸਾਇਕੈਟਰਿਕ ਐਸੋਸੀਏਸ਼ਨ ਵਲੋਂ ਕੁਝ ਨੁਕਤੇ ਨਿਰਧਾਰਤ ਕੀਤੇ ਗਏ ਹਨ। ਡਿਪਰੈਸ਼ਨ ਦੀ ਪਛਾਣ ਲਈ ਹੇਠਾਂ ਦਿੱਤੇ ਘੱਟੋ ਘੱਟ ਪੰਜ ਲੱਛਣ ਘੱਟੋ ਘੱਟ ਦੋ ਹਫਤਿਆਂ ਤੱਕ ਹੋਣੇ ਜ਼ਰੂਰੀ ਹਨ। ਇਨ੍ਹਾਂ ਵਿਚੋਂ ਪਹਿਲਾ ਜਾਂ ਦੂਜਾ ਲੱਛਣ ਹੋਣਾ ਜ਼ਰੂਰੀ ਹੈ:

1. ਮਨ ਦੀ ਉਦਾਸੀ-ਸਾਰਾ ਦਿਨ ਅਤੇ ਹਰ ਰੋਜ਼ ਰਹਿਣੀ। ਅੰਦਰੋਂ ਟੁੱਟਿਆ ਜਿਹਾ ਮਹਿਸੂਸ ਕਰਨਾ, ਛੋਟੀ ਛੋਟੀ ਗੱਲ 'ਤੇ ਰੋਣ ਨੂੰ ਮਨ ਕਰਨਾ।

2. ਕੋਈ ਵੀ ਅਜਿਹਾ ਕੰਮ ਕਰਨ ਨੂੰ ਦਿਲ ਨਾ ਕਰਨਾ ਜੋ ਪਹਿਲਾਂ ਬਹੁਤ ਹੀ ਸ਼ੌਕ ਨਾਲ ਕੀਤਾ ਜਾਂਦਾ ਸੀ ਅਤੇ ਕਰ ਕੇ ਖੁਸ਼ੀ ਵੀ ਮਹਿਸੂਸ ਹੁੰਦੀ ਸੀ, ਜਿਵੇਂ ਟੀ ਵੀ ਵੇਖਣਾ, ਸੰਗੀਤ ਸੁਣਨਾ ਆਦਿ।

3. ਭੁੱਖ ਦਾ ਘਟ ਜਾਣਾ ਜਾਂ ਜ਼ਿਆਦਾ ਲੱਗਣਾ, ਭਾਰ ਦਾ ਬਿਨਾ ਕੋਸ਼ਿਸ਼ ਕੀਤਿਆਂ ਘਟਣਾ ਜਾਂ ਵਧਣਾ।

4. ਨੀਂਦ ਨਾ ਆਉਣਾ ਜਾਂ ਬਹੁਤ ਜ਼ਿਆਦਾ ਆਉਣਾ। ਜਿਵੇਂ ਕਿ ਸਾਰੀ ਸਾਰੀ ਰਾਤ ਨਾ ਸੌਣਾ ਅਤੇ ਜਾਂ ਫਿਰ ਦਿਨ-ਰਾਤ ਸੁੱਤੇ ਹੀ ਰਹਿਣਾ।

5. ਬਹੁਤ ਹੀ ਸੁਸਤ ਮਹਿਸੂਸ ਕਰਨਾ ਜਾਂ ਐਵੇਂ ਹੀ ਅੱਚਵੀ ਜਿਹੀ ਲੱਗੀ ਰਹਿਣੀ।

6. ਹਰ ਰੋਜ਼ ਹੀ ਥੱਕੇ ਥੱਕੇ ਮਹਿਸੂਸ ਕਰਨਾ, ਜਿਵੇਂ ਕਿ ਸਰੀਰ ਵਿਚ ਜਾਨ ਹੀ ਨਾ ਹੋਵੇ।

7. ਆਪਣੇ ਆਪ ਨੂੰ ਨਿਕੰਮਾ ਸਮਝਣਾ ਅਤੇ ਹਰ ਗੱਲ ਵਿਚ ਆਪਣਾ ਹੀ ਕਸੂਰ ਸਮਝੀ ਜਾਣਾ।

8. ਕੋਈ ਵੀ ਫੈਸਲਾ ਨਾ ਕਰ ਸਕਣਾ ਅਤੇ ਸੋਚਣ ਸ਼ਕਤੀ ਦਾ ਘਟਣਾ।

9. ਮੌਤ ਬਾਰੇ ਹੀ ਸੋਚਦੇ ਰਹਿਣਾ, ਇਹ ਮਹਿਸੂਸ ਕਰਨਾ ਕਿ ਅਜਿਹੀ ਜ਼ਿੰਦਗੀ ਤੋਂ ਤਾਂ ਮੌਤ ਹੀ ਚੰਗੀ ਹੈ। ਖੁਦਕੁਸ਼ੀ ਦਾ ਖਿਆਲ ਮਨ ਵਿਚ ਆਉਂਦੇ ਰਹਿਣਾ।

ਉਪਰ ਦੱਸੇ ਲੱਛਣਾਂ ਕਰਕੇ ਪਰਿਵਾਰਕ, ਸਮਾਜਕ ਜਾਂ ਕਾਰੋਬਾਰੀ ਤੌਰ 'ਤੇ ਬੁਰਾ ਅਸਰ ਪੈਣਾ ਸੁਭਾਵਿਕ ਹੈ। ਇਹ ਗੱਲ ਵੀ ਦੇਖਣ ਵਾਲੀ ਹੈ ਕਿ ਉਪਰੋਕਤ ਲੱਛਣ ਕਿਸੇ ਦਵਾਈ ਦੇ ਸਾਈਡ ਇਫੈਕਟ ਯਾਨਿ ਬੁਰੇ ਅਸਰ ਕਰਕੇ, ਕਿਸੇ ਸਰੀਰਕ ਰੋਗ ਜਾਂ ਨਸ਼ੇ-ਪੱਤੇ ਕਰਕੇ ਨਾ ਹੋਏ ਹੋਣ।

ਜੇਕਰ ਇਹ ਸਾਰੇ ਲੱਛਣ ਕਿਸੇ ਬਹੁਤ ਨਜ਼ਦੀਕੀ ਰਿਸ਼ਤੇਦਾਰ ਜਿਵੇਂ ਕਿ ਭੈਣ-ਭਰਾ, ਪਤੀ-ਪਤਨੀ ਜਾਂ ਬੱਚੇ ਦੀ ਮੌਤ ਤੋਂ ਬਾਅਦ ਮਹਿਸੂਸ ਕੀਤੇ ਗਏ ਹੋਣ ਜਾਂ ਇਸ ਹਾਲਤ ਵਿਚ ਘੱਟੋ ਘੱਟ ਸਮਾਂ ਦੋ ਮਹੀਨੇ ਦਾ ਨਿਰਧਾਰਤ ਕੀਤਾ ਗਿਆ ਹੈ ਕਿਉਂਕਿ ਦੋ ਮਹੀਨਿਆਂ ਦੇ ਸਮੇਂ ਅੰਦਰ ਮਹਿਸੂਸ ਕੀਤੇ ਗਏ ਲੱਛਣਾਂ ਨੂੰ ਸਦਮੇ (Bereavement) ਦਾ ਨਾਂ ਦਿੱਤਾ ਜਾਂਦਾ ਹੈ ਅਤੇ ਕਾਫੀ ਹੱਦ ਤੱਕ ਇਸ ਨੂੰ ਸੁਭਾਵਿਕ ਹੀ ਮੰਨਿਆ ਜਾਂਦਾ ਹੈ।

ਜੇ ਧਿਆਨ ਦਿੱਤਾ ਜਾਵੇ ਅਤੇ ਸਹੀ ਸਮੇਂ ਇਲਾਜ ਕੀਤਾ ਜਾਵੇ ਤਾਂ ਮੇਜਰ ਡਿਪਰੈਸ਼ਨ ਦਾ ਦੌਰਾ ਜਾਂ ਐਪੀਸੋਡ ਇਕ ਵਾਰ ਹੋ ਕੇ ਹੀ ਖਤਮ ਹੋ ਸਕਦਾ ਹੈ। ਉਂਜ ਕਦੀ ਕਦੀ ਇਲਾਜ ਦੇ ਬਾਵਜੂਦ ਦੁਬਾਰਾ ਵੀ ਹੋ ਸਕਦਾ ਹੈ। ਮੇਜਰ ਡਿਪਰੈਸ਼ਨ ਦੀਆਂ ਤਿੰਨ ਕਿਸਮਾਂ ਹਨ-ਹਲਕੀ, ਦਰਮਿਆਨੀ ਅਤੇ ਗੰਭੀਰ। ਕਦੇ ਕਦੇ ਮਰੀਜ਼ ਗੰਭੀਰ ਦੌਰੇ ਕਰਕੇ ਅਸਲੀਅਤ ਤੋਂ ਟੁੱਟ ਜਾਂਦੇ ਹਨ ਅਤੇ ਕਿਸੇ ਹੋਰ ਹੀ ਮਨੋ-ਦਸ਼ਾ ਵਿਚ ਪਹੁੰਚ ਜਾਂਦੇ ਹਨ। ਇਥੇ ਗੱਲ ਨੂੰ ਸਮਝਣ ਲਈ ਕੁਝ ਮਿਸਾਲਾਂ ਹਾਜ਼ਰ ਹਨ:

ਪੰਜਾਬ ਤੋਂ ਇਕ ਰਿਟਾਇਰਡ ਜੋੜਾ ਆਪਣੇ ਨੂੰਹ-ਪੁੱਤਰ ਕੋਲ ਅਮਰੀਕਾ ਆਇਆ ਹੋਇਆ ਸੀ। ਉਨ੍ਹਾਂ ਦੀ ਜ਼ਿੰਦਗੀ ਪੋਤੇ-ਪੋਤੀਆਂ ਨਾਲ ਖੇਡਦਿਆਂ ਅਤੇ ਆਪਣੇ ਬੱਚਿਆਂ ਦੀ ਘਰੇਲੂ ਕੰਮਾਂ ਵਿਚ ਮਦਦ ਕਰਦਿਆਂ ਖੁਸ਼ੀ ਨਾਲ ਬਤੀਤ ਹੋ ਰਹੀ ਸੀ ਕਿ ਅਚਾਨਕ ਇਕ ਦਿਨ ਬਜ਼ੁਰਗ ਸਰਦਾਰ ਸਾਹਿਬ ਨੂੰ ਦਿਲ ਦਾ ਦੌਰਾ ਪਿਆ ਅਤੇ ਉਹ ਇਸ ਸੰਸਾਰ ਨੂੰ ਸਦਾ ਲਈ ਵਿਦਾ ਆਖ ਗਏ। ਰਿਸ਼ਤੇਦਾਰ ਇਕੱਠੇ ਹੋਏ, ਅੰਤਿਮ ਰਸਮਾਂ ਹੋਈਆਂ। ਮਾਤਾ ਨੇ ਆਪਣੇ ਆਪ ਨੂੰ ਸੰਭਾਲੀ ਰੱਖਿਆ ਪਰ ਜਦੋਂ ਸਾਰੇ ਰਿਸ਼ਤੇਦਾਰ ਆਪੋ-ਆਪਣੇ ਘਰੀਂ ਚਲੇ ਗਏ ਤਾਂ ਮਾਤਾ ਜੀ ਉਖੜੇ-ਉਖੜੇ ਰਹਿਣ ਲੱਗ ਪਏ। ਹੌਲੀ-ਹੌਲੀ ਉਨ੍ਹਾਂ ਨੂੰ ਨੀਂਦ ਘੱਟ ਆਉਣ ਲੱਗ ਪਈ। ਭੁੱਖ ਲੱਗਣੀ ਹਟ ਗਈ ਅਤੇ ਘਰ ਅੰਦਰ ਉਹ ਕਾਫੀ ਘਬਰਾਹਟ ਵਿਚ ਰਹਿਣ ਲੱਗੇ, ਕਿਸੇ ਵੀ ਕੰਮ ਵਿਚ ਉਨ੍ਹਾਂ ਦਾ ਦਿਲ ਨਾ ਲੱਗਦਾ। ਪਹਿਲਾਂ ਪਾਠ ਕਰਿਆ ਕਰਦੇ ਸਨ ਪਰ ਹੁਣ ਉਹ ਵੀ ਨਹੀਂ ਸਨ ਕਰਦੇ। ਗੁਰਦੁਆਰੇ ਜਾ ਕੇ ਵੀ ਉਨ੍ਹਾਂ ਦਾ ਮਨ ਕਾਹਲਾ ਪੈਣ ਲਗ ਜਾਂਦਾ। ਉਨ੍ਹਾਂ ਨੂੰ ਸਿਰ ਦਰਦ ਰਹਿਣ ਲੱਗਾ ਤੇ ਬਲੱਡ ਪ੍ਰੈਸ਼ਰ ਵੀ ਵਧਣ ਲੱਗਾ। ਜਦੋਂ ਕਾਫੀ ਕੋਸ਼ਿਸ਼ਾਂ ਬਾਅਦ ਵੀ ਬਲੱਡ ਪ੍ਰੈਸ਼ਰ, ਘਬਰਾਹਟ ਅਤੇ ਸਿਰਦਰਦ ਠੀਕ ਨਾ ਹੋਇਆ ਤਾਂ ਫੈਮਿਲੀ ਡਾਕਟਰ ਨੇ ਮਾਤਾ ਜੀ ਨੂੰ ਮਨੋਚਿਕਿਤਸਕ ਮੁਆਇਨੇ (Psychiatric evaluation) ਵਾਸਤੇ ਸਿਫਾਰਸ਼ ਕੀਤੀ ਜਿਸ ਤੋਂ ਇਹ ਨਤੀਜਾ ਨਿਕਲਿਆ ਕਿ ਮਾਤਾ ਜੀ ਡਿਪਰੈਸ਼ਨ ਦੀ ਅਵਸਥਾ ਵਿਚ ਸਨ। ਇਲਾਜ ਸ਼ੁਰੂ ਕਰਨ ਦੇ ਕੁਝ ਹਫਤਿਆਂ ਤੱਕ ਕਾਫੀ ਠੀਕ ਮਹਿਸੂਸ ਕਰਨ ਲੱਗੇ ਅਤੇ ਬਲੱਡ ਪ੍ਰੈਸ਼ਰ ਵੀ ਨਾਰਮਲ ਹੋ ਗਿਆ।

ਇਕ ਹੋਰ ਮਿਸਾਲ ਇਕ ਨੌਜਵਾਨ ਦੀ ਹੈ ਜੋ ਇਕ ਮਿਹਨਤੀ ਪਰਿਵਾਰ ਤੋਂ ਹੈ। ਉਸ ਦਾ ਇਕ ਲੜਕੀ ਨਾਲ ਚੱਲ ਰਿਹਾ ਪ੍ਰੇਮ ਅਚਾਨਕ ਟੁੱਟ ਗਿਆ। ਕਾਰਨ ਸ਼ਾਇਦ ਇਹ ਸੀ ਕਿ ਲੜਕੀ ਉਤੇ ਆਪਣੇ ਪਰਿਵਾਰ ਦਾ ਦਬਾਅ ਸੀ ਕਿ ਉਹ ਆਪਣੀ ਪੜ੍ਹਾਈ ਵੱਲ ਧਿਆਨ ਦੇਵੇ।

ਅਚਾਨਕ ਟੁੱਟੇ ਪ੍ਰੇਮ ਕਾਰਨ ਲੜਕਾ ਕਾਫੀ ਉਖੜਿਆ ਉਖੜਿਆ ਰਹਿਣ ਲੱਗ ਪਿਆ। ਦੋਸਤਾਂ-ਮਿੱਤਰਾਂ ਤੇ ਭੈਣਾਂ-ਭਰਾਵਾਂ ਨਾਲ ਖੁਲ੍ਹਣੋਂ ਹੱਟ ਗਿਆ। ਪੜ੍ਹਾਈ ਵਿਚ ਵੀ ਉਸ ਦਾ ਮਨ ਨਾ ਲੱਗਦਾ, ਨਾ ਹੀ ਕੋਈ ਕੰਮ ਕਰਦਾ। ਬਸ ਇਧਰ ਉਧਰ ਘੁੰਮਦਾ ਰਿਹਾ ਕਰੇ। ਉਸ ਦਾ ਭਾਰ ਵੀ ਘਟਣ ਲੱਗ ਪਿਆ ਕਿਉਂਕਿ ਉਸ ਨੂੰ ਪਹਿਲਾਂ ਵਾਂਗ ਭੁੱਖ ਨਹੀਂ ਸੀ ਲੱਗਦੀ। ਇਕੱਲਾ ਬੈਠਾ ਕੁੜੀ ਦੀ ਫੋਟੋ ਹੱਥ ਵਿਚ ਲੈ ਕੇ ਰੋਂਦਾ ਰਿਹਾ ਕਰੇ। ਬਾਪ ਨੇ ਸੋਚਿਆ ਕਿ ਕੁਝ ਸਮੇਂ ਵਿਚ ਆਪ ਹੀ ਠੀਕ ਹੋ ਜਾਵੇਗਾ ਪਰ ਜਦੋਂ ਛੇ ਮਹੀਨੇ ਲੰਘ ਜਾਣ ਪਿਛੋਂ ਵੀ ਹਾਲਾਤ ਨਾ ਸੁਧਰੇ ਤਾਂ ਉਸ ਨੂੰ ਵੀ ਫਿਕਰ ਪੈ ਗਿਆ। ਕਿਸੇ ਨਜ਼ਦੀਕੀ ਮਿੱਤਰ ਨੇ ਸਲਾਹ ਦਿੱਤੀ ਕਿ ਡਾਕਟਰ ਨੂੰ ਦਿਖਾਓ। ਪਹਿਲਾਂ ਤਾਂ ਲੜਕਾ ਡਾਕਟਰ ਕੋਲ ਜਾਣ ਲਈ ਨਾ ਮੰਨਿਆ ਪਰ ਘਰਦਿਆਂ ਦੇ ਜ਼ੋਰ ਦੇਣ 'ਤੇ ਅਖੀਰ ਮੰਨ ਗਿਆ। ਡਾਕਟਰ ਨੇ ਡਿਪਰੈਸ਼ਨ ਦੇ ਇਲਾਜ ਲਈ ਦਵਾਈ ਦਿੱਤੀ ਤਾਂ ਉਹ ਲੈਣ ਤੋਂ ਇਨਕਾਰ ਕਰਨ ਲੱਗਾ ਪਰ ਅਖੀਰ ਜ਼ੋਰ ਦੇਣ 'ਤੇ ਦਵਾਈ ਲੈਣੀ ਸ਼ੁਰੂ ਕਰ ਦਿੱਤੀ। ਦਵਾਈ ਲੈਣ ਪਿਛੋਂ ਉਹ ਕਾਫੀ ਠੀਕ ਮਹਿਸੂਸ ਕਰਨ ਲੱਗ ਪਿਆ ਪਰ ਜਦੋਂ ਕਿਸੇ ਸਾਈਡ ਇਫੈਕਟ ਕਰਕੇ ਲੜਕੇ ਨੇ ਦਵਾਈ ਲੈਣੀ ਬੰਦ ਕੀਤੀ ਤਾਂ ਫਿਰ ਉਸੇ ਡਿਪਰੈਸ਼ਨ ਦੀ ਹਾਲਤ ਵਿਚ ਚਲਾ ਗਿਆ।

ਤੀਜੀ ਮਿਸਾਲ ਇਕ ਅਜਿਹੇ ਨੌਜਵਾਨ ਦੀ ਹੈ ਜੋ ਬੁਰੀ ਸੰਗਤ ਵਿਚ ਪੈ ਕੇ ਨਸ਼ਾ ਕਰਨ ਲੱਗ ਪਿਆ। ਪਹਿਲਾਂ ਸ਼ਰਾਬ, ਫਿਰ ਭੰਗ (ਮੈਰੀਵਾਨਾ) ਅਤੇ ਉਸ ਉਪਰੰਤ ਕੋਕੀਨ ਲੈਣ ਲੱਗ ਪਿਆ। ਨਸ਼ੇ ਦੀ ਲਤ ਕਾਰਨ ਘਰ ਵਿਚੋਂ ਪੈਸੇ ਚੋਰੀ ਕਰਨ ਲੱਗ ਪਿਆ। ਜਦੋਂ ਉਸ ਦੇ ਮਾਪਿਆਂ ਨੇ ਮਹਿਸੂਸ ਕੀਤਾ ਕਿ ਲੜਕਾ ਪੈਸੇ ਚੋਰੀ ਕਰਨ ਲੱਗ ਪਿਆ ਹੈ ਤਾਂ ਉਨ੍ਹਾਂ ਧਿਆਨ ਰੱਖਣਾ ਸ਼ੁਰੂ ਕਰ ਦਿੱਤਾ। ਫਿਰ ਲੜਕੇ ਨੇ ਘਰ ਦਾ ਸਾਮਾਨਾ ਚੋਰੀ ਕਰਕੇ ਵੇਚਣਾ ਸ਼ੁਰੂ ਕਰ ਦਿੱਤਾ ਤਾਂ ਜੋ ਨਸ਼ਾ ਖਰੀਦ ਸਕੇ। ਜਦੋਂ ਅੱਕੇ ਪਰਿਵਾਰ ਨੇ ਸਖਤੀ ਸ਼ੁਰੂ ਕੀਤੀ ਤਾਂ ਉਹ ਮਰਨ ਮਰਾਉਣ ਦੀਆਂ ਗੱਲਾਂ ਕਰਨ ਲੱਗਾ, ਕਿਸੇ ਨਾਲ ਗੱਲ ਨਾ ਕਰਿਆ ਕਰੇ, ਉਸ ਦੀ ਨੀਂਦ ਤੇ ਭੁੱਖ ਵੀ ਖਤਮ ਹੋ ਗਈ। ਕਿਸੇ ਹਮਦਰਦ ਦੋਸਤ ਦੀ ਸਲਾਹ 'ਤੇ ਮਾਂ-ਬਾਪ ਨੇ ਲੜਕੇ ਨੂੰ ਨਸ਼ਾ ਛਡਾਊ ਕੇਂਦਰ ਵਿਚ ਦਾਖਲ ਕਰਵਾ ਦਿੱਤਾ। ਉਥੇ ਜਦੋਂ ਉਸ ਦਾ ਮੁਆਇਨਾ ਕੀਤਾ ਗਿਆ ਤਾਂ ਪਤਾ ਲੱਗਾ ਕਿ ਲੜਕਾ ਡਿਪਰੈਸ਼ਨ ਵਿਚ ਚਲਾ ਗਿਆ ਹੈ, ਇਲਾਜ ਸ਼ੁਰੂ ਕੀਤਾ ਗਿਆ। ਜਦੋਂ ਤੱਕ ਉਹ ਡਿਪਰੈਸ਼ਨ ਦੀ ਦਵਾਈ ਲੈਂਦਾ ਰਿਹਾ, ਠੀਕ ਰਿਹਾ ਪਰ ਸਾਲ ਕੁ ਬਾਅਦ ਉਸ ਨੇ ਦਵਾਈ ਬੰਦ ਕਰਕੇ ਨਸ਼ਾ ਲੈਣਾ ਸ਼ੁਰੂ ਕਰ ਦਿੱਤਾ। ਹੁਣ ਉਹ ਇਕ ਤਰ੍ਹਾਂ ਨਸ਼ੇ ਦਾ ਗੁਲਾਮ ਹੈ।

**ਡਿਪਰੈਸ਼ਨ ਦੇ ਕਾਰਨ**

1. **ਪੁਸ਼ਤੈਨੀ ਡਿਪਰੈਸ਼ਨ** ਅਰਥਾਤ ਪੀੜ੍ਹੀ ਦਰ ਪੀੜ੍ਹੀ ਡਿਪਰੈਸ਼ਨ ਦੀਆਂ ਅਲਾਮਤਾਂ ਹੋਣੀਆਂ।

2. **ਸਰੀਰ ਵਿਗਿਆਨਕ ਕਾਰਨ:** ਜਿਵੇਂ ਕਿ ਦਿਮਾਗ ਵਿਚ ਕੁਝ ਅੰਸ਼ਾਂ ਦੀ ਕਮੀ ਹੋਣਾ, ਇਨ੍ਹਾਂ ਵਿਚ ਸਿਰੋਟੋਨਿਨ, ਨੌਰ ਐਪੀਨਿਫਟਰੀਨ ਜਾਂ ਨੌਰ ਐਡਰੀਨਿਲੀਨ ਤੇ ਕਈ ਹੋਰ ਅੰਸ਼ ਸ਼ਾਮਲ ਹਨ। ਕਰੀਬ ਸਾਰੀਆਂ ਹੀ ਦਵਾਈਆਂ ਇਨ੍ਹਾਂ ਦੀ ਕਮੀ ਦੂਰ ਕਰਕੇ ਆਪਣਾ ਕੰਮ ਕਰਦੀਆਂ ਹਨ। ਦੂਜੇ ਸ਼ਬਦਾਂ ਵਿਚ ਅਜਿਹੇ ਡਿਪਰੈਸ਼ਨ ਦਾ ਇਲਾਜ ਕਾਫੀ ਹੱਦ ਤੱਕ ਸੰਭਵ ਹੈ।

3. **ਸਮਾਜਿਕ ਕਾਰਨ:** ਕਿਸੇ ਕਿਸਮ ਦਾ ਪਰਿਵਾਰਕ ਜਾਂ ਆਰਥਿਕ ਘਾਟਾ, ਕਿਸੇ ਬਹੁਤ ਨਜ਼ਦੀਕੀ ਤੇ ਪਿਆਰੇ ਦੀ ਮੌਤ ਜਾਂ ਤਲਾਕ ਵਗੈਰਾ।

4. **ਹਾਰਮੋਨਲ ਬਿਮਾਰੀਆਂ:** ਕੈਂਸਰ, ਮਿਰਗੀ, ਸਟਰੋਕ, ਮਲਟੀਪਲ ਸਕਲਰੋਸਿਸ, ਪਾਰਕਿਨਸਨ ਅਤੇ ਆਲਜ਼ਾਇਮਰਜ਼ ਆਦਿ ਰੋਗਾਂ ਕਰਕੇ ਵੀ ਡਿਪਰੈਸ਼ਨ ਦਾ ਰੋਗ ਹੋ ਜਾਂਦਾ ਹੈ।

ਕੁਝ ਹੋਰ ਅਜਿਹੇ ਰੋਗ ਹਨ ਜੋ ਕਿ ਡਿਪਰੈਸ਼ਨ ਦਾ ਭੁਲੇਖਾ ਪਾ ਸਕਦੇ ਹਨ ਜਿਵੇਂ ਖੂਨ ਦੀ ਕਮੀ (ਅਨੀਮੀਆ), ਭੁੱਖ ਘੱਟ ਲੱਗਣਾ ਜਾਂ ਨਾ ਲੱਗਣਾ (Anorexia), ਔਰਤਾਂ ਵਿਚ ਮਾਹਵਾਰੀ ਨਾਲ ਸਬੰਧਤ ਮਾਨਸਿਕ ਤਣਾਓ ਅਤੇ ਥਾਇਰਾਇਡ ਗਲੈਂਡ ਦੇ ਰੋਗ ਆਦਿ। ਇਥੇ ਦੋ ਹੋਰ ਕਿਸਮਾਂ ਦਾ ਜ਼ਿਕਰ ਕਰਨਾ ਵੀ ਬਣਦਾ ਹੈ-ਪੋਸਟ ਪਾਰਟਮ ਡਿਪਰੈਸ਼ਨ ਅਤੇ ਮੌਸਮੀ ਡਿਪਰੈਸ਼ਨ। ਪੋਸਟ ਪਾਰਟਮ ਡਿਪਰੈਸ਼ਨ ਬੱਚੇ ਦੇ ਜਨਮ ਤੋਂ ਲੈ ਕੇ ਚਾਰ ਹਫਤੇ ਤੱਕ ਕਿਸੇ ਵੀ ਸਮੇਂ ਹੋ ਸਕਦਾ ਹੈ। ਇਸ ਦਾ ਕਾਰਨ ਔਰਤਾਂ ਵਿਚ ਜਣੇਪੇ ਤੋਂ ਪਿਛੋਂ ਹੋਣ ਵਾਲੀ ਹਾਰਮੋਨਲ ਤਬਦੀਲੀ ਨੂੰ ਮੰਨਿਆ ਜਾਂਦਾ ਹੈ। ਇਸ ਬਿਮਾਰੀ ਦਾ ਇਕ ਖਾਸ ਲੱਛਣ ਇਹ ਹੁੰਦਾ ਹੈ ਕਿ ਮਾਂ ਨੂੰ ਨਵਜੰਮੇ ਬੱਚੇ ਨਾਲ ਆਪਣਾਪਨ ਜਾਂ ਮੋਹ ਮਹਿਸੂਸ ਨਹੀਂ ਹੁੰਦਾ। ਇਹ ਆਮ ਤੌਰ 'ਤੇ ਦੋ ਹਫਤੇ ਦੇ ਅੰਦਰ ਅੰਦਰ ਆਪਣੇ ਆਪ ਹੀ ਠੀਕ ਹੋ ਜਾਂਦਾ ਹੈ। ਇਸ ਰੋਗ ਦੇ ਵਧਣ ਕਾਰਨ ਅਤੇ ਇਲਾਜ ਨਾ ਹੋਣ ਦੀ ਹਾਲਤ ਵਿਚ ਕੁਝ ਔਰਤਾਂ ਆਪਣੇ ਬੱਚੇ ਨੂੰ ਮਾਰਨ ਤੱਕ ਦੀ ਵੀ ਕੋਸ਼ਿਸ਼ ਕਰ ਸਕਦੀਆਂ ਹਨ। ਮੌਸਮੀ ਡਿਪਰੈਸ਼ਨ ਵਿਚ ਖਾਸ ਕਰਕੇ ਸਰਦੀਆਂ ਦੇ ਮੌਸਮ ਵਿਚ ਕੁਝ ਲੋਕ ਇਸ ਤੋਂ ਪ੍ਰਭਾਵਿਤ ਹੁੰਦੇ ਹਨ। ਇਸ ਦਾ ਕਾਰਨ ਸਰਦੀਆਂ ਵਿਚ ਸੂਰਜ ਦੀ ਰੌਸ਼ਨੀ ਦੀ ਘਾਟ ਹੋਣਾ ਮੰਨਿਆ ਜਾਂਦਾ ਹੈ। ਇਸ ਹਾਲਤ ਵਿਚ ਸਿਆਲਾਂ ਵਿਚ ਭੁੱਖ ਜ਼ਿਆਦਾ ਲਗਦੀ ਹੈ ਅਤੇ ਭਾਰ ਵੀ ਵਧ ਜਾਂਦਾ ਹੈ। ਇਸ ਦੇ ਇਲਾਜ ਨੂੰ ਫੋਟੋਥੈਰਪੀ ਵੀ ਕਹਿੰਦੇ ਹਨ।

**ਇਲਾਜ:** ਡਿਪਰੈਸ਼ਨ ਕਿਸੇ ਵੀ ਤਰ੍ਹਾਂ ਦਾ ਹੋਵੇ, ਇਸ ਦੀਆਂ ਅਲਾਮਤਾਂ ਸਾਹਮਣੇ ਆਉਣ 'ਤੇ ਕਿਸੇ ਮਾਹਰ ਦੀ ਸਲਾਹ ਲੈਣੀ ਜ਼ਰੂਰੀ ਹੈ। ਜੇ ਡਿਪਰੈਸ਼ਨ ਦੇ ਇਲਾਜ ਦਾ ਸਹੀ ਉਪਰਾਲਾ ਨਾ ਕੀਤਾ ਜਾਵੇ ਤਾਂ ਇਸ ਦੇ ਨਤੀਜੇ ਗੰਭੀਰ ਹੋ ਸਕਦੇ ਹਨ ਜਿਨ੍ਹਾਂ ਵਿਚ ਕਿਸੇ ਦਾ ਨਸ਼ਿਆਂ ਵਿਚ ਡੁੱਬ ਜਾਣਾ ਜਾਂ ਖੁਦਕੁਸ਼ੀ ਕਰ ਜਾਣਾ ਵੀ ਸ਼ਾਮਲ ਹੈ। ਇਲਾਜ ਦੇ ਵੱਖ ਵੱਖ ਤਰੀਕੇ ਹੁੰਦੇ ਹਨ ਜਿਵੇਂ ਕਿ ਦਵਾਈਆਂ, ਥੈਰਪੀ ਅਤੇ ਕੁਝ ਨਵੀਆਂ ਤਕਨੀਕਾਂ। ਇਸ ਲੇਖ ਵਿਚ ਡਿਪਰੈਸ਼ਨ ਬਾਰੇ ਮੋਟੀ ਜਿਹੀ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਅਜਿਹੀਆਂ ਹਾਲਤਾਂ ਮਹਿਸੂਸ ਹੋਣ 'ਤੇ ਫੌਰਨ ਡਾਕਟਰ ਕੋਲੋਂ ਸਲਾਹ ਲੈਣੀ ਚਾਹੀਦੀ ਹੈ।

# ਅਮਰੀਕਨ ਪ੍ਰਬੰਧ ਦੇ ਖਿਲਾਫ ਉਠ ਰਹੀਆਂ ਰੋਹ ਦੀਆਂ ਆਵਾਜ਼ਾਂ

ਰਿਹਾ ਹੈ, ਉਹ ਹੈ ਪਿਛਲੇ 10 ਸਾਲਾਂ ਤੋਂ ਚਲ ਰਹੀਆਂ ਇਰਾਕ ਅਤੇ ਅਫਗਾਨਿਸਤਾਨ ਦੀਆਂ ਜੰਗਾਂ। ਬਹੁਤੇ ਲੋਕ ਸ਼ੁਰੂ ਤੋਂ ਹੀ ਇਨ੍ਹਾਂ ਦੇ ਖਿਲਾਫ ਸਨ ਪਰ ਸਮਾਂ ਪੈਣ ਨਾਲ ਇਹ ਗੁੱਸਾ ਹੋਰ ਵੀ ਵਧਿਆ ਹੈ। ਲੋਕ ਆਪਣੇ ਹਜ਼ਾਰਾਂ ਫੌਜੀ ਮਰਵਾ ਕੇ ਅਤੇ ਇਰਾਕੀ ਅਤੇ ਅਫਗਾਨੀ ਲੋਕਾਂ ਦਾ ਇੰਨਾ ਨੁਕਸਾਨ ਕਰਨ ਤੋਂ ਬਾਅਦ ਕੁਝ ਵੀ ਹਾਸਲ ਹੁੰਦਾ ਨਹੀਂ ਦੇਖ ਰਹੇ। ਦੂਜੇ ਪਾਸੇ ਇਨ੍ਹਾਂ ਦੋਨਾਂ ਲੜਾਈਆਂ 'ਤੇ ਹੋ ਰਹੇ ਖਰਚ ਨੇ ਦੇਸ਼ ਦਾ ਲੱਕ ਤੋੜ ਦਿਤਾ ਹੈ। ਹੁਣ ਤੱਕ ਇਨ੍ਹਾਂ ਦੋਨਾਂ ਲੜਾਈਆਂ 'ਤੇ 2 ਟ੍ਰਿਲੀਅਨ ਡਾਲਰ ਖਰਚ ਹੋ ਚੁਕੇ ਹਨ। ਲੜਾਈ ਵਿਚ ਹਜ਼ਾਰਾਂ ਫੌਜੀ ਆਪਣੀਆਂ ਕੀਮਤੀ ਜਾਨਾਂ ਗਵਾ ਚੁੱਕੇ ਹਨ ਅਤੇ ਕਈ ਆਪਣੇ ਅੰਗ ਪੈਰ ਗਵਾ ਕੇ ਉਮਰ ਭਰ ਲਈ ਅਪੰਗ ਬਣ ਚੁੱਕੇ ਹਨ। ਜੰਗ 'ਚੋਂ ਮੁੜਨ ਤੋਂ ਬਾਅਦ ਫੌਜੀਆਂ ਦੇ ਮੁੜ-ਵਸੇਬੇ ਦਾ ਮਸਲਾ ਦੇਸ਼ ਲਈ ਇਕ ਵੱਡੀ ਚੁਣੌਤੀ ਹੈ। ਸਰਕਾਰ ਹੁਣ ਖਰਚੇ ਘਟਾਉਣ ਦੇ ਨਾਂ 'ਤੇ ਕਈ ਤਰ੍ਹਾਂ ਦੀਆਂ ਸਮਾਜਿਕ ਸਹੂਲਤਾਂ ਘਟਾ ਜਾਂ ਪੂਰੀ ਤਰ੍ਹਾਂ ਬੰਦ ਕਰ ਰਹੀ ਹੈ। ਇਸ ਨੇ ਲੋਕਾਂ ਦਾ ਸਰਕਾਰ ਵਿਚ ਭਰੋਸਾ ਹਿਲਾ ਦਿੱਤਾ ਹੈ।

ਪਿਛਲੇ ਕੁਝ ਸਾਲਾਂ ਤੋਂ ਅਮਰੀਕਾ ਭਾਰੀ ਮੰਦੇ ਦਾ ਸ਼ਿਕਾਰ ਹੈ ਅਤੇ ਇਸ ਮੰਦੇ ਦਾ ਅਸਰ ਆਮ ਲੋਕਾਂ 'ਤੇ ਵੱਧ ਹੋਇਆ ਹੈ। ਸਰਕਾਰੀ ਅੰਕੜਿਆਂ ਮੁਤਾਬਕ ਇਸ ਸਮੇਂ 9% ਲੋਕ ਬੇਰੁਜ਼ਗਾਰ ਹਨ ਪਰ ਗੈਰਸਰਕਾਰੀ ਅੰਦਾਜ਼ਿਆਂ ਮੁਤਾਬਕ ਅਸਲ ਬੇਰੁਜ਼ਗਾਰੀ 17% ਤੱਕ ਪਹੁੰਚ ਚੁੱਕੀ ਹੈ। ਨੌਜਵਾਨਾਂ ਵਿਚ ਬੇਰੁਜਗਾਰੀ ਦੀ ਮਾਰ ਕਿਤੇ ਜ਼ਿਆਦਾ ਹੈ ਅਤੇ ਇਕ ਅੰਦਾਜੇ ਮੁਤਾਬਕ 18 ਤੋਂ 24 ਸਾਲ ਦੇ ਹਾਈ ਸਕੂਲ ਪਾਸ ਜਵਾਨਾਂ ਵਿਚ ਬੇਰੁਜ਼ਗਾਰਾਂ ਦੀ ਗਿਣਤੀ 25% ਹੈ। ਇਸ ਦੇ ਨਾਲ ਹੀ ਕਾਲਜਾਂ ਤੇ ਯੂਨੀਵਰਸਿਟੀਆਂ ਨੇ ਵੀ ਸਰਕਾਰੀ ਗਰਾਂਟਾਂ ਦੀ ਘਾਟ ਕਾਰਨ ਕਈ ਤਰ੍ਹਾਂ ਦੇ ਪ੍ਰੋਗਰਾਮ ਕੱਟ ਦਿਤੇ ਹਨ ਅਤੇ ਫੀਸਾਂ ਕਾਫੀ ਵਧਾ ਦਿੱਤੀਆਂ ਹਨ। ਇਸ ਨਾਲ ਵਿਦਿਆਰਥੀਆਂ ਨੂੰ ਆਪਣਾ ਭਵਿੱਖ ਹੋਰ ਵੀ ਧੁੰਦਲਾ ਨਜ਼ਰ ਆ ਰਿਹਾ ਹੈ। ਪਿਛਲੇ ਦਿਨੀਂ ਪ੍ਰਸਾਰਤ ਇਕ ਰਿਪੋਰਟ ਮੁਤਾਬਕ ਇਸ ਸਮੇਂ ਅਮਰੀਕਾ ਦੀ 15% ਅਬਾਦੀ (4.6 ਕਰੋੜ) ਗਰੀਬੀ ਦੀ ਰੇਖਾ ਤੋਂ ਥੱਲੇ (4 ਜੀਆਂ ਦਾ ਪਰਿਵਾਰ ਜੋ ਸਾਲ ਵਿਚ 22,350 ਡਾਲਰ ਤੋਂ ਘੱਟ ਕਮਾਉਂਦਾ ਹੈ) ਰਹਿ ਰਹੀ ਹੈ। ਸੰਨ 2008 ਤੋਂ ਬਾਅਦ ਦਸ ਲੱਖ ਤੋਂ ਵੱਧ ਪਰਿਵਾਰ ਆਪਣੇ ਘਰ ਬੈਂਕਾਂ ਦਾ ਕਰਜ਼ਾ ਨਾ ਮੋੜ ਸਕਣ ਕਾਰਨ ਬੈਂਕਾਂ ਨੂੰ ਗੁਆ ਚੁਕੇ ਹਨ। ਘਰਾਂ ਦੀਆਂ ਕੀਮਤਾਂ 50% ਤੋਂ ਵੀ ਵੱਧ ਘਟ ਗਈਆਂ ਹਨ। ਇਸ ਸਮੇਂ 25% ਤੋਂ ਜਿਆਦਾ ਮਕਾਨ ਮਾਲਕਾਂ ਦੇ ਸਿਰ ਘਰ ਦੀ ਕੀਮਤ ਤੋਂ ਜ਼ਿਆਦਾ ਕਰਜਾ ਹੈ। ਲੋਕਾਂ ਨੂੰ ਇਨ੍ਹਾਂ ਮੁਸ਼ਕਿਲਾਂ ਦਾ ਕੋਈ ਹੱਲ ਨਜ਼ਰ ਨਹੀਂ ਆ ਰਿਹਾ ਅਤੇ ਦੋਨੋਂ ਰਾਜਸੀ ਪਾਰਟੀਆਂ ਆਪਸੀ ਲੜਾਈ ਵਿਚ ਉਲਝੀਆਂ ਹੋਈਆਂ ਹਨ। ਇਸੇ ਨਿਰਾਸ਼ਾ ਵਿਚ ਲੋਕ ਵਿਦਰੋਹ ਦੇ ਰਸਤੇ 'ਤੇ ਤੁਰਨ ਲਈ ਮਜ਼ਬੂਰ ਹੋਏ ਹਨ।

**ਇਨ੍ਹਾਂ ਲੋਕ ਲਹਿਰਾਂ ਦੀਆਂ ਪ੍ਰਾਪਤੀਆਂ:** ਲੋਕਾਂ ਦੇ ਗੁੱਸੇ 'ਚੋ ਆਪ ਮੁਹਾਰੇ ਉਠੀ ਇਹ ਲਹਿਰ ਅਜੇ ਆਪਣੇ ਸ਼ੁਰੂਆਤੀ ਦੌਰ ਵਿਚ ਹੀ ਹੈ ਅਤੇ ਕਿਸੇ ਹੱਦ ਤੱਕ ਅਸੰਗਠਤ ਅਤੇ ਨੇਤਾ-ਰਹਿਤ ਵੀ। ਇਹ ਗੱਲ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਇਹ ਲਹਿਰ ਕਿਸੇ ਕਿਸਮ ਦੀ ਸਥਾਈ ਤਬਦੀਲੀ ਲਿਆਉਣ ਵਿਚ ਕਾਮਯਾਬ ਹੋਵੇਗੀ ਜਾਂ ਨਹੀਂ, ਫਿਰ ਵੀ ਇਹ ਲੋਕਾਂ ਦੇ ਇਸ ਸਮੇਂ ਦੇ ਮਸਲਿਆਂ ਵੱਲ ਧਿਆਨ ਕੇਂਦਰਿਤ ਕਰਨ ਅਤੇ ਕੁਝ ਮਸਲੇ ਹੱਲ ਕਰਵਾਉਣ ਵਿਚ ਵੀ ਸਫਲ ਰਹੀ ਹੈ। ਬੈਂਕਾਂ ਵਲੋਂ ਲਾਈਆਂ ਗਈਆਂ ਕਈ ਤਰ੍ਹਾਂ ਦੀਆਂ ਫੀਸਾਂ ਅਤੇ ਉਨ੍ਹਾਂ ਦੇ ਲੋਕਾਂ ਪ੍ਰਤੀ ਨਾਂਹ-ਪੱਖੀ ਵਤੀਰੇ ਦੇ ਖਿਲਾਫ ਇਸ ਲਹਿਰ ਨੇ ਲੋਕਾਂ ਨੂੰ ਬੈਂਕਾਂ 'ਚੋਂ ਆਪਣੇ ਬਚਤ ਖਾਤੇ ਬੰਦ ਕਰਵਾ ਕੇ ਛੋਟੇ ਅਤੇ ਸਹਿਕਾਰੀ ਬੈਂਕਾਂ ਵਿਚ ਖੋਲ੍ਹਣ ਦਾ ਸੱਦਾ ਦਿੱਤਾ ਤਾਂ ਲੋਕਾਂ ਨੇ ਇਸ ਨੂੰ ਭਰਪੂਰ ਹੁੰਗਾਰਾ ਦਿੱਤਾ। ਕਰੀਬ 7 ਲੱਖ ਲੋਕਾਂ ਨੇ ਆਪਣੇ ਖਾਤੇ ਇਨ੍ਹਾਂ ਵੱਡੇ ਬੈਂਕਾਂ 'ਚ ਬੰਦ ਕਰਵਾ ਦਿਤੇ। ਲੋਕਾਂ ਦੇ ਇਸ ਦਬਾਅ ਸਾਹਮਣੇ ਝੁਕਦਿਆਂ ਬੈਂਕਾਂ ਨੇ ਲਾਈਆਂ ਬਹੁਤੀਆਂ ਨਵੀਆਂ ਫੀਸਾਂ ਵਾਪਸ ਲੈ ਲਈਆਂ ਹਨ।

ਸਰਮਾਏਦਾਰੀ ਪ੍ਰਬੰਧ ਦੀ ਧੁਨੀ 'ਚੋਂ ਉਠੇ ਇਸ ਵਿਦਰੋਹ ਦਾ ਇਕ ਖਾਸ ਮਹੱਤਵ ਹੈ। ਇਹ ਜਿਥੇ ਅਮਰੀਕਨ ਲੋਕਾਂ ਦੀਆਂ ਅੱਖਾਂ ਕਿਸੇ ਹੱਦ ਤੱਕ ਖੋਲ੍ਹਣ ਅਤੇ ਸਰਮਾਏਦਾਰੀ ਪ੍ਰਬੰਧ ਦੀਆਂ ਕਰੂਪ ਸੱਚਾਈਆਂ ਨੂੰ ਉਭਾਰਨ ਦਾ ਕੰਮ ਕਰ ਰਿਹਾ ਹੈ, ਉਥੇ ਦੁਨੀਆਂ ਦੇ ਦੂਜੇ ਮੁਲਕਾਂ, ਖਾਸ ਕਰ ਜੋ ਅਮਰੀਕਾ ਨੂੰ ਆਪਣਾ ਆਦਰਸ਼ ਮੰਨ ਕੇ ਚਲ ਰਹੇ ਹਨ, ਲਈ ਵੀ ਇਕ ਸਬਕ ਹੈ ਕਿ ਸਰਮਾਏਦਾਰੀ ਸਿਸਟਮ ਉਪਰੋਂ ਭਾਵੇਂ ਤੜਕ-ਭੜਕ ਨਾਲ ਓਤ-ਪੋਤ ਹੈ ਪਰ ਅੰਦਰੋਂ ਡੂੰਘੀਆਂ ਸਮੱਸਿਆਵਾਂ ਵਿਚ ਗ੍ਰਸਿਆ ਪਿਆ ਹੈ।

## ਕਹਾਣੀ

# ਯੁੱਧ ਅਤੇ ਬੁੱਧ

***ਇਸ ਕਹਾਣੀ ਵਿਚ ਕਸ਼ਮੀਰ ਅਤੇ ਕਸ਼ਮੀਰੀਆਂ ਨਾਲ ਅੱਜ ਬੀਤ ਰਹੀ ਹੋਣੀ ਦਾ ਮਾਰਮਿਕ ਚਿੱਤਰ ਵਾਹਿਆ ਗਿਆ ਹੈ। ਪਰਿਵਾਰ ਦਾ ਢਿੱਡ ਭਰਨ ਖਾਤਰ ਦਹਿਸ਼ਤਪਸੰਦਾਂ ਨਾਲ ਰਲੇ ਨੌਜਵਾਨ ਦੀ ਮਾਂ ਫੌਜੀਆਂ ਨੂੰ ਆਪਣੇ ਪੁੱਤ ਬਾਰੇ ਆਪ ਸੂਹ ਦੇਣ ਬਾਰੇ ਸੋਚਣ ਲੱਗ ਪੈਂਦੀ ਹੈ। ਸੂਹ ਦੇਣ ਦਾ ਫੈਸਲਾ ਕਰਨ ਤੱਕ ਉਹ ਅਤੇ ਉਸ ਦਾ ਟੱਬਰ ਕਿਨ੍ਹਾਂ ਹਨ੍ਹੇਰੀਆਂ ਗਲੀਆਂ ਵਿਚੋਂ ਲੰਘਿਆ ਹੈ, ਲੇਖਕਾ ਮਧੂ ਕਾਂਕਰੀਆ ਨੇ ਉਸ ਬਾਰੇ ਬਹੁਤ ਬਰੀਕ ਵੇਰਵੇ ਕਹਾਣੀ ਵਿਚ ਦਰਜ ਕੀਤੇ ਹਨ। ਹਾਲਾਤ ਦਾ ਝੰਬਿਆ ਟੱਬਰ ਦਾ ਹਰ ਜੀਅ, ਨੌਜਵਾਨ ਨਾਲ ਵਾਪਰਨ ਵਾਲੇ ਭਾਣੇ ਬਾਰੇ ਵਾਕਿਫ ਹੈ ਅਤੇ ਨੌਜਵਾਨ ਦੇ ਹੱਥੋਂ ਤਿਲਕ ਰਹੀ ਜ਼ਿੰਦਗੀ ਬਾਰੇ ਤੜਫ ਰਿਹਾ ਹੈ ਪਰ ਉਹ ਸਾਰੇ ਇਹ ਸਭ ਕੁਝ ਖਾਮੋਸ਼ ਜਰਦੇ ਹਨ। ਕਹਾਣੀ ਦੱਸਦੀ ਹੈ ਕਿ ਬੇਵਸੀ ਕਿੰਜ, ਅਕਸਰ ਹੀ ਬੰਦੇ ਦੀ ਜ਼ੁਬਾਨ ਕੱਟਦੀ ਹੈ ਅਤੇ ਫਿਰ ਕਿੰਜ ਦਰਦ ਦੇ ਦਰਿਆ ਵਗਦੇ ਹਨ। ਕਸ਼ਮੀਰ ਵਰਗੀ ਇਹ ਹੋਣੀ ਪੰਜਾਬੀਆਂ ਨੇ ਵੀ ਦੋ ਦਹਾਕੇ ਝੱਲੀ ਸੀ। ਇਹ ਕਹਾਣੀ ਪੜ੍ਹਦਿਆਂ ਮੱਲੋ-ਮੱਲੀ ਉਹ ਦਿਨ ਅੱਖਾਂ ਅੱਗੇ ਇਕ ਇਕ ਕਰਕੇ ਘੁੰਮਣ ਲੱਗਦੇ ਹਨ। -ਸੰਪਾਦਕ***

**ਮਧੂ ਕਾਂਕਰੀਆ**

ਉਹ ਅੱਖਾਂ ਕਦੀ ਵੀ ਨਹੀਂ ਭੁੱਲਣਗੀਆਂ। ਨਾ ਉਹ ਦਿਨ। ਨਾ ਉਹ ਤਾਰੀਖ਼।

ਵਿਹਲ ਮਿਲਦਿਆਂ ਹੀ ਡੂਨੇ 'ਚ ਧਰੇ ਦੀਵੇ ਵਾਂਗ ਯਾਦਾਂ ਦੀ ਨਦੀ ਮੈਨੂੰ ਉਥੇ ਵਹਾ ਲੈ ਜਾਂਦੀ ਹੈ ਜਿੱਥੇ ਉਮਰ ਦੇ ਇਸ ਟਿੱਲੇ 'ਤੇ ਖੜ੍ਹੋ ਕੇ ਪਿੱਛੇ ਮੁੜ ਕੇ ਵੇਖਦਾ ਹਾਂ ਤਾਂ ਲਗਦਾ ਹੈ ਕਿ ਮੇਰਾ ਅਸਲੀ 'ਮੈਂ', ਮੇਰਾ ਅਸਲੀ ਚਿਹਰਾ ਪਿੱਛੇ ਕਿਤੇ ਬਹੁਤ ਦੂਰ ਰਹਿ ਗਿਆ ਹੈ ਅਤੇ ਮੈਂ ਆਪਣੇ-ਆਪ ਤੋਂ ਬਹੁਤ ਦੂਰ ਨਿਕਲ ਗਿਆ ਹਾਂ, "ਮੈਂ ਕਦੋਂ ਦਾ ਲੱਭ ਰਿਹਾ ਹਾਂ, ਉਹ ਚਿਹਰਾ ਜੋ ਕਦੇ ਮੇਰਾ ਸੀ।"

ਇਹ ਸਾਰਾ ਅਫ਼ਸਾਨਾ ਉਸ ਗਵਾਚੇ ਹੋਏ ਚਿਹਰੇ ਦਾ ਹੈ, ਕਿਉਂਕਿ ਮੁਸ਼ਕਿਲ ਇਹੋ ਸੀ ਕਿ ਮੈਂ ਮੇਜਰ ਵਿਸ਼ਾਲ ਰਾਣਾਵਤ, ਸਿਰਫ਼ ਸਮਰਪਿਤ ਅਤੇ ਨਿਸ਼ਠਾਵਾਨ ਫੌਜੀ ਹੀ ਨਹੀਂ ਸਾਂ, ਫੌਜੀ ਦੇ ਇਲਾਵਾ ਕੁਝ ਹੋਰ ਵੀ ਸਾਂ।

ਪਹਿਲੀ ਤਾਰੀਖ਼ ਤਾਂ ਮੈਨੂੰ ਯਾਦ ਨਹੀਂ, ਬੱਸ ਐਨਾ ਕੁ ਯਾਦ ਹੈ ਕਿ ਉਨ੍ਹੀਂ ਦਿਨੀਂ ਮੈਂ ਮਿੰਨਾ-ਮਿੰਨਾ ਮੁਸਕਰਾਉਂਦਾ ਰਹਿੰਦਾ ਸਾਂ ਅਤੇ ਸੋਚਦਾ ਰਹਿੰਦਾ ਸਾਂ ਕਿ ਕਦੋਂ ਫੌਜੀ ਬਣਾਂਗਾ, ਕਿਉਂਕਿ ਉਨ੍ਹੀਂ ਦਿਨੀਂ ਜਾਦੂ ਅਤੇ ਰੁਮਾਂਸ ਭਰਿਆ ਫੌਜੀ ਸ਼ਬਦ ਮੈਨੂੰ ਰੱਬ ਦੀ ਸਭ ਤੋਂ ਵੱਡੀ ਨਿਆਮਤ ਲੱਗਦਾ ਸੀ। ਅਠਾਰਾਂ ਸਾਲ ਦੀ ਉਮਰ। ਅਬੋਧ, ਅਣਜਾਣ ਦੁਨੀਆਂ ਅਤੇ ਫੌਜ ਦਾ ਜਾਦੂ। ਮੇਰੀ ਦੂਰ ਦੀ ਭੈਣ ਦਾ ਘਰਵਾਲਾ ਫੌਜ 'ਚ ਕਰਨਲ ਸੀ। ਜਦੋਂ ਵੀ ਉਹ ਮੈਨੂੰ ਮਿਲਦਾ, ਉਹਦੇ ਇਕ-ਇਕ ਠਹਾਕੇ 'ਤੇ ਮੈਂ ਨਸ਼ਿਆ-ਨਸ਼ਿਆ ਜਾਂਦਾ। ਪਚਵੰਜਾ ਦੀ ਉਮਰ ਵਿਚ ਵੀ ਉਹ ਐਨਾ ਜੋਸ਼ੀਲਾ ਅਤੇ ਕੁਰਕਰਾ ਸੀ ਜਿੰਨਾ ਸ਼ਾਇਦ ਮੈਂ ਆਪਣੇ ਬਚਪਨ ਵਿਚ ਵੀ ਨਹੀਂ ਸਾਂ ਅਤੇ ਮੇਰਾ ਪਿਤਾ, ਉਫ! ਪੰਜਤਾਲੀ ਵਰ੍ਹਿਆਂ ਦਾ ਮੇਰਾ ਪਿਤਾ ਉਹਦੇ ਸਾਹਮਣੇ ਐਨਾ ਥੁਲਥੁਲ, ਬਿਮਾਰ ਅਤੇ ਝੁਰੜੀਆਂ ਭਰਿਆ ਲੱਗਦਾ ਸੀ ਕਿ ਮੈਂ ਉਦਾਸੀ ਨਾਲ ਭਰ ਜਾਂਦਾ ਅਤੇ ਸੋਚਦਾ ਕਿ ਮੈਂ ਕਦੋਂ ਫੌਜੀ ਬਣਾਂਗਾ? ਪਿਤਾ ਦੇ ਮੱਥੇ 'ਤੇ ਹਮੇਸ਼ਾ ਤਿਊੜੀਆਂ ਪਈਆਂ ਰਹਿੰਦੀਆਂ, ਉਨ੍ਹਾਂ ਦਾ ਚਿਹਰਾ ਹਮੇਸ਼ਾ ਝੁੰਜਲਾਇਆ ਰਹਿੰਦਾ ਅਤੇ ਉਨ੍ਹਾਂ ਦੀ ਬਾਣੀਆਂ ਖੋਪੜੀ 'ਚ ਹਮੇਸ਼ਾ ਨਫ਼ੇ-ਨੁਕਸਾਨ ਦਾ ਹਿਸਾਬ-ਕਿਤਾਬ ਚਲਦਾ ਰਹਿੰਦਾ। ਵਿੱਤੀ ਸੱਚ ਹੀ ਉਨ੍ਹਾਂ ਦੇ ਜੀਵਨ ਦਾ ਸੱਚ ਸੀ ਅਤੇ ਉਹ ਕਾਰੋਬਾਰ ਨੂੰ ਹੀ ਸਮਰਪਤ ਸਨ। ਉਨ੍ਹਾਂ ਦਾ ਅਤੇ ਉਨ੍ਹਾਂ ਦੇ ਮੱਥੇ 'ਤੇ ਪਈਆਂ ਤਿਊੜੀਆਂ ਵਿਚਕਾਰ ਉਹੀ ਰਿਸ਼ਤਾ ਸੀ ਜੋ ਕਿਸੇ ਫੌਜੀ ਅਤੇ ਉਹਦੀ ਬੰਦੂਕ ਵਿਚਕਾਰ ਹੁੰਦਾ ਹੈ।

ਉਨ੍ਹੀਂ ਦਿਨੀਂ ਮੇਰੇ ਜ਼ਿਹਨ, ਦਿਲੋ-ਦਿਮਾਗ਼, ਸੁਫਨਿਆਂ ਅਤੇ ਚੇਤਨਾ, ਸਭ 'ਤੇ ਫੌਜ ਹੀ ਛਾਈ ਹੋਈ ਸੀ ਅਤੇ ਮੈਂ ਸੋਚਦਾ ਕਿ ਅਜਿਹਾ ਕੀ ਕਰਾਂ ਕਿ ਫੌਜੀ ਹੋ ਜਾਵਾਂ। ਬਹੁਤ ਯਤਨਾਂ ਨਾਲ ਪਾਲੀ ਆਪਣੀ ਫੌਜੀ ਬਣਨ ਦੀ ਇੱਛਾ ਨੂੰ ਮੈਂ ਹਰ ਸਮੇਂ ਸਿੰਜਦਾ ਰਹਿੰਦਾ ਕਿ ਕਿਤੇ ਕੁਮਲਾ ਨਾ ਜਾਵੇ ਅਤੇ ਅਕਸਰ ਆਪਣੇ ਉਸ ਫੌਜੀ ਜੀਜੇ ਦੀ ਨਕਲ ਕਰਦਾ, ਉਹਦੇ ਵਾਂਗ ਹੀ ਠਹਾਕਾ ਮਾਰ ਕੇ ਹੱਸਦਾ। ਉਹਦੇ ਵਾਂਗ ਹੀ ਤਣ ਕੇ ਤੁਰਦਾ। ਤੁਰਦਿਆਂ ਖਾਸ ਖ਼ਿਆਲ ਰੱਖਦਾ ਕਿ ਮੇਰੇ ਬੂਟਾਂ 'ਚੋਂ ਵੀ ਉਹੀ ਚੀਕੂੰ-ਚੀਕੂੰ ਦੀ ਆਵਾਜ਼ ਆਵੇ ਜਿਹੜੀ ਫੌਜੀ ਜੀਜੇ ਦੇ ਬੂਟਾਂ 'ਚੋਂ ਨਿਕਲਦੀ ਹੈ। ਮੈਂ ਖ਼ੂਬ ਫਲ ਖਾਂਦਾ, ਦੁੱਧ ਪੀਂਦਾ ਤਾਂ ਜੋ ਮੇਰੀ ਹਿੱਕ ਚੌੜੀ ਹੋ ਜਾਵੇ ਅਤੇ ਮੈਂ ਫਿਜੀਕਲ ਟੈਸਟ 'ਚੋਂ ਪਾਸ ਹੋ ਜਾਵਾਂ।

ਮੈਂ ਮੇਜਰ ਵਿਸ਼ਾਲ ਰਾਣਾਵਤ ਉਸ ਦੌਰ ਦੀ ਕਹਾਣੀ ਲਿਖ ਰਿਹਾ ਹਾਂ ਜਿਨ੍ਹੀਂ ਦਿਨੀਂ ਮੈਨੂੰ ਰਾਸ਼ਟਰੀ ਫਾਈਫ਼ਲਜ਼ 24 ਵਿਚ ਭਾਰਤ ਦੇ ਸਭ ਤੋਂ ਸੰਵੇਦਨਸ਼ੀਲ ਇਲਾਕੇ ਵਿਚ ਕੰਪਨੀ ਕਮਾਂਡਰ ਬਣਾ ਕੇ ਭੇਜਿਆ ਗਿਆ ਸੀ। 2002 ਦਾ ਉਹ ਸਮਾਂ ਜਦੋਂ ਲਾਲ ਕਿਲੇ ਤੋਂ ਸ਼ਾਂਤੀ ਦੇ ਪ੍ਰਤੀਕ ਕਬੂਤਰ ਉਡਾਏ ਜਾ ਰਹੇ ਸਨ ਅਤੇ ਮੈਂ ਕਸ਼ਮੀਰ 'ਚ ਗੋਲੇ ਵਰ੍ਹਾ ਰਿਹਾ ਸਾਂ; ਹਾਲਾਂਕਿ ਹਿੰਸਾ, ਖ਼ੂਨਖਰਾਬੇ ਅਤੇ ਬੰਬਾਰੀ ਦਾ ਗ੍ਰਾਫ਼ ਸਿਖ਼ਰ 'ਤੇ ਪਹੁੰਚ ਕੇ ਹੁਣ ਵਾਪਸ ਮੁੜਨ ਲੱਗਾ ਸੀ। ਇਸ ਲਈ ਆਰਮੀ ਨੇ ਕਿੰਨਾ ਇਨਸਾਨੀ ਖ਼ੂਨ ਵਹਾਇਆ ਅਤੇ ਮਨੁੱਖੀ ਜ਼ਿੰਦਗੀਆਂ ਦਾ ਕਿੰਨਾ ਘਾਣ ਹੋਇਆ, ਇਸ ਦਾ ਹਿਸਾਬ ਤਾਂ ਸ਼ਾਇਦ ਕੋਈ ਚੰਦ੍ਰਮੁਖ ਵੀ ਨਾ ਰੱਖ ਸਕੇ। ਬਹਰਹਾਲ, ਇਹ ਸਾਡਾ ਮਿਸ਼ਨ ਸੀ। ਇਸ ਨੂੰ ਬਰਕਰਾਰ ਰੱਖਦਿਆਂ ਕਸ਼ਮੀਰ ਦੀ ਹਾਲਾਤ ਨੂੰ ਹੋਰ ਨਾਰਮਲ ਕਰਨਾ। ਅਤੇ ਇਸ ਦਾ ਮਤਲਬ ਸੀ ਬਹੁਤ ਸੁੰਦਰ ਮਾਨਵਤਾ ਦਾ ਸਫ਼ਾਇਆ!

'ਮਿਲਟਰੀ' ਅਤੇ 'ਮਿਲੀਟੈਂਟ' ਦੋ ਅਜਿਹੇ ਸ਼ਬਦ ਸਨ ਜੋ ਇਨ੍ਹੀਂ ਦਿਨੀਂ ਧੁੱਪ ਅਤੇ ਹਵਾ ਵਾਂਗ ਕਸ਼ਮੀਰ ਦੀ ਫਿਜ਼ਾ 'ਚ ਰਸ-ਵਸ ਗਏ ਸਨ। ਹਰ ਨੁੱਕਰ 'ਤੇ ਫ਼ੌਜੀ। ਹਰ ਫੌਜੀ ਦੀ ਅੱਖ ਵਿਚ ਇਕ ਸੁਫਨਾ ਅਤੇ ਹਰ ਸੁਫਨੇ ਵਿਚ ਮਿਲੀਟੈਂਟ ਦਾ ਸਫ਼ਾਇਆ।

ਮੈਂ ਵੀ ਸੁਫਨਿਆਂ ਦੇ ਕੁਝ ਗੁੱਛਿਆਂ ਨਾਲ ਕਸ਼ਮੀਰ ਦੀਆਂ ਖ਼ੂਬਸੂਰਤ ਵਾਦੀਆਂ 'ਚ ਕਦਮ ਰੱਖਿਆ ਸੀ। ਉਹ ਸੁਫਨੇ ਸਨ-ਰਾਸ਼ਟਰ ਦੀ ਏਕਤਾ ਅਖੰਡਤਾ ਅਤੇ ਮਹਿਮਾ ਦੇ, ਪਰ ਇਨ੍ਹਾਂ ਦੀ ਰਾਖੀ ਕਰਦਿਆਂ ਕਸ਼ਮੀਰ ਦੀ ਵਾਦੀ ਤੋਂ ਵਾਪਸੀ 'ਤੇ ਮੇਰੀਆਂ ਅੱਖਾਂ ਸੁੰਨੀਆਂ ਸਨ। ਮੇਰੇ ਕੋਲ ਕੋਈ ਸੁਫਨਾ ਨਹੀਂ ਸੀ! ਇਸ ਲਈ ਨਹੀਂ ਕਿ ਮੈਂ ਇਹ ਸਭ ਚਾਹੁੰਦਾ ਸਾਂ ਕਿ ਆਪਣੇ ਸਾਰੇ ਸੁਫਨੇ ਲੁਟਾ ਕੇ ਇੱਥੋਂ ਵਾਪਸੀ ਕਰਾਂ; ਸਗੋਂ ਇਸ ਲਈ ਕਿ ਵਾਪਸੀ 'ਤੇ ਮੇਰੀਆਂ ਅੱਖਾਂ ਇਨਸਾਨੀਅਤ ਦੇ ਧੂੰਏਂ ਨਾਲ ਭਰੀਆਂ ਹੋਈਆਂ ਸਨ, ਕਿਉਂਕਿ ਜਦੋਂ ਪੀੜਤ ਇਨਸਾਨੀਅਤ ਮੇਰੇ ਸਾਹਮਣੇ ਗੋਡੇ ਟੇਕ ਕੇ ਮੇਰੇ ਕੋਲੋਂ ਮੱਦਦ ਦੀ ਪੁਕਾਰ ਕਰ ਰਹੀ ਸੀ, ਮੈਨੂੰ ਉਸ ਨੂੰ ਦਰੜਦਿਆਂ ਹੋਇਆਂ ਅੱਗੇ ਲੰਘ ਜਾਣਾ ਪੈਂਦਾ ਸੀ; ਕਿਉਂਕਿ ਇਥੇ ਆਤਮਾ, ਇਨਸਾਨੀਅਤ, ਵਿਸ਼ਵ ਚੇਤਨਾ, ਮਾਨਵ ਪ੍ਰੇਮ, ਹਮਦਰਦੀ, ਕਰੁਣਾ, ਪ੍ਰੇਮ ਵਰਗੀਆਂ ਮਾਨਵੀ ਸੰਵੇਦਨਾਵਾਂ ਜਿਸ ਜ਼ੰਜੀਰ ਨਾਲ ਲਹੂ-ਲੁਹਾਣ ਸਨ, ਉਸ ਦਾ ਨਾਂ ਸੀ-ਆਰਡਰ। ਸਾਨੂੰ ਏਦਾਂ ਕਰਨ ਦਾ ਆਰਡਰ ਨਹੀਂ ਸੀ ਅਤੇ ਇਹ 'ਨਹੀਂ' ਮੇਰੇ ਅਤੇ ਮੇਰੀ ਇਨਸਾਨੀਅਤ ਵਿਚਕਾਰ, ਮੇਰੇ ਅਤੇ ਮੇਰੀ ਮੁਕਤ ਆਤਮਾ ਵਿਚਕਾਰ, ਮੇਰੇ ਅਤੇ ਮੇਰੀ ਅੰਤਰ-ਆਤਮਾ ਵਿਚਕਾਰ ਹਰ ਪਲ ਟਕਰਾਉਂਦਾ ਅਤੇ ਹਰ ਵੇਲੇ ਮੈਨੂੰ ਇਸ ਪੀੜ ਭਰੇ ਇਹਸਾਸ ਨਾਲ ਭਰ ਦਿੰਦਾ ਕਿ ਮੇਰੇ ਨਾਲੋਂ ਜ਼ਿਆਦਾ ਮੁਕਤ ਆਤਮਾ ਇਨ੍ਹਾਂ ਖ਼ੂਬਸੂਰਤ ਵਾਦੀਆਂ 'ਚ ਮੱਝਾਂ, ਸੂਰਾਂ ਅਤੇ ਬੱਕਰੀਆਂ ਦੀ ਸੀ ਜੋ ਆਪਣੀ ਮਨ-ਮਰਜ਼ੀ ਮੁਤਾਬਿਕ ਹਿਲਜੁਲ ਸਕਦੀਆਂ ਸਨ। ਕਿਤੇ ਵੀ ਨਿਕਲ ਸਕਦੀਆਂ ਸਨ।

ਨਹੀਂ, ਇਹ ਸਾਡੇ ਨਾਲ ਧੋਖਾ ਨਹੀਂ ਸੀ। ਫੌਜੀ ਹੋਣ ਦਾ ਮਤਲਬ ਅਸੀਂ ਹੀ ਨਹੀਂ ਸਮਝ ਸਕੇ ਸਾਂ। ਆਪਣੀ ਉਸ ਸਹੁੰ ਨੂੰ ਜੋ ਅਸਾਂ ਪਾਸਿੰਗ ਆਊਟ ਪਰੇਡ ਵੇਲੇ ਟੋਪੀਆਂ ਹਵਾ 'ਚ ਉਛਾਲਣ ਦੇ ਬਾਅਦ ਫੌਜੀ ਜੀਵਨ 'ਚ ਸਾਰੀ ਦਿਖਾਵੇਦਾਰੀ ਦੇ ਨਾਲ ਦਾਖ਼ਲੇ ਸਮੇਂ ਲਈ ਸੀ, ਕਿੰਨੀ ਬਹੁਪੱਖੀ, ਵਿਆਪਕ, ਦਮਘੋਟੂ ਅਤੇ ਬਹੁਅਰਥੀ ਸ਼ਰਤ ਸੀ। ਮੈਂ 'ਸਹੁੰ' ਖਾਧੀ ਸੀ ਜਿਸ ਦਾ ਭਾਵ ਸੀ, "ਮੇਰਾ ਪੂਰਨ ਜੀਵਨ ਭਾਰਤ ਦੇ ਰਾਸ਼ਟਰਪਤੀ ਦੇ ਨਾਂ ਸਮਰਪਿਤ ਰਹੇਗਾ। ਮੈਨੂੰ ਜਿੱਥੇ ਭੇਜਿਆ ਜਾਵੇਗਾ, ਮੈਂ ਜਾਵਾਂਗਾ। ਜੋ ਕਿਹਾ ਜਾਵੇਗਾ ਕਰਾਂਗਾ।"

"ਕਿ ਭਾਰਤ ਅਤੇ ਉਸ ਦੇ ਸੰਵਿਧਾਨ ਦੇ ਪ੍ਰਤੀ ਪੂਰੀ ਨਿਸ਼ਠਾ ਨਾਲ ਕੰਮ ਕਰਾਂਗਾ।"

"ਕਿ ਮੈਂ ਆਪਣਾ ਹਿੱਤ ਸਭ ਤੋਂ ਅੰਤ 'ਚ ਸੋਚਾਂਗਾ।"

...ਤੇ ਆਪਣੀ ਅੰਤਰ-ਆਤਮਾ ਦੀ ਆਵਾਜ਼ ਸੁਣਨਾ ਵੀ ਤਾਂ ਆਪਣੇ ਹਿੱਤ ਦੇ ਘੇਰੇ 'ਚ ਹੀ ਆਉਂਦਾ ਹੈ। ਇਸ ਲਈ ਇੱਥੇ ਅੰਤਰ-ਆਤਮਾ ਦੀ ਆਵਾਜ਼, ਅੰਦਰੂਨੀ ਸੁਹੱਪਣ-ਸੰਵੇਦਨਾ ਦੀ ਰੋਸ਼ਨੀ ਅਤੇ ਮਨੁੱਖੀ ਕਦਰਾਂ ਵਰਗੇ ਸਾਰੇ ਉਚੇਰੇ ਅਹਿਸਾਸਾਂ ਨੂੰ ਦੇਸ਼ ਨਿਕਾਲਾ ਮਿਲ ਜਾਂਦਾ ਸੀ। ਜੇ ਕਿਤੇ ਕਿਸੇ ਨੁੱਕਰੇ ਅਟਕੇ ਇਹ ਮਿਲ ਵੀ ਜਾਂਦੇ ਤਾਂ ਇਹ ਬੜੇ ਨਕਲੀ ਜਿਹੇ ਲਗਦੇ।

ਇੱਥੇ ਸਿਰਫ ਆਰਡਰ ਸੁਭਾਵਿਕ ਲੱਗਦਾ ਸੀ। ਆਦੇਸ਼ ਜਿਵੇਂ ਕਈ ਆਦਿ-ਕਬੀਲੇ ਇਹ ਮੰਨਦੇ ਹਨ ਕਿ ਆਤਮਾ ਸਰੀਰ ਤੋਂ ਬਾਹਰ ਰੱਖੀ ਜਾ ਸਕਦੀ ਹੈ, ਇਸ ਲਈ ਉਨ੍ਹਾਂ ਦੇ ਯੋਧੇ ਜਦੋਂ ਜੰਗ ਦੇ ਮੈਦਾਨ ਵਿਚ ਜਾਂਦੇ ਤਾਂ ਆਪਣੀ ਆਤਮਾ ਨੂੰ ਘਰ ਸੁਰੱਖਿਅਤ ਰੱਖ ਕੇ ਜਾਂਦੇ। ਗੁੰਡ ਵਿਚ ਆ ਕੇ ਮੈਨੂੰ ਇਸ ਦਾ ਅਰਥ ਸਮਝ ਆਇਆ ਕਿਉਂਕਿ ਇਥੇ ਆਤਮਾ ਨੂੰ ਲੈ ਕੇ ਤੁਰਨਾ ਅਸੰਭਵ ਸੀ। ਜੋ ਆਤਮਾ ਤੋਂ ਜਿੰਨਾ ਦੂਰ ਰਹਿੰਦਾ ਸੀ, ਉਹ ਉਨਾ ਹੀ ਕਾਮਯਾਬ ਅਫ਼ਸਰ ਸਮਝਿਆ ਜਾਂਦਾ।

ਸ੍ਰੀਨਗਰ ਤੋਂ 40 ਕਿਲੋਮੀਟਰ ਦੂਰ, ਸੋਨਮਰਗ ਦੇ ਰਸਤੇ ਕਿਸੇ ਆਦਿਮ ਪਿੰਡ ਵਾਂਗ ਪਸਰਿਆ ਗੁੰਡ। ਅਨਪੜ੍ਹਤਾ, ਗਰੀਬੀ, ਬੇਕਾਰੀ ਤੇ ਮਜ਼ਹਬੀ ਕਟੜਤਾ ਦੀ ਧੁੰਦ 'ਚ ਘਿਰਿਆ ਅਜਿਹਾ ਪਿੰਡ ਜਿੱਥੋਂ ਦੀਆਂ ਮਾਈਆਂ ਤਾਂ ਮਾਈਆਂ, ਨਵੇਂ ਜ਼ਮਾਨੇ ਦੀਆਂ ਨੱਢੀਆਂ ਵੀ ਗੱਲ ਗੱਲ ਵਿਚ ਅੱਲਾ ਨੂੰ ਘੜੀਸ ਲਿਆਉਂਦੀਆਂ। ਬੱਚਾ ਹੋਵੇ ਭਾਵੇਂ ਜਵਾਨ, ਬੁੱਢਾ ਹੋਵੇ ਭਾਵੇਂ ਬੁੱਢੀ, ਅੱਲਾ ਨਾਲ ਸਭ ਦੀ ਹਾਟਲਾਈਨ ਜੁੜੀ ਹੋਈ ਸੀ। ਇੱਥੇ ਅਨਾਜ ਦੀ ਪੈਦਾਵਾਰ ਘੱਟ ਅਤੇ ਬੱਚਿਆਂ ਦੀ ਪੈਦਾਵਾਰ ਜ਼ਿਆਦਾ ਸੀ। ਹਰ ਘਰ 'ਚ ਢੇਰ ਸਾਰੇ ਬੱਚੇ।



ਉਂਜ, ਪਿੰਡ ਖ਼ੂਬਸੂਰਤ ਸੀ ਪਰ ਹਵਾਵਾਂ, ਪਹਾੜੀਆਂ ਤੇ ਸੋਹਣੀਆਂ ਵਾਦੀਆਂ, ਚਸ਼ਮੇ, ਕੋਸੀ ਧੁੱਪ, ਦੁਧੀਆ ਤਲਿਸਮੀ ਬੱਦਲ ਕੁਝ ਵੀ ਲੋਕਾਂ ਨੂੰ ਸਕੂਨ ਨਹੀਂ ਸਨ ਦਿੰਦੇ ਕਿਉਂਕਿ ਉਹ ਅੱਧਕਚਰੇ ਇਤਿਹਾਸ ਅਤੇ ਕੁਰਾਨ 'ਚ ਜ਼ਿਆਦਾ ਜਿਉਂਦੇ ਸਨ। ਜ਼ਾਹਿਰ ਹੈ, ਇਹੋ ਜਿਹੀ ਮਿੱਟੀ 'ਚ ਅਤਿਵਾਦ ਦੇ ਕੀਟਾਣੂ ਜ਼ਿਆਦਾ ਵਧਦੇ-ਫੁਲਦੇ ਹਨ। ਦਿਨੇ ਇਹ ਪਿੰਡ ਆਦਿਵਾਸੀ ਪਿੰਡਾਂ ਵਾਂਗ ਊਂਘਦਾ ਉਬਾਸੀਆਂ ਲੈਂਦਾ ਪਰ ਹਨੇਰਾ ਪਸਰਦਿਆਂ ਹੀ ਪਿੰਡ ਦੀ ਸਰਹੱਦ 'ਤੇ ਬੇਚੈਨ ਆਤਮਾਵਾਂ ਭਟਕਣ ਲੱਗਦੀਆਂ। ਆਤੰਕਵਾਦ ਗੰਡੋਏ ਵਾਂਗ ਰੀਂਘਣ ਲੱਗਦਾ। ਕਈ ਇਸ ਪਾਰੋਂ ਤੇ ਕਈ ਉਸ ਪਾਰੋਂ, ਕਦੀ ਘਰ ਤੋਂ ਬਾਹਰ ਤੇ ਕਦੀ ਬਾਹਰ ਤੋਂ ਅੰਦਰ।

ਇਹੋ ਜਿਹੇ ਪਿੰਡ ਦਾ ਹੀ ਮੈਂ ਏਰੀਆ ਕਮਾਂਡਰ ਸੀ ਜਿੱਥੇ ਵੀਹਵੀਂ ਸਦੀ ਨੇ ਅਜੇ ਪੈਰ ਨਹੀਂ ਸਨ ਪਾਏ। ਕਈ ਸਾਲਾਂ ਦੇ ਮੁਕਾਬਲੇ ਇਸ ਸਾਲ ਹਾਲਾਤ ਕਾਫ਼ੀ ਕਾਬੂ ਵਿਚ ਸਨ ਕਿਉਂਕਿ ਹੁਣ ਖੁਲ੍ਹੇਆਮ 'ਹਿੰਦੋਸਤਾਨੀ ਕੁੱਤਿਓ ਵਾਪਸ ਜਾਓ' ਜਾਂ 'ਕਸ਼ਮੀਰ ਦੀ ਮੰਡੀ ਰਾਵਲਪਿੰਡੀ' ਵਰਗੇ ਉਤੇਜਕ ਨਾਅਰੇ ਸ਼ਰ੍ਹੇਆਮ ਤਾਂ ਨਹੀਂ ਸਨ ਲੱਗਦੇ ਪਰ ਦਬਿਆ-ਦਬਿਆ ਵਿਰੋਧ ਤੇ ਢੱਕਿਆ-ਢੱਕਿਆ ਜਵਾਲਾਮੁਖੀ ਗੁੰਡ, ਕੰਗਨ, ਪੁਣਛ, ਰਾਜੌਰੀ, ਸੋਪੋਰ ਅਤੇ ਅਨੰਤਨਾਗ ਵਰਗੇ ਅਤਿ ਸੰਵੇਦਨਸ਼ੀਲ ਇਲਾਕਿਆਂ ਵਿਚ ਚੱਪੇ-ਚੱਪੇ 'ਤੇ ਸੀ। ਮੇਰੇ ਕੋਲ ਕੰਮ ਕਰਦਾ ਲਾਂਸ ਨਾਇਕ ਪ੍ਰਤਾਪ ਸਿੰਘ ਇਕ ਵਾਰ ਰੋ ਪਿਆ, "ਸਰ ਜੀ, ਕਦੀ ਮੇਰੀ ਬੰਦੂਕ ਚੱਲ ਜਾਵੇ ਤਾਂ ਮੇਰਾ ਕਸੂਰ ਨਹੀਂ। ਮੈਂ ਅੱਜ ਚੁੱਪ-ਚਾਪ ਡਿਊਟੀ 'ਤੇ ਖੜ੍ਹਾ ਸਾਂ, ਪਤਾ ਨਹੀਂ ਕਿੱਥੋਂ ਤਿੰਨ ਮੁਸਲੇ ਆਏ ਤੇ ਮੈਨੂੰ ਦੇਖ ਕੇ ਜ਼ਮੀਨ 'ਤੇ ਥੁੱਕਣ ਲੱਗੇ। ਉਨ੍ਹਾਂ ਦੀਆਂ ਅੱਖਾਂ ਵਿਚ ਨਫ਼ਰਤ ਦੀਆਂ ਚੰਗਿਆੜੀਆਂ ਫੁੱਟ ਰਹੀਆਂ ਸਨ। ਜੇ ਕਾਨੂੰਨ ਦਾ ਡਰ ਨਾ ਹੁੰਦਾ ਤਾਂ ਮੈਨੂੰ ਉਹ ਪਾੜ ਹੀ ਖਾਂਦੇ।"

ਮੇਰੇ ਜ਼ਿਹਨ ਵਿਚ ਇਕਦਮ ਕੈਪਟਨ ਅਜੈ ਵਰਮਾ ਦੀ ਲਾਸ਼ ਵਾਲਾ ਵਾਕਿਆ ਆ ਗਿਆ ਜੋ ਕਿਸੇ ਅਪ੍ਰੇਸ਼ਨ ਦੌਰਾਨ ਜਿਉਂਦਾ ਉਨ੍ਹਾਂ ਦੇ ਹੱਥ ਆ ਗਿਆ ਸੀ, ਤੇ ਜਿਸ ਨੂੰ ਉਨ੍ਹਾਂ ਸਲਾਦ ਵਾਂਗ ਕੱਟ ਕੇ ਸੁੱਟਿਆ ਸੀ।

ਬਹਰਹਾਲ, ਇਨ੍ਹਾਂ ਹੀ ਹਾਲਾਤ ਵਿਚ ਮੇਰਾ ਕੰਮ ਸੀ, ਆਪਣੇ ਇਲਾਕੇ ਵਿਚੋਂ ਮਿਲੀਟੈਂਸੀ ਦਾ ਸਫ਼ਾਇਆ ਕਰਨਾ। ਲੋਕਾਂ ਦੇ ਮਨਾਂ ਵਿਚ ਭਾਰਤੀ ਫੌਜ ਅਤੇ ਭਾਰਤ ਸਰਕਾਰ ਬਾਰੇ ਸਦਭਾਵਨਾ ਪੈਦਾ ਕਰਨਾ। ਕਸ਼ਮੀਰੀਆਂ ਦਾ ਮਨ ਜਿੱਤਣਾ। ਜ਼ਾਹਿਰ ਹੈ ਕਿ ਹਿੰਦੂ ਅਤੇ ਮੁਸਲਮਾਨ ਵਿਰੋਧੀ ਮਾਹੌਲ ਵਿਚ ਇਹ ਕੰਮ ਆਪਣੀ ਹਿੰਦੂ ਪਛਾਣ ਬਰਕਰਾਰ ਰੱਖ ਕੇ ਨਹੀਂ ਸੀ ਕੀਤਾ ਜਾ ਸਕਦਾ। ਇਸ ਲਈ ਮੈਨੂੰ ਆਰਮੀ ਨੇ ਮੁਸਲਿਮ ਨਾਂ ਦਿੱਤਾ ਹਕੀਮ ਅਲੀ ਕਬੀਰ। ਮੈਂ ਉਰਦੂ ਜ਼ੁਬਾਨ ਸਿੱਖੀ, ਮੁਸਲਮ ਅਦਬ-ਅਦਾਬ ਸਿੱਖਿਆ ਅਤੇ ਆਪਣੀ ਪੁਰਾਣੀ ਪਛਾਣ ਅਤੇ ਸੰਸਕਾਰ ਮਿਟਾ ਕੇ ਨਵਾਂ ਅਵਤਾਰ ਧਾਰਿਆ-ਮੀਏਂ ਦਾ ਅਵਤਾਰ। ਹੁਣ ਮੈਂ ਗੁੰਡ ਦੇ ਚੱਪੇ-ਚੱਪੇ, ਬੱਚੇ-ਬੱਚੇ, ਪੱਤੇ-ਪੱਤੇ ਨਾਲ ਪਾਣੀ ਦੀ ਮੱਛੀ ਵਾਂਗ ਘੁਲਣ-ਮਿਲਣ ਲੱਗਾ। ਹੌਲੀ-ਹੌਲੀ ਮੈਂ ਉਸ ਇਲਾਕੇ ਦਾ ਮਹਾਨ ਕੋਸ਼ ਬਣ ਗਿਆ-ਕਿਸ ਘਰ ਦੀ ਤਾਰ ਅਤਿਵਾਦ ਨਾਲ ਜੁੜੀ ਹੋਈ ਹੈ, ਜਾਂ ਪਹਿਲਾਂ ਕਦੀ ਜੁੜੀ ਹੋਈ ਸੀ। ਕਿਸ ਘਰ ਦੇ ਕਿੰਨੇ ਜਵਾਨ ਮੁੰਡੇ ਹਨ? ਕਿਨ੍ਹਾਂ ਨਾਲ ਉਹ ਉਠਦੇ-ਬੈਠਦੇ ਹਨ? ਕਿਸ ਘਰ 'ਚ ਅਤਿਵਾਦੀ ਨਿਕਲ ਚੁੱਕੇ ਹਨ, ਕਿਸ ਘਰ ਦਾ ਲੜਕਾ ਮੁਕਾਬਲੇ 'ਚ ਮਾਰਿਆ ਜਾ ਚੁੱਕਾ ਹੈ। ਪਿੰਡ 'ਚ ਰਸੂਖ ਵਾਲੇ ਲੋਕ ਕੌਣ ਹਨ? ਕਿਹੜਾ ਬਾਹਰੋਂ ਆਇਆ ਹੈ? ਕੌਣ ਬਾਹਰ ਗਿਆ ਹੈ? ਹੁਣ ਅਸੀਂ ਫੌਜੀ ਅਫ਼ਸਰ ਤੋਂ ਸਥਾਨਕ ਪੁਲਿਸ ਵਿਚ ਰਿਡਿਊਸ ਹੋ ਚੁੱਕੇ ਸਾਂ। ਪਿੰਡ ਵਿਚ ਜੇ ਬੱਚਾ ਵੀ ਜੰਮਦਾ ਤਾਂ ਉਸ ਦੀ ਗੂੰਜ ਸਾਡੇ ਹੈਡਕੁਆਰਟਰ ਤੱਕ ਪਹੁੰਚ ਜਾਂਦੀ।

ਜਿਵੇਂ ਅਤਿਵਾਦੀ ਸਾਡੀ ਗੋਲੀ ਦਾ ਸ਼ਿਕਾਰ ਹੋ ਸਕਦਾ ਸੀ, ਉਸੇ ਤਰ੍ਹਾਂ ਅਸੀਂ ਵੀ, ਕਦੀ ਵੀ, ਕਿਤੇ ਵੀ ਅਤਿਵਾਦੀਆਂ ਦੀ ਗੋਲੀ ਦਾ ਸ਼ਿਕਾਰ ਹੋ ਸਕਦੇ ਸਾਂ। ਇਸ ਲਈ ਅਤਿਵਾਦੀ ਸਾਡੇ ਦਿਮਾਗ ਵਿਚ, ਸਾਡੇ ਸੁਪਨਿਆਂ 'ਚ, ਇੱਥੋਂ ਤੱਕ ਕਿ ਸਾਡੀ ਨੀਂਦ ਵਿਚ ਵੀ ਸਾਉਣ ਦੇ ਬੱਦਲਾਂ ਵਾਂਗ ਛਾਏ ਰਹਿੰਦੇ ਸਨ। ਲੱਗਦਾ ਜਿਵੇਂ ਉਨ੍ਹਾਂ ਦੀ ਹੋਂਦ ਨਾਲ ਹੀ ਸਾਡੇ ਹੋਣ ਦਾ ਕੋਈ ਅਰਥ ਹੈ। ਉਨ੍ਹਾਂ ਦੇ ਹੋਣ ਨਾਲ ਹੀ ਅਸੀਂ ਆਪਣੀ ਜ਼ਿੰਦਗੀ ਨੂੰ ਸ਼ਿੱਦਤ ਨਾਲ ਮਹਿਸੂਸ ਕਰਦੇ ਸਾਂ ਕਿਉਂਕਿ ਕਈ ਵਾਰ ਮੈਂ ਉਨ੍ਹਾਂ ਦੇ ਹੱਥੋਂ ਮਰਦਾ-ਮਰਦਾ ਬਚਿਆ ਸਾਂ ਅਤੇ ਜ਼ਿੰਦਗੀ ਦੀ ਸ਼ਾਨ ਦਾ ਅਰਥ ਸਮਝ ਚੁੱਕਾ ਸਾਂ।

ਇਕ ਵਾਰ ਕੜਕਦੀ ਠੰਢ ਅਤੇ ਜ਼ੋਰਦਾਰ ਬਾਰਸ਼ ਵਿਚ ਮੈਂ ਨਾਰਾਇਣ ਨਾਗ 'ਚੋਂ ਲੰਘ ਰਿਹਾ ਸਾਂ। ਮੈਂ ਸਿਵਲ ਡ੍ਰੈਸ 'ਚ ਆਪਣੇ ਕਿਸੇ ਮਿੱਤਰ ਨੂੰ ਮਿਲ ਕੇ ਆ ਰਿਹਾ ਸਾਂ। ਰਾਹ 'ਚ ਮੈਂ ਕਾਲੇ ਬੁਰਕੇ ਅੰਦਰ ਠੰਢ ਨਾਲ ਕੰਬਦੀ ਮੁਟਿਆਰ ਦੇਖੀ। ਮੈਂ ਗੱਡੀ ਹੌਲੀ ਕੀਤੀ, ਸੋਚਣ ਲੱਗਾ ਕਿ ਕਿਵੇਂ ਉਸ ਦੀ ਮੱਦਦ ਕਰ ਸਕਦਾ ਹਾਂ। ਮੇਰੇ ਨਾਲ ਅੱਖਾਂ ਮਿਲਦਿਆਂ ਹੀ ਉਸ ਲੜਕੀ ਨੇ ਲਿਫ਼ਟ ਮੰਗੀ। ਮੈਂ ਖੁਸ਼ੀ-ਖੁਸ਼ੀ ਉਹਨੂੰ ਬਿਠਾ ਲਿਆ। ਉਹ ਬੰਦ ਗੱਡੀ 'ਚ ਵੀ ਕੰਬ ਰਹੀ ਸੀ। ਮੈਂ ਹੀਟਰ ਲਾ ਲਿਆ। ਕਰੀਬ ਪੰਜ ਕਿਲੋਮੀਟਰ ਬਾਅਦ ਜਿਉਂ ਹੀ ਢਲਾਣ ਸ਼ੁਰੂ ਹੋਈ, ਕੁੜੀ ਉਤਰ ਗਈ। ਮੈਂ ਬੱਸ ਅੱਧਾ ਕਿਲੋਮੀਟਰ ਹੀ ਅੱਗੇ ਗਿਆ ਹੋਵਾਂਗਾ ਕਿ ਸੀ.ਆਰ.ਪੀ.ਐਫ. ਦੇ ਜਵਾਨਾਂ ਨੇ ਮੈਨੂੰ ਘੇਰ ਲਿਆ। ਬਾਅਦ ਵਿਚ ਜਦ ਮੈਂ ਆਪਣਾ ਆਈ. ਕਾਰਡ ਦਿਖਾਇਆ ਤਾਂ ਉਹ ਸਕਤੇ 'ਚ ਆ ਗਏ। ਉਨ੍ਹਾਂ ਕਿਹਾ, "ਸ਼ਹਿਨਸ਼ਾਹੋ ਨਸੀਬਾਂ ਵਾਲੇ ਹੋ ਕਿ ਤੁਸੀਂ ਬਚ ਗਏ। ਜਿਸ ਮੁਟਿਆਰ ਨੂੰ ਤੁਸਾਂ ਲਿਫ਼ਟ ਦਿੱਤੀ ਸੀ, ਉਹ ਖ਼ਤਰਨਾਕ ਅਤਿਵਾਦੀ ਸੀ।"

ਇਸ ਘਟਨਾ ਨੇ ਮੇਰੀ ਦ੍ਰਿਸ਼ਟੀ ਅਤੇ ਮੇਰੇ ਨਜ਼ਰੀਏ ਦੋਵਾਂ ਨੂੰ ਇਕਦਮ ਬਦਲ ਦਿੱਤਾ। ਮੈਂ ਦੁਨੀਆਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣ ਲੱਗਾ, ਮਨੁੱਖੀ ਸਬੰਧਾਂ ਤੋਂ ਜ਼ਿਆਦਾ ਆਪਣੀ ਨਿੱਜੀ ਸੁਰੱਖਿਆ ਦਾ ਫਿਕਰ ਕਰਨ ਲੱਗਾ। ਉਂਜ ਵੀ ਸਾਨੂੰ ਆਪਣੇ ਵੱਡੇ ਅਫ਼ਸਰਾਂ ਵੱਲੋਂ ਚੌਵੀ ਘੰਟੇ ਹੁਸ਼ਿਆਰ ਅਤੇ ਚੌਕੰਨਾ ਰਹਿਣ ਦੀ ਹਦਾਇਤ ਸੀ। ਮੈਂ ਐਨਾ ਚੌਕੰਨਾ ਰਹਿਣ ਲੱਗਾ ਕਿ ਇਕ ਵਾਰ ਸ੍ਰੀਨਗਰ ਤੋਂ 50 ਕਿਲੋਮੀਟਰ ਦੂਰ ਬੂਸ਼ਨ ਕੈਂਪ 'ਚ ਆਇਆ ਮੇਰਾ ਛੋਟਾ ਭਰਾ ਗੈਸਟ ਹਾਊਸ 'ਚ ਮੇਰੇ ਨਾਲ ਸੁੱਤਾ ਸੀ। ਰਾਤ ਉਸ ਨੂੰ ਆਇਓਡੈਕਸ ਕ੍ਰੀਮ ਦੀ ਲੋੜ ਪਈ ਤਾਂ ਉਸ ਨੇ ਨੀਂਦ 'ਚ ਮੇਰੇ ਕੂਹਣੀ ਮਾਰੀ। ਮੇਰਾ ਹੱਥ ਸਿੱਧਾ ਮੇਰੀ ਏ. ਕੇ. 47 ਨੂੰ ਪਿਆ। ਭਰਾ ਹੈਰਾਨ। ਮੇਰੇ 'ਤੇ ਨਜ਼ਰ ਪੈਂਦਿਆਂ ਹੀ ਉਸ ਕਿਹਾ, "ਰਿਲੈਕਸ! ਤੁਹਾਨੂੰ ਤਾਂ ਨੀਂਦ ਵਿਚ ਵੀ ਅਤਿਵਾਦੀ ਹੀ ਦਿਸਦੇ ਹਨ। ਮੈਂ ਹੱਸ ਪਿਆ ਕਿਉਂਕ ਚੀਤੇ ਵਾਲੀ ਜਿਸ ਫੁਰਤੀ ਨਾਲ ਮੇਰਾ ਹੱਥ ਏ.ਕੇ. 47 'ਤੇ ਗਿਆ ਸੀ, ਉਹ ਸਹਿਮ ਗਿਆ ਸੀ। ਹੁਣ ਮੈਂ ਉਹਨੂੰ ਕੀ ਦੱਸਦਾ ਕਿ ਚਾਰੇ ਪਾਸਿਓਂ ਅਤਿ-ਸੁਰੱਖਿਅਤ ਇਸ ਬੇਸ ਕੈਂਪ 'ਤੇ ਵੀ ਫਿਦਾਈਨ ਹਮਲਾ ਹੋ ਚੁੱਕਾ ਸੀ ਅਤੇ ਤਦ ਤੋਂ ਸ਼ਾਮ ਢਲਦੇ ਹੀ ਬਲੈਕ ਆਊਟ ਹੋ ਜਾਂਦਾ ਹੈ ਅਤੇ ਇਹ ਬਲੈਕ ਆਊਟ ਰਾਤ ਨੂੰ ਵੀ ਇਹ ਭੁੱਲਣ ਨਹੀਂ ਦਿੰਦਾ ਕਿ ਅਸੀਂ ਅਤਿਵਾਦੀਆਂ ਦੇ ਨਿਸ਼ਾਨੇ 'ਤੇ ਹਾਂ।

ਦਿਨ ਬੀਤਦੇ ਰਹੇ। ਕੈਂਸਰ ਵਾਲੇ ਰੋਗੀ ਵਾਂਗ ਜ਼ਿੰਦਗੀ ਦਾ ਦਬਾਅ ਵਧਦਾ ਰਿਹਾ। ਹਰ ਪਲ ਦੀ ਮਲ੍ਹਮ-ਪੱਟੀ। ਹਰ ਪਲ ਮੌਤ ਦੀ ਪੈੜਚਾਲ। ਇਹ ਸ਼ਹੀਦ...ਉਹ ਫੌਤ। ਇੱਥੇ ਵਿਸਫੋਟ, ਉਥੇ ਮੁਕਾਬਲਾ। ਇੱਥੇ ਅਪਰੇਸ਼ਨ, ਉਥੇ ਘੇਰਾਬੰਦੀ। ਮੈਂ ਤਰਸ ਰਿਹਾ ਸਾਂ ਉਸ ਜ਼ਿੰਦਗੀ ਲਈ ਜੋ ਕਿਤੇ ਹੋਰ ਸੀ। ਮੇਰੇ ਆਉਣ ਤੋਂ ਬਾਅਦ ਕੁਦਰਤ ਨੇ ਵੀ ਰੰਗ ਬਦਲ ਲਿਆ ਸੀ। ਹਰਿਆਲੀ ਦਾ ਰੰਗ ਵੀ ਬੁਝ ਗਿਆ ਸੀ। ਮੌਸਮ ਬਦਲ ਚੁੱਕਾ ਸੀ, ਪਰ ਸਾਡੇ ਜੀਵਨ ਦਾ ਤਾਪ ਅਤੇ ਮੌਸਮ ਉਹੀ ਦਾ ਉਹੀ ਸੀ। ਹਿੰਸਾ ਅਤੇ ਮਿਲੀਟੈਂਸੀ ਸਦਾ ਸੁਹਾਗਣ ਵਾਂਗ ਬਦਲਦੇ ਮੌਸਮ ਵਿਚ ਵੀ ਜਿਹਲਮ ਦੀ ਤਰ੍ਹਾਂ ਮਸਤੀ 'ਚ ਵਹਿ ਰਹੀ ਸੀ। ਉਦੋਂ ਸਾਨੂੰ ਗੁੰਡ ਵਿਚ ਅਜਿਹੇ ਪਰਿਵਾਰ ਦੀ ਖ਼ਬਰ ਮਿਲੀ ਜਿਸ ਦਾ ਸਭ ਤੋਂ ਵੱਡਾ ਮੁੰਡਾ ਜਮੀਲ ਸਾਲ ਭਰ ਤੋਂ ਅਤਿਵਾਦੀਆਂ ਨਾਲ ਜਾ ਰਲਿਆ ਸੀ। ਮੇਰਾ ਫੌਰੀ ਫੈਸਲਾ ਸੀ-ਇਸ ਤੋਂ ਪਹਿਲਾਂ ਕਿ ਉਹ ਕੋਈ ਵਾਰਦਾਤ ਕਰੇ, ਉਸ ਦਾ ਸਫ਼ਾਇਆ। ਸਾਰਾ ਵੇਰਵਾ ਮੇਰੇ ਕੋਲ ਆ ਚੁੱਕਾ ਸੀ-ਪਰਿਵਾਰ ਦੀ ਹਿਸਟਰੀ, ਭੂਗੋਲ, ਜਮੀਲ ਦੀ ਤਸਵੀਰ...ਸਭ ਕੁਝ। ਜਮੀਲ ਦੇ ਦੋ ਛੋਟੇ ਭਰਾ ਸਨ। ਮੁਟਿਆਰ ਹੋ ਰਹੀ ਛੋਟੀ ਭੈਣ ਰੁਬੀਨਾ। ਇਕ ਛੋਟਾ ਭਰਾ ਹਮੀਦ। ਦੂਸਰੇ ਦਾ ਨਾਂ ਹਸਨ। ਗੁਜ਼ਾਰੇ ਲਈ ਦੋ ਬੁੱਢੇ ਘੋੜੇ ਸਨ ਜੋ ਨਰਾਇਣ ਨਾਗ ਵਿਚ ਸੈਲਾਨੀਆਂ ਦੀ ਸਵਾਰੀ ਦੇ ਲਈ ਸੀਜ਼ਨ 'ਚ ਨਿਕਲਦੇ ਸਨ ਤੇ ਟੱਬਰ ਨੂੰ ਭੁੱਖਮਰੀ ਤੋਂ ਬਚਾਉਂਦੇ ਸਨ। ਘਰ ਦੇ ਅੱਗੇ ਥੋੜ੍ਹੀ ਜ਼ਮੀਨ ਸੀ ਜਿੱਥੇ ਕੁਝ ਮੁਰਗੇ ਕੁੜ-ਕੁੜ ਕਰਦੇ ਰਹਿੰਦੇ ਸਨ।

ਇੰਡਕਸ਼ਨ (ਕਸ਼ਮੀਰ ਨਿਯੁਕਤੀ ਦੇ ਸਮੇਂ ਦਿੱਤੀ ਜਾਣ ਵਾਲੀ ਮਹੀਨੇ ਭਰ ਦੀ ਮਹੱਤਵਪੂਰਨ ਟ੍ਰੇਨਿੰਗ) ਕੋਰਸ ਦੌਰਾਨ ਸਾਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ ਕਿ ਆਤੰਕਵਾਦੀ ਦੇ ਪਤੇ ਟਿਕਾਣੇ ਦਾ ਪਤਾ ਲਾਉਣ ਲਈ ਉਸ ਦੇ ਪਰਿਵਾਰ ਦੇ 'ਵੀਕ ਲਿੰਕ' ਦਾ ਪਤਾ ਲਾਉਣਾ ਜ਼ਰੂਰੀ ਹੈ। 'ਵੀਕ ਲਿੰਕ' ਯਾਨਿ ਅਤਿਵਾਦੀ ਦੇ ਪਰਿਵਾਰ ਵਿਚੋਂ ਕਿਸੇ ਐਸੇ ਕਮਜ਼ੋਰ ਰਿਸ਼ਤੇਦਾਰ ਨੂੰ ਆਪਣੇ ਨਾਲ ਮਿਲਾ ਕੇ ਉਸ ਤੋਂ ਅਤਿਵਾਦੀ ਦਾ ਭੇਤ ਲੈਣਾ ਤੇ ਉਸ ਨੂੰ ਕਿਸੇ ਵੀ ਲਾਲਚ ਨਾਲ ਖਰੀਦਣਾ ਜਿਹੜਾ ਆਰਥਿਕ ਜਾਂ ਕਾਨੂੰਨੀ ਰੂਪ ਵਿਚ ਕਰਜ਼ੇ ਵਗੈਰਾ ਜਾਂ ਮੁਕੱਦਮੇ ਤੋਂ ਪ੍ਰੇਸ਼ਾਨ ਹੋਵੇ। ਜਮੀਲ ਬਾਰੇ ਸਾਡੇ ਹੱਥ ਕੋਈ ਵੀ ਵੀਕ ਲਿੰਕ ਨਹੀਂ ਸੀ ਲੱਗ ਰਿਹਾ ਜਿਸ ਰਾਹੀਂ



ਅਸੀਂ ਜਮੀਲ ਤਕ ਪਹੁੰਚ ਸਕੀਏ। ਪਿੰਡ ਵਿਚ ਛੱਡੇ ਸਾਡੇ ਮੁਖ਼ਬਰ ਨੇ ਸਾਨੂੰ ਪੱਕੀ ਖ਼ਬਰ ਦਿੱਤੀ ਸੀ ਕਿ ਜਮੀਲ ਦੇ ਅਤਿਵਾਦੀ ਬਣਨ ਤੋਂ ਬਾਅਦ ਉਸ ਦੇ ਘਰ 'ਚ ਥੋੜ੍ਹੀ ਖ਼ੁਸ਼ਹਾਲੀ ਦੀ ਚਮਕ ਆਉਣ ਲੱਗੀ ਹੈ। ਘਰ ਦੀ ਟੁੱਟੀ ਛੱਤ ਫਿਰ ਤੋਂ ਬਣਨ ਲੱਗੀ। ਮੁਖ਼ਬਰ ਦਾ ਅਨੁਮਾਨ ਸੀ ਕਿ ਸ਼ਾਇਦ ਜਾਨਲੇਵਾ ਗਰੀਬੀ ਤੋਂ ਛੁਟਕਾਰਾ ਪਾਉਣ ਲਈ ਹੀ ਜਮੀਲ ਨੇ ਇਹ ਰਾਹ ਫੜਿਆ ਹੈ।

ਜਦੋਂ ਜੀਅ ਕਰਦਾ, ਅਸੀਂ ਉਸ ਪਿੰਡ ਦੀ ਗਸ਼ਤ ਕਰਦੇ। ਉਜੜਿਆ ਅਤੇ ਵੀਰਾਨ ਪਿੰਡ ਸੀ ਜਿਸ 'ਚ ਜ਼ਿਆਦਾਤਰ ਗੱਭਰੂ ਜਾਂ ਤਾਂ ਮਾਰੇ ਜਾ ਚੁੱਕੇ ਸਨ ਜਾਂ ਏ.ਕੇ. 47 ਫੜ ਪਿੰਡੋਂ ਬਾਹਰ ਸਨ। ਬਚੀਆਂ ਰਹਿ ਗਈਆਂ ਸਨ ਵਿਧਵਾਵਾਂ ਜਾਂ ਬੁੱਢੇ।

ਮੈਂ ਕੜਕਦੀ ਆਵਾਜ਼ ਨਾਲ ਜਮੀਲ ਦੇ ਅੱਬੂ ਨੂੰ ਪੁੱਛਦਾ, "ਵਨਸੇ ਕਛੀ ਛੁਈ ਨੇਦੂ" (ਦੱਸ ਤੇਰਾ ਬੇਟਾ ਕਿੱਥੇ ਹੈ)। ਉਹ ਥਰਥਰ ਕੰਬਦਾ। ਸਾਰਾ ਘਰ ਹੀ ਕੰਬਦਾ। ਹਿਚਕੀਆਂ ਲੈਂਦਾ, ਹਟਕੋਰੇ ਭਰਦਾ ਉਹ ਕਹਿੰਦਾ, "ਮੈਂ ਛੁਪ ਪਤਾ" (ਮੈਨੂੰ ਨਹੀਂ ਪਤਾ)।

ਮੈਂ ਬੰਦੂਕ 'ਤੇ ਹੱਥ ਰੱਖ ਸਿੱਧਾ ਉਸ ਦੀਆਂ ਅੱਖਾਂ 'ਚ ਅੱਖਾਂ ਪਾ ਉਸ ਨੂੰ ਘੂਰਨ ਲੱਗਦਾ ਤਾਂ ਪਤਾ ਨਹੀਂ ਉਹ ਕੀ-ਕੀ ਕਹੀ ਜਾਂਦਾ ਜੋ ਮੈਨੂੰ ਸਮਝ ਨਹੀਂ ਸੀ ਆਉਂਦਾ। ਦੋ-ਭਾਸ਼ੀਆ ਮੈਨੂੰ ਹਿੰਦੀ 'ਚ ਦੱਸਦਾ, "ਕਸਮ ਲੈ ਲਓ, ਛੇ ਮਹੀਨੇ ਤੋਂ ਨੰਨ੍ਹੇ ਮੀਆਂ ਦੀ ਸ਼ਕਲ ਵੀ ਨਹੀਂ ਵੇਖੀ।"

"ਤਾਂ ਫਿਰ ਘਰ 'ਚ ਪੈਸੇ ਕਿਥੋਂ ਆਏ? ਦਿਖਾ ਮਨੀਆਰਡਰ ਦੀ ਰਸੀਦ?" ਬੋਲਦਿਆਂ-ਬੋਲਦਿਆਂ ਮੇਰੀ ਆਵਾਜ਼ ਦੇ ਕੋਨੇ ਹੋਰ ਵੀ ਨੁਕੀਲੇ ਹੋ ਜਾਂਦੇ। ਉਸ ਦੇ ਡਰ ਦਾ ਰੰਗ ਹੋਰ ਵੀ ਗੂੜ੍ਹਾ ਹੋ ਜਾਂਦਾ। ਆਪਣੇ ਮਟਮੈਲੇ ਪਰਨੇ ਨਾਲ ਆਪਣੇ ਹੰਝੂ ਪੂੰਝਦਾ ਅਤੇ ਸਾਹਮਣੇ ਦੋ ਟੁੱਟੇ ਦੰਦ ਵਿਖਾਉਂਦਾ ਉਹ ਫਿਰ ਕਹਿੰਦਾ, "ਸਾਹਿਬ ਜੀ, ਪੈਸੇ ਤਾਂ ਬੇਟੇ ਨੇ ਕਿਸੇ ਆਦਮੀ ਰਾਹੀਂ ਭੇਜੇ ਸਨ।" ਬੋਲਦਾ-ਬੋਲਦਾ ਕਿਸੇ ਡਰ ਨਾਲ ਫਿਰ ਕੰਬਣ ਲੱਗ ਜਾਂਦਾ। ਉਸ ਦੇ ਕੰਬਦੇ ਬੁਲ੍ਹ, ਲੜਖੜਾਉਂਦੇ ਪੈਰ, ਝਰਝਰ ਵਗਦੀਆਂ ਅੱਖਾਂ 'ਚੋਂ ਦੁੱਖ ਦੀ ਮਹਾਗਾਥਾ ਫੁੱਟਦੀ। ਉਹ ਮੈਨੂੰ ਇਸ ਸਦੀ ਦਾ ਸਭ ਤੋਂ ਸਰਾਪਿਆ ਬਾਪ ਲੱਗਦਾ।

ਮੇਰੇ ਅੰਦਰੋਂ ਆਵਾਜ਼ ਆਉਂਦੀ-ਦੁਖੀ ਨਾ ਹੋ ਬਾਬਾ, ਉਹ ਆ ਜਾਵੇਗਾ; ਪਰ ਮੈਂ ਕਹਿੰਦਾ, "ਸੱਚ-ਸੱਚ ਦੱਸ, ਤੂੰ ਉਹਨੂੰ ਕਦੋਂ ਮਿਲਿਆ ਸੀ ਤੇ ਕਿੱਥੇ?" ਉਹ ਫਿਰ ਕਲਪਦਾ ਤੇ ਆਪਣੇ ਛੋਟੇ ਪੁੱਤਰ ਦੇ ਸਿਰ 'ਤੇ ਹੱਥ ਰੱਖ ਕੇ ਰੋਂਦਾ ਹੋਇਆ ਕਹਿੰਦਾ, "ਸਾਹਿਬ ਜੀ, ਛੇ ਮਹੀਨੇ ਹੋ ਗਏ ਉਸ ਦੀ ਸ਼ਕਲ ਵੇਖਿਆਂ।"

ਮੈਂ ਜਾਣਦਾ ਸਾਂ, ਜਮੀਲ ਦਾ ਅੱਬਾ ਠੀਕ ਕਹਿ ਰਿਹਾ ਹੈ ਕਿ ਛੇ ਮਹੀਨੇ ਤੋਂ ਉਹਨੇ ਜਮੀਲ ਦੀ ਸ਼ਕਲ ਵੀ ਨਹੀਂ ਵੇਖੀ ਕਿਉਂਕਿ ਅਤਿਵਾਦ ਦੇ ਵੀ ਆਪਣੇ ਸਖ਼ਤ ਅਸੂਲ ਹੁੰਦੇ ਹਨ ਜਿਸ ਦੇ ਤਹਿਤ ਅਤਿਵਾਦੀ ਦਾ ਏਰੀਆ ਅਤੇ ਆਪ੍ਰੇਸ਼ਨ ਉਸ ਦੇ ਘਰ ਤੋਂ ਖਾਸੀ ਦੂਰ ਰੱਖਿਆ ਜਾਂਦਾ ਹੈ ਤਾਂ ਜੋ ਉਸ ਵਿਚ ਕੋਈ ਭਾਵਨਾਤਮਕ ਕਮਜ਼ੋਰੀ ਨਾ ਆ ਜਾਵੇ; ਪਰ ਉਹ ਇਸ ਵੇਲੇ ਕਿੱਥੇ ਹੈ? ਉਸ ਦੀ ਥੋੜ੍ਹੀ ਬਹੁਤ ਖ਼ਬਰ ਤਾਂ ਉਸ ਦੇ ਘਰ ਵਾਲਿਆਂ ਨੂੰ ਜ਼ਰੂਰ ਹੋਵੇਗੀ, ਇਹ ਮੈਂ ਜਾਣਦਾ ਸਾਂ। ਫਿਰ ਵੀ ਉਸ ਦਿਨ ਮੈਂ ਬਹੁਤ ਸ਼ਰਾਫ਼ਤ ਨਾਲ ਪੇਸ਼ ਆਇਆ।

ਫਿਰ ਮੇਰੇ ਦਿਮਾਗ ਦੀ ਲਾਲ ਬੱਤੀ ਜਗ ਪਈ। ਛੇ ਮਹੀਨੇ ਤੋਂ ਜੇ ਜਮੀਲ ਆਪਣੇ ਘਰ ਨਹੀਂ ਆਇਆ ਤਾਂ ਜ਼ਰੂਰ ਉਹ ਆਉਣ ਵਾਲੇ ਦਿਨਾਂ ਵਿਚ ਘਰ ਆਉਣ ਦੀ ਯੋਜਨਾ ਬਣਾ ਰਿਹਾ ਹੋਵੇਗਾ। ਆਦਮੀ ਭਾਵੇਂ ਕਿੰਨਾ ਵੀ ਕਠੋਰ ਕਿਉਂ ਨਾ ਹੋਵੇ, ਪੂਰੀ ਤਰ੍ਹਾਂ ਪੱਥਰ ਤਾਂ ਬਣ ਨਹੀਂ ਸਕਦਾ ਤੇ ਜੇ ਬਣਦਾ ਵੀ ਹੈ ਤਾਂ ਬਣਦੇ-ਬਣਦੇ ਬਣਦਾ ਹੈ, ਪਰ ਜਮੀਲ ਅਜੇ ਸਿਰਫ਼ ਵੀਹ ਸਾਲ ਦਾ ਹੈ। ਕਰੂੰਬਲ ਜਿਹਾ।

ਜਮੀਲ ਦੇ ਅੱਬੂ ਨਾਲ ਮੈਂ ਗੱਲ ਕਰ ਕੇ ਹੁਣ ਉਸ ਦੀ ਅੰਮੀ ਨੂੰ ਮੁਖ਼ਾਤਬ ਹੋਇਆ। ਉਹ ਮਰ ਰਹੇ ਕਬੂਤਰ ਵਾਂਗ ਫੜਫੜਾ ਉਠੀ। ਉਹਦੀਆਂ ਅੱਖਾਂ ਡਰ ਦੇ ਮਾਰੇ ਫਟੀਆਂ ਜਾ ਰਹੀਆਂ ਸਨ। ਇਕ ਵਾਰ ਤਾਂ ਉਹ ਸਮਝ ਹੀ ਨਹੀਂ ਸਕੀ ਕਿ ਮਾਜਰਾ ਕੀ ਹੈ? ਨਾ ਕਿਸੇ ਨਾਲ ਦੁਸ਼ਮਣੀ ਨਾ ਝਗੜਾ। ਨਾ ਜ਼ਮੀਨ ਨਾ ਜਾਇਦਾਦ। ਕਿਸੇ ਨਾਲ 'ਧੱਤ ਤੇਰੇ ਦੀ' ਵੀ ਨਹੀਂ...ਫਿਰ ਉਨ੍ਹਾਂ ਦੇ ਘਰ ਫ਼ੌਜ ਦਾ ਕੀ ਕੰਮ?

ਕੀ ਘਰ ਵਿਚ ਜਵਾਨ ਬੇਟਾ ਹੋਣ ਦਾ ਮਤਲਬ ਹੈ ਫ਼ੌਜ ਦਾ ਆਉਣਾ-ਜਾਣਾ? ਉਸ ਨੇ ਅਕਸਰ ਉਨ੍ਹਾਂ ਘਰਾਂ 'ਚ ਫ਼ੌਜ ਤੇ ਪੁਲਿਸ ਆਉਂਦੀ ਜਾਂਦੀ ਦੇਖੀ ਸੀ ਜਿੱਥੇ ਮੁੰਡੇ ਜਵਾਨ ਸਨ ਤੇ ਜਹਾਦੀ ਹੋ ਗਏ ਸਨ। ਤਾਂ ਫਿਰ ਉਨ੍ਹਾਂ ਦੇ ਘਰ ਵਿਚ ਵੀ ਕੋਈ ਜਹਾਦੀ ਹੈ?

ਜਮੀਲ? ਉਸ ਦਾ ਆਪਾ ਕੰਬ ਗਿਆ। ਤੇ ਜਦ ਉਸ ਦੀ ਅਠਾਰਾਂ ਸਾਲਾ ਦੀ ਧੀ ਰੁਬੀਨਾ ਨੇ ਉਸ ਨੂੰ ਕਸ਼ਮੀਰੀ 'ਚ ਕਿਹਾ, "ਭਾਈ ਜਾਨ ਜਹਾਦੀ ਹੋ ਗਿਆ ਹੈ ਤਾਂ ਉਹ ਇਸ ਤਰ੍ਹਾਂ ਚੀਕੀ ਜਿਵੇਂ ਅਸਮਾਨ ਹਿੱਲ ਗਿਆ ਹੋਵੇ। ਉਸ ਨੂੰ ਯਕੀਨ ਹੀ ਨਹੀਂ ਸੀ ਆ ਰਿਹਾ ਕਿ ਜਿਸ ਨੂੰ ਉਹ ਕੱਲ੍ਹ ਤੱਕ ਉਂਗਲੀ ਫੜ ਕੇ ਸਕੂਲ ਛੱਡ ਕੇ ਆਉਂਦੀ ਸੀ, ਉਸ ਨੇ ਪਤਾ ਨਹੀਂ ਕਦੋਂ ਗੰਨ ਚੁੱਕ ਲਈ ਤੇ ਬਣ ਗਿਆ ਜਹਾਦੀ।

ਇਸ ਤੋਂ ਬਾਅਦ ਤਸ਼ੱਦਦ ਦੀ ਅੰਨ੍ਹੀ ਸੁਰੰਗ ਵਿਚ ਡਿੱਗੇ ਇਸ ਪਰਿਵਾਰ ਦਾ ਜਿਊਣਾ ਮੌਤ ਤੋਂ ਵੀ ਬਦਤਰ ਹੋ ਗਿਆ। ਖ਼ੁਸ਼ੀਆਂ ਤਾਂ ਉਸ ਘਰ ਵਿਚ ਸ਼ਾਇਦ ਹੀ ਕਦੀ ਉਤਰੀਆਂ ਹੋਣ ਪਰ ਥੋੜ੍ਹਾ ਬਹੁਤ ਜੋ ਅਮਨ ਚੈਨ ਸੀ, ਉਹ ਵੀ ਖੰਭ ਲਾ ਕੇ ਉੱਡ ਗਿਆ ਅਤੇ ਹੁਣ ਇੱਥੇ ਸੀ ਤਾਂ ਠੰਢਾ ਸੀਤ ਅੰਤਹੀਣ ਹਨ੍ਹੇਰਾ ਜਿਸ ਵਿਚ ਜ਼ਿੰਦਗੀ ਤੋਂ ਡਰੇ ਪੰਜ ਜੀਵ ਦੜੇ ਬੈਠੇ ਸਨ। ਹੁਣ ਹਰ ਗੇੜੇ ਅਸੀਂ ਉਸ ਘਰ ਜਾ ਵੜਦੇ, ਉਨ੍ਹਾਂ ਨੂੰ ਡਰਾਉਂਦੇ-ਧਮਕਾਉਂਦੇ, ਉਸ ਦੇ ਛੋਟੇ ਭਰਾਵਾਂ ਨੂੰ ਆਪਣੇ ਫੌਲਾਦੀ ਹੱਥਾਂ ਨਾਲ ਥੱਪੜ ਮਾਰਦੇ ਤੇ ਪੁੱਛਦੇ, "ਵਨਸੇ ਕੈਟਿ ਛੁਈ" (ਦਸ ਜਮੀਲ ਕਿੱਥੇ ਹੈ?) ਉਸ ਦੇ ਦੋਵੇਂ ਭਰਾ ਥੱਪੜ ਖਾ ਜ਼ਮੀਨ 'ਤੇ ਡਿੱਗ ਪੈਂਦੇ, ਚੀਕਦੇ ਪਰ ਮੂੰਹ ਨਾ ਖੋਲ੍ਹਦੇ।

ਉਸ ਦੀ ਅੰਮੀ ਕੱਫ਼ਣ ਵਾਂਗ ਪਾਏ ਆਪਣੇ ਪਾਟੇ ਬੁਰਕੇ 'ਚੋਂ ਥੋੜ੍ਹੀ ਦੇਰ ਲਈ ਬਾਹਰ ਨਿਕਲਦੀ, ਛਾਤੀ ਪਿੱਟਦੀ, ਬੱਚਿਆਂ ਨੂੰ ਖਿੱਚਦੀ ਫਿਰ ਉਸੇ ਕੱਫ਼ਣ 'ਚ ਪਰਤ ਜਾਂਦੀ।

ਇੱਥੋਂ ਤੱਕ ਤਾਂ ਫਿਰ ਵੀ ਗਨੀਮਤ ਸੀ ਕਿਉਂਕਿ ਅਸੀਂ ਆਰਮੀ ਵਾਲੇ ਸਾਂ। ਕਲਫ਼ ਲੱਗੀ ਆਕੜੀ ਚਮਚਮ ਕਰਦੀ ਵਰਦੀ ਵਾਲੇ, ਸ਼ਰੀਫ ਸਾਂ। ਅਸੀਂ ਮਾਰਦੇ ਵੀ ਤਾਂ ਸਲੀਕੇ ਨਾਲ, ਸ਼ਰਾਫ਼ਤ ਨਾਲ ਸਾਂ ਪਰ ਬਹੁਤ ਛੇਤੀ ਹੀ ਇਸ ਕੇਸ ਵਿਚ ਪੁਲਿਸ ਵੀ ਆ ਗਈ ਅਤੇ ਹੁਣ ਇਹ ਸਾਡਾ ਤੇ ਪੁਲਿਸ ਦਾ 'ਜੁਆਇੰਟ ਵੈਂਚਰ' (ਸਾਂਝਾ ਸ਼ਿਕਾਰ) ਸੀ। ਵੈਸੇ ਵੀ ਅਸੀਂ ਪੁਲਿਸ ਨੂੰ ਨਾਲ ਲੈ ਕੇ ਤੁਰਦੇ ਸਾਂ ਤਾਂ ਜੋ ਸਾਡੀ ਕਿਸੇ ਕਾਰਵਾਈ ਤੇ ਪੁਲਿਸ ਐਕਸ਼ਨ ਨਾ ਲੈ ਸਕੇ ਤੇ ਸਾਨੂੰ ਕੋਰਟ 'ਚ ਨਾ ਘੜੀਸ ਸਕੇ।

ਪੁਲਿਸ ਦੇ ਆਪਣੇ ਤੌਰ-ਤਰੀਕੇ, ਆਪਣੀ ਭਾਸ਼ਾ ਅਤੇ ਆਪਣਾ ਵਰਤਾਰਾ ਹੈ। ਪੁਲਿਸ ਨੇ ਬਹੁਤ ਜਲਦੀ ਉਸ ਪਰਿਵਾਰ ਦੀ 'ਕਮਜੋਰ ਕੜੀ' ਲੱਭ ਲਈ। ਰੁਬੀਨਾ ਦੀ ਜਵਾਨੀ ਅਤੇ ਜਵਾਨੀ ਵੱਲ ਵੱਧਦੇ ਜਮੀਲ ਦੇ ਛੋਟੇ ਭਰਾ ਦਾ ਕੱਚਾ ਮਨ।

ਪੁਲਿਸ ਨੇ ਆਪਣੇ ਟਾਰਚਰ, ਹਿੰਸਾ, ਖ਼ੌਫ ਅਤੇ ਜ਼ਿੱਲਤ ਦਾ ਐਸਾ ਸਿਲਸਿਲਾ ਸ਼ੁਰੂ ਕੀਤਾ ਕਿ ਘਰ ਦੀ ਹਰ ਇੱਟ ਤ੍ਰਾਹ-ਤ੍ਰਾਹ ਕਰ ਉਠੀ। ਉਹ ਹਰ ਹਫ਼ਤੇ ਹਮੀਦ ਨੂੰ ਥਾਣੇ ਬੁਲਾਉਂਦੇ ਤੇ ਉਸ ਨੂੰ ਮਾਰ-ਮਾਰ ਕੇ ਨੀਲਾ ਕਰ ਦਿੰਦੇ। ਉਸ ਦੇ ਪਿੰਡੇ 'ਤੇ ਨੀਲ ਦੇ ਨਿਸ਼ਾਨ ਨਾ ਉਭਰਨ, ਇਸ ਲਈ ਪੁਲਿਸ ਉਸ ਨੂੰ ਗਿੱਲੇ ਕੰਬਲ 'ਚ ਲਪੇਟ ਕੇ ਕੁੱਟਦੀ ਜਿਸ ਵਿਚ ਕਿਸੇ ਵੀ ਸੂਰਤ ਵਿਚ ਮਨੁੱਖੀ ਅਧਿਕਾਰ ਕਮਿਸ਼ਨ ਦਖਲ ਨਾ ਦੇ ਸਕੇ। ਵੈਸੇ ਵੀ ਉਹ ਬੇਹੱਦ ਗਰੀਬ ਪਰਿਵਾਰ ਸੀ, ਵਿਰੋਧ ਅਤੇ ਸਮਰੱਥਾ ਤੋਂ ਕੋਹਾਂ ਦੂਰ। ਜਦ ਹਮੀਦ ਮਾਰ ਖਾਂਦਾ ਰਹਿੰਦਾ ਪਰ ਮੂੰਹ ਨਾ ਖੋਲ੍ਹਦਾ ਤਾਂ ਪੁਲਿਸ ਦਾ ਕਹਿਰ ਹੋਰ ਵਧ ਜਾਂਦਾ। ਉਹ ਉਹਦੇ ਘਰ ਆ ਧਮਕਦੀ ਤੇ ਉਥੇ ਅੱਡਾ ਜਮਾ ਬਹਿੰਦੀ। ਸਿਗਰਟ ਦੇ ਛੱਲੇ ਉਡਾਉਂਦੀ, ਉਨ੍ਹਾਂ ਦੀ ਜਵਾਨ ਭੈਣ ਰੁਬੀਨਾ ਨੂੰ ਘੂਰਦੀ, ਗੰਦੇ ਮਜ਼ਾਕ ਕਰਦੀ, ਭੱਦੇ ਇਸ਼ਾਰੇ ਕਰਦੀ। ਉਹਦੇ ਸਾਹਮਣੇ ਮਾਂਵਾਂ-ਭੈਣਾਂ ਦੀਆਂ ਗੰਦੀਆਂ ਗਾਲਾਂ ਕੱਢਦੀ ਕਿ ਉਹਦੇ ਅੱਬਾ ਰੋਣ ਲੱਗ ਪੈਂਦੇ, ਵਾਲ ਪੁੱਟਦੇ ਤੇ ਸਿਰ ਪਿੱਟਦੇ। ਪੁਲਿਸ ਦੇ ਜਵਾਨ ਉਸ ਦੀ ਮਾਂ ਨੂੰ ਸਮਝਾਉਂਦੇ ਕਿ ਜੇ ਉਹ ਆਪਣੇ ਟੱਬਰ, ਆਪਣੀ ਧੀ ਤੇ ਬਾਕੀ ਜੀਆਂ ਦੀ ਖ਼ੈਰ ਚਾਹੁੰਦੀ ਹੈ ਤਾਂ ਦੱਸ ਦੇਵੇ ਕਿ ਜਮੀਲ ਕਿੱਥੇ ਹੈ ਜਾਂ ਕਦੋਂ ਆਉਣ ਵਾਲਾ ਹੈ? ਜਮੀਲ ਦੀ ਮਾਂ ਮਿੱਟੀ ਹੋਈ ਘਰ ਦੀ ਨੁੱਕਰ 'ਚ ਪਈ ਰਹਿੰਦੀ ਅਤੇ ਪਥਰਾਈਆਂ ਅੱਖਾਂ ਨਾਲ ਵੇਖਦੀ ਰਹਿੰਦੀ।

> ***ਪੁਲਿਸ ਨੇ ਆਪਣੇ ਟਾਰਚਰ, ਹਿੰਸਾ, ਖ਼ੌਫ ਅਤੇ ਜ਼ਿੱਲਤ ਦਾ ਐਸਾ ਸਿਲਸਿਲਾ ਸ਼ੁਰੂ ਕੀਤਾ ਕਿ ਘਰ ਦੀ ਹਰ ਇੱਟ ਤ੍ਰਾਹ-ਤ੍ਰਾਹ ਕਰ ਉਠੀ। ਉਹ ਹਰ ਹਫ਼ਤੇ ਹਮੀਦ ਨੂੰ ਥਾਣੇ ਬੁਲਾਉਂਦੇ ਤੇ ਉਸ ਨੂੰ ਮਾਰ-ਮਾਰ ਕੇ ਨੀਲਾ ਕਰ ਦਿੰਦੇ। ਉਸ ਦੇ ਪਿੰਡੇ 'ਤੇ ਨੀਲ ਦੇ ਨਿਸ਼ਾਨ ਨਾ ਉਭਰਨ, ਇਸ ਲਈ ਪੁਲਿਸ ਉਸ ਨੂੰ ਗਿੱਲੇ ਕੰਬਲ 'ਚ ਲਪੇਟ ਕੇ ਕੁੱਟਦੀ ਜਿਸ ਵਿਚ ਕਿਸੇ ਵੀ ਸੂਰਤ ਵਿਚ ਮਨੁੱਖੀ ਅਧਿਕਾਰ ਕਮਿਸ਼ਨ ਦਖਲ ਨਾ ਦੇ ਸਕੇ। ਵੈਸੇ ਵੀ ਉਹ ਬੇਹੱਦ ਗਰੀਬ ਪਰਿਵਾਰ ਸੀ, ਵਿਰੋਧ ਅਤੇ ਸਮਰੱਥਾ ਤੋਂ ਕੋਹਾਂ ਦੂਰ। ਜਦ ਹਮੀਦ ਮਾਰ ਖਾਂਦਾ ਰਹਿੰਦਾ ਪਰ ਮੂੰਹ ਨਾ ਖੋਲ੍ਹਦਾ ਤਾਂ ਪੁਲਿਸ ਦਾ ਕਹਿਰ ਹੋਰ ਵਧ ਜਾਂਦਾ।***



ਇਹ ਸਿਲਸਿਲਾ ਚੱਲਦਾ ਰਿਹਾ। ਪਰਿਵਾਰ ਸੁਫਨੇ ਵਿਹੂਣਾ ਤੇ ਭਵਿੱਖਹੀਣ ਹੋ ਗਿਆ। ਤਸ਼ੱਦਦ ਤੇ ਪੀੜ ਦਾ ਹਨ੍ਹੇਰਾ ਮੱਸਿਆ ਦੀ ਰਾਤ ਵਾਂਗ ਵਧਦਾ ਗਿਆ। ਹਰ ਨਵੇਂ ਦਿਨ ਨਾਲ ਹੋਰ ਡੂੰਘਾ ਹੁੰਦਾ ਗਿਆ। ਅਚਾਨਕ ਇਨ੍ਹੀਂ ਦਿਨੀਂ ਅਤਿਵਾਦੀ ਵਾਰਦਾਤਾਂ 'ਚ ਵਾਧਾ ਹੋ ਗਿਆ। ਰਾਜੌਰੀ ਦੇ ਮੁਕਾਬਲੇ ਵਿਚ ਸਾਡੇ ਦੋ ਮੇਜਰ ਸ਼ਹੀਦ ਹੋ ਗਏ। ਇਸ ਘਟਨਾ ਨਾਲ ਸਾਡੇ 'ਤੇ ਦਬਾਅ ਵਧ ਰਿਹਾ ਸੀ। ਸਾਡਾ ਗੁੱਸਾ ਵਧ ਰਿਹਾ ਸੀ। ਉਸ ਪਰਿਵਾਰ ਦੀ ਚੁੱਪ ਨੇ ਸਾਡੇ ਅੰਦਰ ਲੁਕਿਆ ਬੈਠਾ ਪਸ਼ੂ ਹਿੰਸਕ ਬਣਾ ਦਿੱਤਾ ਤੇ ਸਾਡਾ ਟਾਰਚਰ ਐਨਾ ਵਧਿਆ ਕਿ ਪਰਿਵਾਰ ਮੁਰਦਾ ਹੋ ਗਿਆ। ਜੀਵਨ ਦੇ ਚਿੰਨ੍ਹ ਦਿਨ ਪ੍ਰਤੀ ਦਿਨ ਮਿਟਦੇ ਗਏ।

ਜੇਹਲਮ ਵਾਂਗ ਅਠਖੇਲੀਆਂ ਕਰਦੀ ਰੁਬੀਨਾ ਸੁੱਕਦੀ ਜਾ ਰਹੀ ਸੀ। ਉਸ ਦੇ ਚਿਹਰੇ 'ਤੇ ਬਦਸੂਰਤ ਲਕੀਰਾਂ ਪੈਣ ਲੱਗੀਆਂ। ਹਮੀਦ ਦੀ ਪੜ੍ਹਾਈ ਛੁੱਟ ਗਈ। ਉਹ ਵੀ ਗੁੰਮਸੁੰਮ ਹੋ ਰਿਹਾ ਸੀ। ਦੋਵੇਂ ਬੁੱਢੇ ਘੋੜੇ ਸੈਲਾਨੀਆਂ ਨੂੰ ਘੁੰਮਾਉਣ ਦੀ ਬਜਾਏ ਬਾਹਰ ਬੰਨ੍ਹੇ ਮਿਲਦੇ ਸਨ। ਅੱਬੂ ਘਰ ਦੀ ਕਿਸੇ ਨੁੱਕਰੇ ਕੰਬਲ ਲਈ ਆਪਣੇ-ਆਪ ਨਾਲ ਗੱਲਾਂ ਕਰਦਾ ਰਹਿੰਦਾ। ਮੈਂ ਜਦ ਵੀ ਉਨ੍ਹਾਂ ਦੇ ਘਰ ਵੜਦਾ, ਮੈਨੂੰ ਮਰੀ ਹੋਈ ਸਭਿਅਤਾ ਦੀ ਬਦਬੂ ਆਉਂਦੀ। ਮੇਰਾ ਦਮ ਘੁਟਦਾ ਕਿਉਂਕਿ ਉਥੇ ਹਵਾ ਰੁਕੀ ਹੋਈ ਸੀ ਅਤੇ ਜ਼ਿੰਦਗੀ ਨੁੱਕਰ 'ਚ ਮੂੰਹ ਲੁਕਾਈ ਸੁਬਕ ਰਹੀ ਸੀ।

ਇਕ ਵਾਰ ਤਾਂ ਅਖ਼ੀਰ ਹੀ ਹੋ ਗਈ। ਜਿਉਂ ਹੀ ਅਸੀਂ ਪੁਲਿਸ ਨਾਲ ਉਨ੍ਹਾਂ ਦੇ ਘਰ ਵੜੇ, ਸਾਨੂੰ ਵੇਖਦਿਆਂ ਹੀ ਹਮੀਦ ਦਾ ਪਿਸ਼ਾਬ ਨਿਕਲ ਗਿਆ। ਮੈਨੂੰ ਲੱਗਾ, ਇਹ ਉਸ ਦਾ ਪਿਸ਼ਾਬ ਨਹੀਂ ਨਿਕਲਿਆ ਸਗੋਂ ਆਦਮੀ ਹੋਣ ਦੀ ਜੋ ਸ਼ੁਰੂਆਤ ਮੈਂ ਕਦੀ ਕੀਤੀ ਸੀ, ਉਸ ਦੀ ਡੋਰ ਪੂਰੀ ਤਰ੍ਹਾਂ ਮੇਰੇ ਹੱਥੋਂ ਨਿਕਲ ਚੁੱਕੀ ਹੈ। ਉਸੇ ਸ਼ਾਮ ਮੈਂ ਆਪਣੇ ਕਮਾਂਡਿੰਗ ਅਫ਼ਸਰ ਨੂੰ ਮਮਿਆਉਂਦੇ ਹੋਏ ਕਿਹਾ, "ਸਰ, ਮੈਨੂੰ ਲੱਗਦਾ ਹੈ ਕਿ ਅਸੀਂ ਉਸ ਪਰਿਵਾਰ 'ਤੇ ਕੁਝ ਜ਼ਿਆਦਾ ਹੀ ਜ਼ੁਲਮ ਢਾਹ ਰਹੇ ਹਾਂ।"

ਕਮਾਂਡਿੰਗ ਅਫ਼ਸਰ ਕਰਨਲ ਅਭਿਸ਼ੇਕ ਪਾਂਡੇ ਨੇ ਗੁੱਸੇ 'ਚ ਬੋਲਦਿਆਂ ਕਿਹਾ, "ਭੁੱਲ ਗਿਆਂ ਉਨ੍ਹਾਂ ਦਰਿੰਦਿਆਂ ਨੇ ਕਿਵੇਂ ਮਾਰਿਆ ਸੀ ਕੈਪਟਨ ਅਨੁਜ ਨੂੰ? ਕਿਵੇਂ ਕੱਢੀਆਂ ਸਨ ਉਹਦੀਆਂ ਅੱਖਾਂ, ਤੇ ਕਿਵੇਂ ਸਲਾਦ ਵਾਂਗ ਕੱਟਿਆ ਸੀ, ਉਸ ਦਾ ਅੰਗ-ਅੰਗ? ਯਾਦ ਰੱਖ, ਸਾਨੂੰ ਇੱਥੇ ਸਭਿਅਤਾ ਅਤੇ ਉਚ ਕੋਟੀ ਦੇ ਸਮਾਜ ਨਿਰਮਾਣ ਲਈ ਨਹੀਂ ਸਗੋਂ ਅਤਿਵਾਦ ਦਾ ਸਫ਼ਾਇਆ ਕਰਨ ਲਈ ਭੇਜਿਆ ਗਿਆ ਹੈ। ਅਸੀਂ ਜੇ ਇਕ ਅਤਿਵਾਦੀ ਨੂੰ ਬਖ਼ਸ਼ ਦਿੰਦੇ ਹਾਂ ਤਾਂ ਉਹ ਸਾਨੂੰ ਮਾਰ ਮੁਕਾਏਗਾ ਅਤੇ ਭਵਿੱਖ ਵਿਚ ਵੀ ਪਤਾ ਨਹੀਂ ਕਿੰਨੀਆਂ ਹਿੰਸਕ ਵਾਰਦਾਤਾਂ ਨੂੰ ਅੰਜ਼ਾਮ ਦੇਵੇਗਾ। ਇਸ ਲਈ ਸੋਚੋ ਨਾ ਅਤੇ ਜੇ ਸੋਚਣਾ ਹੀ ਹੈ ਤਾਂ ਇਹ ਸੋਚੋ ਕਿ ਸਾਡਾ ਕੰਮ ਦੇਸ਼ ਨੂੰ ਉਜਲ ਭਵਿੱਖ ਦੇਣਾ ਹੈ।

"ਪਰ ਸਰ, ਅਸੀਂ ਕਿਸੇ ਦੀ ਸਜ਼ਾ ਕਿਸੇ ਹੋਰ ਨੂੰ ਦੇ ਰਹੇ ਹਾਂ।" ਨਾ ਚਾਹੁੰਦੇ ਹੋਏ ਵੀ ਮੇਰੇ ਮੂੰਹੋਂ ਨਿਕਲ ਗਿਆ, ਜਦੋਂਕਿ ਆਰ.ਆਰ. ਪੋਸਟਿੰਗ 'ਚ ਇਸ ਤਰ੍ਹਾਂ ਦਾ ਤਰਕ ਕਰਨਾ ਵੀ ਅਨੁਸ਼ਾਸਨ ਦੇ ਖ਼ਿਲਾਫ਼ ਸੀ। ਸ਼ਾਇਦ ਉਨ੍ਹਾਂ ਮੇਰੇ ਅੰਦਰ ਹੋਣ ਵਾਲਾ ਖ਼ੂਨ-ਖ਼ਰਾਬਾ ਵੇਖ ਲਿਆ ਸੀ। ਇਸ ਲਈ ਮੈਨੂੰ ਸਮਝਾਉਂਦੇ ਹੋਏ ਉਨ੍ਹਾਂ ਨੇ ਫਿਰ ਕਿਹਾ, "ਵੇਖੋ, ਅਸੀਂ ਉਸ ਪਿੰਡ ਵਿਚ ਮਿਸਾਲ ਕਾਇਮ ਕਰਨੀ ਚਾਹੁੰਦੇ ਹਾਂ। ਉਸ ਧਰਤੀ 'ਤੇ ਐਨਾ ਡਰ ਬੀਜ ਦੇਵੋ ਕਿ ਆਉਣ ਵਾਲੇ ਵਰ੍ਹਿਆਂ 'ਚ ਉਥੇ ਇਨਸਾਨ ਤਾਂ ਕੀ, ਪਰਿੰਦਾ ਵੀ ਅਤਿਵਾਦੀ ਬਣਨ ਦੀ ਨਾ ਸੋਚੇ। ਮੇਰੀ ਗੱਲ ਯਾਦ ਰੱਖੀਂ, ਤਦ ਹੀ ਤੂੰ ਕਾਮਯਾਬ ਫੌਜੀ ਅਫ਼ਸਰ ਬਣ ਸਕੇਂਗਾ ਅਤੇ ਉਹ ਗੱਲ ਇਹ ਹੈ ਕਿ ਯੁੱਧ ਅਤੇ ਬੁੱਧ ਨਾਲ ਨਾਲ ਨਹੀਂ ਤੁਰ ਸਕਦੇ।"

'ਯੁੱਧ ਅਤੇ ਬੁੱਧ ਨਾਲ ਨਾਲ ਨਹੀਂ ਤੁਰ ਸਕਦੇ।' ਇਹ ਉਨ੍ਹਾਂ ਦਿਨਾਂ ਦਾ ਮੇਰਾ ਮੂਲ-ਮੰਤਰ ਸੀ ਜਿਸ ਦਾ ਜਾਪ ਕਰਕੇ ਮੈਂ ਉਨ੍ਹੀਂ ਦਿਨੀਂ ਆਪਣੀ ਜ਼ਖ਼ਮੀ ਆਤਮਾ ਅਤੇ ਲਹੂ-ਲੁਹਾਣ ਵਿਸ਼ਵ ਚੇਤਨਾ ਦੀ ਮਲ੍ਹਮਪੱਟੀ ਕਰਦਾ ਹੁੰਦਾ ਸੀ। ਮੈਂ ਅਤੇ ਮੇਜਰ ਰਾਣਾ ਇਕ ਵੀ ਮਿਲੀਟੈਂਟ ਢੇਰ ਨਹੀਂ ਸੀ ਕਰ ਸਕੇ। ਇਕ ਵੀ ਅਪਰੇਸ਼ਨ ਨੂੰ ਸਫ਼ਲਤਾ ਨਾਲ ਅੰਜ਼ਾਮ ਨਹੀਂ ਸੀ ਦੇ ਸਕੇ ਜਦਕਿ ਮੇਰੇ ਹੀ ਕੁਲੀਗ ਮੇਜਰ ਵਿਕਰਮ ਧਾਲੀਵਾਲ ਨੂੰ ਚੌਦਾਂ ਅਤਿਵਾਦੀ ਇਕੱਲਿਆਂ ਮਾਰ ਮੁਕਾਉਣ ਬਦਲੇ ਸ਼ੌਰਯ ਚੱਕਰ ਮਿਲ ਚੁੱਕਾ ਸੀ।

ਬਹਰਹਾਲ, ਰੋਜ਼ ਰੋਜ਼ ਮੇਰੇ ਉਤੇ ਵੀ ਯੂਨਿਟ ਦਾ ਦਬਾਅ ਵਧ ਰਿਹਾ ਸੀ। ਹਿੰਦੋਸਤਾਨ ਦੀ ਸੁਰੱਖਿਆ ਮੇਰਾ ਪਹਿਲਾ ਫ਼ਰਜ਼ ਸੀ ਅਤੇ ਅਨੰਤਨਾਗ ਵਰਗੇ ਸੰਵੇਦਨਸ਼ੀਲ ਇਲਾਕੇ ਮੈਨੂੰ ਪਲ ਭਰ ਲਈ ਵੀ ਭੁੱਲਣ ਨਹੀਂ ਸਨ ਦਿੰਦੇ ਕਿ ਮੈਂ ਸਭ ਤੋਂ ਪਹਿਲਾਂ ਚੰਗਾ ਇਨਸਾਨ ਨਹੀਂ, ਹਿੰਦੋਸਤਾਨੀ ਹਾਂ। ਮੇਰਾ ਨਾ ਕੋਈ ਆਪਣਾ ਵਜੂਦ ਹੈ ਨਾ ਆਤਮਾ। ਮੈਂ ਸਮੂਹਕ ਹੋਣੀ ਅਤੇ ਭਵਿੱਖ ਨਾਲ ਬੱਝਾ ਹਾਂ ਜਿੱਥੇ ਸੁਤੰਤਰ ਬੰਦੇ ਅਤੇ ਬੰਦੇ ਦੇ ਮਨ ਲਈ ਕੋਈ ਥਾਂ ਨਹੀਂ ਹੈ। ਮੈਨੂੰ ਹਰ ਵੇਲੇ ਲੱਗਦਾ ਕਿ ਮੈਂ ਗਲਤ ਜਗ੍ਹਾ ਆ ਗਿਆ ਹਾਂ। ਇਹ ਦੁਨੀਆਂ ਮੇਰੀ ਨਹੀਂ ਹੈ, ਪਰ ਜਿਹੜੇ ਸਹੁੰ ਪੱਤਰ 'ਤੇ 20 ਸਾਲ ਦੀ ਉਮਰ ਵਿਚ ਜੀਵਨ ਦੇ ਸੀਮਤ ਅਨੁਭਵ ਦੇ ਆਧਾਰ 'ਤੇ ਦਸਤਖ਼ਤ ਕਰ ਚੁੱਕਾ ਸਾਂ, ਉਸ ਅਨੁਸਾਰ ਵੀਹ ਵਰ੍ਹਿਆਂ ਦੀ ਸੇਵਾ ਤੋਂ ਪਹਿਲਾਂ ਮੈਂ ਇੱਥੋਂ ਨਿਕਲ ਵੀ ਨਹੀਂ ਸਾਂ ਸਕਦਾ।

ਇਸ ਵੇਲੇ ਮੇਰਾ ਫੌਰੀ ਕੰਮ ਸੀ ਜਮੀਲ ਦਾ ਸਫ਼ਾਇਆ। ਇਸ ਕਰਕੇ ਉਸ ਪਰਿਵਾਰ 'ਤੇ ਸਾਡਾ ਸ਼ਿਕੰਜਾ ਕੱਸਦਾ ਜਾ ਰਿਹਾ ਸੀ। ਜ਼ਿਆਦਤੀਆਂ, ਮਾਰਕੁੱਟ, ਬਦਸਲੂਕੀਆਂ, ਤਸੀਹੇ ਵਧਦੇ ਗਏ। ਇਹ ਸਭ ਸਾਡੀ ਰਣਨੀਤੀ ਦੇ ਤਹਿਤ ਅਦ੍ਰਿਸ਼ ਗੋਲਾਬਾਰੀ ਸੀ ਜੋ ਹਰ ਦਿਨ ਜਮੀਲ ਦੇ ਘਰ ਵਾਲਿਆਂ ਦਾ ਹੌਸਲਾ ਭੋਰਾ ਭੋਰਾ ਕਰਕੇ ਤੋੜ ਰਹੀ ਸੀ। ਉਹ ਘਰ ਦੀ ਹਰ ਇੱਟ 'ਤੇ ਇਕ ਹੀ ਇਬਾਰਤ ਸਾਫ਼-ਸਾਫ਼ ਲਿਖ ਰਹੀ ਸੀ ਕਿ ਉਸ ਪਰਿਵਾਰ ਕੋਲ ਹੁਣ ਇਕ ਹੀ ਰਾਹ ਬਚਿਆ ਹੈ, ਜਮੀਲ ਦੀ ਮੌਤ ਜਾਂ ਸਾਰੇ ਪਰਿਵਾਰ ਦੀ ਤਬਾਹੀ।

ਯਖ ਕਰੂਰਤਾ ਅਤੇ ਅਸਭਿਆ ਨਿਮਰਤਾ ਨਾਲ ਮੈਂ ਇਕ ਦਿਨ ਜਮੀਲ ਦੀ ਅੰਮਾ ਨੂੰ ਧੂੜ ਭਰੀ ਦੁਪਹਿਰੇ ਸਮਝਾਇਆ ਸੀ, "ਵੇਖ! ਜਮੀਲ ਨੇ ਤਾਂ ਦੇਰ ਸਵੇਰ ਇਕ ਦਿਨ ਮਰਨਾ ਹੀ ਹੈ ਪਰ ਤੂੰ ਚਾਹੇਂ ਤਾਂ ਬਾਕੀ ਤਿੰਨ ਬੱਚਿਆਂ ਦੀ ਤਬਾਹੀ ਬਚਾ ਸਕਦੀ ਏਂ। ਹਮੀਦ ਲਗਭਗ ਪਾਗ਼ਲ ਹੋ ਚੁੱਕਾ ਹੈ। ਹਸਨ (ਜਮੀਲ ਦਾ ਛੋਟਾ ਭਰਾ) ਦੀ ਛਾਤੀ ਦੀਆਂ ਹੱਡੀਆਂ ਨਿਕਲ ਆਈਆਂ ਹਨ ਅਤੇ ਰੁਬੀਨਾ ਨੂੰ ਵੇਖ ਕੇ ਤਾਂ ਲੱਗਦਾ ਹੈ ਜਿਵੇਂ ਵਰ੍ਹਿਆਂ ਤੋਂ ਬਿਮਾਰ ਹੋਵੇ। ਕਿਤੇ ਇੰਜ ਨਾ ਹੋਵੇ ਕਿ ਜਮੀਲ ਵੀ ਨਾ ਬਚੇ ਤੇ ਬਾਕੀ ਬੱਚੇ ਵੀ ਜਿਉਣ ਦੇ ਕਾਬਲ ਨਾ ਰਹਿਣ।"

"ਨਾ...ਖ਼ੁਦਾ ਰਹਿਮ ਕਰੇ।" ਉਹਨੇ ਆਪਣੇ ਕੰਨ ਹੱਥਾਂ ਨਾਲ ਢੱਕ ਲਏ ਤੇ ਕਮਜ਼ੋਰ ਜੜ੍ਹਾਂ ਵਾਲੇ ਬੂਟੇ ਵਾਂਗ ਕੰਬਣ ਲੱਗੀ। ਜੇ ਰੁਬੀਨਾ ਉਹਨੂੰ ਆਸਰਾ ਨਾ ਦਿੰਦੀ ਤਾਂ ਉਹ ਡਿੱਗ ਹੀ ਪੈਂਦੀ। ਮੇਰਾ ਨਿਸ਼ਾਨਾ ਟਿਕਾਣੇ 'ਤੇ ਲੱਗਾ ਸੀ। ਪਰਿਵਾਰ ਹਰ ਪਲ ਟੁੱਟ ਰਿਹਾ ਸੀ। ਬੁੱਢੇ ਹਰ ਪਲ ਢਹਿ ਰਹੇ ਸਨ। ਮਾਨਵੀ ਹਲਚਲ ਹਰ ਪਲ ਕਮਜ਼ੋਰ ਹੋ ਰਹੀ ਸੀ। ਬੱਚੇ ਤੇਜ਼ੀ ਨਾਲ ਜ਼ਿੰਦਗੀ ਤੋਂ ਡਰੇ ਚੂਹੇ 'ਚ ਤਬਦੀਲ ਹੋ ਰਹੇ ਸਨ। ਜਮੀਲ ਦੀ ਮਾਂ ਟੁੱਟ ਕੇ ਟੁਕੜੇ-ਟੁਕੜੇ ਹੋ ਰਹੀ ਸੀ। ਇਕ ਟੁਕੜਾ ਜਮੀਲ ਬਾਰੇ ਸੋਚਦਾ ਤਾਂ ਦੂਜਾ ਬਚੇ ਹੋਏ ਪਰਿਵਾਰ ਲਈ।

...ਤੇ ਇਕ ਦੁਪਹਿਰ ਕਮਾਲ ਹੀ ਹੋ ਗਈ। ਸਾਲ ਬੀਤਦੇ ਬੀਤਦੇ ਸਰੋਵਰ ਦਾ ਸਾਰਾ ਪਾਣੀ ਸੁੱਕ ਗਿਆ। ਹਵਾਵਾਂ ਰੁਕ ਗਈਆਂ। ਸਾਰੇ ਅਹਿਸਾਸ ਮਰ ਗਏ। ਜ਼ਿੱਲਤ, ਡਰ, ਤਸੀਹਿਆਂ ਦੀ ਨੋਕ 'ਤੇ ਟੰਗਿਆ ਉਹ ਪਰਿਵਾਰ ਪੂਰੀ ਤਰ੍ਹਾਂ ਢਹਿ ਗਿਆ। ਸ਼ਾਇਦ ਧਰਤੀ ਵੀ ਆਪਣੇ ਧੁਰੇ 'ਤੇ ਘੁੰਮਦੀ ਹੋਈ ਕੁਝ ਪਲਾਂ ਲਈ ਅਚੰਭੇ 'ਚ ਠਹਿਰੀ ਹੋਵੇਗੀ; ਸ਼ਾਇਦ ਘੁਮਿਆਰ ਦਾ ਚੱਕ ਵੀ ਉਸ ਪਲ ਘੁੰਮਦਾ-ਘੁੰਮਦਾ ਰੁਕ ਗਿਆ ਹੋਵੇਗਾ, ਜਦ ਜਿਉਣ ਦੀ ਲਲ੍ਹਕ 'ਚ, ਜਿਉਣ ਦੀ ਆਖ਼ਰੀ ਕੋਸ਼ਿਸ਼ ਦੇ ਰੂਪ ਵਿਚ ਕਿਸੇ ਰਚਣਹਾਰੇ ਨੂੰ ਆਪਣੀ ਮਮਤਾ ਦੇ ਕਣ-ਕਣ 'ਚ ਸੰਵਾਰੀ ਆਪਣੀ ਹੀ ਰਚਨਾ ਦਾ ਗਲ ਘੁੱਟ ਦੇਣ ਦਾ ਫੈਸਲਾ ਕਰਨਾ ਪਿਆ ਹੋਵੇਗਾ; ਜਦ ਇਕ 'ਕਾਮਯਾਬ' ਸ਼ਾਮ ਨੂੰ ਜਮੀਲ ਦੀ ਅੰਮਾ ਨੇ ਅੱਖਾਂ ਵਿਚ ਜਲ ਅਤੇ ਦਿਲ ਵਿਚ ਅਸਹਿ ਅੱਗ ਲਈ ਸਾਨੂੰ ਦੱਸਿਆ ਕਿ ਜਮੀਲ ਕੱਲ੍ਹ ਉਨ੍ਹਾਂ ਨੂੰ ਮਿਲਣ ਆ ਰਿਹਾ ਹੈ।

ਕੀ? ਕੌਣ? ਜਮੀਲ? ਯਕੀਨਨ?

ਮੈਂ ਹੈਰਾਨ? ਗਦਗਦ? ਮੇਰੇ ਨਾਲ ਆਏ ਚਾਰੇ ਲਾਂਸ-ਨਾਇਕਾਂ ਅਤੇ ਨਾਇਕਾਂ ਦੀ ਅੱਖਾਂ ਸਰਚਲਾਈਟ ਵਾਂਗ ਚਮਕੀਆਂ। ਚਿਹਰੇ 'ਤੇ ਸੌ-ਸੌ ਗੁਲਾਬ ਖਿੜ ਗਏ। ਮੈਨੂੰ ਸਮਝ ਨਹੀਂ ਸੀ ਆ ਰਿਹਾ ਕਿ ਉਨ੍ਹਾਂ ਨੂੰ ਇਸ ਇਤਲਾਹ ਬਦਲੇ ਕੀ ਕਹਾਂ। ਮੈਂ ਇਨਸਾਨੀਅਤ ਦੀ ਸਭ ਤੋਂ ਹੇਠਲੀ ਪੌੜੀ 'ਤੇ ਖੜ੍ਹਾ ਸਾਂ। ਉਹ ਬੇਵਸੀ ਅਤੇ ਤਸੀਹਿਆਂ ਦੀ ਟੀਸੀ 'ਤੇ ਖੜ੍ਹੀ ਆਪਣੇ ਬਾਕੀ ਤਿੰਨਾਂ ਬੱਚਿਆਂ ਨੂੰ ਬਚਾਉਣ ਦੀ ਸਿਰਤੋੜ ਮੁਹਿੰਮ 'ਚ ਆਪਣੇ ਹੀ ਹੱਥੀਂ ਆਪਣੀ ਮਮਤਾ ਦਾ ਗ਼ਲ ਘੁੱਟ ਰਹੀ ਸੀ।

"ਤਾਂ ਫਿਰ ਜਮੀਲ ਕੱਲ੍ਹ ਆ ਰਿਹਾ ਹੈ ਤੈਨੂੰ ਮਿਲਣ?" ਮੈਂ ਜਿਵੇਂ ਪੂਰੀ ਤਰ੍ਹਾਂ ਬੇਫਿਕਰ ਹੋ ਜਾਣਾ ਚਾਹੁੰਦਾ ਸਾਂ।

ਉਹਨੇ ਧੌਣ ਹਿਲਾਈ ਤੇ ਗੋਡਿਆਂ 'ਚ ਸਿਰ ਦੇ ਕੇ ਰੋਣ ਲੱਗ ਪਈ। ਉਹਦੇ ਤਿੰਨੇ ਬੱਚੇ ਉਹਨੂੰ ਚਿੰਬੜ ਕੇ ਸੁਬਕਣ ਲੱਗੇ। ਜਮੀਲ ਦਾ ਅੱਬੂ ਦੁੱਖ ਦੀ ਲਹਿਰ ਨੂੰ ਨਾ ਸਹਿੰਦਾ ਹੋਇਆ ਸਾਹ ਫੁੱਲਣ ਕਰਕੇ ਆਪਣੀ ਛਾਤੀ ਮਲਣ ਲੱਗਾ। ਘਰ ਵਿਚ ਹਵਾ ਜਿਵੇਂ ਰੁਕ ਗਈ ਹੋਵੇ। ਘਰ 'ਚ ਮੌਤ ਦੀ ਬਦਬੂ ਭਰ ਗਈ ਸੀ ਪਰ ਅਸੀਂ ਸਾਰੇ ਚਹਿਕ ਰਹੇ ਸਾਂ। ਪੂਰੇ ਸਾਲ ਭਰ ਦੀ ਮਸ਼ੱਕਤ ਤੋਂ ਬਾਅਦ ਸਾਨੂੰ ਸਫ਼ਲਤਾ ਮਿਲੀ ਸੀ। ਸਫ਼ਲ ਅਪਰੇਸ਼ਨ ਸਾਡੇ ਖਾਤੇ 'ਚ ਆਉਣ ਵਾਲਾ ਸੀ।

ਬਾਈ ਘੰਟੇ। ਪੂਰੇ ਬਾਈ ਘੰਟੇ ਸਨ ਸਾਡੇ ਕੋਲ ਮੌਤ ਦੀ ਉਡੀਕ ਵਿਚ। ਰਾਤ ਦੇ ਡਰਾਉਣੇ ਸੰਨਾਟੇ ਵਿਚ ਅਸਾਂ ਉਸ ਦੇ ਘਰ ਦੇ ਆਸਪਾਸ ਪੂਰੀ ਘੇਰਾਬੰਦੀ ਕਰ ਲਈ। ਅਸੀਂ ਜਾਣਦੇ ਸਾਂ ਕਿ ਜਮੀਲ ਰਾਤ ਦੇ ਹਨ੍ਹੇਰੇ ਵਿਚ ਹੀ ਆਵੇਗਾ। ਦੋ ਸੌ ਮੀਟਰ ਦੀ ਦੂਰੀ 'ਤੇ ਅਸੀਂ ਐਚ.ਐਚ.ਟੀ.ਆਈ. (ਕੈਮਰਾ ਜੋ ਰਾਤ ਦੇ ਹਨੇਰੇ ਵਿਚ ਵੀ ਇਕ ਕਿਲੋਮੀਟਰ ਤੱਕ ਵੇਖ ਸਕਦਾ ਸੀ), ਪੀ.ਐਨ.ਵੀ.ਜੀ. (ਹਨ੍ਹੇਰੀ ਰਾਤ ਵਿਚ ਤਿੰਨ ਕਿਲੋਮੀਟਰ ਤੱਕ ਵੇਖਣ ਵਾਲੀ ਐਨਕ), ਹੈਂਡ ਗ੍ਰਨੇਡ, ਰਾਕੇਟ, ਲਾਂਚਰ, ਏ.ਕੇ.-47 ਨਾਲ ਆਪਣੀ ਪੁਜ਼ੀਸ਼ਨ ਲਈ ਹਨੇਰੇ 'ਚ ਲੁਕੇ ਰਹੇ ਅਤੇ ਉਸ ਦੇ ਘਰ ਤੇ ਫੋਕਸ ਕਰੀ ਬੈਠੇ ਰਹੇ।

ਠੀਕ ਠੰਢੀ ਰਾਤ ਤੇ ਕੰਬਦੇ ਹਨ੍ਹੇਰੇ ਵਿਚ ਘਰ ਦਾ ਸ਼ਹਿਜ਼ਾਦਾ ਲੁਕਦਾ-ਛੁਪਦਾ ਘਰ ਵੜਿਆ।

ਅਸਾਂ ਉਹਨੂੰ ਜਾਣ ਦਿੱਤਾ।

ਪੂਰੀ ਰਾਤ ਅਸੀਂ ਘੇਰਾ ਪਾਈ ਬੈਠੇ ਰਹੇ। ਐਚ.ਐਚ.ਟੀ.ਆਈ. ਨਾਲ ਉਹਦੀ ਨਿਗਰਾਨੀ ਕਰਦੇ ਰਹੇ। ਅਸੀਂ ਚਾਹੁੰਦੇ ਸਾਂ ਕਿ 'ਕੋਲੇਟਰਲ ਡੈਮੇਜ' ਘੱਟ ਤੋਂ ਘੱਟ ਹੋਵੇ, ਯਾਨਿ ਸਿਰਫ਼ ਜਮੀਲ ਹੀ ਗੋਲੀ ਦਾ ਨਿਸ਼ਾਨਾ ਬਣੇ, ਇਕ ਵੀ ਸਿਵਲੀਅਨ ਸਾਡੇ ਘੇਰੇ 'ਚ ਨਾ ਆਵੇ। ਜਿੱਥੋਂ ਤੱਕ ਸੰਭਵ ਹੋਵੇ, ਉਨ੍ਹਾਂ ਦਾ ਘਰ ਨਾ ਢਾਹਿਆ ਜਾਵੇ। ਪਿਛਲੇ ਅਪਰੇਸ਼ਨ ਦੌਰਾਨ ਅਸਾਂ ਥੋੜ੍ਹੀ ਜਲਦਬਾਜ਼ੀ ਕੀਤੀ ਸੀ। ਅਸਾਂ ਆਸੇ ਪਾਸੇ ਦੇ ਘਰ ਖਾਲੀ ਕਰਵਾ ਲਏ ਸਨ ਅਤੇ ਜਿਸ ਘਰ ਵਿਚ ਅਤਿਵਾਦੀ ਲੁਕਿਆ ਸੀ, ਉਸ ਨੂੰ ਰਾਕੇਟ ਲਾਂਚਰ ਨਾਲ ਉਡਾ ਦਿੱਤਾ ਸੀ। ਬਾਅਦ ਵਿਚ ਮਨੁੱਖੀ ਅਧਿਕਾਰ ਕਮਿਸ਼ਨ ਨੇ ਸਾਡੇ 'ਤੇ ਕੇਸ ਠੋਕ ਦਿੱਤਾ ਸੀ-ਜਦ ਅਸੀਂ ਉਹ ਘਰ ਢਾਹੁਣ ਤੋਂ ਬਚਾ ਸਕਦੇ ਸਾਂ ਤਾਂ ਅਸੀਂ ਇਸ ਨੂੰ ਢਹਿਣ ਤੋਂ ਕਿਉਂ ਨਹੀਂ ਬਚਾਇਆ?

ਇਸ ਵਾਰ ਅਸੀਂ ਜਲਦਬਾਜ਼ੀ ਨਹੀਂ ਕਰਨੀ ਚਾਹੁੰਦੇ। ਅਸਾਂ ਪੂਰੇ ਧੀਰਜ ਤੋਂ ਕੰਮ ਲਿਆ। ਦੂਸਰੇ ਦਿਨ ਵੀ ਅਸੀਂ ਡੇਰਾ ਲਾਈ ਬੈਠੇ ਰਹੇ। ਨਜ਼ਰਾਂ ਗੱਡੀ। ਦੂਜੀ ਰਾਤ ਵੀ ਨਿਕਲ ਗਈ। ਤੀਸਰੇ ਦਿਨ ਦੁਪਹਿਰ ਨੂੰ ਸਾਡੀ ਆਸ ਤੋਂ ਉਲਟ

***(ਬਾਕੀ ਅਗਲੇ ਸਫੇ 'ਤੇ)***

ਜਮੀਲ ਨੇ ਮੂਰਖਤਾ ਕੀਤੀ। ਮਰਦ ਕਲੰਦਰ ਵਾਂਗ ਖਤਰਾ ਜਾਚਣ ਲਈ ਉਹ ਮਿੰਟ ਭਰ ਲਈ ਬਾਹਰ ਨਿਕਲਿਆ। ਅਸਾਂ ਪਹਿਲਾ ਫਾਇਰ ਕੀਤਾ, ਉਹ ਤੁਰੰਤ ਅੰਦਰ ਜਾ ਵੜਿਆ।

ਬੱਸ, ਉਸ ਦੇ ਬਾਅਦ ਫੌਜੀ ਭਾਸ਼ਾ ਵਿਚ ਉਸ ਨਾਲ ਸਾਡਾ 'ਡੂਏਲ ਕਾਂਟੇਕਟ' ਹੋ ਗਿਆ, ਯਾਨਿ ਹੁਣ ਉਹ ਤੇ ਅਸੀਂ ਆਹਮਣੇ-ਸਾਹਮਣੇ ਸਾਂ। ਉਹਨੂੰ ਪਤਾ ਲੱਗ ਗਿਆ ਸੀ ਕਿ ਉਹ ਹੁਣ ਘਿਰ ਗਿਆ ਹੈ। ਹੁਣ ਮੌਤ ਦੀ ਉਡੀਕ ਬੜੀ ਸ਼ਾਂਤੀ ਅਤੇ ਠੀਕ ਢੰਗ ਨਾਲ ਹੋਈ। ਆਸ ਪਾਸ ਦੇ ਘਰ ਖਾਲੀ ਕਰਵਾਏ ਗਏ। ਇਕ-ਇਕ ਕਰਕੇ ਘਰ ਦੇ ਲੋਕਾਂ ਦੀ ਸ਼ਨਾਖ਼ਤ ਕਰਵਾ ਕੇ ਉਨ੍ਹਾਂ ਨੂੰ ਘੇਰੇ ਤੋਂ ਬਾਹਰ ਕਰ ਦਿੱਤਾ ਗਿਆ। ਜਮੀਲ ਦੀ ਤਸਵੀਰ ਸਾਡੇ ਕੋਲ ਸੀ, ਇਸ ਲਈ ਉਹਦੀ ਸੰਭਾਵਨਾ ਘੱਟ ਸੀ ਕਿ ਉਹ ਆਪਣੇ ਹਥਿਆਰ ਲੁਕਾ ਕੇ ਲੋਕਾਂ ਨਾਲ ਬਾਹਰ ਨਿਕਲ ਆਵੇ।

ਹੁਣ ਆਸੇ-ਪਾਸੇ ਸਭ ਕੁਝ ਖਾਲੀ ਸੀ ਸੁਫਨੇ-ਵਿਹੂਣਾ। ਤਿਕੋਨੇ ਝੌਂਪੜੀਨੁਮਾ ਘਰ ਵਿਚ ਜਮੀਲ ਸੀ ਅਤੇ ਉਸ ਤੋਂ ਸਿਰਫ਼ 200 ਮੀਟਰ ਦੀ ਦੂਰੀ 'ਤੇ ਅਸੀਂ। ਉਹ ਘਰ ਅੰਦਰ ਦੜਿਆ ਰਿਹਾ ਤੇ ਅਸੀਂ ਬਾਹਰ ਡਟੇ ਰਹੇ। ਉਹ ਇਕੱਲਾ ਸੀ ਤੇ ਅਸੀਂ ਪੂਰੀ ਯੂਨਿਟ ਨਾਲ। ਫਿਰ ਇਕ ਰਾਤ ਬੀਤੀ, ਸਫ਼ੇਦ ਰਾਤ ਅਤੇ ਪੂਰੇ ਚੌਦਾਂ ਘੰਟੇ। ਚੌਵੀ ਘੰਟੇ ਬਾਅਦ ਉਹ ਫਿਰ ਬਾਹਰ ਝਾਕਿਆ। ਉਹਦੇ ਸੰਭਲਦਿਆਂ ਸੰਭਲਦਿਆਂ ਛੱਤ 'ਤੇ ਬੈਠੇ ਸਾਡੇ ਜਵਾਨਾਂ ਨੇ ਫਾਇਰ ਕੀਤਾ। ਗੋਲੀ ਮੱਥੇ 'ਤੇ ਲੱਗੀ, ਤੇ ਵੇਖਦਿਆਂ ਵੇਖਦਿਆਂ 'ਕੁਲਦੀਪਕ' ਬੁਝ ਗਿਆ।

ਛਲਾਂਗ ਮਾਰਦਾ ਸਮੁੰਦਰ ਜ਼ਮੀਨ 'ਤੇ ਲੇਟ ਗਿਆ। ਇਕ ਹਿੰਮਤੀ ਜੀਵਨ ਦਾ ਦੁੱਖ ਭਰਿਆ ਬੇਵਕਤੀ ਅੰਤ! ਸਾਡੀ ਸਾਰੀ ਯੂਨਿਟ ਖੁਸ਼ ਸੀ ਕਿ ਬਿਨਾ 'ਕੋਲੇਟਰਲ ਡੈਮੇਜ' (ਨੁਕਸਾਨ) ਦੇ ਅਸੀਂ ਆਪਣੇ ਮਿਸ਼ਨ ਵਿਚ ਕਾਮਯਾਬ ਹੋਏ।

ਬੜੀ ਸ਼ਰਾਫ਼ਤ ਅਤੇ ਆਦਰ ਨਾਲ ਅਸਾਂ ਜਮੀਲ ਦੀ ਦੇਹ ਨੌਂ ਫੁੱਟ ਲੰਮੇ ਲੋਹੇ ਦੀ ਹੁੱਕ ਵਾਲੇ ਸਰੀਏ ਨਾਲ ਖਿੱਚੀ। ਕਈ ਵਾਰ ਅਤਿਵਾਦੀ ਆਪਣੇ ਸਰੀਰ ਨਾਲ ਗ੍ਰਨੇਡ ਵਗ਼ੈਰਾ ਬੰਨ੍ਹ ਲੈਂਦੇ ਹਨ। ਜਿਉਂ ਹੀ ਤਲਾਸ਼ੀ ਲਈ ਜਾਂਦੀ ਹੈ, ਗ੍ਰਨੇਡ ਫਟ ਕੇ ਜਵਾਨ ਨੂੰ ਉਡਾ ਦਿੰਦਾ ਹੈ। ਜ਼ਿੰਦਗੀ ਖਤਮ ਹੋ ਜਾਂਦੀ ਹੈ ਪਰ ਮਿਲਟਰੀ ਤੇ ਮਿਲੀਟੈਂਟ ਦੀ ਨਫ਼ਰਤ ਜਿਉਂਦੀ ਰਹਿੰਦੀ ਹੈ।

ਬਾਸੀ ਚੌਲਾਂ ਵਰਗੇ ਸਫੇਦ ਚਿਹਰੇ 'ਤੇ ਥਾਂ-ਥਾਂ ਤਾਜ਼ੇ ਖੂਨ ਦੀਆਂ ਧਾਰੀਆਂ ਪਈਆਂ ਸਨ। ਬੜੀ ਸ਼ਰਾਫ਼ਤ ਅਤੇ ਤਰੀਕੇ ਦੇ ਨਾਲ ਅਸਾਂ ਲਾਸ਼ ਸਫ਼ੇਦ ਚਾਦਰ ਵਿਚ ਲਪੇਟ ਕੇ ਪੁਲਿਸ ਦੇ ਹਵਾਲੇ ਕਰ ਦਿੱਤੀ ਜਿਸ ਨੂੰ ਬਾਅਦ ਵਿਚ ਕਾਨੂੰਨੀ ਖਾਨਾਪੂਰੀ ਕਰ ਕੇ ਪੁਲਿਸ ਨੇ ਉਸ ਦੇ ਪਰਿਵਾਰ ਦੇ ਸਪੁਰਦ ਕਰ ਦਿੱਤਾ।

ਜਮੀਲ ਨੂੰ ਮਾਰ ਕੇ ਮੈਂ ਭਾਰਤ ਦੇ ਭਵਿੱਖ ਨੂੰ ਪਤਾ ਨਹੀਂ ਕਿੰਨਾ ਕੁ ਸੁਰੱਖਿਅਤ ਕੀਤਾ, ਮੈਨੂੰ ਨਹੀਂ ਪਤਾ ਪਰ ਇਸ ਅਪਰੇਸ਼ਨ ਨੇ ਮੈਨੂੰ ਕੁਝ ਦਿਨਾਂ ਲਈ ਆਪਣੀ ਯੂਨਿਟ ਵਿਚ ਹੀਰੋ ਬਣਾ ਦਿੱਤਾ ਸੀ। ਜਿਸ ਸਮੇਂ ਮੇਰੇ ਸਾਰੇ ਸੀਨੀਅਰ ਅਫ਼ਸਰ ਅਤੇ ਕੁਲੀਗ ਮੈਨੂੰ ਵਧਾਈਆਂ ਦੇ ਰਹੇ ਸਨ, ਮੈਂ ਸੋਚ ਰਿਹਾ ਸਾਂ ਕਿ ਸਮੇਂ ਦੇ ਬੀਤਣ ਨਾਲ ਮੈਂ ਪਰਦੇ ਪਿੱਛੇ ਚਲੇ ਜਾਵਾਂਗਾ, ਪਰ ਬਚੀਆਂ ਰਹਿ ਜਾਣਗੀਆਂ ਇਕ ਬੇਵੱਸ ਮਾਂ ਦੀਆਂ ਸਿਸਕੀਆਂ ਅਤੇ ਮੇਰੇ ਮਨ ਦੀ ਅਸ਼ਾਂਤੀ; ਤੇ ਸੱਚਮੁੱਚ, ਦਿਨ ਤਾਂ ਮੇਰਾ ਭੱਜ ਦੌੜ ਅਤੇ ਆਪਾ-ਧਾਪੀ ਵਿਚ ਨਿਕਲ ਜਾਂਦਾ, ਰਾਤ ਦੀ ਖ਼ਾਮੋਸ਼ੀ 'ਚ ਉਦਾਸੀਆਂ ਮੈਨੂੰ ਬੋਚ ਲੈਂਦੀਆਂ ਅਤੇ ਮੇਰਾ ਮਨ ਅਸ਼ਾਂਤ ਸਮੁੰਦਰ ਬਣ ਜਾਂਦਾ, ਜਿੱਥੇ ਰਹਿ ਰਹਿ ਕੇ ਮੇਰੀ ਮਾਨਸਿਕ ਸ਼ਾਂਤੀ ਨੂੰ ਤਾਰ-ਤਾਰ ਕਰਨ ਵਾਲੀਆਂ ਲਹਿਰਾਂ ਉਠਦੀਆਂ, ਜੋ ਮੈਨੂੰ ਅਤੀਤ ਅਤੇ ਯਾਦਾਂ ਦੇ ਘਾਟ ਤੇ ਲਿਜਾ ਸੁੱਟਦੀਆਂ।

ਮੈਨੂੰ ਯਾਦ ਆਉਂਦਾ, ਜਦ ਮੈਂ ਪਹਿਲੀ ਵਾਰ ਕਸ਼ਮੀਰ ਦੀ ਹੱਦ 'ਚ ਪੈਰ ਪਾਇਆ ਸੀ ਤਾਂ ਧਰਤੀ ਦਾ ਇਹ ਟੁਕੜਾ ਮੈਨੂੰ ਐਨਾ ਸੋਹਣਾ, ਕੋਮਲ ਅਤੇ ਸੁਫਨਿਆਂ ਦਾ ਸਵਰਗ ਲੱਗਾ ਸੀ ਕਿ ਮੇਰੀਆਂ ਸਾਰੀਆਂ ਇੰਦਰੀਆਂ ਸੁਹੱਪਣ ਨਾਲ ਭਰ ਗਈਆਂ ਸਨ ਪਰ ਢਾਈ ਸਾਲਾਂ ਵਿਚ ਹੀ ਇਸ ਸ਼ਹਿਰ ਨੇ ਮੈਨੂੰ ਹੱਤਿਆਰਾ ਬਣਾ ਕੇ ਮੇਰੀ ਅੰਤਰ-ਆਤਮਾ ਮੇਰੇ ਕੋਲੋਂ ਖੋਹ ਕੇ ਮੈਨੂੰ ਕੰਗਾਲ ਬਣਾ ਦਿੱਤਾ ਸੀ। ਹੁਣ ਮੇਰੀਆਂ ਇੰਦਰੀਆਂ ਵਿਚ ਸੁਹੱਪਣ ਨਹੀਂ, ਕਰੂਪਤਾ ਭਰ ਗਈ ਸੀ। ਮੇਰੀਆਂ ਗਿਆਨ ਇੰਦਰੀਆਂ ਨੂੰ ਹੁਣ ਪੱਤਿਆਂ ਦੀ ਸਰਸਰਾਹਟ, ਬੱਦਲਾਂ ਦੀ ਗੜਗੜਾਹਟ ਅਤੇ ਮੇਰੇ ਅੰਦਰ ਦੀ ਆਵਾਜ਼ ਨਹੀਂ ਸੁਣਦੀ; ਸੁਣਦੀ ਹੈ ਤਾਂ ਗੋਲੀਆਂ ਦੀ, ਚੀਕਾਂ ਦੀ , ਬੰਬਾਂ ਦੀ, ਦਿਲਾਂ ਦੇ ਟੁੱਟਣ ਦੀ, ਭਰੋਸਿਆਂ ਦੇ ਮਰਨ ਦੀ ਅਤੇ ਮਾਂਵਾਂ ਦੇ ਉਜੜਨ ਦੀਆਂ ਆਵਾਜ਼ਾਂ। ਮੇਰੀਆਂ ਅੱਖਾਂ ਹੁਣ ਪਹਾੜੀਆਂ, ਪਾਣੀਆਂ, ਕਸ਼ਮੀਰ ਦੇ ਗੁਲਾਬਾਂ ਅਤੇ ਦੁਧੀਆ ਬੱਦਲਾਂ ਦੇ ਸੁਹੱਪਣ ਨੂੰ ਨਹੀਂ ਵੇਖਦੀਆਂ ਕਿਉਂਕਿ ਉਨ੍ਹਾਂ ਅੱਖਾਂ ਵਿਚ ਰਹਿ ਰਹਿ ਕੇ ਕੁਝ ਹੋਰ ਹੀ ਸੀਨ ਆਉਂਦੇ ਹਨ, ਖ਼ੂਨ ਨਾਲ ਲਹੂ-ਲੁਹਾਨ ਜਮੀਲ ਦਾ ਚਿਹਰਾ, ਮਰੀ ਕੋਹੜ ਕਿਰਲੀ ਵਾਂਗ ਡਰ ਨਾਲ ਬਾਹਰ ਨਿਕਲੀਆਂ ਜਮੀਲ ਦੀ ਮਾਂ ਦੀਆਂ ਅੱਖਾਂ ਅਤੇ ਘਰਾਂ ਦੇ ਪਿੱਛੇ ਬਣੀਆਂ ਕਬਰਾਂ।

ਮੇਰੀਆਂ ਨਾਸਾਂ ਨੂੰ ਹੁਣ ਗੁਲਾਬਾਂ ਅਤੇ ਕੇਸਰ ਦੀ ਸੁਗੰਧ ਨਹੀਂ ਸਗੋਂ ਗੰਧਕ, ਬਰੂਦ ਅਤੇ ਸੜਦੇ ਹੋਏ ਇਨਸਾਨੀ ਮਾਸ ਦੀ ਗੰਧ ਦੀ ਆਦਤ ਪੈ ਗਈ ਸੀ। ਜੋ ਸ਼ਹਿਰ ਕਦੀ ਮੈਨੂੰ ਲਲਚਾਉਂਦਾ ਸੀ, ਸੁਫਨੇ ਜਗਾਉਂਦਾ ਸੀ, ਉਹੀ ਹੁਣ ਮੈਨੂੰ ਡਰਾਉਂਦਾ ਹੈ। ਮੇਰੀ ਮਾਨਸਿਕ ਹਾਲਤ ਦਿਨ-ਬ-ਦਿਨ ਕਿਰਦੀ ਜਾ ਰਹੀ ਸੀ। ਰਾਤ ਪੈਂਦਿਆਂ ਹੀ ਜਮੀਲ ਦੀ ਮੌਤ ਆਪਣੀਆਂ ਉਂਗਲੀਆਂ ਦੇ ਪੋਟਿਆਂ ਨਾਲ ਮੈਨੂੰ ਛੋਹਣ ਲੱਗਦੀ, ਮੇਰੀ ਨੀਂਦ ਖੁਲ੍ਹ ਜਾਂਦੀ। ਜ਼ਬਰਦਸਤੀ ਨੀਂਦ ਨੂੰ ਰਿਝਾਉਣ ਦੀ ਕੋਸ਼ਿਸ਼ ਕਰਦਾ ਤਾਂ ਬੁਰੇ ਸੁਫਨੇ ਪਿੱਛਾ ਨਾ ਛੱਡਦੇ। ਇਕ ਰਾਤ ਸੁਫਨਾ ਵੇਖਿਆ ਕਿ ਜਮੀਲ ਦੀ ਮਾਂ ਮੈਨੂੰ ਕਹਿ ਰਹੀ ਹੈ, "ਘਰ ਆਏ ਤੇ ਗੋਦ 'ਚ ਬੈਠੇ ਮੇਰੇ ਪੁੱਤ ਨੂੰ ਮਾਰ ਕੇ ਤੂੰ ਕਿਹੜੀ ਬਹਾਦਰੀ ਕੀਤੀ ਹੈ?" ਸੱਚ, ਅਸਾਂ ਜਮੀਲ ਨੂੰ ਬਹਾਦਰੀ ਨਾਲ ਨਹੀਂ, ਉਸ ਪਰਿਵਾਰ 'ਤੇ ਗ਼ੈਰ-ਮਨੁੱਖੀ ਤਸ਼ੱਦਦ ਢਾਹ ਕੇ ਮਾਰਿਆ ਸੀ। ਸਾਡੀ ਬਹਾਦਰੀ ਸਿਰਫ ਐਨੀ ਸੀ ਕਿ ਅਸਾਂ ਮਾਂ ਤੋਂ ਉਸ ਦੀ ਮਮਤਾ ਖੋਹ ਲਈ ਸੀ!

ਹਫ਼ਤਾ ਭਰ ਬਾਅਦ ਹੀ ਗੁੰਡ 'ਚ ਗਸ਼ਤ ਕਰਦਿਆਂ ਮੈਂ ਫਿਰ ਉਨ੍ਹਾਂ ਦੇ ਘਰ ਗਿਆ, ਸ਼ਾਇਦ ਇਹ ਵੇਖਣ ਲਈ ਕਿ ਜ਼ਿੰਦਗੀ ਉਠ ਖੜ੍ਹੀ ਹੋਈ ਹੈ ਜਾਂ ਨਹੀਂ, ਜਾਂ ਸ਼ਾਇਦ ਇਹ ਜਾਣਨ ਦੇ ਲਈ ਕਿ ਉਸ ਘਰ ਵਿਚ ਹੁਣ ਕੀ ਬਚਿਆ ਸੀ?

ਉਸ ਦਿਨ ਵੀ ਉਹ ਇਕੱਲੀ ਸੀ। ਮਨ ਤੋਂ, ਦੇਹ ਤੋਂ, ਆਤਮਾ ਤੋਂ ਅਤੇ ਆਲੇ-ਦੁਆਲੇ ਜਿਵੇਂ ਪਛਤਾਵਾ, ਆਤਮਗਿਲਾਨੀ, ਹਤਾਸ਼ਾ, ਦੁੱਖ ਅਤੇ ਬੇਚੈਨੀ ਵਣਜਾਰਿਆਂ ਵਾਂਗ ਭਟਕ ਰਹੀਆਂ ਸਨ। ਮੈਨੂੰ ਵੇਖ ਸ਼ਾਇਦ ਉਹਦਾ ਚਿਹਰਾ ਪਲ ਭਰ ਲਈ ਤਮ-ਤਮਾਇਆ ਪਰ ਮੈਂ ਅੱਖਾਂ ਝੁਕਾ ਲਈਆਂ। ਥੋੜ੍ਹੀ ਦੇਰ ਬਾਅਦ ਲੱਗਾ, ਉਹ ਕੁਝ ਬੁੜਬੁੜਾ ਰਹੀ ਹੈ। ਮੈਂ ਰਤਾ ਕੁ ਧਿਆਨ ਨਾਲ ਸੁਣਿਆ। ਉਹ ਸ਼ਾਇਦ ਮੈਨੂੰ ਹੀ ਪੁੱਛ ਰਹੀ ਸੀ, "ਵਾਰੇ ਛੁਕ?" (ਕਿਵੇਂ ਹੋ?)

ਮੈਂ ਚੁੱਪ ਰਿਹਾ, ਕੀ ਜਵਾਬ ਦਿੰਦਾ? ਸਾਂ-ਸਾਂ ਕਰਦੇ ਖੰਡਰਾਂ ਵਿਚ ਖੰਡਰ ਬਣੀ ਉਸ ਬੇਚੈਨ ਆਤਮਾ ਨੂੰ ਮੈਂ ਵੇਖਦਾ ਰਿਹਾ। ਪਤਾ ਨਹੀਂ ਕਿੱਥੋਂ-ਕਿੱਥੋਂ ਦੇ ਦੁੱਖ ਇਤਿਹਾਸ 'ਚੋਂ ਨਿਕਲ ਕੇ ਮੇਰੇ ਅੰਦਰ ਇਕੱਠੇ ਹੋਣ ਲੱਗੇ। ਮਾਨਵੀ ਸਭਿਅਤਾ ਦਾ ਉਹ ਕਾਲਾ ਸਫ਼ਾ ਸਦੀਆਂ ਤੋਂ ਗੁਲਾਮ ਬਣੀਆਂ ਨੀਗਰੋ ਮਾਂਵਾਂ ਨੇ ਆਪੇ ਹੀ ਆਪਣੇ ਨਵਜੰਮੇ ਬੱਚਿਆਂ ਨੂੰ ਮਾਰ ਸੁੱਟਿਆ ਤਾਂ ਕਿ ਉਨ੍ਹਾਂ ਨੂੰ ਗੁਲਾਮੀ ਦੀ ਜ਼ਿੰਦਗੀ ਨਾ ਜਿਉਣੀ ਪਵੇ। ਸਮਾਂ ਬਦਲਿਆ ਪਰ ਮਨੁੱਖੀ ਹੋਣੀ, ਮਨੁੱਖੀ ਤਰਾਸਦੀ ਅਜੇ ਵੀ ਉਥੇ ਹੈ। ਮੈਂ ਵਿਚਾਰਾਂ ਦੇ ਵਹਿਣ ਵਿਚ ਵਹਿੰਦਾ ਜਾ ਰਿਹਾ ਸਾਂ, ਫਿਰ ਲੱਗਾ ਕਿ ਉਹ ਫਿਰ ਕੁਝ ਕਹਿ ਰਹੀ ਹੈ। ਹਫ਼ਦੀ, ਹਫ਼ਦੀ ਉਹ ਜੋ ਕੁਝ ਬੋਲੀ, ਉਸ ਦਾ ਭਾਵ ਸੀ ਕਿ ਹੁਣ ਤਾਂ ਤੂੰ ਖ਼ੁਸ਼ ਹੋਵੇਂਗਾ! ਕਸ਼ਮੀਰ 'ਚ ਵੀ ਖੁਸ਼ਹਾਲੀ ਹੋਵੇਗੀ ਕਿਉਂਕਿ ਹੁਣ ਮੇਰਾ ਜਮੀਲ ਜੁ ਮਰ ਗਿਆ ਹੈ!! ਬੋਲਦੀ ਬੋਲਦੀ ਉਹ ਫਿਰ ਰੁਕ ਗਈ, ਫਿਰ ਧੌਣ ਹਿਲਾ-ਹਿਲਾ ਕੇ ਕਹਿਣ ਲੱਗੀ, "ਨਹੀਂ, ਮਰਿਆ ਨਹੀਂ, ਮੈਂ ਉਸ ਨੂੰ ਮਰਵਾ ਦਿੱਤਾ। ਉਹ ਤਾਂ ਆਪਣੇ ਘਰ ਆਪਣੀ ਮਾਂ ਨੂੰ ਮਿਲਣ ਆਇਆ ਸੀ ਅਤੇ ਮੈਂ...", ਬੋਲਦਿਆਂ-ਬੋਲਦਿਆਂ ਉਹਨੂੰ ਦੌਰਾ ਪੈ ਗਿਆ ਤੇ ਉਸ ਬੇਸੁਰਤੀ 'ਚ ਚੀਕ-ਚੀਕ ਕੇ ਰੋਣ ਲੱਗੀ। ਕਲੇਜਾ ਪਾੜ ਕੇ ਨਿਕਲਿਆ ਸੀ, ਉਸ ਦਾ ਰੋਣ। ਉਹਨੂੰ ਸ਼ਾਂਤ ਹੋਣ 'ਚ ਕਾਫ਼ੀ ਸਮਾਂ ਲੱਗਾ। ਫਿਰ ਉਹਨੇ ਡੂੰਘਾ ਹਉਕਾ ਭਰਿਆ।

ਮੈਂ ਅੰਦਰ ਤੱਕ ਹਿੱਲ ਗਿਆ। ਉਸ ਦੇ ਅੰਦਰੋਂ ਜਿਵੇਂ ਸਦੀਆਂ ਦਾ ਦੁੱਖ ਬੋਲ ਰਿਹਾ ਸੀ। ਯਾਦ ਆਇਆ ਕਿ ਮੈਂ ਹੀ ਉਸ ਨੂੰ ਵਾਰ-ਵਾਰ ਕਿਹਾ ਸੀ ਕਿ ਜਮੀਲ ਕਸ਼ਮੀਰ ਦੀ ਸ਼ਾਂਤੀ ਲਈ ਬੜਾ ਵੱਡਾ ਖ਼ਤਰਾ ਹੈ। ਕਾਫ਼ੀ ਦੇਰ ਤੱਕ ਚੁੱਪ ਸਾਡੇ ਵਿਚਕਾਰ ਪਸਰੀ ਰਹੀ। ਮੈਂ ਚਾਹੁੰਦਾ ਹੋਇਆ ਵੀ ਕੁਝ ਬੋਲ ਨਹੀਂ ਸਕਿਆ। ਸ਼ਬਦ ਘੁੱਟਦੇ ਰਹੇ, ਮਰਦੇ ਰਹੇ। ਆਪਣੇ ਸਮੇਂ ਦੇ ਯਥਾਰਥ ਤੋਂ ਹਾਰੇ ਅਸੀਂ ਦੋਵੇਂ ਖ਼ਾਮੋਸ਼ੀ 'ਚ ਲਿਪਟੇ ਆਪਣੇ ਜਿਉਣ ਅਤੇ ਹੋਣ ਦਾ ਤਰਕ ਲੱਭ ਰਹੇ ਸਾਂ।

ਮੈਂ ਤਿਰਛੀ ਨਜ਼ਰੇ ਉਹਦੇ ਵੱਲ ਵੇਖਿਆ, ਹਫ਼ਤੇ ਭਰ 'ਚ ਹੀ ਉਹ ਬਹੁਤ ਬੁੱਢੀ ਲੱਗਣ ਲੱਗੀ ਸੀ। ਉਹਦੀ ਉਮਰ ਚਾਲੀਆਂ ਦੀ ਸੀ, ਪਰ ਉਹਦੇ ਅੱਧੇ ਤੋਂ ਜ਼ਿਆਦਾ ਵਾਲ ਸਫ਼ੇਦ ਹੋ ਗਏ ਸਨ। ਕੋਹੜ ਕਿਰਲੀ ਦੇ ਪੇਟ ਵਾਂਗ ਸਫ਼ੇਦ ਚਿਹਰੇ 'ਤੇ ਆਤਮ-ਗਿਲਾਨੀ, ਪਛਤਾਵੇ ਅਤੇ ਉਦਾਸੀ ਦੀਆਂ ਛਾਹੀਆਂ ਉਗ ਆਈਆਂ ਸਨ।

ਇਕਦਮ ਮੈਂ ਤ੍ਰਬਕ ਗਿਆ। ਮੈਨੂੰ ਉਥੇ ਹੀ ਛੱਡ ਕੇ ਉਹ ਉਠੀ ਤੇ ਹੌਲੀ-ਹੌਲੀ ਘਰ ਦੇ ਖੂੰਜੇ ਵਿਚ ਪਈ ਮੰਜੀ ਤੱਕ ਗਈ। ਮੰਜੀ 'ਤੇ ਕੱਚ ਦਾ ਭਾਂਡਾ ਰਖਿਆ ਹੋਇਆ ਸੀ ਤੇ ਭਾਂਡੇ ਦੇ ਅੰਦਰ ਕੁਝ ਚਾਕਲੇਟ। ਉਹ ਉਨ੍ਹਾਂ ਨੂੰ ਵਾਰ-ਵਾਰ ਕੱਢਦੀ, ਉਨ੍ਹਾਂ 'ਤੇ ਹੱਥ ਫੇਰਦੀ, ਗਿਣਦੀ ਅਤੇ ਫਿਰ ਉਸੇ ਵਿਚ ਰੱਖ ਦਿੰਦੀ।

ਮੈਨੂੰ ਅਜੀਬ ਜਿਹਾ ਲੱਗਾ। ਇਸ ਮੁਰਦੇ ਘਰ ਵਿਚ ਚਾਕਲੇਟ? ਨਿਹਾਇਤ ਮੁਲਾਇਮ ਲਹਿਜੇ ਨਾਲ ਮੈਂ ਪੁੱਛਿਆ, "ਵਾਰ-ਵਾਰ ਕੀ ਗਿਣ ਰਹੀ ਏਂ?"

"ਗਿਣ ਨਹੀਂ ਰਹੀ, ਇਨ੍ਹਾਂ ਨੂੰ ਛੋਹ ਰਹੀ ਹਾਂ।" ਲੱਗਾ ਜਿਵੇਂ ਆਵਾਜ਼ ਉਹਦੇ ਮੂੰਹ 'ਚੋਂ ਨਹੀਂ, ਕਿਸੇ ਡੂੰਘੀ ਹਨ੍ਹੇਰੀ ਬਾਉਲੀ 'ਚੋਂ ਆਈ ਹੋਵੇ।

"ਕਿਉਂ?"

"ਇਨ੍ਹਾਂ ਨੂੰ ਜਮੀਲ ਨੇ ਛੋਹਿਆ ਹੈ। ਉਹਨੂੰ ਬਹੁਤ ਪਸੰਦ ਸਨ। ਪੂਰੇ ਦਸ ਸਨ। ਤੈਨੂੰ ਉਹਦੇ ਆਉਣ ਦੀ ਖ਼ਬਰ ਦੇਣ ਤੋਂ ਬਾਅਦ ਹੀ ਮੈਂ ਇਹ ਚਾਕਲੇਟ ਬਾਜ਼ਾਰੋਂ ਉਧਾਰ ਲਿਆਈ ਸੀ।" ਉਹਦੀਆਂ ਅੱਖਾਂ ਵਿਚ ਯਾਦਾਂ ਦੇ ਚਿਰਾਗ਼ ਬਲ ਉਠੇ। ਬੁੱਲ੍ਹ ਕੰਬੇ। ਅੱਖਾਂ ਕਿਸੇ ਅਦ੍ਰਿਸ਼ ਨੂੰ ਵੇਖਣ ਲੱਗੀਆਂ। ਬੋਝਲ ਚੋਭ। ਮੇਰੀਆਂ ਅੱਖਾਂ ਵਿਚ ਫਿਰ ਉਹ ਦ੍ਰਿਸ਼ ਆ ਗਿਆ...ਚਾਦਰ 'ਚ ਲਪੇਟਿਆ ਮਾਂ ਦਾ ਲਾਡਲਾ ਜਮੀਲ।

"ਜਮੀਲ ਨੇ ਖਾਧੇ?"

ਖੰਭ ਕੱਟੀ ਚਿੜੀ ਵਾਂਗ ਉਹ ਫੜਫੜਾਈ, "ਹਾਂ ਦੋ ਖਾਧੇ, ਪੂਰੇ ਦਸ ਸਨ, ਹੁਣ ਅੱਠ ਰਹਿ ਗਏ।"

ਬਾਰੀ 'ਚ ਦਿਸਦੇ ਟੁਕੜੇ ਭਰ ਅਸਮਾਨ 'ਤੇ ਨਜ਼ਰ ਗੱਡੀ ਉਹ ਬੋਲ ਰਹੀ ਸੀ। ਉਹਦੀ ਆਵਾਜ਼ ਦਾ ਕਾਂਬਾ ਮੈਨੂੰ ਛੋਹ ਰਿਹਾ ਸੀ। ਲੱਗ ਰਿਹਾ ਸੀ ਜਿਵੇਂ ਉਸ ਮਰਦੇ ਹੋਏ ਘਰ ਵਿਚ ਬੱਸ ਇਕ ਹੀ ਚੀਜ਼ ਜ਼ਿੰਦਾ ਸੀ ਜਿਹੜੀ ਚਾਰੇ ਪਾਸੇ ਫੜਫੜਾ ਰਹੀ ਹੈ, ਤਪਦੀ ਰੇਤ 'ਤੇ ਪਈ ਮੱਛੀ ਵਾਂਗ ਜਮੀਲ ਦੀ ਮੌਤ।

"ਤੈਨੂੰ ਕਿਵੇਂ ਪਤਾ ਕਿ ਜਮੀਲ ਨੇ ਹੀ ਖਾਧੇ, ਹਮੀਦ ਅਤੇ ਰੁਬੀਨਾ ਵੀ ਤਾਂ ਖਾ ਸਕਦੀਆਂ ਨੇ?" ਪਤਾ ਨਹੀਂ ਕਿਹੜੀ ਗ਼ੈਬੀ ਤਾਕਤ ਮੈਨੂੰ ਉਹਨੂੰ ਬੁਲਵਾ ਰਹੀ ਸੀ।

"ਨਹੀਂ!" ਤੇ ਉਹ ਇਕਦਮ ਹਟਕੋਰੇ ਭਰਨ ਲੱਗੀ। ਆਤਮਾ ਨੂੰ ਦਾਗਣ ਵਾਲਾ ਸੀ ਉਹ ਦਾ ਇਹ ਰੋਣ। ਉਹ ਕੰਬ ਰਹੀ ਸੀ ਅਤੇ ਲਾਹਨਤ ਉਹਦੀਆਂ ਅੱਖਾਂ 'ਚੋਂ ਨਮੂਦਾਰ ਹੋ ਉਠੀ। ਕਾਫ਼ੀ ਦੇਰ ਤੱਕ ਉਹ ਕੰਬਦੀ ਰਹੀ। ਸੁਬਕਦੀ ਰਹੀ। ਸ਼ਾਂਤ ਹੋਣ 'ਤੇ ਉਹਨੇ ਫਿਰ ਬੋਲਣ ਦੀ ਕੋਸ਼ਿਸ਼ ਕੀਤੀ। ਬਹੁਤ ਹੌਲੀ-ਹੌਲੀ, ਹਫ਼ਦੇ-ਹਫ਼ਦੇ ਸ਼ਬਦਾਂ ਨੂੰ ਜ਼ਬਰਦਸਤੀ ਬਾਹਰ ਕੱਢ ਰਹੀ ਸੀ, ਜਿਵੇਂ ਬੋਲਣ 'ਚ ਬਹੁਤ ਤਕਲੀਫ਼ ਹੋ ਰਹੀ ਹੋਵੇ।

"ਨਹੀਂ, ਹਮੀਦ, ਰੁਬੀਨਾ, ਹਸਨ ਕਿਸੇ ਨੇ ਵੀ ਨਹੀਂ ਖਾਧਾ। ਸਭ ਨੂੰ ਪਤਾ ਸੀ ਨਾ ਕਿ ਭਾਈ ਜਾਨ ਹੁਣ ਮਰ...।" ਬਾਅਦ ਦੇ ਸ਼ਬਦ ਉਹ ਬੋਲ ਨਹੀਂ ਸਕੀ। ਉਹਦੀ ਆਵਾਜ਼ ਕੰਬਦੀਆਂ ਸਿਸਕੀਆਂ ਵਿਚ ਗੁਆਚ ਗਈ ਸੀ।

ਮੁੜਦੇ ਸਮੇਂ ਵਕਤ ਵੇਖਿਆ। ਤੇਜ਼ ਹਵਾ ਨਾਲ ਰੁੱਖਾਂ ਦੇ ਪੱਤੇ ਝੜ ਕੇ ਚਿੜੀਆਂ ਵਾਂਗ ਹੇਠਾਂ ਡਿੱਗ ਰਹੇ ਸਨ। ਮਨ ਫੇਰ ਤੜਫ ਉਠਿਆ-ਕਿਤੇ ਸਾਰੀਆਂ ਚਿੜੀਆਂ ਮਰ ਹੀ ਨਾ ਜਾਣ!

# ਕੱਢਣਾ ਰੁਮਾਲ ਦੇ ਗਿਓਂ...

*(ਸਫਾ 29 ਦੀ ਬਾਕੀ)*

ਉਪਰਲੀ ਜੇਬ 'ਚ ਰੁਮਾਲ ਤੇ ਨਾਲ ਫੁੱਲ ਟੰਗ ਕੇ ਫੈਸ਼ਨ ਹੀ ਵਿਕਸਤ ਕੀਤਾ ਗਿਆ ਸੀ ਤੇ ਜਦੋਂ ਅਮੀਰਾਂ ਦੀਆਂ ਔਰਤਾਂ 'ਚ ਸਾੜੀ ਦੀ ਘੁਸਪੈਠ ਹੋਈ ਤਾਂ ਇਹ ਅੱਧਾ ਅੰਦਰ ਤੇ ਅੱਧਾ ਬਾਹਰ ਸਾੜੀ ਨਾਲ ਲੱਕ ਕੋਲ ਲਟਕਦਾ ਵੀ ਵੇਖਿਆ ਗਿਆ।

ਔਰਤਾਂ ਦਾ ਰੁਮਾਲ ਮਰਦ ਦੇ ਰੁਮਾਲ ਨਾਲੋਂ ਅਕਸਰ ਛੋਟਾ ਹੁੰਦਾ ਹੈ। ਇਸ ਦਾ ਕਾਰਨ ਕੋਈ ਇਤਿਹਾਸ ਨਹੀਂ ਹੈ ਸਗੋਂ ਇਹ ਇਸ ਕਰਕੇ ਹੈ ਕਿ ਔਰਤ ਦੇ ਕੱਪੜਿਆਂ ਨੂੰ ਜੇਬ ਨਹੀਂ ਹੁੰਦੀ ਤੇ ਉਸ ਨੂੰ ਹੱਥ 'ਚ ਹੀ ਫੜ ਕੇ ਰੱਖਣਾ ਪੈਂਦਾ ਹੈ।

ਪੁਰਾਤਨ ਯੁੱਗ ਦੇ ਮਹਾਂਪੁਰਸ਼ਾਂ ਜਾਂ ਹਾਕਮਾਂ ਦੀਆਂ ਕਿੰਨੀਆਂ ਹੀ ਤਸਵੀਰਾਂ ਮਿਲਦੀਆਂ ਹਨ। ਉਨ੍ਹਾਂ ਦੇ ਗੁੱਟਾਂ ਨਾਲ ਰੁਮਾਲ ਵੀ ਬੰਨ੍ਹੇ ਦਿਸਦੇ ਹਨ। ਰਾਵਣ, ਦੁਰਯੋਧਨ ਦੀ ਢਾਲ 'ਤੇ ਰੁਮਾਲ ਸੱਪ ਤੇ ਪਟਾਰੀ ਵਾਂਗ 'ਕੱਠੇ ਹੀ ਰਹੇ ਹਨ। ਸਾਡੇ ਸ਼ਗਨਾਂ 'ਚ ਕੁੜਮਾਈ ਜਾਂ ਵਿਆਹ ਵੇਲੇ ਮੁੰਡੇ ਕੁੜੀ ਦੇ ਪੰਜ ਲੀੜਿਆਂ ਵਿਚ ਰੁਮਾਲ ਵੀ ਥਾਂ ਰੱਖਦਾ ਰਿਹਾ ਹੈ। ਲੋਕ ਨਾਚਾਂ ਵਿਚ ਭੰਗੜੇ, ਗਿੱਧੇ ਤੇ ਸੰਮੀ ਵਿਚ ਰੁਮਾਲ ਉਡਦੇ ਅਕਸਰ ਦਿਸਦੇ ਹਨ।

ਕੱਢਣਾ ਰੁਮਾਲ ਦੇ ਗਿਓਂ<br>
ਆਪ ਬਹਿ ਗਿਓਂ ਵਲੈਤ ਵਿਚ ਜਾ ਕੇ<br>
ਕੀ ਲੱਭਾ ਬੇਦਰਦਾ ਵੇ<br>
ਸਾਡੀ ਅੱਲੜ੍ਹਾਂ ਦੀ ਨੀਂਦ ਗੁਆ ਕੇ...।

ਲਗਦਾ ਨ੍ਹੀਂ ਕਿ ਰੁਮਾਲ ਰੁਮਾਂਸ ਵਿਚ ਭਿੱਜੀ ਹੋਈ ਅਮੁੱਲੀ ਸ਼ੈਅ ਹੈ। 'ਮਾਰੀ ਸ਼ੌਕ ਦੀ ਸੀ ਹੱਥ 'ਚ ਰੁਮਾਲ ਰੱਖਦੀ' ਫ਼ੈਸ਼ਨ ਦੇ ਸਿਖ਼ਰ ਦੀਆਂ ਬੋਲੀਆਂ ਹਨ। ਪਹਿਲਾਂ ਆਨੇ ਨੂੰ, ਫਿਰ ਟਕੇ ਰੁਪਏ ਨੂੰ ਤੇ ਹੁਣ ਦਸ ਰੁਪਏ ਤੋਂ ਲੈ ਕੇ ਪੰਜ ਸੌ ਰੁਪਏ ਤੀਕਰ ਇਸ ਦੀ ਕੀਮਤ ਹੈ।

ਲਗਦੇ ਹੱਥ ਹੀ ਗੱਲ ਕਰ ਦਿਆਂ ਕਿ ਰਿਸ਼ਤਿਆਂ ਵਿਚ ਵਫ਼ਾਦਾਰੀਆਂ ਕਤਲ ਹੋ ਗਈਆਂ ਹਨ ਪਰ ਜਿਸ ਧਰਮ ਵਿਚ ਵਿਆਹ ਜਾਂ ਨਿਕਾਹ ਤੋਂ ਅਗਲੀ ਰਾਤ ਬਿਸਤਰ 'ਤੇ ਚਿੱਟੀ ਚਾਦਰ ਹੁਣ ਨਾ ਵੀ ਵਿਛਦੀ ਹੋਵੇ, ਮਰਦ ਹੱਥ ਚਿੱਟਾ ਰੁਮਾਲ ਜ਼ਰੂਰ ਹੁੰਦਾ ਹੈ ਜਿਸ ਦੀ ਪੜਚੋਲ ਸਿਆਣੇ ਲੋਕਾਂ ਨੇ ਬਹਿ ਕੇ ਕਰਨੀ ਹੁੰਦੀ ਹੈ।

ਹਾਲਾਤ ਬਦਲੇ ਨਹੀਂ, ਮਧੋਲ ਦਿੱਤੇ ਗਏ ਨੇ; ਇਸੇ ਲਈ ਕੁੜੀਆਂ ਤੇ ਮੁੰਡੇ ਹੁਣ ਇਕ ਨਹੀਂ, ਕਈ ਰੁਮਾਲ ਰੱਖਣ ਦੇ ਸ਼ੌਕੀਨ ਹੋ ਗਏ ਨੇ। ਇਸੇ ਲਈ ਅੱਜ ਰੁਮਾਲ ਕਿਸੇ ਹੋਰ ਦਾ ਹੁੰਦਾ ਹੈ, ਭਲਕੇ ਹੋਰ ਦਾ ਤੇ ਪਰਸੋਂ ਪਤਾ ਨ੍ਹੀਂ ਤਿੰਨੇ 'ਕੱਠੇ ਮਿਲ ਜਾਣ! ਇੱਕੀਵੀਂ ਸਦੀ ਵਿਚ ਜਦੋਂ ਮਨੁੱਖ ਰੈਡੀਮੇਡ ਕੱਪੜੇ ਪਹਿਨਣ ਦਾ ਆਦੀ ਹੋ ਗਿਆ ਹੈ, ਰੁਮਾਲ ਕੱਢਣ ਵਾਲੇ ਨਾ ਵੀ ਲੱਭਣ, ਪਰ ਹੋਂਦ ਤੋਂ ਵਿਰਵੇ ਨਹੀਂ ਹੋਏ।

ਜਦੋਂ ਕਦੇ ਲਾਲ ਕਿਲੇ ਗਏ ਤਾਂ ਸ਼ਾਹ ਜਹਾਨ ਦੇ ਬਸਤਰਾਂ ਅਤੇ ਮੁਮਤਾਜ ਮਹੱਲ ਦੇ ਲਾਲ ਘੱਗਰੇ ਨਾਲ ਲਟਕਦੇ ਰੁਮਾਲ ਦੀ ਤਸਵੀਰ ਜ਼ਰੂਰ ਖਿੱਚ ਕੇ ਲਿਆਇਓ...।

ਹੀਰ, ਸੱਸੀ, ਸੋਹਣੀ ਤੇ ਸਾਹਿਬਾਂ ਨਹੀਂ ਰਹੀਆਂ, ਪਰ ਰੁਮਾਲ ਨਾਲ ਪਿਆਰ ਦੀਆਂ ਘੁੱਗੀਆਂ ਉਹ ਵੀ ਪਾਉਣੋਂ ਨਹੀਂ ਹਟੀਆਂ।

# ਬਚ ਕੇ ਜਾਈਂ ਵੇ ਪੁੱਤਾ ਪੰਜਾਬ ਨੂੰ...

ਗੁਰੂਆਂ, ਪੀਰਾਂ, ਪੈਗੰਬਰਾਂ ਦੀ ਧਰਤੀ 'ਤੇ,<br>
ਇਹ ਕੀ ਹੋ ਰਿਹੈ।<br>
ਪਾਪਾਂ ਦਾ ਭਾਰ ਵਧ ਰਿਹੈ।<br>
ਬੰਦੇ ਨੂੰ ਬੰਦਾ ਖਾ ਰਿਹੈ।<br>
ਪਾ ਨਕਾਬ ਸ਼ਰਾਫ਼ਤ ਦਾ,<br>
ਬੇਈਮਾਨੀ ਦਾ ਝੱਖੜ ਝੁਲਾ ਰਿਹੈ।

ਘਰ ਬੈਠਾ ਟੀ. ਵੀ. ਵੇਖ ਰਿਹਾ ਸਾਂ। ਮੁੜ ਮੁੜ ਖਬਰ ਦਿਖਾਈ ਜਾ ਰਹੀ ਸੀ। ਜਲੰਧਰ ਲਾਗੇ ਪਿੰਡ ਨੰਗਲ ਕਲਾਂ ਵਿਚ ਕਿਸੇ ਐਨ. ਆਰ.ਆਈ.

**ਇਕਬਾਲ ਜੱਬੋਵਾਲੀਆ**
**ਫੋਨ:(917-375-6395)**

ਦੇ ਘਰ 'ਤੇ ਹਮਲਾ ਹੋਇਆ। ਹਮਲੇ ਦਾ ਸ਼ਿਕਾਰ ਹੋਣ ਵਾਲਾ ਵੀ ਪਰਵਾਸੀ ਤੇ ਕਰਵਾਉਣ ਵਾਲਾ ਵੀ ਪਰਵਾਸੀ। ਬਾਹਰ ਕਿਸੇ ਮੁਲਕ ਵਿਚ ਇਕੋ ਸ਼ਹਿਰ ਕੋਈ ਟੂਰਨਾਮੈਂਟ ਵੇਖਦਿਆਂ ਦੋਹਾਂ ਦਾ ਕਿਤੇ ਤਕਰਾਰ ਹੋ ਗਿਆ। ਇਕ ਨੇ ਦੂਜੇ ਨੂੰ ਫਿਰ ਕਿਤੇ ਦੇਖਣ ਦੀ ਧਮਕੀ ਦਿਤੀ। ਧਮਕੀ ਦੇਣ ਵਾਲੇ ਨੇ ਪੰਜਾਬ ਆ ਕੇ ਦੂਜੇ ਦੇ ਘਰ 'ਤੇ ਹਮਲਾ ਕਰਵਾਇਆ। ਹਮਲਾ ਕਰਨ ਆਏ ਭਾੜੇ ਦੇ ਬੰਦਿਆਂ ਵਿਚੋਂ ਕਿਸੇ ਨੇ ਮੂੰਹ ਵੀ ਨਹੀਂ ਸਨ ਛੁਪਾਏ। ਕਿਸੇ ਕੋਲ ਗੰਡਾਸੀ, ਕਿਸੇ ਕੋਲ ਬੇਸਬਾਲ, ਕਿਸੇ ਕੋਲ ਕਿਰਪਾਨ 'ਤੇ ਕਿਸੇ ਕੋਲ ਕੁਛ। ਬੜੀ ਫੁਰਤੀ ਨਾਲ ਗੱਡੀ ਵਿਚੋਂ ਉਤਰ ਕੇ ਕੋਠੀ ਵਿਚ ਜਾ ਵੜੇ। ਇਨ੍ਹਾਂ 'ਚੋਂ ਇਕ ਤਾਂ ਆਪੇ ਤਿਲ੍ਹਕ ਕੇ ਡਿੱਗ ਪਿਆ। ਘਰ 'ਚ ਲੱਗੇ ਕੈਮਰੇ ਮੂਵੀ ਬਣਾ ਰਹੇ ਸਨ। ਅਗਰ ਕੋਠੀ ਦੇ ਦਰਵਾਜ਼ੇ ਅਤੇ ਗਰਿੱਲਾਂ ਮਜ਼ਬੂਤ ਨਾ ਹੁੰਦੀਆਂ ਤਾਂ ਉਨ੍ਹਾਂ ਘਰ ਦੇ ਜੀਆਂ ਦਾ ਖਾਤਮਾ ਕਰ ਦੇਣਾ ਸੀ।

ਜਦੋਂ ਪੁਲਿਸ ਨੂੰ ਉਸ ਐਨ. ਆਰ. ਆਈ. ਦੀ ਕਰਤੂਤ ਬਾਰੇ ਦੱਸਿਆ ਗਿਆ ਤਾਂ ਪੁਲਿਸ ਦਾ ਜਵਾਬ ਸੀ, ਉਹਦਾ ਸਰੀਰ ਠੀਕ ਨਹੀਂ ਹੈ। ਸਵਾਲ ਹੈ ਕਿ ਕੀ ਪੁਲਿਸ ਨੇ ਉਹਦਾ ਅੰਗਹੀਣਤਾ ਦਾ ਸਰਟੀਫਿਕੇਟ ਵੇਖਿਆ ਸੀ? ਜਾਹਰ ਹੈ, ਪੁਲਿਸ ਨੇ ਦੇਣ-ਲੈਣ ਕਰਕੇ ਕੇਸ ਰਫਾ-ਦਫਾ ਕਰਨ ਦੀ ਕੋਸ਼ਿਸ਼ ਕੀਤੀ ਹੋਵੇਗੀ। ਜਿਸ ਪੰਜਾਬ ਬਾਰੇ ਕਦੇ ਮਾਣ ਕਰਦੇ ਸਾਂ, "ਇਹ ਮੇਰਾ ਪੰਜਾਬ ਨੀ ਸਈਓ,<br>
ਮਹਿਕਦਾ ਜਿਵੇਂ ਫੁੱਲ ਗੁਲਾਬ ਨੀ ਸਈਓ",<br>
ਉਹ ਗੱਲ ਤਾਂ ਪੜ੍ਹਨ/ਸੁਣਨ 'ਚ ਹੀ ਰਹਿ ਗਈ।

ਹੁਣ ਗੱਲ ਕਰਦੇ ਹਾਂ ਨਿਊ ਜਰਸੀ ਰਹਿੰਦੇ ਮਹਿੰਦਰਜੀਤ ਸਿੰਘ ਸੋਢੀ ਦੀ। ਡੇਢ ਕੁ ਸਾਲ ਪਹਿਲਾਂ ਕਈ ਸਾਲਾਂ ਬਾਅਦ ਪੰਜਾਬ ਗਏ ਸ੍ਰੀ ਸੋਢੀ ਨੂੰ ਮੁੜ ਕੇ ਆਉਣ ਲੱਗੇ ਨੂੰ ਗੱਡੀ ਰੋਕ ਕੇ ਮਾਰਿਆ ਗਿਆ। ਪਰਿਵਾਰ ਦੇ ਦੂਜੇ ਜੀਆਂ ਨੂੰ ਕੁਛ ਨਹੀਂ ਕਿਹਾ। ਸਿਰਫ਼ ਉਹਨੂੰ ਨਿਸ਼ਾਨਾ ਬਣਾਇਆ। ਜੇ ਬਾਹਰ ਦੇ ਪਤਵੰਤੇ ਸੱਜਣਾਂ ਦਾ ਜ਼ੋਰ ਨਾ ਪੈਂਦਾ ਤਾਂ ਇਹ ਕੇਸ ਵੀ ਖਟਾਈ 'ਚ ਪੈ ਜਾਣਾ ਸੀ। ਨਿਊ ਜਰਸੀ ਰਹਿੰਦੇ ਮੋਹਤਬਰਾਂ ਨੇ ਕਾਫੀ ਨੱਠ-ਭੱਜ ਕਰਕੇ ਇਸ ਕੇਸ ਦੀ ਛਾਣ-ਬੀਣ ਕਰਵਾਈ। ਸੋਢੀ ਸਾਡਾ ਵੀ ਵਧੀਆ ਦੋਸਤ ਸੀ ਅਤੇ 1986 ਤੋਂ ਪਿਆਰ-ਮੁਹੱਬਤ ਸੀ। ਉਹ ਪਹਿਲਾਂ ਨਿਊ ਯਾਰਕ ਸਾਡੇ ਲਾਗੇ ਹੀ ਰਹਿੰਦਾ ਸੀ ਤੇ ਕੰਸਟਰਕਸ਼ਨ ਦਾ ਕੰਮ ਕਰਦਾ ਸੀ। ਫਿਰ ਟਰੱਕ ਚਲਾਉਣ ਲੱਗਾ ਤਾਂ ਨਿਊ ਜਰਸੀ ਰਹਿਣ ਲੱਗ ਪਿਆ। ਵਿਚਾਰਾ ਪਤਾ ਨਹੀਂ ਕਿਹੜੇ ਸੁਪਨੇ ਲੈ ਕੇ ਪੰਜਾਬ ਗਿਆ ਹੋਵੇਗਾ,

ਜਿਸ ਮਿੱਟੀ ਮੇਂ ਹੂਏ ਪੈਦਾ,<br>
ਉਸੀ ਮੇਂ ਦਫ਼ਨ ਹੋ ਗਏ।<br>
ਗੈਰੋਂ ਸੇ ਕਿਆ ਗਿਲਾ,<br>
ਅਪਨੇ ਹੀ ਜਾਲਮ ਹੋ ਗਏ।

ਇੰਗਲੈਂਡ ਵੱਸਿਆ ਇਕ ਪੰਜਾਬੀ ਵੀ ਪੰਜਾਬ ਦੀ ਧਰਤੀ ਨੂੰ ਨਮਸਕਾਰ ਕਰਨ ਗਿਆ ਵੀ ਇਸੇ ਤਰ੍ਹਾਂ ਹੀ ਮਾਰਿਆ ਗਿਆ। ਉਸ ਉਤੇ ਉਦੋਂ ਹਮਲਾ ਕੀਤਾ ਗਿਆ ਜਦੋਂ ਉਹ ਫ਼ਿਲੌਰ ਕਿਸੇ ਢਾਬੇ ਤੋਂ ਰੋਟੀ ਖਾਣ ਲੱਗਾ ਸੀ। ਭਾੜੇ ਦੇ ਬੰਦਿਆਂ ਨੂੰ ਏਅਰਪੋਰਟ 'ਤੇ ਉਹਦੇ ਉਤਰਨ ਦਾ ਪੂਰਾ ਅਤਾ-ਪਤਾ ਦਿਤਾ ਗਿਆ ਸੀ। ਇਸ ਤਰ੍ਹਾਂ ਦੇ ਹੋਰ ਪਤਾ ਨਹੀਂ ਕਿੰਨ੍ਹੇ ਕੁ ਵਾਕਿਆ ਹੋ ਚੁੱਕੇ ਹਨ। ਆਪਸੀ ਰੰਜਿਸ਼ਾਂ, ਪੈਸੇ ਦਾ ਲੈਣ-ਦੇਣ ਜਾਂ ਜਾਇਦਾਦ ਦੇ ਝਗੜੇ ਇਸ ਸਭ ਕਾਸੇ ਦਾ ਕਾਰਨ ਸਮਝੇ ਜਾਂਦੇ ਹਨ। ਆਪਣੀ ਜੰਮਣ ਭੋਇੰ ਨੂੰ ਨਤਮਸਤਕ ਹੋਣ ਗਿਆਂ ਨੂੰ ਹੀ ਵਿਰੋਧੀ ਉਸੇ ਹੀ ਮਿੱਟੀ 'ਚ ਮਲੀਆਮੇਟ ਕਰਾ ਦਿੰਦੇ ਹਨ, ਭਾੜੇ ਦੇ ਬੰਦਿਆਂ ਕੋਲੋਂ,

ਹਮ ਤੋ ਚਲੇ ਪ੍ਰਦੇਸ ਹਮ ਪ੍ਰਦੇਸੀ ਹੋ ਗਏ,<br>
ਖ਼ੁਦ ਕੇ ਦੇਸ਼ ਮੇਂ ਹਮ ਬੇਗਾਨੇਂ ਹੋ ਗਏ।

ਇਕ ਹੋਰ ਅਜੀਬ ਗੱਲ ਸਾਹਮਣੇ ਆਈ। ਅਮਰੀਕਾ ਦੇ ਇਕ ਗੁਰੂ-ਘਰ ਦੇ ਕਿਸੇ ਪ੍ਰਧਾਨ ਨੇ ਆਪਣੀ ਰੰਜਿਸ਼ ਪੰਜਾਬ ਦੀ ਧਰਤੀ 'ਤੇ ਆਪਣੇ ਵਿਰੋਧੀ ਦੇ ਪੁਤਲੇ ਜਲਾ ਕੇ ਕੱਢੀ। ਜਾਹਰ ਹੈ, ਹਰਨਾਕਸ਼ ਅਤੇ ਪੂਹਲੇ ਹਾਲੇ ਮਰੇ ਨਹੀਂ, ਜਿਉਂਦੇ ਹਨ। ਇਕ-ਦੋ ਨਹੀਂ, ਬਹੁਤ ਨੇ। ਆਪਣੇ ਮੁਫ਼ਾਦਾਂ, ਬਦਲਾਖੋਰੀ ਲਈ ਮਾਰ-ਧਾੜ, ਖ਼ੂਨ-ਖਰਾਬਾ ਅਤੇ ਸਾੜ-ਫ਼ੂਕ ਕਰਨ ਵਾਲੇ ਆਦਮਖੋਰ ਆਮ ਘੁੰਮ ਰਹੇ ਹਨ।

ਬਦਲਾ ਲੈਣ ਲਈ ਇਹ ਲੋਕ ਘਟੀਆ ਤੋਂ ਘਟੀਆ ਹਰਕਤ 'ਤੇ ਉਤਰ ਆਉਂਦੇ ਹਨ। ਵਿਰੋਧੀਆਂ ਨੂੰ ਸਬਕ ਸਿਖਾਉਣ ਲਈ ਕੁਛ ਵੀ ਕਰ ਸਕਦੇ ਹਨ। ਸਿਆਸੀ ਦਾਅ-ਪੇਚ ਵਰਤ ਕੇ ਵਿਹਲੀ ਫਿਰ ਰਹੀ ਪੰਜਾਬ ਦੀ ਨੌਜਵਾਨੀ ਨੂੰ ਗੁੰਮਰਾਹ ਕਰਦੇ ਹਨ। ਕੰਮ ਤੋਂ ਵਿਹਲੇ ਇਨ੍ਹਾਂ ਨੌਜਵਾਨਾਂ ਨੂੰ ਰੋਜ਼ੀ-ਰੋਟੀ ਦਾ ਕੋਈ ਵਸੀਲਾ ਚਾਹੀਦੈ। ਸਿਆਸੀ ਲੋਕ ਕੋਈ ਨਾ ਕੋਈ 'ਅਖੌਤੀ ਸੈਨਾ' ਦਾ ਸਹਾਰਾ ਲੈਂਦੇ ਹਨ। ਮਾਇਆ ਦੇ ਗੱਫ਼ੇ ਦੇ ਕੇ ਉਨ੍ਹਾਂ ਤੋਂ ਗਲਤ ਕੰਮ ਕਰਵਾਉਂਦੇ ਹਨ। ਬਾਬੇ ਨਾਨਕ ਦੀ ਇਸ ਧਰਤੀ 'ਤੇ ਕੌਡੇ ਰਾਖਸ਼ ਹਾਲੇ ਵੀ ਫਿਰ ਰਹੇ ਨੇ। ਧਾੜਵੀ ਨੂੰ ਵੰਗਾਰਨ ਵਾਲੇ ਖ਼ੁਦ ਦੀ ਧਰਤੀ 'ਤੇ ਸਲਾਮਤੀ ਮੰਗ ਰਹੇ ਨੇ। ਸੋਨੇ ਵਰਗੀਆਂ ਫ਼ਸਲਾਂ ਪੈਦਾ ਕਰਨ ਵਾਲੀ ਧਰਤੀ ਪਾਪੀਆਂ-ਜ਼ਾਲਮਾਂ, ਦੁਸ਼ਟਾਂ ਅਤੇ ਨਸ਼ੇਬਾਜ਼ਾਂ ਦੀ ਗ੍ਰਿਫ਼ਤ ਵਿਚ ਆ ਚੁਕੀ ਹੈ। ਪਾਪਾਂ ਦੇ ਭਾਰ ਥੱਲੇ ਧਰਤੀ, ਬੇ-ਵੱਸ ਹੋ ਕੇ ਰਹਿ ਗਈ ਹੈ। ਸੱਜਣ-ਠੱਗ ਜਿਹੇ ਰਾਖਸ਼ਾਂ ਦਾ ਪਹਿਰਾ ਹੋ ਰਿਹੈ।

ਧਰਤ-ਪੰਜਾਬ ਦੀ ਰੋਵੇ ਮਾਰ ਧਾਹਾਂ।<br>
ਖੂਹਾਂ ਦਾ ਪਾਣੀ ਮੁੱਕ ਚਲਿਐ।<br>
ਦਰਿਆਵਾਂ ਦਾ ਪਾਣੀ ਸੁੱਕ ਚਲਿਐ।<br>
ਨਸ਼ਿਆਂ ਦਾ ਛੇਵਾਂ ਦਰਿਆ ਵਗ ਚਲਿਐ।<br>
ਜ਼ਾਲਮਾਂ ਜੱਫ਼ਾ ਮਾਰਿਆ ਸੂਹੇ ਫ਼ੁੱਲ ਗੁਲਾਬ ਨੂੰ,<br>
ਬਚ ਕੇ ਜਾਈਂ ਵੇ ਪੁੱਤਾ ਪੰਜਾਬ ਨੂੰ।

# ਧੂੜ ਵਿਚਲੇ ਕਣ

## ਸਫ਼ਰ ਜ਼ਿੰਦਗੀ ਦਾ



ਵਰਿਆਮ ਸਿੰਘ ਸੰਧੂ

***ਵਰਿਆਮ ਸੰਧੂ ਆਪਣੇ ਕੱਦ ਵਾਂਗ ਲੰਮਾ ਅਤੇ ਆਪਣੇ ਨਾਂ ਵਾਂਗ ਵਰਿਆਮ ਕਹਾਣੀਕਾਰ ਹੋ ਨਿੱਬੜਿਆ ਹੈ। ਉਹ ਪੰਜਾਬੀ ਕਹਾਣੀ ਦਾ ਅਜਿਹਾ ਹਸਤਾਖਰ ਹੈ ਜਿਸ ਨੇ ਪੰਜਾਬੀ ਨਿੱਕੀ ਕਹਾਣੀ ਵਿਚ ਮੁੱਢੋਂ-ਸੁੱਢੋਂ ਸਿਫਤੀ ਤਬਦੀਲੀ ਲਿਆਂਦੀ। ਜਦੋਂ ਉਹਨੇ ਲਿਖਣਾ ਸ਼ੁਰੂ ਕੀਤਾ ਸੀ ਤਾਂ ਨਿੱਕੀ ਹੁਨਰੀ ਕਹਾਣੀ ਦਾ ਤਾਣਾ-ਪੇਟਾ ਆਮ ਕਰਕੇ ਕਿਸੇ ਘਟਨਾ ਜਾਂ ਪਾਤਰ ਦੁਆਲੇ ਬੁਣਿਆ ਹੁੰਦਾ ਸੀ। ਵਰਿਆਮ ਨੇ ਕਹਾਣੀ ਦੇ ਇਸ ਚੌਖਟੇ ਤੋਂ ਪਾਰ ਜਾ ਕੇ ਕਹਾਣੀ ਦਾ ਅਜਿਹਾ ਰੂਪ ਪੇਸ਼ ਕੀਤਾ ਜਿਹੜਾ ਬਾਅਦ ਵਿਚ ਲੰਮੀ ਕਹਾਣੀ ਵਜੋਂ ਮਕਬੂਲ ਵੀ ਹੋਇਆ ਅਤੇ ਅਗਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਦੇ ਨਾਲ ਨਾਲ ਵੰਗਾਰ ਵੀ ਬਣਿਆ। ਜੇ ਹੁਣ ਕੋਈ ਖੋਜੀ ਵਰਿਆਮ ਤੋਂ ਪਹਿਲਾਂ ਦੀ ਅਤੇ ਵਰਿਆਮ ਤੋਂ ਬਾਅਦ ਦੀ ਪੰਜਾਬੀ ਕਹਾਣੀ ਬਾਰੇ ਕੋਈ ਗੱਲ ਛੇੜੇ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ। ਵਰਿਆਮ ਸੰਧੂ ਨੇ ਜਦੋਂ ਵਾਰਤਕ ਲਿਖੀ ਤਾਂ ਉਸ ਦਾ ਰੰਗ ਵੀ ਕਹਾਣੀ ਵਰਗਾ ਸੀ। ਆਪਣੇ ਗਰਾਈਂ ਪਹਿਲਵਾਨ ਕਰਤਾਰ ਸਿੰਘ ਦੀ ਜੀਵਨੀ ਵਿਚ ਕਹਾਣੀ ਰਸ ਲਬਾਲਬ ਭਰਿਆ ਹੋਇਆ ਹੈ। ਹੁਣ ਉਸ ਦੀ ਸਵੈ-ਜੀਵਨੀ ਵਿਚ ਵੀ ਉਹੀ ਰੰਗ ਬਰਕਰਾਰ ਹੈ। ਲੇਖਕ ਆਪਣੀਆਂ ਗੱਲਾਂ ਬੜੇ ਸਹਿਜ ਨਾਲ ਤੁਹਾਡੇ ਨਾਲ ਕਰੀ ਜਾ ਰਿਹਾ ਹੈ ਜਿਵੇਂ ਸੂਤ ਅਟੇਰਦੀ ਕਿਸੇ ਤ੍ਰੀਮਤ ਦਾ ਗਲੋਟਾ ਉੱਧੜਦਾ ਚਲਾ ਜਾਂਦਾ ਹੈ। ਐਤਕੀਂ ਵਾਲੇ ਕਾਂਡ 'ਰੰਗ ਰੰਗ ਦੀ ਵਜਾਉਂਦਾ ਬੰਸਰੀ' ਵਿਚ ਉਸ ਨੇ ਭਾਈਚਾਰਕ ਸਾਂਝ ਦੀ ਗੱਲ ਕੀਤੀ ਹੈ ਜਿਸ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ ਅਤੇ ਅਨੇਕਾਂ ਝੱਖੜਾਂ-ਝਾਂਜਿਆਂ ਦੇ ਬਾਵਜੂਦ ਇਹ ਹਰੀਆਂ ਹੀ ਨਹੀਂ ਰਹੀਆਂ ਬਲਕਿ ਇਨ੍ਹਾਂ ਰਾਹੀਂ ਪਾਣੀ ਪੀ ਰਹੇ ਪੌਦੇ ਮੌਲ ਰਹੇ ਹਨ, ਲਗਾਤਾਰ। -ਸੰਪਾਦਕ***

*ਲੜੀ ਜੋੜਨ ਲਈ ਪਿਛਲਾ ਅੰਕ ਵੇਖੋ*

## ਰੰਗ ਰੰਗ ਦੀ ਵਜਾਉਂਦਾ ਬੰਸਰੀ

ਸਾਂਝ ਦਾ ਮਾਹੌਲ ਸਮੁੱਚੇ ਪਿੰਡ ਵਿਚ ਹੀ ਰਚਿਆ ਵੱਸਿਆ ਹੋਇਆ ਸੀ। ਗੁਰੂ ਹਰਗੋਬਿੰਦ ਸਾਹਿਬ ਤੇ ਭਾਈ ਬਿਧੀ ਚੰਦ ਦੀ ਯਾਦ ਵਿਚ ਹਰ ਸਾਲ ਸਾਡੇ ਪਿੰਡ ਦੋ ਵੱਡੇ ਧਾਰਮਿਕ ਮੇਲੇ ਲੱਗਦੇ ਅਤੇ ਇਨ੍ਹਾਂ ਮੇਲਿਆਂ ਉਪਰ ਰਾਗੀ-ਢਾਡੀ ਅਤੇ ਕਵੀਸ਼ਰ ਸਿੱਖ-ਇਤਿਹਾਸ ਸੁਣਾਉਂਦੇ। ਮੈਂ ਢਾਡੀਆਂ ਅਤੇ ਕਵੀਸ਼ਰਾਂ ਨੂੰ ਬੜੇ ਉਮਾਹ ਨਾਲ ਸੁਣਦਾ। ਸਵੇਰੇ ਹੀ ਨਹੀਂ ਰਾਤ ਨੂੰ ਵੀ ਮੈਂ ਇਨ੍ਹਾਂ ਦੀਵਾਨਾਂ ਵਿਚ ਹਾਜ਼ਰੀ ਭਰਦਾ। ਇੰਜ ਮੇਰਾ ਸਿੱਖ-ਇਤਿਹਾਸ ਅਤੇ ਗੁਰਮਤਿ-ਵਿਚਾਰਧਾਰਾ ਦੇ ਮਾਨਵਵਾਦੀ ਪੱਖਾਂ ਨਾਲ ਲਗਾਓ ਵਧਦਾ ਗਿਆ। ਹਰ ਮੇਲੇ ਉਤੇ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸਮੇਤ ਕੀਰਤਨ ਕਰਦਾ ਜਲੂਸ ਸਾਰੇ ਪਿੰਡ ਵਿਚੋਂ ਗੁਜ਼ਰਦਾ। ਬਿਧੀਚੰਦੀਏ ਬਾਬਿਆਂ ਦੇ ਸਿੱਖ-ਸੇਵਕ ਢੋਲਕੀ ਛੈਣਿਆਂ ਨਾਲ ਕੀਰਤਨ ਕਰਦੇ। ਵੱਡੇ ਹੋ ਕੇ ਤਾਂ ਮੈਂ ਇਸ ਜਲੂਸ ਵਿਚ ਸ਼ਾਮਲ ਵੀ ਹੁੰਦਾ ਰਿਹਾ ਅਤੇ ਵੱਖ-ਵੱਖ ਪੜਾਵਾਂ ਉਤੇ ਜਲੂਸ ਦੇ ਠਹਿਰਨ 'ਤੇ ਕਵਿਤਾਵਾਂ ਵੀ ਪੜ੍ਹਦਾ ਰਿਹਾ ਪਰ ਛੋਟੇ ਹੁੰਦਿਆਂ ਅਸੀਂ ਆਪਣੇ ਕੋਠਿਆਂ 'ਤੇ ਚੜ੍ਹ ਕੇ ਬਾਜ਼ਾਰ ਵਿਚੋਂ ਲੰਘਦੇ ਜਲੂਸ ਨੂੰ ਵੇਖਦੇ। ਇਹ ਜਲੂਸ ਪਿੰਡ ਦੇ ਚੜ੍ਹਦੇ ਪਾਸੇ ਖੱਬੇ ਹੱਥ ਬਣੀ ਨਿਹੰਗ-ਸਿੰਘਾਂ ਦੀ 'ਛਾਉਣੀ' ਤੋਂ ਨਿਕਲਦਾ ਅਤੇ ਪਿੰਡ ਦੇ ਖੱਬੇ ਹੱਥ ਵਾਲੇ ਪਾਸੇ ਤੋਂ ਫਿਰਨੀਓਂ ਫਿਰਨੀ ਤੁਰਦਾ, ਵੱਖ ਵੱਖ ਪੜਾਵਾਂ 'ਤੇ ਰੁਕਦਾ ਜਦੋਂ ਪਿੰਡ ਦੀ ਲਹਿੰਦੀ ਬਾਹੀ ਪਹੁੰਚਦਾ ਤਾਂ ਸਾਡੇ ਘਰ ਦੇ ਕੋਲ ਦੀ ਲੰਘਦੇ ਤੇ ਪਿੰਡ ਨੂੰ ਅੱਧ ਵਿਚਕਾਰੋਂ, ਚੜ੍ਹਦੇ-ਲਹਿੰਦੇ ਦੋ ਭਾਗਾਂ ਵਿਚ ਚੀਰਨ ਵਾਲੇ ਬਾਜ਼ਾਰ ਦੇ ਆਖ਼ਰੀ ਹਿੱਸੇ 'ਰਾਮਗੜ੍ਹੀਆਂ ਦੇ ਬਾਜ਼ਾਰ' ਵਿਚੋਂ ਗੁਜ਼ਰਦਾ ਪਿੰਡ ਦੇ ਅੰਦਰਵਾਰ ਨੂੰ ਮੁੱਖ-ਬਜ਼ਾਰ ਵੱਲ ਮੁੜਦਾ। ਰਾਮਗੜ੍ਹੀਆਂ ਦੇ ਮੁਹੱਲੇ ਵਿਚ ਗੁਰਦਵਾਰਾ ਬਾਬਾ ਭਾਈ ਝਾੜੂ ਵਿਚ ਜਲੂਸ ਦਾ ਪੜਾਅ ਹੁੰਦਾ ਤੇ ਉਥੋਂ ਤੁਰਦਾ ਜਲੂਸ ਮੇਨ ਬਾਜ਼ਾਰ ਵਿਚ ਦਾਖ਼ਲ ਹੋ ਕੇ ਸਾਡੇ ਘਰ ਕੋਲੋਂ ਦੀ ਲੰਘਦਾ ਹੋਇਆ ਪਿੰਡ ਦੇ 'ਦੇਵੀ-ਦੁਆਰੇ' ਦੇ ਖੁੱਲ੍ਹੇ ਅਹਾਤੇ ਵਿਚ ਆਪਣਾ ਪੜਾਅ ਕਰਦਾ। ਜਦੋਂ ਜਲੂਸ ਬਾਜ਼ਾਰ ਵਿਚੋਂ ਗੁਜ਼ਰ ਰਿਹਾ ਹੁੰਦਾ ਤਾਂ ਢੋਲਕੀ ਛੈਣਿਆਂ ਵਾਲੇ ਸਿੰਘ ਅਕਸਰ ਇਹ ਸ਼ਬਦ ਹੀ ਪੜ੍ਹਿਆ ਕਰਦੇ,

ਰੰਗ ਰੰਗ ਦੀ ਵਜਾਉਂਦਾ ਬੰਸਰੀ
ਨਾਲੇ ਕਾਹਨ ਗਊਆਂ ਚਾਰਦਾ...।

ਛੋਟਾ ਹੋਣ ਕਰਕੇ ਕਈ ਸਾਲ ਤਾਂ ਮੇਰੇ ਮਨ ਵਿਚ ਇਹੋ ਹੀ ਰਿਹਾ ਕਿ ਸ਼ਾਇਦ ਜਲੂਸ ਵਿਚ ਸਾਰੇ ਰਾਹ ਇਹੋ ਇੱਕੋ ਸ਼ਬਦ ਹੀ ਗਾਇਆ ਜਾਂਦਾ ਹੋਵੇ ਪਰ ਥੋੜ੍ਹੀ ਸੋਝੀ ਆਉਣ 'ਤੇ ਮੈਂ ਮਹਿਸੂਸ ਕੀਤਾ ਕਿ ਇਹ ਤਾਂ 'ਹਿੰਦੂ ਇਲਾਕੇ' ਵਿਚੋਂ ਲੰਘਦਿਆਂ ਹਿੰਦੂ ਭਾਈਚਾਰੇ ਪ੍ਰਤੀ ਆਪਸੀ ਸਾਂਝ ਅਤੇ ਪਿਆਰ ਪ੍ਰਗਟਾਉਣ ਦਾ ਇੱਕ ਸੂਖਮ ਇਸ਼ਾਰਾ ਸੀ ਅਤੇ ਇਹ ਦੱਸਣ ਦਾ ਯਤਨ ਸੀ ਕਿ 'ਬੰਸਰੀ ਵਾਲਾ ਵੀ ਉਨ੍ਹਾਂ ਦਾ ਆਪਣਾ ਹੀ ਹੈ।' ਉਂਜ ਵੀ ਪਿੰਡ ਦੇ ਅੱਧ ਵਿਚਕਾਰੋਂ ਹੀ ਜਲੂਸ ਦਾ ਬਾਜ਼ਾਰ ਵੱਲ ਮੁੜ ਪੈਣ ਦਾ ਇਹੋ ਕਾਰਨ ਸੀ ਕਿ ਪਾਲਕੀ ਨੂੰ ਉਡੀਕ ਰਹੇ ਹਿੰਦੂ ਭਾਈਚਾਰੇ ਨੂੰ ਆਪਣਾ ਆਦਰ ਪ੍ਰਗਟਾਉਣ ਦਾ ਮੌਕਾ ਮਿਲ ਸਕੇ। ਬਾਜ਼ਾਰ ਵਿਚ ਆਪਣੇ ਪੜਾਅ ਤੋਂ ਬਾਅਦ ਜਲੂਸ ਫਿਰ ਪਿੰਡ ਦੇ ਵਿਚੋ-ਵਿਚ ਦੀ ਬਾਹਰਲੀ ਫਿਰਨੀ ਵੱਲ ਪਰਤ ਜਾਂਦਾ।

ਜਿਸ ਦਿਨ ਜਲੂਸ ਲੰਘਣਾ ਹੁੰਦਾ ਉਸ ਦਿਨ ਬਾਜ਼ਾਰ ਵਾਲਿਆਂ ਵੱਲੋਂ ਉਚੇਚੀ ਸਫ਼ਾਈ ਕਰਵਾਈ ਜਾਂਦੀ। ਪਾਣੀ ਤਰੌਂਕਿਆ ਜਾਂਦਾ। ਗੁਰੂ ਗ੍ਰੰਥ ਸਾਹਿਬ ਦੀ ਬੀੜ ਲੰਘਦੀ ਤਾਂ ਦੁਕਾਨਾਂ ਵਿਚੋਂ ਬਾਹਰ ਨਿਕਲ ਕੇ ਹੱਥ ਜੋੜੀ ਖਲੋਤੇ ਹਿੰਦੂ ਦੁਕਾਨਦਾਰ ਅੱਗੇ ਵਧ ਕੇ, ਸਿਰ ਝੁਕਾ ਕੇ, ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦੇ। ਜਿੰਨਾ ਚਿਰ ਜਲੂਸ ਲੰਘ ਨਾ ਜਾਂਦਾ, ਉਹ ਹੱਥ ਜੋੜ ਕੇ ਅਦਬ ਵਿਚ ਖਲੋਤੇ ਰਹਿੰਦੇ। ਜਦੋਂ ਜਲੂਸ 'ਦੇਵੀ-ਦੁਆਰੇ' ਵਾਲੇ ਪੜਾਅ 'ਤੇ ਪਹੁੰਚਦਾ ਤਾਂ ਅੱਗੇ ਪਿੰਡ ਦੇ ਮੁਖੀ ਹਿੰਦੂ ਸਿਰ ਉਤੇ ਚਿੱਟੀਆਂ ਪੱਗਾਂ ਬੰਨ੍ਹ ਕੇ ਸੁਆਗਤ ਲਈ ਹਾਜ਼ਰ ਹੁੰਦੇ। ਗੁਰਦੁਆਰੇ ਲਈ ਮਾਇਆ ਅਰਦਾਸ ਕਰਾਉਂਦੇ। ਕਵੀਸ਼ਰ ਅਤੇ ਢਾਡੀ ਸਿੰਘ ਹਿੰਦੂ-ਮਿਥਿਹਾਸ ਵਿਚੋਂ ਕਿਸੇ ਨਾ ਕਿਸੇ ਕਥਾ ਦਾ ਗਾਇਣ ਕਰਦੇ। ਆਮ ਤੌਰ 'ਤੇ ਦ੍ਰੋਪਦੀ ਦੇ ਚੀਰ-ਹਰਣ ਅਤੇ ਭਗਵਾਨ ਕ੍ਰਿਸ਼ਨ ਵੱਲੋਂ ਉਸ ਦੀ ਰੱਖਿਆ ਕੀਤੇ ਜਾਣ ਜਾਂ ਰਾਮ ਜੀ ਵੱਲੋਂ ਭੀਲਣੀ ਦੇ ਬੇਰ ਖਾਣ ਵਾਲੀ ਕਥਾ ਸੁਣਾਈ ਜਾਂਦੀ। ਉਸ ਤੋਂ ਬਾਅਦ ਜੈਕਾਰੇ ਛੱਡਦਾ ਜਲੂਸ ਅਗਲੇ ਪੜਾਅ ਲਈ ਤੁਰ ਪੈਂਦਾ।

ਦੇਵੀ-ਦੁਆਰੇ ਵਿਚ ਹਰ ਸਾਲ ਜਨਮ-ਅਸ਼ਟਮੀ ਮਨਾਈ ਜਾਂਦੀ। ਸ਼ਹਿਰਾਂ 'ਚੋਂ ਮੰਗਵਾਏ ਪ੍ਰਸਿੱਧ ਹਿੰਦੂ ਕੀਰਤਨੀਏ ਦੀਵਾਨ ਲਾਉਂਦੇ। ਭਗਵਾਨ ਕ੍ਰਿਸ਼ਨ ਦੇ ਜੀਵਨ-ਸਮਾਚਾਰ ਅਤੇ ਭਗਤੀ-ਗਾਇਣ ਸੁਣਨ ਲਈ ਪਿੰਡ ਦੇ ਕਿਸਾਨ ਅਤੇ ਹੋਰ ਜਾਤਾਂ ਦੇ ਲੋਕ ਦੀਵਾਨ ਵਿਚ ਪੁੱਜਦੇ। ਉਗਰਾਹੀ ਵੀ ਦਿੰਦੇ। ਇਸ ਤਰ੍ਹਾਂ ਜਨਮ ਅਸ਼ਟਮੀ ਵੀ ਪਿੰਡ ਦਾ ਸਾਂਝਾ ਤਿਓਹਾਰ ਹੋ ਨਿੱਬੜਦਾ। ਏਨਾ ਹੀ ਨਹੀਂ ਬਾਜ਼ਾਰ ਵਿਚ ਚਮੜੇ ਦਾ ਕੰਮ ਕਰਨ ਵਾਲੇ ਕਾਰੀਗਰ ਹਰ ਸਾਲ ਭਗਤ ਰਵਿਦਾਸ ਜੀ ਦਾ ਜਨਮ-ਦਿਹਾੜਾ ਮਨਾਉਂਦੇ। ਉਹ ਬਾਜ਼ਾਰ ਵਿਚ ਹੀ ਕਿਸੇ ਖੁੱਲ੍ਹੇ ਥਾਂ 'ਤੇ ਸ਼ਾਮਿਆਨੇ ਤੇ ਕਨਾਤਾਂ ਲਾ ਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਅਤੇ ਉਨ੍ਹਾਂ ਵੱਲੋਂ ਸੱਦੇ ਬੁਲਾਰੇ ਅਤੇ ਕੀਰਤਨੀਏ ਭਗਤ ਰਵਿਦਾਸ ਜੀ ਦੀ ਬਾਣੀ ਦਾ ਗਾਇਣ ਕਰਦੇ ਤੇ ਸੰਗਤਾਂ ਨੂੰ ਉਨ੍ਹਾਂ ਦੇ ਜੀਵਨ-ਸਮਾਚਾਰ ਵੀ ਸੁਣਾਉਂਦੇ। ਏਥੇ ਵੀ ਪਿੰਡ ਦੇ ਸਾਰੀਆਂ ਜਾਤਾਂ ਦੇ ਲੋਕ ਸਤਿਕਾਰ ਵਜੋਂ ਹਾਜ਼ਰੀ ਭਰਦੇ।

ਮੈਂ ਤਾਂ ਇਨ੍ਹਾਂ ਸਭ ਥਾਂਵਾਂ 'ਤੇ ਬਚਪਨ ਤੋਂ ਹੀ ਹਾਜ਼ਰੀ ਭਰਦਾ ਰਿਹਾਂ। ਇੰਜ ਹੀ ਸਾਡੇ ਪਿੰਡ ਬਾਬੇ ਸ਼ਾਹ ਮਾਲਕ ਅਤੇ ਬਾਬੇ ਸ਼ਾਹ ਜਮਾਲ ਦੀਆਂ ਕਬਰਾਂ 'ਤੇ ਵੀ ਦੇਸ਼-ਵੰਡ ਤੋਂ ਪਹਿਲਾਂ ਮੇਲੇ ਲੱਗਦੇ ਹੁੰਦੇ ਸਨ। ਹੁਣ ਭਾਵੇਂ ਮੁਸਲਮਾਨ ਚਲੇ ਗਏ ਸਨ ਪਰ ਕਦੀ ਕਦੀ ਕੋਈ ਖੁੱਲ੍ਹ-ਦਿਲੇ ਫ਼ਕੀਰੀ ਰੂਹ ਵਾਲੇ ਲੋਕ ਇਨ੍ਹਾਂ ਪੀਰਾਂ ਦੀ ਜਗ੍ਹਾ 'ਤੇ ਵੀ ਕਦੀ ਕਦੀ ਉਗਰਾਹੀ ਕਰਕੇ ਮੇਲਾ-ਗੇਲਾ ਕਰਾ ਦਿੰਦੇ। ਉਹ ਕੱਵਾਲਾਂ ਨੂੰ ਸੱਦਦੇ ਅਤੇ ਕਵੀ-ਕਵੀਸ਼ਰਾਂ ਨੂੰ ਵੀ। ਮਿੱਠੇ ਚੌਲਾਂ ਦੀਆਂ ਦੇਗਾਂ ਚੜ੍ਹਦੀਆਂ ਤੇ ਲੰਗਰ ਲਾਇਆ ਜਾਂਦਾ। ਪਿੰਡ ਵਿਚ ਇੱਕੋ ਇੱਕ ਮੁਸਲਮਾਨਾਂ ਦਾ ਘਰ ਦਾਰਾਂ ਮਰਾਸਣ ਦਾ ਸੀ। ਦਾਰਾਂ ਨੇ ਸੰਤਾਲੀ ਦੇ ਰੌਲਿਆਂ ਵੇਲੇ ਆਪਣੇ ਜੱਦੀ ਪਿੰਡ ਨੂੰ ਛੱਡਣਾ ਅਪ੍ਰਵਾਨ ਕਰ ਦਿੱਤਾ ਸੀ ਤੇ ਉਹ ਆਪਣੇ ਬਾਕੀ ਪਰਿਵਾਰ ਵਾਂਗ ਪਾਕਿਸਤਾਨ ਜਾਣ ਤੋਂ ਇਨਕਾਰੀ ਹੋ ਗਈ ਸੀ। ਉਸ ਦਾ ਮੁੰਡਾ ਸਦੀਕ ਸਾਡਾ ਹਾਣੀ ਸੀ ਤੇ ਉਸ ਦੀ ਆਵਾਜ਼ ਵਿਚ ਲੋਹੜੇ ਦੀ ਮਿਠਾਸ ਅਤੇ ਸੋਜ਼ ਸੀ। ਦਾਰਾਂ ਪਿੰਡ ਦੇ ਹਰੇਕ ਵਿਆਹ ਤੇ ਢੋਲਕੀ ਲੈ ਕੇ ਹਾਜ਼ਰ ਹੁੰਦੀ ਅਤੇ ਆਪਣੇ ਗੀਤਾਂ ਦੀ ਛਹਿਬਰ ਨਾਲ ਖ਼ੁਸ਼ੀ ਦੇ ਮਾਹੌਲ ਨੂੰ ਹੋਰ ਰਾਂਗਲਾ ਬਣਾ ਦਿੰਦੀ। ਉਹ ਹੁਣ ਸਾਰੇ ਪਿੰਡ ਦੇ ਵੱਡਿਆਂ ਦੀ ਧੀ-ਭੈਣ ਅਤੇ ਸਾਡੀ ਉਮਰ ਦਿਆਂ ਦੀ 'ਭੂਆ' ਵਜੋਂ ਪਿਆਰੀ-ਸਤਿਕਾਰੀ ਜਾਂਦੀ ਸੀ ਅਤੇ ਪਿੰਡ ਦੇ ਲੋਕ ਉਸ ਦਾ ਬਹੁਤ ਆਦਰ ਕਰਦੇ। ਉਹ ਵਿਛੜ ਗਏ ਮੁਸਲਮਾਨ ਭਰਾਵਾਂ ਦੀ ਆਖ਼ਰੀ ਯਾਦ-ਨਿਸ਼ਾਨੀ ਵਜੋਂ ਵੀ ਸਤਿਕਾਰ-ਪਿਆਰ ਦੀ ਅਧਿਕਾਰੀ ਬਣੀ ਹੋਈ ਸੀ।

ਹਰੇਕ ਸਾਲ 'ਬ੍ਰਹਮਚਾਰੀ' ਨਾਮ ਦਾ ਇੱਕ ਬਜ਼ੁਰਗ ਵਿਅਕਤੀ ਸਾਡੇ ਪਿੰਡ ਆਉਂਦਾ। ਉਹ ਅਕਸਰ ਲਾਲਾ ਹੁਕਮ ਚੰਦ ਦੇ ਘਰ ਠਹਿਰਦਾ। ਸਾਡੇ ਘਰ ਤੋਂ ਥੋੜ੍ਹੀ ਹੀ ਦੂਰ ਬਾਜ਼ਾਰ ਵਿਚ ਸ਼ਿਵ-ਦਵਾਲਾ ਸੀ। ਰਾਤ ਨੂੰ ਸ਼ਿਵ-ਦਵਾਲੇ ਦੇ ਸਾਹਮਣੇ ਬਾਜ਼ਾਰ ਵਿਚਲੇ ਥਾਂ ਅਤੇ ਹੁਕਮ ਚੰਦ ਦੇ ਘਰ ਦੇ ਸਾਹਮਣੇ ਥੋੜ੍ਹੀ ਕੁ ਬਚੀ ਖਾਲੀ ਥਾਂ ਨੂੰ ਮਿਲਾ ਕੇ ਛੋਟਾ ਜਿਹਾ ਪੰਡਾਲ ਬਣ ਜਾਂਦਾ। ਇਸੇ ਥਾਂ ਨਿਰਮਲ ਸ਼ਾਹ ਦੀ ਦੁਕਾਨ ਦੀ ਵੱਖੀ ਨਾਲ ਲੱਗਾ ਛੋਟਾ ਜਿਹਾ ਤਖ਼ਤਪੋਸ਼ ਹੁੰਦਾ ਸੀ, ਜਿੱਥੇ ਸਵੇਰੇ ਸੁੱਚਾ ਨਾਈ ਲੋਕਾਂ ਦੀਆਂ ਹਜਾਮਤਾਂ ਕਰਦਾ; ਓਸੇ ਤਖ਼ਤਪੋਸ਼ ਨੂੰ ਸਟੇਜ ਬਣਾ ਕੇ, ਰਾਤ ਨੂੰ ਬ੍ਰਹਮਚਾਰੀ ਰਮਾਇਣ ਅਤੇ ਮਹਾਂਭਾਰਤ ਦੀ ਕਥਾ ਸੁਣਾਉਂਦਾ। ਹਾਰਮੋਨੀਅਮ ਉਹ ਆਪਣੇ ਨਾਲ ਲੈ ਕੇ ਆਉਂਦਾ ਪਰ ਗਾਉਂਦੇ ਸਮੇਂ ਢੋਲਕ ਤੇ ਸਾਥ ਦੇਣ ਲਈ ਬਾਬਾ ਤਾਰਾ ਸਿੰਘ ਪੇਂਚ ਉਹਦੀ ਮਦਦ ਕਰਨ ਲਈ ਹਰ ਸਾਲ ਬਹੁੜਦਾ। ਬ੍ਰਹਮਚਾਰੀ ਦੀ ਕੀਤੀ ਕਥਾ ਨੂੰ ਸੁਣਨ ਵੀ ਨੇੜਲੀਆਂ ਪੱਤੀਆਂ ਦੇ ਜੱਟ-ਜ਼ਿਮੀਂਦਾਰ ਅਤੇ ਹੋਰ ਲੋਕ ਹਾਜ਼ਰ ਹੁੰਦੇ। ਮੈਂ ਤਾਂ ਹਾਜ਼ਰ ਹੋਣਾ ਹੀ ਹੁੰਦਾ। ਬ੍ਰਹਮਚਾਰੀ ਰਮਾਇਣ ਜਾਂ ਮਹਾਂਭਾਰਤ ਦੀ ਕਿਸੇ ਵਾਰਤਾ ਨੂੰ ਛੂੰਹਦਾ ਅਤੇ ਬੜੇ ਲਟਕਾਓ ਅਤੇ ਕੀਲ ਲੈਣ ਵਾਲੇ ਅੰਦਾਜ਼ ਨਾਲ ਤੜਕੇ ਪਹਿਰ ਤੱਕ ਉਸ ਨੂੰ ਮੁਕਾਉਂਦਾ। ਉਸ ਨੂੰ ਸੁਣਦਿਆਂ ਸਰੋਤੇ ਹੱਸਦੇ ਵੀ, ਉਨ੍ਹਾਂ ਦੀਆਂ ਅੱਖਾਂ ਵਿਚ ਪਾਣੀ ਵੀ ਸਿੰਮਦਾ; ਉਨ੍ਹਾਂ ਅੰਦਰ ਗੁੱਸੇ, ਹਮਦਰਦੀ ਅਤੇ ਦੁਖ-ਸੁਖ ਦੇ ਭਾਵ ਵੀ ਜਾਗਦੇ। ਕਥਾ-ਰਸ ਵਿਚ ਮੁਗਧ ਹੋਏ ਲੋਕ ਅਗਲੀ ਰਾਤ ਫਿਰ ਛੇਤੀ ਤੋਂ ਛੇਤੀ ਪੰਡਾਲ ਵਿਚ ਪੁੱਜ ਕੇ ਚੰਗੀ ਥਾਂ ਮੱਲਣ ਦੀ ਕੋਸ਼ਿਸ਼ ਕਰਦੇ। ਰਮਾਇਣ ਅਤੇ ਮਹਾਂਭਾਰਤ ਤੋਂ ਇਲਾਵਾ ਹਿੰਦੂ ਮਿਥਿਹਾਸ ਨਾਲ ਜੁੜੀਆਂ ਹੋਰ ਕਥਾਵਾਂ ਅਤੇ ਲੋਕ-ਕਥਾਵਾਂ ਵੀ ਬ੍ਰਹਮਚਾਰੀ ਸੁਣਾਇਆ ਕਰਦਾ। ਮਹੀਨਾ ਭਰ ਕਥਾ ਕਰਨ ਤੋਂ ਬਾਅਦ ਜਦੋਂ ਉਸ ਦਾ ਆਪਣੇ 'ਵਤਨ' ਵਾਪਸ ਪਰਤਣ ਦਾ ਵੇਲਾ ਆਉਂਦਾ ਤਾਂ ਹਰੇਕ ਦੁਕਾਨ ਤੋਂ ਉਸ ਨੂੰ ਭੇਟਾ ਕਰਨ ਲਈ ਉਗਰਾਹੀ ਕੀਤੀ ਜਾਂਦੀ। ਸਿੱਖ ਦੁਕਾਨਦਾਰ ਤਾਂ ਭੇਟਾ ਦਿੰਦੇ ਹੀ ਪਰ ਦੀਵਾਨ ਵਿਚ ਆਉਣ ਵਾਲੇ ਹੋਰ ਜੱਟ-ਸਿੱਖ ਵੀ ਬ੍ਰਹਮਚਾਰੀ ਨੂੰ ਭੇਟਾ ਦਿੰਦੇ। ਬ੍ਰਹਮਚਾਰੀ ਦੇ ਤੁਰਨ ਵਾਲੇ ਦਿਨ ਮੇਰੇ ਦਿਲ ਨੂੰ ਖੋਹ ਪੈਣੀ ਸ਼ੁਰੂ ਹੋ ਜਾਂਦੀ ਅਤੇ ਮੈਂ ਉਸ ਦਿਨ ਤੋਂ ਹੀ ਬ੍ਰਹਮਚਾਰੀ ਦਾ ਅਗਲੇ ਸਾਲ ਆਉਣਾ ਉਡੀਕਣਾ ਸ਼ੁਰੂ ਕਰ ਦਿੰਦਾ।

ਹਿੰਦੂ ਇਤਿਹਾਸ ਅਤੇ ਮਿਥਿਹਾਸ ਨਾਲ ਮੇਰੀ ਮੁੱਢਲੀ ਅਤੇ ਵਿਸਤ੍ਰਿਤ ਜਾਣਕਾਰੀ ਦਾ ਮੁੱਢਲਾ ਸਰੋਤ ਬ੍ਰਹਮਚਾਰੀ ਹੈ ਜਦ ਕਿ ਸਿੱਖ ਇਤਿਹਾਸ ਨਾਲ ਮੇਰੀ ਪਹਿਲ-ਪਲੱਕੜੀ ਮੁਹੱਬਤ ਪਿੰਡ ਦੇ ਸਾਲਾਨਾ-ਜੋੜ ਮੇਲਿਆਂ 'ਤੇ ਲੱਗਦੇ ਦੀਵਾਨਾਂ ਵਿਚ ਸੁਣਾਏ ਜਾਂਦੇ ਪ੍ਰਸੰਗਾਂ ਦੇ ਹਵਾਲੇ ਨਾਲ ਹੋਈ। ਇਸ ਵਿਚ ਰਾਮਗੜ੍ਹੀਆਂ ਦੇ ਮੁਹੱਲੇ ਗੁਰਦਵਾਰਾ ਬਾਬਾ ਭਾਈ ਝਾੜੂ ਵਿਖੇ ਭਾਈ ਰਾਮ ਸਿੰਘ ਦੁਆਰਾ ਅੰਮ੍ਰਿਤ ਵੇਲੇ ਸੁਣਾਈ ਜਨਮ-ਸਾਖੀਆਂ ਦੀ ਕਥਾ ਦਾ ਅਸਰ ਵੀ ਸ਼ਾਮਲ ਹੈ। ਏਥੇ ਮੈਂ ਆਪਣੇ ਬਾਪੂ ਚੰਦਾ ਸਿੰਘ ਨਾਲ ਨਿੱਕਾ ਹੁੰਦਾ ਸਵੇਰ ਵੇਲੇ ਕਥਾ ਸੁਣਨ ਜਾਂਦਾ ਹੁੰਦਾ ਸਾਂ। ਉਸ ਉਮਰ ਵਿਚ ਜਦੋਂ ਅਜੇ ਬੱਚਿਆਂ ਨੂੰ ਨੀਂਦ ਪਿਆਰੀ ਹੁੰਦੀ ਹੈ ਮੈਂ ਕਥਾ ਸੁਣਨ ਦੇ ਲਾਲਚ ਵਿਚ ਵੇਲੇ ਸਿਰ ਜਾਗ ਪੈਂਦਾ। ਬਚਪਨ ਵਿਚ ਸੁਣੇ ਇਨ੍ਹਾਂ ਬੁਲਾਰਿਆਂ ਦੇ ਕਥਾ-ਰਸ ਰਾਹੀਂ ਸਰੋਤਿਆਂ ਨੂੰ ਕੀਲ ਲੈਣ ਵਾਲੇ ਅੰਦਾਜ਼ ਦੀ ਝਲਕ ਮੇਰੀਆਂ ਕਹਾਣੀਆਂ ਵਿਚ ਵੀ ਕਿਸੇ ਨਾ ਕਿਸੇ ਰੂਪ ਵਿਚ ਵੇਖੀ ਜਾ ਸਕਦੀ ਹੈ।

ਅਜਿਹੇ ਸਾਂਝਾਂ ਅਤੇ ਅਪਣੱਤ ਭਰੇ ਮਾਹੌਲ ਵਿਚ ਹਿੰਦੂ ਮਿਥਿਹਾਸ ਵੀ ਮੈਨੂੰ ਆਪਣੀ ਹੀ ਸੰਸਕ੍ਰਿਤਕ ਵਿਰਾਸਤ ਲੱਗਦਾ। ਭਗਤ ਰਵਿਦਾਸ ਦੀ ਮਿੱਠੀ ਬਾਣੀ ਅੱਗੇ ਵੀ ਮੇਰਾ ਸਿਰ ਝੁਕਦਾ। ਸਿੱਖਾਂ ਦਾ ਜੁਝਾਰੂ ਤੇ ਅਣਖੀਲਾ ਪਰ ਆਪਸੀ ਮਾਨਵੀ ਬਰਾਬਰੀ ਦਾ ਇਤਿਹਾਸ ਮੇਰੀ ਰੂਹ ਦਾ ਹਿੱਸਾ ਬਣ ਰਿਹਾ ਸੀ ਅਤੇ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਅਨੁਸਾਰ ਮੈਂ ਜਾਤਾਂ-ਪਾਤਾਂ ਤੋਂ ਪਾਰ ਜਾ ਕੇ ਮਨੁੱਖ ਨੂੰ ਮਨੁੱਖ ਵਜੋਂ ਪਛਾਨਣ ਦੀ ਨਜ਼ਰ ਹਾਸਲ ਕਰ ਲਈ ਸੀ। ਮੇਰੀ ਸੋਚ ਵਸੀਹ ਹੋ ਰਹੀ ਸੀ; ਕਿਸੇ ਵੀ ਕਿਸਮ ਦੀ ਧਾਰਮਿਕ ਤੰਗ-ਦਿਲੀ ਤੋਂ ਮੁਕਤ। ਇਸੇ ਕਰਕੇ ਮੈਂ ਆਪਣੇ ਬਚਪਨ ਦੇ ਦੋਸਤਾਂ-ਜੋਗਿੰਦਰ ਨਾਲ ਮਜ਼੍ਹਬੀ ਸਿੰਘਾਂ ਦੀ ਠੱਠੀ ਵਿਚ ਅਤੇ ਫੌਜੂ ਸਾਂਹਸੀ ਦੇ ਘਰ ਬੇਰੋਕ ਟੋਕ ਜਾ ਸਕਦਾ ਸਾਂ ਅਤੇ ਕਦੀ ਕਦੀ ਉਨ੍ਹਾਂ ਨਾਲ ਖਾ ਪੀ ਵੀ ਲੈਂਦਾ ਸਾਂ। ਇਸ ਦਾ ਇੱਕ ਕਾਰਨ ਸ਼ਾਇਦ ਇਹ ਵੀ ਸੀ ਕਿ ਸਾਡੇ ਘਰ ਵਿਚ ਕੋਈ ਵੀ ਜੀਅ ਧਾਰਮਿਕ ਕੱਟੜਤਾ ਦਾ ਸ਼ਿਕਾਰ ਨਹੀਂ ਸੀ। ਮੇਰੀ ਦਾਦੀ ਹਰਨਾਮ ਕੌਰ ਤਾਂ ਅਕਸਰ ਸਿੱਖ ਗੁਰੂਆਂ ਦੇ ਮਾਨਵੀ ਸੁਨੇਹੇ ਦੀਆਂ ਕਥਾਵਾਂ ਸੁਣਾਉਂਦੀ ਰਹਿੰਦੀ ਸੀ।

ਮੈਨੂੰ ਯਾਦ ਹੈ ਜਦੋਂ ਸਾਡੇ ਘਰ ਦੇ ਸਾਹਮਣੇ ਦੀਵਾਨ ਸ਼ਾਹ ਹੁਰਾਂ ਦੇ ਚੁਬਾਰਿਆਂ ਵਿਚ ਜੁੱਤੀਆਂ ਸੀਊਣ ਵਾਲਾ ਕਾਰੀਗਰ ਕਰਮ ਚੰਦ ਅਤੇ ਉਸ ਦਾ ਪਰਿਵਾਰ ਰਹਿੰਦਾ ਸੀ ਤਾਂ ਉਸ ਦੀ ਘਰਵਾਲੀ ਬਾਵੀ ਸੁਥਰੇ ਕੱਪੜੇ ਪਾ ਕੇ ਮੇਰੀ ਮਾਂ ਜਾਂ ਦਾਦੀ ਨਾਲ ਉਨ੍ਹਾਂ ਦੀ ਮੰਜੀ ਉਤੇ ਬੈਠ ਕੇ ਗੱਪ-ਗੋਸ਼ਟ ਵੀ ਕਰਦੀ ਰਹਿੰਦੀ ਤੇ ਨਾਲ ਨਾਲ ਜੁੱਤੀਆਂ ਦੇ ਪੱਲਿਆਂ 'ਤੇ ਤਿੱਲੇ ਦੀ ਕਢਾਈ ਵੀ ਕਰੀ ਜਾਂਦੀ। ਘਰ ਦੇ ਕਿਸੇ ਜੀਅ ਨੂੰ ਉਸ ਵੱਲੋਂ ਮੰਜੇ 'ਤੇ ਕੋਲ ਬਹਿ ਕੇ ਚਮੜੇ ਦਾ ਕੰਮ ਕਰਨਾ ਅਸਹਿਜ ਨਹੀਂ ਸੀ ਲੱਗਦਾ। ਇਥੇ ਮੰਜੇ 'ਤੇ ਬੈਠਿਆਂ ਹੀ ਕਦੀ ਕਦੀ ਕੋਈ ਜਣਾ ਰੋਟੀ ਵੀ ਖਾਂਦਾ ਤੇ ਚਾਹ ਤਾਂ ਅਕਸਰ ਪੀਤੀ ਜਾਂਦੀ। ਕਿਸੇ ਸੁੱਚ-ਭਿੱਟ ਦਾ ਨਾ ਹੀ ਖ਼ਿਆਲ ਸੀ ਤੇ ਨਾ ਹੀ ਕੋਈ ਸਵਾਲ।

ਸਾਡੇ ਗੁਆਂਢ ਕਰਿਆਨੇ ਦੀ ਦੁਕਾਨ ਕਰਨ ਵਾਲਾ ਚਾਚਾ ਵੇਦ ਪ੍ਰਕਾਸ਼ ਅੰਗੀਠੀ ਭਖਾ ਕੇ ਦੁਕਾਨ ਦੇ ਵਿਚਕਾਰ ਰੱਖ ਲੈਂਦਾ। ਰਾਤ ਨੂੰ ਕਿਸੇ ਜ਼ਨਾਨਾ ਚੁੰਗ ਦੇ ਆਉਣ ਦੀ ਗੁੰਜਾਇਸ਼ ਤਾਂ ਹੁੰਦੀ ਨਹੀਂ ਸੀ। ਕਦੀ ਕਦੀ ਕੋਈ ਮਰਦ ਗਾਹਕ ਹੀ ਆਉਂਦਾ ਅਤੇ ਉਹ ਉਠ ਕੇ ਸੌਦਾ ਜੋਖ ਦਿੰਦਾ ਨਹੀਂ ਤਾਂ ਅੰਗੀਠੀ ਦੁਆਲੇ ਦੋ-ਚਾਰ ਬੰਦਿਆਂ ਨਾਲ ਬੈਠ ਕੇ ਉਹ ਦੇਰ ਰਾਤ ਤੱਕ ਗੱਲਾਂ-ਗੱਪਾਂ ਮਾਰਨ ਦਾ ਮਾਹੌਲ ਬਣਾਈ ਰੱਖਦਾ। ਮੈਂ ਆਪਣੇ ਪਿਓ ਨਾਲ ਹੀ ਗੱਲਾਂ ਦੇ ਕੰਨ-ਰਸ ਦਾ ਮਾਰਿਆ, ਬਚਪਨ ਵਿਚ, ਦੇਰ ਰਾਤ ਤੱਕ ਦੁਕਾਨ ਵਿਚ ਬੈਠਿਆ ਰਹਿੰਦਾ। ਤਾਇਆ ਲਾਭ-ਚੰਦ ਵੀ ਸ਼ਾਮ ਨੂੰ ਆਪਣੀ ਬਜਾਜੀ ਦੀ ਦੁਕਾਨ ਵਧਾ ਕੇ ਇੱਥੇ ਆ ਬੈਠਦਾ। ਪਾਕਿਸਤਾਨ ਬਣੇ ਨੂੰ ਅਜੇ ਥੋੜ੍ਹੇ ਸਾਲ ਹੀ ਹੋਏ ਸਨ ਅਤੇ ਉਨ੍ਹਾਂ ਦੀਆਂ ਗੱਲਾਂ ਦਾ ਵਿਸ਼ਾ ਅਕਸਰ ਹੀ ਪਿੰਡ ਛੱਡ ਕੇ ਪਾਕਿਸਤਾਨ ਤੁਰ ਗਏ ਉਨ੍ਹਾਂ ਦੇ ਮੁਸਲਮਾਨ ਗਿਰਾਈਂ ਹੁੰਦੇ। ਉਹ ਆਪਣੇ ਜਮਾਤੀਆਂ, ਯਾਰਾਂ ਅਤੇ ਹੋਰ ਚੰਗੇ ਮੁਸਲਮਾਨਾਂ ਨੂੰ ਯਾਦ ਕਰਕੇ, ਉਨ੍ਹਾਂ ਦੀਆਂ ਖ਼ੂਬੀਆਂ ਗਿਣ ਕੇ ਹੋਈ ਦੇਸ਼-ਵੰਡ ਅਤੇ ਕਤਲੋਗ਼ਾਰਤ ਉਤੇ ਝੂਰਦੇ ਰਹਿੰਦੇ। ਮੈਨੂੰ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਉਨ੍ਹਾਂ ਵਾਂਗ ਹੀ ਬੜਾ ਦੁੱਖ ਹੁੰਦਾ ਕਿ ਮੁਸਲਮਾਨ ਇੱਥੋਂ ਕਿਓਂ ਚਲੇ ਗਏ। ਮੈਂ ਮੁਸਲਮਾਨਾਂ ਸਮੇਤ ਵੰਡ ਤੋਂ ਪਹਿਲਾਂ ਵੱਸਦੇ ਪਿੰਡ ਦੀ ਕਲਪਨਾ ਕਰ ਕੇ ਰੋਮਾਂਚਿਤ ਹੋ ਉਠਦਾ। ਉਨ੍ਹਾਂ ਸਾਰਿਆਂ ਦੀਆਂ ਗੱਲਾਂ ਵਿਚ ਤੁਰ ਗਏ ਭਰਾਵਾਂ ਦੇ ਵਿਛੋੜੇ ਦਾ ਹੇਰਵਾ ਅਤੇ ਵਿਗੋਚਾ ਹੁੰਦਾ। ਉਹ ਉਸ ਸਮੇਂ ਪੈਦਾ ਹੋਏ ਨਫ਼ਰਤ ਦੇ ਮਾਹੌਲ ਉਤੇ ਵੀ ਟਿੱਪਣੀ ਕਰਦੇ।




ਭਾਵੇਂ ਪਿੰਡ ਦੇ ਮੁਸਲਮਾਨਾਂ ਨੂੰ ਬਚਾਉਣ ਦੇ ਯਤਨ ਕੀਤੇ ਗਏ ਪਰ ਫਿਰ ਵੀ ਮੈਨੂੰ ਇਨ੍ਹਾਂ ਬਜ਼ੁਰਗਾਂ ਦੀਆਂ ਗੱਲਾਂ ਤੋਂ ਹੀ ਪਤਾ ਲੱਗਾ ਕਿ ਸਾਡੇ ਹੀ ਪਿੰਡ ਦੇ ਦੋ ਬੰਦਿਆਂ ਨੇ ਕੁੱਝ ਮੁਸਲਮਾਨਾਂ ਨੂੰ ਲੱਭ ਲੱਭ ਅਤੇ ਚੁਣ ਚੁਣ ਕੇ ਮਾਰਿਆ। ਉਹ ਦੋਵੇਂ ਬੰਦੇ ਅਜੇ ਜਿਊਂਦੇ ਸਨ। ਮੈਂ ਉਨ੍ਹਾਂ ਬੰਦਿਆਂ ਨੂੰ ਵੇਖ ਕੇ ਸਹਿਮ ਜਾਂਦਾ। ਉਨ੍ਹਾਂ ਵਿਚੋਂ ਇੱਕ ਤਾਂ ਮੇਰੇ ਜਮਾਤੀ ਦਾ ਹੀ ਪਿਓ ਸੀ ਅਤੇ ਉਸ ਜਮਾਤੀ ਨਾਲ ਮੇਰਾ ਉਨ੍ਹਾਂ ਦੇ ਘਰ ਆਉਣ-ਜਾਣ ਸੀ। ਦੂਜਾ ਤਾਂ ਹੈ ਹੀ ਸਾਡੇ ਸਕਿਆਂ ਵਿਚੋਂ ਸੀ। ਪੜ੍ਹਿਆ-ਲਿਖਿਆ ਅਤੇ ਆਜ਼ਾਦ ਹਿੰਦ ਫ਼ੌਜ ਦਾ ਸਾਬਕਾ ਸਿਪਾਹੀ। ਉਹਦੀ ਪਤਨੀ ਵੀ ਸਾਡੇ ਪੁਰਾਣੇ ਪਿੰਡ ਭੜਾਣੇ ਤੋਂ ਹੋਣ ਕਰਕੇ ਸਾਡੀ ਭੂਆ ਲੱਗਦੀ ਸੀ। ਬੜਾ ਹੀ ਪਿਆਰ ਕਰਨ ਵਾਲੀ ਨੇਕ-ਰੂਹ ਔਰਤ। ਉਨ੍ਹਾਂ ਦਾ ਇਕਲੌਤਾ ਮੁੰਡਾ ਵੀ ਮੇਰਾ ਯਾਰ ਸੀ। ਇਸ ਲਈ ਉਨ੍ਹਾਂ ਦੇ ਘਰ ਵੀ ਅਕਸਰ ਜਾਂਦਾ ਆਉਂਦਾ ਰਹਿੰਦਾ ਸਾਂ। ਭਾਵੇਂ ਇਨ੍ਹਾਂ ਬੰਦਿਆਂ ਦਾ ਵਤੀਰਾ ਆਮ ਬੰਦਿਆਂ ਵਰਗਾ ਹੀ ਹੁੰਦਾ ਪਰ ਮੈਨੂੰ ਫਿਰ ਵੀ ਉਨ੍ਹਾਂ ਅੰਦਰ ਲੁਕੇ ਦੈਂਤ ਤੋਂ ਖ਼ੌਫ਼ ਆਉਂਦਾ ਹੀ ਰਹਿੰਦਾ। ਜਿੰਨਾ ਚਿਰ ਉਹ ਜਿਊਂਦੇ ਰਹੇ, ਮੈਂ ਉਨ੍ਹਾਂ ਨੂੰ ਕਦੀ ਸਹਿਜ-ਭਾਵ ਨਾਲ ਨਹੀਂ ਵੇਖ ਸਕਿਆ। ਮੇਰੀ ਕਹਾਣੀ 'ਪਰਛਾਵੇਂ' ਵਿਚ ਇਨ੍ਹਾਂ ਵਿਚੋਂ ਇੱਕ ਦਾ ਜ਼ਿਕਰ ਹੋਇਆ ਹੈ। ਇਸ ਪਾਤਰ ਦਾ ਨਾਮ 'ਬਲਬੀਰ ਸਿੰਘ' ਹੈ। ਉਹਦੇ ਦੁਆਰਾ ਕੀਤੇ 'ਫ਼ਜ਼ਲ ਹੁਸੈਨ' ਨਾਂ ਦੇ ਪਾਤਰ ਦਾ ਕਤਲ ਮੇਰੇ ਪਿੰਡ ਦੀ ਹੀ ਕਹਾਣੀ ਸੀ। ਇਹ 'ਬਲਬੀਰ ਸਿੰਘ' ਉਹੋ ਸੀ ਜਿਸ ਦੀ ਪਤਨੀ ਨੂੰ ਪਿਛਲੇ ਪਿੰਡ ਦੇ ਸਾਕ ਵਜੋਂ 'ਭੂਆ' ਆਖਦਾ ਸਾਂ ਅਤੇ ਜਿਸ ਨੂੰ ਇਸ ਪਿੰਡ ਦੇ ਭਾਈਚਾਰੇ ਵਿਚੋਂ ਸਕਿਆਂ ਵਿਚੋਂ ਹੋਣ ਤੇ 'ਤਾਇਆ' ਆਖਦਾ ਸਾਂ। ਜਦੋਂ ਮੈਂ ਵੱਡਾ ਹੋ ਕੇ ਲਿਖਣ-ਛਪਣ ਲੱਗ ਪਿਆ ਤਾਂ ਉਸ ਨੇ ਮੈਨੂੰ ਆਪਣੇ ਆਜ਼ਾਦ ਹਿੰਦ ਫ਼ੌਜ ਦੇ ਦਿਨਾਂ ਦੀ ਲਿਖੀ ਡਾਇਰੀ ਦੇ ਕੇ ਆਪਣੇ ਬਾਰੇ ਕੁੱਝ ਲਿਖਣ ਲਈ ਵੀ ਕਿਹਾ ਸੀ। ਅੱਜ ਵੀ ਇਹ ਸੋਚ ਕੇ ਹੈਰਾਨ ਹੁੰਦਾ ਹਾਂ ਕਿ ਆਜ਼ਾਦ ਹਿੰਦ ਫ਼ੌਜ ਵਿਚ ਰਹਿ ਕੇ ਵੀ, ਜਿੱਥੇ ਹਿੰਦੂ, ਸਿੱਖ ਤੇ ਮੁਸਲਮਾਨ, ਮਿਲ ਕੇ ਭਰਾਵਾਂ ਵਾਂਗ ਅੰਗਰੇਜ਼ ਹਕੂਮਤ ਦੇ ਖ਼ਿਲਾਫ਼ ਜੂਝੇ ਸਨ, ਉਹ ਰੌਲਿਆਂ ਵੇਲੇ ਕਿਵੇਂ 'ਦੈਂਤ' ਬਣ ਗਿਆ ਸੀ!

ਸਾਂਝ ਦੇ ਮਾਹੌਲ ਵਿਚੋਂ ਰਸ ਚੋਣ ਲਈ ਮੇਰੀ ਸੰਵੇਦਨਸ਼ੀਲਤਾ ਤੇ ਮੇਰੇ ਕੰਨ-ਰਸ ਨੇ ਬੜੀ ਸਹਾਇਤਾ ਕੀਤੀ। ਵੱਡਾ ਹੋਣ 'ਤੇ ਸਕੂਲ ਅਧਿਆਪਕ ਬਣ ਜਾਣ ਤੋਂ ਬਾਅਦ ਵੀ ਮੈਂ ਵਿਹਲੇ ਸਮੇਂ ਵਿਚ ਤਾਏ ਲਾਭ ਚੰਦ ਦੀ ਦੁਕਾਨ 'ਤੇ ਉਸ ਕੋਲ ਜਾ ਬਹਿੰਦਾ ਅਤੇ ਉਸ ਕੋਲੋਂ 'ਉਹਦੇ ਵੇਲਿਆਂ ਦੀਆਂ' ਪੁਰਾਣੀਆਂ ਗੱਲਾਂ ਸੁਣਦਾ। ਇੰਜ ਹੀ ਧੰਨਾ ਸਿੰਘ ਮੋਚੀ ਕੋਲ ਵੀ ਲੋਕ-ਕਥਾਵਾਂ ਦਾ ਖ਼ਜ਼ਾਨਾ ਹੁੰਦਾ ਸੀ। ਉਹ ਦਸਵੀਂ ਤੱਕ ਮੇਰੇ ਜਮਾਤੀ ਰਹਿ ਚੁੱਕੇ ਤਰਸੇਮ ਦਾ ਪਿਉ ਸੀ ਪਰ ਮੇਰਾ ਉਸ ਨਾਲ ਬੁਲਾਰੇ ਅਤੇ ਸਰੋਤੇ ਵਾਲਾ ਯਾਰਾਨਾ ਸੀ। ਉਹ ਜੁੱਤੀਆਂ ਸੀ ਰਿਹਾ ਹੁੰਦਾ ਤੇ ਮੈਂ ਉਸ ਦੇ ਸਾਹਮਣੇ ਚੌਕੀ 'ਤੇ ਬੈਠ ਕੇ ਉਸ ਤੋਂ ਜੱਗ-ਜਹਾਨ ਦੀਆਂ ਗੱਲਾਂ ਸੁਣਦਾ। ਭਗਤ ਰਵਿਦਾਸ ਦੀ ਸਿਲ ਹੇਠਾਂ ਵਗਦੀ ਗੰਗਾ ਵਾਂਗ ਧੰਨਾ ਸਿੰਘ ਦੀ 'ਸਿਲ' ਹੇਠਾਂ ਕਥਾ-ਕਹਾਣੀਆਂ ਦੀ ਗੰਗਾ ਵਗਦੀ ਸੀ। ਦਿਲਚਸਪ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ ਤਾਇਆ ਲਾਭ ਚੰਦ ਤਥਾ-ਕਥਿਤ ਉਚ-ਜਾਤੀ ਬ੍ਰਾਹਮਣ ਸੀ ਅਤੇ ਧੰਨਾ ਸਿੰਘ ਕਥਿਤ ਨਿਮਨ-ਜਾਤ ਨਾਲ ਸਬੰਧਤ ਪਰ ਮੇਰੇ ਲਈ ਦੋਵੇਂ ਹੀ ਮੇਰੇ ਆਦਰਯੋਗ ਬਜ਼ੁਰਗ ਸਨ। ਅੱਜ ਵੀ ਉਨ੍ਹਾਂ ਨੂੰ ਯਾਦ ਕਰਕੇ ਸਿਰ ਆਦਰ ਨਾਲ ਝੁਕ ਜਾਂਦਾ ਹੈ।

**(ਚਲਦਾ)**

# ਪੱਗਾਂ ਬੰਨ੍ਹ ਗੰਦਾ ਗਾਉਣ ਵਾਲੇ ਸਾਡੇ ਕਲਾਕਾਰ

**ਕੀ ਮੈਂ ਝੂਠ ਬੋਲਿਐ...**



**ਸਵਰਨ ਸਿੰਘ ਟਹਿਣਾ**
*ਫੋਨ:91-98141-78883*

ਜਦੋਂ ਤੋਂ ਪੰਜਾਬੀ ਗਾਇਕੀ 'ਤੇ 'ਜਿੰਨਾ ਲੁੱਚਾ, ਓਨਾ ਉਚਾ' ਵਾਲਾ ਫਾਰਮੂਲਾ ਫਿੱਟ ਬੈਠਣ ਲੱਗੈ, ਉਦੋਂ ਤੋਂ ਗੀਤ-ਸੰਗੀਤ ਵਿਚਲੀ ਪਾਕੀਜ਼ਗੀ ਦਾ ਜਿਹੜਾ ਜਨਾਜ਼ਾ ਨਿਕਲਣਾ ਸ਼ੁਰੂ ਹੋਇਐ, ਉਸ ਤੋਂ ਚਿੰਤਤ ਹੋਣ ਦਾ ਦਾਅਵਾ ਕਰਨ ਵਾਲੇ ਭਾਵੇਂ ਬਥੇਰੇ ਨੇ ਪਰ ਉਨ੍ਹਾਂ 'ਚੋਂ 90% 'ਫੇਸਬੁਕ' ਜਾਂ 'ਯੂਟਿਊਬ' 'ਤੇ ਕੁਮੈਂਟ ਲਿਖ ਕੱਦੂ 'ਚ ਤੀਰ ਮਾਰਿਆ ਮਹਿਸੂਸ ਕਰਦੇ ਰਹਿੰਦੇ ਨੇ। ਮਾੜਾ ਗਾਉਣ ਵਾਲਿਆਂ ਖਿਲਾਫ਼ ਲੇਖ ਪੜ੍ਹ ਕੇ ਫੋਨ ਕਰਨ ਵਾਲਿਆਂ ਨੂੰ 'ਬਾਈ, ਦੱਸੋ ਕੀਤਾ ਕੀ ਜਾਵੇ' ਕਹਿਣ ਤੋਂ ਬਿਨਾਂ ਕੁਝ ਨਹੀਂ ਸੁੱਝਦਾ। ਲੰਮੇ ਸਮੇਂ ਤੋਂ ਮਹਿਸੂਸ ਹੋ ਰਿਹੈ ਕਿ ਮਾਣਮੱਤੇ ਪੰਜਾਬੀਆਂ ਦੀ ਗ਼ੈਰਤ ਦੀ ਫੂਕ ਨਿਕਲ ਚੁੱਕੀ ਏ ਤੇ ਮਰੀਆਂ ਜ਼ਮੀਰਾਂ ਵਾਲੇ ਲੋਕ 'ਅਸੀਂ 'ਕੱਲੇ ਕੀ ਕਰੀਏ' ਵਾਲੀ ਸੋਚ 'ਤੇ ਚੱਲਦਿਆਂ ਆਪਣੀਆਂ ਧੀਆਂ, ਭੈਣਾਂ ਵੱਲੋਂ ਵੀ ਮੂੰਹ ਫੇਰ ਚੁੱਕੇ ਨੇ।

ਸੱਭਿਆਚਾਰਕ ਵਿਗਾੜ ਖਿਲਾਫ਼ ਝੰਡਾ ਚੁੱਕਣ ਤੇ ਰੰਗਲਾ ਵਿਰਸਾ ਬਚਾਉਣ ਦੀ ਡੌਂਡੀ ਪਿੱਟ ਖ਼ਬਰਾਂ ਛਪਵਾਉਣ ਦੀ ਕਾਹਲ 'ਚ ਰਹਿੰਦੀਆਂ ਜਥੇਬੰਦੀਆਂ ਵੀ ਕਿਧਰੇ ਗੁੰਮ ਹੋ ਚੁੱਕੀਆਂ ਨੇ। ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜੀਹਦਾ ਆਏ ਮਹੀਨੇ ਪੱਗ ਦੀ ਬੇਅਦਬੀ ਰੋਕਣ ਬਾਰੇ ਕੋਈ ਨਾ ਕੋਈ ਬਿਆਨ ਪੜ੍ਹਨ ਨੂੰ ਮਿਲਦੈ, ਜੀਹਨੂੰ ਘੋਨਿਆਂ-ਮੋਨਿਆਂ ਦੇ ਗਾਏ ਗ਼ਰਮ ਖਿਆਲੀ ਗੀਤਾਂ 'ਤੇ ਹਰਖ ਆਉਂਦੈ ਤੇ ਦਾੜ੍ਹੇ ਦਾ ਪ੍ਰਕਾਸ਼ ਕਰਕੇ ਕੱਚੀ ਬਾਣੀ ਦਾ ਗਾਇਨ ਕਰਨ ਵਾਲੇ ਚੁਭਦੇ ਨੇ, ਉਸ ਨੇ ਸਿੱਖੀ ਨੂੰ ਵਿਚਾਰਾਂ ਦੀ ਥਾਂ 'ਦਸਤਾਰਾਂ' ਤੱਕ ਸੀਮਤ ਕਰਕੇ ਰੱਖ ਦਿੱਤਾ ਹੈ। ਕਿਸੇ ਜਥੇਦਾਰ ਨੂੰ ਇਸ ਗੱਲ ਦੀ ਹਮਾਇਤ ਕਰਦਿਆਂ ਨਹੀਂ ਦੇਖਿਆ ਕਿ ਸੋਹਣੀਆਂ ਪੱਗਾਂ ਬੰਨ੍ਹ ਕੇ ਗੰਦੇ ਗੀਤ ਗਾਉਣ ਵਾਲਿਆਂ ਖਿਲਾਫ਼ ਝੰਡਾ ਚੁੱਕਿਆ ਜਾਵੇ। ਦਲੇਰ ਮਹਿੰਦੀ ਵਰਗੇ ਗਾਇਕ ਜਦੋਂ ਸੱਤ ਮੀਟਰ ਦੀ ਪੱਗ ਬੰਨ੍ਹ ਗੀਤਾਂ 'ਚ ਅਸ਼ਲੀਲਤਾ ਦਾ ਨੰਗਾ ਨਾਚ ਨੱਚਦੇ ਤੇ ਨਚਾਉਂਦੇ ਨੇ, ਉਦੋਂ ਕੌਮ ਦੇ ਸੂਰਬੀਰਾਂ ਦੀ ਸੋਚ 'ਤੇ ਸੱਟ ਕਿਉਂ ਨਹੀਂ ਵੱਜਦੀ? ਕਿਹੜੀ ਧਾਰਮਿਕ ਜਾਂ ਸਮਾਜਿਕ ਜਥੇਬੰਦੀ ਅਵਾਜ਼ ਚੁੱਕਦੀ ਹੈ ਕਿ ਮਨੀ ਔਜਲਾ ਵਰਗੇ ਕੱਲ੍ਹ ਦੇ ਛੋਕਰੇ ਗਾਇਕੀ ਦੇ ਨਾਂ 'ਤੇ ਬੀਚ 'ਤੇ ਬੈਠ ਉਹ-ਉਹ ਕੁਝ ਦਿਖਾਉਂਦੇ ਨੇ, ਜਿਹੜਾ ਨੀਲੀਆਂ ਫਿਲਮਾਂ ਤੋਂ ਮਾਸਾ ਕੁ ਹੀ ਘੱਟ ਹੁੰਦੈ। ਗੀਤਾਂ 'ਚ ਦਿਖਾਏ ਜਾਂਦੇ ਬੈਡਰੂਮਾਂ ਦੇ ਦ੍ਰਿਸ਼ਾਂ ਨੂੰ ਦੇਖ 'ਸਿੱਖੀ ਖੰਡਿਓਂ ਤਿੱਖੀ' ਦੀ ਗੱਲ ਕਰਨ ਵਾਲੇ ਸਿੱਖ ਦੇਖੀ ਸਭ ਕੁੱਝ ਜਾਂਦੇ ਨੇ ਪਰ ਗੰਦ ਪਾਉਣ ਵਾਲੇ ਅਖੌਤੀ ਸਰਦਾਰਾਂ ਨੂੰ ਦੇਖ ਉਨ੍ਹਾਂ ਦੀ ਅੱਖ ਕਦੇ ਲਾਲ ਨਹੀਂ ਹੋਈ।

ਜਿਹੜੇ ਧਾਰਮਿਕ ਆਗੂਆਂ ਨੂੰ ਸਿੱਖਾਂ ਦੇ ਅਕਸ ਨੂੰ ਲੱਗ ਰਹੀ ਢਾਹ ਤੇ ਸਿੱਖਾਂ ਦੇ ਵਿਚਾਰਾਂ 'ਚ ਆ ਰਹੀਆਂ ਨਿਵਾਣਾਂ ਦੀ ਚਿੰਤਾ ਹੈ, ਉਹ ਕਦੇ ਇਸ ਮਸਲੇ ਲਈ ਸਿਰ ਜੋੜ ਨਹੀਂ ਬੈਠੇ ਕਿ ਇਨ੍ਹਾਂ 'ਦਸਤਾਰਧਾਰੀਆਂ' ਨੂੰ ਸੱਭਿਆਚਾਰ ਪਲੀਤ ਕਰਨ ਦੇ ਦੋਸ਼ 'ਚ ਬੰਦੇ ਪੁੱਤ ਬਣਾਇਆ ਜਾਵੇ।

ਕਮਾਲ ਦੇਖੋ, ਕੁੜੀਆਂ-ਚਿੜੀਆਂ ਨੂੰ ਵੇਸਵਾਵਾਂ ਦਾ ਦਰਜਾ ਦੇਣ ਵਾਲੇ ਇਨ੍ਹਾਂ ਉਜੱਡ ਕਲਾਕਾਰਾਂ ਦੇ ਗਾਣੇ ਸਾਰਾ ਦਿਨ ਉਸੇ ਚੈਨਲ 'ਤੇ ਵੱਜਦੇ ਨੇ, ਜਿਸ 'ਤੇ ਸਵੇਰੇ-ਸ਼ਾਮ ਕਈ-ਕਈ



ਘੰਟੇ ਗੁਰਬਾਣੀ ਕੀਰਤਨ ਚੱਲਦੈ। ਸਭ ਦੀ ਇਕੋ ਜਿਹੀ ਧਾਰਨਾ ਹੈ ਕਿ ਉਹੀ ਚੈਨਲ ਕਾਮਯਾਬ ਹੋ ਸਕਦੈ, ਜਿਸ 'ਤੇ ਗੁਰਬਾਣੀ ਦਾ ਸਿੱਧਾ ਪ੍ਰਸਾਰਣ ਹੁੰਦਾ ਹੋਵੇ ਪਰ ਗੁਰਬਾਣੀ ਪ੍ਰਸਾਰਨ ਦੀ ਸਮਾਪਤੀ ਤੋਂ ਕੁੱਝ ਮਿੰਟਾਂ ਮਗਰੋਂ ਹੀ ਲੰਡਰ ਗਾਇਕਾਂ ਦੀ ਟੋਲੀ ਆ ਧਮਕਦੀ ਹੈ ਤੇ ਪੱਗ ਬੰਨ੍ਹ ਗਾਇਕ ਕਹਿੰਦਾ ਹੈ, 'ਸ਼ੀਲਾ ਹੋ ਜਾਂ ਮੁੰਨੀ, ਅਸੀਂ ਤਾਂ ਲੈਣੀ ਚੁੰਮੀ', ਉਦੋਂ 'ਮਨ ਨੀਵਾਂ ਤੇ ਮੱਤ ਉਚੀ' ਦੇ ਸਿਧਾਂਤ ਵਾਲੇ ਸਿੱਖ ਸਿਵਾਏ 'ਵਾਹਿਗੁਰੂ' ਕਹਿਣ ਦੇ ਹੋਰ ਕੁੱਝ ਕਿਉਂ ਨਹੀਂ ਕਹਿੰਦੇ? ਅਸਲ 'ਚ ਇੱਕ ਤੋਂ ਬਾਅਦ ਦੂਜੇ ਕਲਾਕਾਰ ਵੱਲੋਂ ਲੱਚਰ ਗੀਤ ਗਾਉਣੇ ਉਨ੍ਹਾਂ ਪੰਜਾਬੀਆਂ ਦੇ ਮੂੰਹ 'ਤੇ ਚਪੇੜਾਂ ਨੇ, ਜਿਨ੍ਹਾਂ ਦੀਆਂ ਅੱਖਾਂ ਖੁੱਲ੍ਹੀਆਂ ਨੇ ਪਰ ਸੋਚ ਸੁੱਤੀ ਪਈ ਹੈ। ਗਾਉਣ ਵਾਲੇ ਪੰਜਾਬੀਆਂ ਦੀਆਂ ਕੁਆਰੀਆਂ ਕੁੜੀਆਂ-ਚਿੜੀਆਂ ਦੀਆਂ ਇੱਜ਼ਤਾਂ ਨਾਲ ਖੇਡ ਰਹੇ ਨੇ ਤੇ ਇਹ 'ਅਣਖੀਲੇ ਪੰਜਾਬੀ' ਉਨ੍ਹਾਂ ਨੂੰ ਤਿੰਨ-ਤਿੰਨ ਲੱਖ ਦੇ ਕੇ ਧੀਆਂ-ਪੁੱਤਾਂ ਦੇ ਵਿਆਹਾਂ 'ਤੇ ਸੱਦ ਰਹੇ ਨੇ।

ਸਿੱਖੀ ਦੇ ਮਸਲੇ 'ਤੇ ਤੱਤੇ ਹੋਣ ਵਾਲੇ ਕਿੰਨੇ ਹੀ ਲੋਕਾਂ ਨੇ ਮਨੀ ਔਜਲਾ ਦਾ ਗੀਤ ਇਨ੍ਹੀਂ ਦਿਨੀਂ ਟੀ.ਵੀ. ਚੈਨਲਾਂ 'ਤੇ ਚੱਲਦਾ ਦੇਖਿਆ ਹੋਵੇਗਾ। ਗੀਤ ਵਿਚ ਸੋਹਣੀ ਪੱਗ ਬੰਨ੍ਹ ਅਧਨੰਗੀਆਂ ਕੁੜੀਆਂ 'ਚ ਘਿਰਿਆ ਇਹ ਅਖੌਤੀ ਕਲਾਕਾਰ ਹੱਥ 'ਚ ਸ਼ਰਾਬ ਦਾ ਗਿਲਾਸ ਫੜ ਮੁਟਿਆਰਾਂ ਨੂੰ ਕਹਿ ਰਿਹਾ ਹੈ, 'ਏਨਾ ਵੀ ਨਾ ਡੋਪ ਸ਼ੋਪ ਮਾਰਿਆ ਕਰੋ, ਥੋੜ੍ਹਾ ਬਹੁਤਾ ਲਿਮਕਾ ਵੀ ਪਾ ਲਿਆ ਕਰੋ, ਐਵੇਂ ਖਾਲੀ ਢਿੱਡ ਲੀਵਰ ਨਾ ਸਾੜਿਆ ਕਰੋ' ਤੇ ਗੀਤ ਦੇ ਰੈਪ ਵਿਚ ਹਨੀ ਸਿੰਘ ਵਰਗਾ ਕਲੰਕੀ ਸੋਚ ਦਾ ਮਾਲਕ ਆਖਦਾ ਹੈ, 'ਮੈਂ ਸੋਫ਼ੀਆਂ ਦਾ ਰਾਜਾ, ਨਸ਼ੇ 'ਚ ਮੇਰੀ ਰਾਣੀ, ਰਾਣੀ ਪਾਣੀ ਵੀ ਨਹੀਂ ਪਾਉਂਦੀ, ਜਦੋਂ ਡਰਿੰਕ ਏ ਬਣਾਉਂਦੀ', ਤੇ ਦੱਸੋ ਕਿਹੜੇ ਸਿੱਖ ਸੂਰਬੀਰ ਨੇ ਇਸ ਸਿੱਖ ਗਾਇਕ ਨੂੰ ਇਹ ਗਾਣਾ ਗਾਉਣ ਤੋਂ ਰੋਕਿਆ, ਕਿਹੜੇ ਭੱਦਰ ਪੁਰਸ਼ ਨੇ ਹਨੀ ਸਿੰਘ ਨੂੰ ਇਹੋ ਜਿਹੀਆਂ ਕਰਤੂਤਾਂ ਕਰਨ ਤੋਂ ਵਰਜਿਆ। ਜਿਨ੍ਹਾਂ ਸਿੱਖਾਂ ਨੂੰ ਸਿਰਫ਼ ਸਿੱਧੀ ਗੱਲ ਸਮਝ ਆਉਂਦੀ ਹੈ, ਉਨ੍ਹਾਂ ਨੂੰ ਦੱਸ ਦੇਈਏ ਕਿ ਇਸ 'ਪਗੜੀਧਾਰੀ' ਦੇ ਗੀਤ ਵਿਚਲੇ ਰੈਪ 'ਚ ਕਿਹਾ ਗਿਆ ਹੈ ਕਿ ਅੱਜ-ਕੱਲ੍ਹ ਫਰੈਸ਼ ਕੁੜੀ ਕੋਈ ਨਹੀਂ ਮਿਲਦੀ, ਸਭ ਸੈਕੰਡ ਹੈਂਡ ਮਾਲ ਏ ਤੇ ਜੀਹਨੂੰ ਜਿਹੜੀ ਮਿਲਦੀ ਏ, ਉਹ ਚੁੱਕ ਲਵੋ।'

ਸਭ ਤੋਂ ਹੈਰਾਨੀ ਦੀ ਗੱਲ ਹੈ ਕਿ ਜਦੋਂ ਗਿੱਪੀ ਗਰੇਵਾਲ ਦਾ ਗੀਤ 'ਤੂੰ ਪਰਿਵਾਰ ਵਾਰ ਗਿਆ ਸੀ, ਇਹ ਪਰਿਵਾਰ ਪਾਲਦੇ ਨੇ' ਚੈਨਲਾਂ 'ਤੇ ਚੱਲਦੈ ਤਾਂ ਪੰਥਕ ਜਥੇਬੰਦੀਆਂ ਨੂੰ ਵੱਟ ਚੜ੍ਹ ਜਾਂਦੈ ਤੇ ਗਾਣਾ ਤੁਰੰਤ ਬੰਦ ਕਰਨ ਦੀ ਹਦਾਇਤ ਕੀਤੀ ਜਾਂਦੀ ਏ। ਪਰ ਜਦੋਂ ਦਸਤਾਰਾਂ ਸਜਾ ਕੇ, ਖੰਡੇ ਗ਼ਲ 'ਚ ਪਾ ਕੇ ਤੇ ਬਾਬੇ ਨਾਨਕ ਦਾ ਨਾਂ ਲੈ ਕੇ ਕਲਾਕਾਰਾਂ ਵੱਲੋਂ ਧੀਆਂ-ਧਿਆਣੀਆਂ ਨੂੰ ਚੁੱਕਣ, ਉਨ੍ਹਾਂ ਨੂੰ ਨਸ਼ੇ 'ਚ ਟੁੰਨ ਰਹਿਣ ਵਾਲੀਆਂ ਤੇ ਪਹਿਲੇ ਨੂੰ ਛੱਡ ਦੂਜੇ ਦੀਆਂ ਬਾਹਾਂ 'ਚ ਆਉਣ ਦੀ ਸੁਲ੍ਹਾ ਮਾਰੀ ਜਾਂਦੀ ਏ ਤਾਂ ਕਿਸੇ ਸਿੱਖ ਦੇ ਡੌਲੇ ਨਹੀਂ ਫਰਕਦੇ, ਨਾ ਕਲਾਕਾਰ ਨੂੰ, ਨਾ ਲਿਖਣ ਵਾਲੇ ਨੂੰ ਤੇ ਨਾ ਰਿਲੀਜ਼ ਕਰਨ ਵਾਲੇ ਨੂੰ ਇਨ੍ਹਾਂ ਕਰਤੂਤਾਂ ਬਦਲੇ ਜਵਾਬਦੇਹ ਕੀਤਾ ਜਾਂਦਾ ਹੈ।

ਜਿਹੜੇ ਕਲਾਕਾਰ ਗੰਦ ਬਕਦੇ ਨੇ, ਉਨ੍ਹਾਂ ਦਾ ਸਿੱਧਾ ਜਿਹਾ ਜਵਾਬ ਏ, 'ਲੋਕ ਸੁਣਦੇ ਨੇ ਤੇ ਅਸੀਂ ਗਾਉਂਦੇ ਹਾਂ।' ਤੇ ਹੁਣ ਇਹ ਆਪੇ ਸੋਚ ਲਵੋ ਕਿ 'ਲੋਕ' ਕੌਣ ਨੇ, ਅਸੀਂ ਜਾਂ ਤੁਸੀਂ ਤੇ ਗ਼ੈਰਤ ਕਿੱਥੇ ਏ ਸਾਡੀ ਤੇ ਤੁਹਾਡੀ।'

ਪਿਛਲੇ ਸਮੇਂ ਵਿਚ ਅਸੀਂ ਮਾੜਾ ਗਾਉਣ ਵਾਲੇ ਜਿਨ੍ਹਾਂ ਕਲਾਕਾਰਾਂ ਖਿਲਾਫ਼ ਲਿਖਿਆ, ਉਹ ਸ਼ਰੇਆਮ ਕਹਿੰਦੇ ਨੇ ਕਿ ਇਹਦਾ ਕੰਡਾ ਕੱਢਣਾ ਸਾਡੀ ਪਹਿਲ 'ਚ ਸ਼ਾਮਲ ਹੈ ਤੇ ਜਿਨ੍ਹਾਂ ਨੂੰ ਜਗਾਉਣ ਲਈ ਇਹ ਲਿਖਿਆ, ਉਹ ਏਦਾਂ ਸਮਝਦੇ ਨੇ, ਜਿਵੇਂ ਇਹ ਮਸਲਾ ਸਾਡਾ ਨਿੱਜੀ ਹੋਵੇ। ਰਾਹ ਜਾਂਦੀ ਕੁੜੀ ਨੂੰ ਕੋਈ ਮੁਸ਼ਟੰਡਾ ਦੋ ਸ਼ਬਦ ਮਾੜੇ ਬੋਲ ਦੇਵੇ ਤਾਂ 'ਇੱਜ਼ਤਾਂ ਦੇ ਰਾਖੇ' ਪੰਜਾਹ ਜਣੇ ਉਹਦੀ ਖੁੰਬ ਠੱਪ ਛੱਡਦੇ ਨੇ। ਮਰੀਅਲ ਜਿਹਾ ਉਹ ਬੰਦਾ ਵੀ ਦੋ ਚਪੇੜਾਂ ਮਾਰ ਜਾਂਦੈ, ਜੀਹਨੇ ਕਦੇ ਕੁੱਤੇ ਦੇ ਵੱਟਾ ਨਹੀਂ ਮਾਰਿਆ ਹੁੰਦਾ। ਪਰ ਕਲਾਕਾਰ ਕਿਸੇ ਇੱਕ ਕੁੜੀ ਦੀ ਨਹੀਂ, ਸਗੋਂ ਸਮੂਹ ਦੀ ਗੱਲ ਕਰਦੇ ਨੇ ਤੇ ਇਹੀ ਪੰਜਾਬੀ 'ਛੱਡੋ ਜੀ' ਕਹਿ ਕੇ ਪੱਲਾ ਝਾੜ ਲੈਂਦੇ ਨੇ।

ਹੈਰਾਨੀ ਹੁੰਦੀ ਹੈ, ਜਦੋਂ ਵਿਦੇਸ਼ਾਂ ਦੇ ਰੇਡੀਓ, ਟੀ.ਵੀ 'ਤੇ ਨਿੱਕੀ-ਨਿੱਕੀ ਗੱਲ 'ਤੇ 'ਖਾਲਿਸਤਾਨ' ਦੇ ਚਾਹਵਾਨ ਭੜਕ ਪੈਂਦੇ ਨੇ, ਸਿੱਖੀ ਨੂੰ ਬਚਾਉਣ ਲਈ ਗ਼ਰਮ ਸ਼ਬਦਾਂ ਦੀ ਵਰਤੋਂ ਕਰਨ ਲੱਗਦੇ ਨੇ ਪਰ ਉਨ੍ਹਾਂ ਨੂੰ ਉਦੋਂ ਕਿਉਂ ਨਹੀਂ ਦਿਸਦਾ, ਜਦੋਂ ਉਨ੍ਹਾਂ ਦੇ ਸ਼ਹਿਰਾਂ 'ਚ ਪ੍ਰਮੋਟਰ ਇਨ੍ਹਾਂ 'ਅਖੌਤੀ ਸਿੱਖਾਂ' ਨੂੰ ਪੰਜਾਬੀਆਂ ਦੇ ਮਨੋਰੰਜਨ ਲਈ ਸੱਦਦੇ ਨੇ। ਕੀ ਉਨ੍ਹਾਂ ਸਿੱਖ ਸੂਰਬੀਰਾਂ ਨੇ ਕਦੇ ਇਨ੍ਹਾਂ ਕਲਾਕਾਰਾਂ ਦੀ ਭੁਗਤ ਸੰਵਾਰਨ ਦੀ ਕੋਸ਼ਿਸ਼ ਕੀਤੀ, ਇਨ੍ਹਾਂ ਨੂੰ ਬੰਦਿਆਂ ਵਾਲੇ ਕੰਮ ਕਰਨ ਲਈ ਆਖਿਆ? ਜਦੋਂ ਪੇਚਾਂ ਵਾਲੀ ਪੱਗ ਬੰਨ੍ਹ ਸ਼ਮਸ਼ੇਰ ਮਹਿੰਦੀ 'ਜੇ ਵੈਰੀ ਆਣ ਖਲੋਵੇ ਤਾਂ ਸੀਨੇ ਗੋਲੀ ਮਾਰਾਂ' ਵਰਗੇ ਗੀਤ ਗਾਉਂਦੈ ਤੇ ਗੀਤ ਮੂਹਰੇ 'ਫੜੋ ਇਨ੍ਹਾਂ ਭੈਣ ਦਿਆਂ ਯਾਰਾਂ ਨੂੰ' ਵਰਗਾ ਸ਼ਬਦ ਪੇਸ਼ ਕਰਦੈ ਤਾਂ ਇਨ੍ਹਾਂ ਸਿੱਖਾਂ ਦੇ ਹਿਰਦੇ ਕਿਉਂ ਨਹੀਂ ਵਲੂੰਧਰੇ ਜਾਂਦੇ?

ਇਹ ਸਭ ਸਾਡੀ ਕਮਜ਼ੋਰੀ ਹੈ ਕਿ ਕਲਾਕਾਰ ਬੇਸ਼ਰਮੀ ਦੀਆਂ ਹੱਦਾਂ ਪਾਰ ਗਏ ਨੇ ਤੇ ਅਸੀਂ ਸਿਰਫ਼ ਉਨ੍ਹਾਂ ਮੁੱਦਿਆਂ 'ਚ ਉਲਝੇ ਰਹਿੰਦੇ ਹਾਂ, ਜਿਨ੍ਹਾਂ ਦਾ ਕੋਈ ਸਿਰ-ਪੈਰ ਨਹੀਂ। ਫਰਾਂਸ ਵਿਚ ਪੱਗ ਦੀ ਬੇਅਦਬੀ ਦਾ ਮਸਲਾ ਹੋਵੇ ਤਾਂ ਹਰ ਸਿੱਖ ਕੱਪੜੇ ਪਾੜਨ ਲੱਗ ਜਾਂਦੈ ਪਰ ਜਦੋਂ ਸਿੱਖੀ ਰੂਪ 'ਚ ਸਜੇ ਕਲਾਕਾਰ ਲੰਮੀ ਪਈਆਂ ਕੁੜੀਆਂ ਦੇ ਢਿੱਡਾਂ 'ਤੇ ਸ਼ਰਾਬ ਦੇ ਗਿਲਾਸ ਰੱਖ ਕੇ ਕਹਿੰਦੇ ਨੇ, 'ਅਸੀਂ ਗਟ-ਗਟ ਕਰਕੇ ਪੀਵਾਂਗੇ, ਨਾਲੇ ਇਹਨੂੰ ਨੀ, ਨਾਲੇ ਤੈਨੂੰ ਨੀਂ', ਉਦੋਂ ਸਾਡੇ ਸਿੱਖ ਸਮਾਜ ਦੀ ਸੋਚ ਕਿਹੜੇ ਖੂਹ-ਖਾਤੇ ਪੈ ਜਾਂਦੀ ਹੈ?

ਪੰਜਾਬੀ ਅਕਸਰ ਰੌਲਾ ਪਾਉਂਦੇ ਨੇ ਹਿੰਦੀ ਫਿਲਮਾਂ 'ਚ ਸਰਦਾਰਾਂ ਦੇ ਕਿਰਦਾਰ ਮਜ਼ਾਹੀਆ ਰੂਪ 'ਚ ਪੇਸ਼ ਕੀਤੇ ਜਾਂਦੇ ਨੇ। ਕਿਸੇ ਫਿਲਮ 'ਚ ਸਰਦਾਰ ਕਾਮੇਡੀਅਨ ਹੁੰਦੈ ਤੇ ਕਿਸੇ 'ਚ ਬੇਇਜ਼ਤੀ ਕਰਾਉਣ ਵਾਲਾ। ਪਰ ਇਸ ਗੱਲ ਦਾ ਦੁੱਖ ਮਨਾਉਣ ਵਾਲਿਆਂ ਨੇ ਕਦੇ ਇਸ ਗੱਲ ਵੱਲ ਧਿਆਨ ਨਹੀਂ ਦਿੱਤਾ ਕਿ ਕਈ 'ਸਰਦਾਰ' ਅਜਿਹੇ ਨੇ, ਜਿਹੜੇ ਗਾਇਕੀ ਦੇ ਨਾਂ 'ਤੇ ਬਿਮਾਰ ਸੋਚ ਪੇਸ਼ ਕਰਕੇ ਸਿੱਖਾਂ ਦੇ ਅਕਸ ਨੂੰ ਲਗਾਤਾਰ ਵਿਗਾੜ ਰਹੇ ਨੇ। ਹਨੀ ਸਿੰਘ ਵਰਗੇ ਬੇਸ਼ਰਮ ਲੋਕ ਜਦੋਂ ਰੈਪ ਦੇ ਨਾਂ 'ਤੇ ਕੰਜਰਪੁਣਾ ਕਰ ਰਹੇ ਹੋਣ, ਇੰਟਰਨੈਟ 'ਤੇ ਅਸ਼ਲੀਲ ਰੈਪ ਪੇਸ਼ ਕਰਨ ਤੇ ਉਹੀ ਚੈਨਲ ਉਨ੍ਹਾਂ ਨੂੰ 'ਵਧੀਆ ਸੰਗੀਤਕਾਰ' ਦਾ ਖਿਤਾਬ ਦੇ ਰਿਹਾ ਹੋਵੇ, ਜਿਹੜਾ ਗੁਰਬਾਣੀ ਪ੍ਰਸਾਰਣ ਕਰਕੇ ਪੰਜਾਬੀਆਂ ਦੀ ਪਸੰਦ ਦਾ ਕਾਰਨ ਬਣਿਆ ਹੋਵੇ ਤਾਂ ਦੱਸੋ ਉਲਝਿਆ ਸਿਰਫ਼ ਤੰਦ ਹੈ ਜਾਂ ਪੂਰੀ ਤਾਣੀ?

ਜਿਹੜੇ ਲੋਕ ਸੱਭਿਆਚਾਰ 'ਤੇ ਹੋ ਰਹੇ ਹਮਲਿਆਂ ਖਿਲਾਫ਼ ਚਿੰਤਤ ਹੋਣ ਦੀ ਗੱਲ ਕਰਦੇ ਨੇ, ਉਹ ਸਿਰਫ਼ ਨੈਟ 'ਤੇ ਪਛਾਣ ਲੁਕੋ ਕੇ ਗਾਲ੍ਹਾਂ ਕੱਢ ਸਕਦੇ ਨੇ, ਜ਼ਮੀਨੀ ਪੱਧਰ 'ਤੇ ਕੋਈ ਕਾਰਵਾਈ ਕਰਨੀ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਤੇ ਇਸ ਨਿਪੁੰਸਕ ਸੋਚ ਨੂੰ ਭਾਂਪਦਿਆਂ ਪੰਜਾਬੀ ਕਲਾਕਾਰਾਂ ਨੇ ਉਹ-ਉਹ ਕੁਝ ਪੇਸ਼ ਕਰਨਾ ਸ਼ੁਰੂ ਕੀਤੈ, ਜੀਹਨੂੰ ਕਿਸੇ ਵੇਲ਼ੇ 'ਮਾੜਾ' ਸਮਝਿਆ ਜਾਂਦਾ ਰਿਹਾ ਹੈ। ਬਾਹਰ ਬੈਠਿਆਂ ਨੂੰ ਪੱਗਾਂ ਬੰਨ੍ਹ ਗੰਦ ਪਾਉਣ ਵਾਲੇ ਕਲਾਕਾਰ ਨਹੀਂ ਦਿਸਦੇ ਤੇ ਏਧਰ ਵਸਦੇ 'ਪੰਜਾਬੀ ਯੋਧੇ' ਆਪਣੀਆਂ ਇੱਜ਼ਤਾਂ ਦਾ ਖਿਲਾਫ਼ ਛੱਡ ਦੂਜਿਆਂ ਦੀਆਂ ਲੁੱਟੀਆਂ ਜਾ ਰਹੀਆਂ ਇੱਜ਼ਤਾਂ ਦਾ ਸਵਾਦ ਚੱਖ ਰਹੇ ਨੇ। 'ਸਿੱਖਾਂ 'ਤੇ ਹਮਲੇ' ਦੀ ਗੱਲ ਸੁਣ ਕੇ ਭੜਕਣ ਵਾਲਿਆਂ ਨੇ ਜੇ ਅੱਜ ਤੱਕ ਮਾੜਾ ਗਾਉਣ ਤੇ ਫਿਲਮਾਉਣ ਵਾਲਿਆਂ ਦੀ ਕਦੇ ਟਾਈ ਢਿੱਲੀ ਕਰਨ ਦੀ ਜ਼ੁਅੱਰਤ ਕੀਤੀ ਹੁੰਦੀ ਤਾਂ ਸਾਡੇ ਸੱਭਿਆਚਾਰ ਦਾ ਇਸ ਤਰ੍ਹਾਂ ਜਨਾਜ਼ਾ ਨਹੀਂ ਸੀ ਨਿਕਲਣਾ।

---

# ਨਿੰਦਕ ਕਾ ਮੁਖ ਕਾਲਾ ਹੋਆ

ਬਾਦਲਕਿਆਂ ਦਾ ਭਾਈਵਾਲ, ਸਿੱਖ ਕੌਮ ਦੇ ਕਤਲ ਦੇ ਹਾਮੀ ਅਤੇ ਜਨੂੰਨੀ ਹਿੰਦੂਵਾਦੀ ਆਗੂ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਬੁੱਢਾ ਲੀਡਰ ਲਾਲ ਕ੍ਰਿਸ਼ਨ ਅਡਵਾਨੀ ਅੱਜ ਕੱਲ੍ਹ ਆਪਣੀ ਜਨ ਚੇਤਨਾ ਯਾਤਰਾ ਰਾਹੀਂ ਗਲੀ-ਗਲੀ ਧੱਕੇ ਖਾਂਦਾ ਫਿਰ ਰਿਹਾ ਹੈ। ਜਨ ਚੇਤਨਾ ਯਾਤਰਾ ਦਾ ਸਟੰਟ ਵੀ ਬਾਦਲ ਸਟੰਟ ਤੋਂ ਕੋਈ ਵੱਖਰਾ ਨਹੀਂ ਹੈ। ਬਾਦਲਕੇ ਅਤੇ ਅਡਵਾਨੀਕੇ ਸਾਰੇ ਇਕੋ ਹੀ ਤੱਕੜੀ ਦੇ ਚੱਟੇ-ਵੱਟੇ ਹਨ। ਇਹ ਦੋਵੇਂ ਆਪੋ-ਆਪਣੇ ਤਮਾਸ਼ੇ ਵਿਖਾ ਕੇ ਲੋਕਾਂ ਦਾ ਮਨ ਪ੍ਰਚਾਵਾ ਵੀ ਕਰ ਰਹੇ ਹਨ ਅਤੇ ਜਦੋਂ ਲੋਕ ਤਮਾਸ਼ਾ ਦੇਖਣ ਲਈ ਭੀੜ ਦੇ ਰੂਪ ਵਿਚ ਇਕੱਠੇ ਹੋ ਜਾਂਦੇ ਹਨ ਤਾਂ ਇਹ ਆਪਣੇ ਤਮਾਸ਼ੇ ਦਾ ਵਾਸਤਾ ਪਾ ਕੇ ਜੁੜੀ ਭੀੜ ਤੋਂ ਵੋਟਾਂ ਮੰਗਣ ਲੱਗ ਪੈਂਦੇ ਹਨ।

ਆਓ, ਪਹਿਲਾਂ ਅਡਵਾਨੀ ਦੀ ਗੱਲ ਕਰੀਏ। ਕਿੰਨਾ ਚੰਗਾ ਹੁੰਦਾ, ਜੇ ਇਸ ਜਨੂੰਨੀ ਆਗੂ ਨੂੰ ਸ੍ਰੀ ਅੰਮ੍ਰਿਤਸਰ ਦੀ ਹੱਦ ਤੋਂ ਬਾਹਰ ਹੀ ਰੱਖਿਆ ਜਾਂਦਾ ਅਤੇ ਜੇ ਉਸ ਨੂੰ ਇਸ ਪਵਿੱਤਰ ਗੁਰੂ ਕੀ ਨਗਰੀ ਵਿਚ ਵਾੜ ਹੀ ਲਿਆ ਗਿਆ ਸੀ ਤਾਂ ਘੱਟ ਤੋਂ ਘੱਟ ਬਾਦਲਕੇ ਇੰਨੀ ਕੁ ਸ਼ਰਮ ਜਾਂ ਸੰਕੋਚ ਜ਼ਰੂਰ ਕਰਦੇ ਕਿ ਉਹ ਸਿੱਖ ਵਿਰੋਧੀ ਆਪਣਾ ਕਾਲਾ ਮੂੰਹ ਲੈ ਕੇ ਗੁਰੂ ਦਰਬਾਰ ਵਿਚ ਹਾਜ਼ਿਰ ਨਾ ਹੋ ਸਕਦਾ। ਹੈਰਾਨੀ ਵਾਲੀ ਗੱਲ ਇਹ ਹੋਈ ਕਿ ਉਹ ਪਾਪੀ ਬੰਦਾ ਹਰਿਮੰਦਰ ਸਾਹਿਬ ਪਹੁੰਚ ਕੇ ਵੀ ਆਪਣਾ ਸਿਰ ਗੁਰੂ ਚਰਨਾਂ 'ਤੇ ਨਾ ਰੱਖ ਸਕਿਆ ਅਤੇ ਹੰਕਾਰ ਵਿਚ ਭਰੇ ਹੋਏ ਨੇ ਮਦਮਸਤ ਹਾਥੀ ਵਾਂਗ ਪੰਜ ਸੌ ਰੁਪਏ ਦਾ ਨੋਟ ਗੁਰੂ ਦੇ ਸਾਹਮਣੇ ਵਗਾਹ ਕੇ ਮਾਰਿਆ। ਉਹ ਗੁਰੂ ਦੇ ਚਰਨਾਂ 'ਤੇ ਡਿੱਗ ਕੇ ਗੁਰੂ ਤੋਂ ਆਪਣੇ ਗੁਨਾਹਾਂ ਦੀ ਖ਼ਿਮਾ ਨਾ ਮੰਗ ਸਕਿਆ। ਗੁਰਬਾਣੀ ਦਾ ਫ਼ੁਰਮਾਨ ਹੈ, ਹਰਿ ਜੀਓ ਹੰਕਾਰ ਨ ਭਾਵਈ ਵੇਦ ਕੂਕ ਸੁਨਾਵਹਿ। ਉਸੇ ਵੇਲੇ ਹੀ ਐਸਾ ਚਮਤਕਾਰ ਅਤੇ ਸਤਿਗੁਰਾਂ ਦੀ ਬਖ਼ਸ਼ਿਸ਼ ਹੋਈ ਕਿ ਸ੍ਰੀ ਦਰਬਾਰ ਸਾਹਿਬ ਅੰਦਰ ਸੇਵਾ ਕਰਦੇ ਇਕ ਅਰਦਾਸੀਏ ਸਿੰਘ ਭਾਈ ਕੁਲਵਿੰਦਰ ਸਿੰਘ ਨੂੰ ਉਨ੍ਹਾਂ ਦੀ ਅਣਖ ਤੇ ਗੈਰਤ ਨੇ ਹਲੂਣਾ ਦਿੱਤਾ। ਜਦ ਉਸ ਨੇ ਅਡਵਾਨੀ ਨੂੰ ਨੋਟ ਵਗਾਹ ਕੇ ਸੁੱਟਦਾ ਵੇਖਿਆ ਤਾਂ ਇਕ ਪਲ ਵਿਚ ਹੀ ਉਸ ਨੇ ਉਸ ਨੂੰ ਸਿਰੋਪਾਓ ਦੇਣ ਤੋਂ ਇਨਕਾਰ ਕਰ ਦਿੱਤਾ।

ਮੈਂ ਤਾਂ ਇਥੇ ਇਹੀ ਕਹਾਂਗੀ ਕਿ ਭਾਈ ਕੁਲਵਿੰਦਰ ਸਿੰਘ ਨੂੰ ਲੱਖ ਲੱਖ ਵਧਾਈਆਂ ਅਤੇ ਗੁਰੂ ਹਰ ਪਲ ਉਨ੍ਹਾਂ ਦੇ ਅੰਗ-ਸੰਗ ਰਹਿਣ। ਭਾਈ ਸਾਹਿਬ ਨੇ ਤਾਂ ਇਸ ਘੋਰ ਭੈੜੇ ਸਮੇਂ ਵਿਚ ਉਹ ਕੰਮ ਕਰ ਵਿਖਾਇਆ ਹੈ ਜਿਸ ਨੂੰ ਵੱਡੇ ਸੂਰਮੇ ਵੀ ਨਹੀਂ ਕਰ ਸਕਦੇ। ਉਨ੍ਹਾਂ ਇਕ ਵਾਰੀ ਫਿਰ ਇਤਿਹਾਸ ਨੂੰ ਜਿਉਂਦਾ ਕਰ ਛੱਡਿਆ ਹੈ। ਕਹਿੰਦੇ ਨੇ, ਜਦ ਭਾਈ ਕੁਲਵਿੰਦਰ ਸਿੰਘ ਨੇ ਸਿਰੋਪਾਓ ਦੇਣ ਤੋਂ ਨਾਂਹ ਕੀਤੀ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਚ ਅਧਿਕਾਰੀਆਂ ਨੇ ਵੀ ਕਾਫ਼ੀ ਦਬਾਅ ਪਾਇਆ ਕਿ ਅਡਵਾਨੀ ਨੂੰ ਸਿਰੋਪਾਓ ਮਿਲਣਾ ਚਾਹੀਦਾ ਹੈ ਪਰ ਭਾਈ ਕੁਲਵਿੰਦਰ ਸਿੰਘ ਨੇ ਡੱਟ ਕੇ ਜਵਾਬ ਦੇ ਦਿੱਤਾ। ਕਹਿਣਾ ਬਣਦਾ ਹੈ ਕਿ ਧੰਨ ਧੰਨ ਗੁਰੂ ਰਾਮਦਾਸ ਜੀ ਤੇ ਧੰਨ ਉਨ੍ਹਾਂ ਦੇ ਸਿੱਖ। ਜੇਕਰ ਸਾਰੇ ਹੀ ਗੁਰੂਘਰਾਂ ਦੇ ਗ੍ਰੰਥੀ ਜਾਂ ਸੇਵਾਦਾਰ ਇਸ ਮਤ ਦੇ ਹੋ ਜਾਣ ਤਾਂ ਸਾਰੀਆਂ ਧਾਂਦਲੀਆਂ ਹੀ ਮੁੱਕ ਜਾਣ, ਪਰ ਸ਼੍ਰੋਮਣੀ ਕਮੇਟੀ ਵੀ ਕਿਤੇ ਚੁੱਪ ਕਰਕੇ ਬੈਠਣ ਵਾਲੀ ਚੀਜ਼ ਦਾ ਨਾਮ ਹੈ? ਇਸ ਨੇ ਅਡਵਾਨੀ ਨੂੰ ਆਪਣੇ ਦਫ਼ਤਰ ਵਿਚ ਲਿਜਾ ਕੇ ਸਿਰੋਪਾਓ ਵੀ ਦਿੱਤਾ ਅਤੇ ਹੋਰ ਮਾਣ ਸਨਮਾਨ ਵੀ ਕੀਤਾ।

ਇੰਜ ਲੱਗਦਾ ਹੈ ਕਿ ਜਿਵੇਂ ਬਾਦਲਕਿਆਂ ਦੇ ਭੂਤ ਦਾ ਡਰ ਲੋਕਾਂ ਦੇ ਅੰਦਰ ਵੜ ਕੇ ਬੈਠ ਗਿਆ ਹੈ ਅਤੇ ਜਿਸ ਦਾ ਨਾਮ ਸ਼੍ਰੋਮਣੀ ਕਮੇਟੀ ਹੈ, ਉਸ ਨੂੰ ਬਾਦਲਕਿਆਂ ਦਾ ਜਿੰਨ ਚਿੰਬੜ ਗਿਆ ਹੈ ਅਤੇ ਸਮੇਤ ਜਥੇਦਾਰਾਂ, ਭਾਈਆਂ ਅਤੇ ਪ੍ਰਬੰਧਕਾਂ ਦੇ, ਸਾਰੇ ਹੀ ਆਪਣੀ ਸੋਚਣ-ਸਮਝਣ ਦੀ ਸ਼ਕਤੀ ਗੁਆ ਬੈਠੇ ਹਨ। ਪੰਜਾਬ ਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜੋ ਇਸ ਵੇਲੇ ਚੰਗੀ ਖ਼ਾਸੀ ਉਮਰ ਭੋਗ ਚੁੱਕਾ ਹੈ, ਉਸ ਦਾ ਵੀ ਸਿਰ ਚਕਰਾਉਣ ਲੱਗ ਪਿਆ ਹੈ ਅਤੇ ਹਰ ਕੰਮ ਸਿੱਧਾ ਕਰਨ ਦੀ ਥਾਂ ਪੁੱਠਾ ਕਰ ਰਿਹਾ ਹੈ। ਗੁਰਬਾਣੀ ਦਾ ਫੁਰਮਾਨ ਹੈ, ਸਤਰ ਕਾ ਮਤਿਹੀਨ ਹੋਇ ਅਸੀਹਾ ਕਾ ਵਿਉਹਾਰ ਨ ਪਾਵੈ॥


## ਪਾਠਕਾਂ ਦੀ ਰਾਇ

ਸੋ ਇਹ ਤਾਂ ਹਨ ਵੱਡੇ ਬਾਦਲ ਜੀ। ਛੋਟੇ ਬਾਦਲ ਇਨ੍ਹਾਂ ਤੋਂ ਵੀ ਹਜ਼ਾਰਾਂ ਕਦਮ ਅੱਗੇ ਵਧ ਕੇ ਪੰਜਾਬ ਨੂੰ ਤਰੱਕੀਆਂ 'ਤੇ ਲਿਜਾ ਰਹੇ ਹਨ ਅਤੇ ਪੰਜਾਬ ਦਾ ਮਨੋਰੰਜਨ ਵੀ ਡਟ ਕੇ ਕਰ ਰਹੇ ਹਨ, ਪਰ ਇਹ ਸਭ ਪੰਜਾਬ ਵਾਸੀਆਂ ਦੇ ਅੱਖਾਂ ਵਿਚ ਘੱਟਾ ਪਾਉਣ ਲਈ ਕੀਤਾ ਜਾ ਰਿਹਾ ਹੈ। ਪਹਿਲਾਂ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਵਿਚ ਡੋਬਿਆ ਗਿਆ ਹੈ ਅਤੇ ਹੁਣ ਪੰਜਾਬ ਦੀਆਂ ਨੂੰਹਾਂ-ਧੀਆਂ ਨੂੰ ਬਾਲੀਵੁੱਡ ਦੇ ਨੰਗੇ ਨਾਚ ਵਿਖਾ ਕੇ ਉਨ੍ਹਾਂ ਨੂੰ ਨਵੇਂ ਜ਼ਮਾਨੇ ਦੀ ਰਹਿਣੀ-ਬਹਿਣੀ ਦਾ ਸਿਧਾਂਤ ਸਿਖਾਇਆ ਜਾ ਰਿਹਾ ਹੈ ਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਦੀਆਂ ਧੀਆਂ-ਨੂੰਹਾਂ ਬਾਲੀਵੁਡ ਵਰਗੇ ਕੱਪੜੇ ਪਾ ਕੇ ਫਿਰਿਆ ਕਰਨਗੀਆਂ ਅਤੇ ਪੰਜਾਬ ਦੀਆਂ ਬੇਟੀਆਂ ਨੂੰ ਨਿੱਕੇ-ਨਿੱਕੇ ਕੱਪੜੇ ਪਾ ਕੇ ਨੱਚਣਾ ਨੰਨ੍ਹੀ ਛਾਂ ਵਾਲੀ ਹਰਸਿਮਰਤ ਕੌਰ ਬਾਦਲ ਸਿਖਾਇਆ ਕਰੇਗੀ। ਵੇਖੋ, ਅਡਵਾਨੀ ਦੀ ਯਾਤਰਾ ਨੂੰ ਪੰਜਾਬ ਵਿਚ ਵੜਨ ਤੇ 'ਜੀ ਆਇਆਂ ਨੂੰ' ਆਖਣ ਲਈ ਬਾਦਲ ਸਾਹਿਬ ਆਪਣੀ ਨੂੰਹ ਨੂੰ ਅੱਗੇ ਤੋਰਦੇ ਹਨ ਕਿ ਜਾ ਬੀਬੀ, ਤੂੰ ਉਸ ਬੁੱਢੇ ਜਨੂੰਨੀ ਹਿੰਦੂਤਵੀ ਤੋਂ ਅਸ਼ੀਰਵਾਦ ਲੈ ਆ। ਐਮ.ਪੀ. ਹਰਸਿਮਰਤ ਕੌਰ ਬਾਦਲ ਵੀ ਆਪਣੇ ਪੂਰੇ ਲਾਮ-ਲਸ਼ਕਰ ਨਾਲ ਅਡਵਾਨੀ ਨੂੰ 'ਜੀ ਆਇਆਂ ਨੂੰ' ਕਹਿਣ ਲਈ ਉਥੇ ਜਾ ਪਹੁੰਚਦੀ ਹੈ ਅਤੇ ਉਸ ਦੀ ਬੱਸ 'ਤੇ ਫੁੱਲਾਂ ਦੀ ਵਰਖਾ ਵੀ ਕਰਦੀ ਹੈ, ਅਕਾਸ਼ ਗੁੰਜਾਊ ਜੈਕਾਰੇ ਵੀ ਲਗਾਏ ਜਾਂਦੇ ਹਨ। ਧੰਨ ਹਨ ਬਾਦਲ ਸਾਹਿਬ ਅਤੇ ਧੰਨ ਹੈ ਉਸ ਦਾ ਕਾਫ਼ਲਾ ਜਿਨ੍ਹਾਂ ਨੇ ਵੋਟਾਂ ਖਾਤਰ ਸਿੱਖ ਕੌਮ ਦੇ ਦੁਸ਼ਮਣਾਂ ਦਾ ਪੂਰੇ ਵਾਜਿਆਂ-ਗਾਜਿਆਂ ਨਾਲ ਸਤਿਕਾਰ ਕੀਤਾ ਹੈ।

ਪੰਜਾਬੀਆਂ ਨੂੰ ਵੀ ਗੂੜ੍ਹੀ ਨੀਂਦ ਤੋਂ ਜਾਗ ਉਠਣਾ ਚਾਹੀਦਾ ਹੈ ਅਤੇ ਇੱਟ ਦਾ ਜਵਾਬ ਪੱਥਰ ਨਾਲ ਦੇਣਾ ਚਾਹੀਦਾ ਹੈ। ਕੌਮ ਧਰੋਹੀਆਂ ਨੂੰ ਮੂੰਹ ਨਹੀਂ ਲਾਉਣਾ ਚਾਹੀਦਾ। ਬਲਿਹਾਰੇ ਜਾਈਏ ਭਾਈ ਕੁਲਵਿੰਦਰ ਸਿੰਘ ਦੇ, ਜਿਸ ਨੇ ਸਿੱਖ ਕੌਮ ਨੂੰ ਹਲੂਣਾ ਦਿੱਤਾ ਅਤੇ ਅਡਵਾਨੀ ਨੂੰ ਸਿਰੋਪਾਓ ਦੇਣ ਤੋਂ ਨਾਂਹ ਕੀਤੀ। ਯਾਦ ਕਰੀਏ ਇਕ ਪੁਰਾਣੀ ਗੱਲ-ਹਸਤਨਾਪੁਰ ਸ਼ਹਿਰ ਦਾ ਰਾਜਾ ਧ੍ਰਿਤਰਾਸ਼ਟਰ ਅੱਖਾਂ ਤੋਂ ਅੰਨ੍ਹਾ ਸੀ ਅਤੇ ਉਹ ਆਪਣੇ ਮੂਰਖ ਤੇ ਨਿਕੰਮੇ ਪੁੱਤਰ ਦੁਰਯੋਧਨ ਦੇ ਮੋਹ ਵਿਚ ਫਸ ਕੇ ਧਰਮ, ਕਰਮ ਅਤੇ ਸ਼ਰਮ ਸਭ ਕੁਝ ਨੂੰ ਛਿਕੇ ਟੰਗ ਕੇ ਇਕ ਹੀ ਕਾਮਨਾ ਲੈ ਬੈਠਾ ਸੀ ਕਿ ਹਸਤਨਾਪੁਰ ਦੇ ਸਿੰਘਾਸਨ 'ਤੇ ਜੇ ਕੋਈ ਰਾਜ ਕਰੇਗਾ ਤਾਂ ਸਿਰਫ਼ ਮੇਰਾ ਪੁੱਤਰ ਦੁਰਯੋਧਨ ਹੀ ਕਰੇਗਾ। ਅੱਖਾਂ ਤੋਂ ਤਾਂ ਉਹ ਪਹਿਲਾਂ ਹੀ ਅੰਨ੍ਹਾ ਸੀ, ਪਰ ਪੁੱਤਰ ਮੋਹ ਵਿਚ ਉਹ ਆਪਣੀ ਆਤਮਾ ਦੀ ਆਵਾਜ਼ ਵੀ ਨਾ ਸੁਣ ਸਕਿਆ ਅਤੇ ਕੰਨਾਂ ਤੋਂ ਵੀ ਬੋਲਾ ਹੋ ਗਿਆ ਜਿਸ ਦਾ ਸਾਰਅੰਸ਼ ਮਹਾਂਭਾਰਤ ਦੇ ਰੂਪ ਵਿਚ ਦੁਨੀਆ ਦੇ ਸਾਹਮਣੇ ਆਇਆ।

ਬਾਦਲ ਸਾਹਿਬ ਨੂੰ ਵੀ ਪੁੱਤਰ ਮੋਹ ਦਾ ਜਿੰਨ ਚਿੰਬੜ ਚੁੱਕਾ ਹੈ। ਪਿਛਲੇ ਸਾਲ ਉਨ੍ਹਾਂ ਦੀ ਸਾਰੀ ਤਾਕਤ ਇਸੇ ਕੰਮ 'ਤੇ ਲੱਗੀ ਰਹੀ ਕਿ ਕਿਵੇਂ ਨਾ ਕਿਵੇਂ ਕਾਕਾ ਜੀ ਇਕ ਵਾਰੀ ਮੇਰੇ ਜਿਉਂਦੇ ਜੀ ਪੰਜਾਬ ਦਾ ਚੀਫ਼ ਮਨਿਸਟਰ ਬਣ ਜਾਵੇ ਪਰ ਰੱਬ ਨੂੰ ਮਨਜ਼ੂਰ ਹੀ ਨਹੀਂ ਸੀ ਤੇ ਨਾ ਹੀ ਕਦੀ ਮਨਜ਼ੂਰ ਹੋਣਾ ਹੈ। ਕਹਿੰਦੇ ਨੇ 'ਤਪੋਂ ਰਾਜ ਅਤੇ ਰਾਜੋਂ ਨਰਕ' ਮਿਲਦਾ ਹੈ। ਖੁੱਲ੍ਹ ਕੇ ਭੈੜੀਆਂ ਖੇਡਾਂ ਖੇਡਣ ਵਾਲਿਆਂ ਨੂੰ ਮਾੜੇ ਦਿਨ ਆਉਂਦਿਆਂ ਪਤਾ ਨਹੀਂ ਲਗਦਾ। ਅਜੇ ਵੀ ਰੱਬ ਤੋਂ ਡਰੋ, ਤੇ ਡਰੋ ਆਪਣੇ ਸਤਿਗੁਰ ਨਾਨਕ ਦੇਵ ਤੋਂ ਜਿਸ ਦੇ ਧਰਮ ਅਸਥਾਨਾਂ ਦੀ ਤੁਸੀਂ ਦਰਵਰਤੋਂ ਕਰ ਰਹੇ ਹੋ ਅਤੇ ਬੇਦੋਸ਼ੇ ਮਾਸੂਮਾਂ ਦੇ ਕਤਲਾਂ ਦੇ ਹਾਮੀਆਂ ਨੂੰ ਸਿਰੋਪਾਓ ਅਤੇ ਤਲਵਾਰਾਂ ਭੇਟਾ ਕਰਦੇ ਫਿਰਦੇ ਹੋ। ਬਾਦਲ ਜੀ, ਤੁਸੀਂ ਤਾਂ ਬਹੁਤ ਪਿੱਛੇ ਰਹਿ ਗਏ ਹੋ ਅਤੇ ਭਾਈ ਕੁਲਵਿੰਦਰ ਸਿੰਘ ਤੁਹਾਥੋਂ ਬਹੁਤ ਅੱਗੇ ਨਿਕਲ ਗਏ ਹਨ ਜਿਨ੍ਹਾਂ ਨੇ ਅਡਵਾਨੀ ਦਾ ਗਰੂਰ ਚਕਨਾਚੂਰ ਕਰਕੇ ਸਿੱਖ ਕੌਮ ਦਾ ਸਿਰ ਉਚਾ ਕਰ ਦਿੱਤਾ ਹੈ।

***ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ:916-687-3536***



ਪਹਿਲੀ ਗੱਲ

ਜਤਿੰਦਰ ਮੌਹਰ

ਫੋਨ: +91 97799 34747

# ਬੇਇਨਸਾਫ਼ੀ ਤੇ ਦੁੱਖ ਦੇ ਅਹਿਸਾਸ ਦੀ ਕਹਾਣੀ 'ਮੋਟਰਸਾਈਕਲ ਡਾਇਰੀਜ਼'

ਕੋਹੜ ਦੇ ਰੋਗੀਆਂ ਦਾ ਇਲਾਜ ਕਰਨ ਤੁਰਿਆ ਅਰਜਨਟੀਨੀ ਡਾਕਟਰ ਆਲਮ ਨੂੰ ਚਿੰਬੜੇ ਵੱਡੇ ਕੋਹੜ ਦਾ ਇਲਾਜ ਕਰਨ ਤੁਰ ਪਿਆ ਜਿਸ ਕੋਹੜ ਨੂੰ ਪੰਜਾਬੀ ਇਨਕਲਾਬੀ ਭਗਤ ਸਿੰਘ ਨੇ 'ਮਨੁੱਖ ਹੱਥੋਂ ਮਨੁੱਖ ਦੀ ਲੁੱਟ' ਐਲਾਨਿਆ ਸੀ। ਉਸ ਡਾਕਟਰ ਅਰਨੈਸਟੋ ਗੁਵੇਰਾ ਨੂੰ ਮਨੁੱਖਤਾ 'ਚੀ ਗੁਵੇਰਾ' ਦੇ ਨਾਮ ਨਾਲ ਵਧੇਰੇ ਜਾਣਦੀ ਹੈ। ਚੀ ਨੇ ਚੌਵੀ ਸਾਲ ਦੀ ਉਮਰ 'ਚ ਮਿੱਤਰ ਪਿਆਰੇ ਐਲਬਰਟੋ ਨਾਲ ਲਾਤੀਨੀ ਅਮਰੀਕੀ ਦੀ ਦਸ ਹਜ਼ਾਰ ਦੋ ਸੌ ਚਾਲੀ ਕਿਲੋਮੀਟਰ ਲੰਬੀ ਯਾਤਰਾ ਕੀਤੀ। ਫ਼ਿਲਮਸਾਜ਼ ਵਾਲਟਰ ਸੈਲੇਸ ਦੀ ਫ਼ਿਲਮ 'ਮੋਟਰਸਾਈਕਲ ਡਾਇਰੀਜ਼' ਇਸੇ ਯਾਤਰਾ ਨੂੰ ਪਰਦੇ 'ਤੇ ਪੇਸ਼ ਕਰਦੀ ਹੈ। ਇਸ ਯਾਤਰਾ ਦੌਰਾਨ ਹੰਢਾਏ ਤਜਰਬੇ ਬਾਰੇ ਚੀ ਦਾ ਕਹਿਣਾ ਹੈ, "ਮੈਂ ਜਿੰਨੀ ਬੇਇਨਸਾਫ਼ੀ ਅਤੇ ਦੁੱਖ ਮਹਿਸੂਸ ਕੀਤਾ, ਉਸ ਤੋਂ ਬਾਅਦ ਮੈਂ ਉਹ ਨਹੀਂ ਰਿਹਾ ਜੋ ਮੈਂ ਸੀ।" ਆਪਣੇ ਸ਼ਹਿਰ ਬਿਊਨਸ ਏਅਰਜ਼ ਤੋਂ ਬਾਹਰ ਨਿਕਲ ਕੇ ਮਾਂ ਨੂੰ ਭੇਜੇ ਖ਼ਤ 'ਚ ਉਹ ਲਿਖਦਾ ਹੈ, "ਅਸੀਂ ਬਿਊਨਸ ਏਅਰਜ਼ ਪਿੱਛੇ ਛੱਡ ਆਏ ਹਾਂ। ਪਿੱਛੇ ਛੱਡ ਆਏ ਹਾਂ ਬਦਨਸੀਬ ਜ਼ਿੰਦਗੀ, ਨੀਰਸ ਭਾਸ਼ਣ, ਲੇਖ ਅਤੇ ਇਮਤਿਹਾਨ। ਹੁਣ ਸਾਰਾ ਲਾਤੀਨੀ ਅਮਰੀਕਾ ਸਾਡੇ ਅੱਗੇ ਹੈ। ਮੈਨੂੰ ਖ਼ੁਸ਼ੀ ਹੈ ਕਿ ਅਸੀਂ ਸੱਭਿਅਤਾ ਪਿੱਛੇ ਛੱਡ ਆਏ ਹਾਂ ਤੇ ਹੁਣ ਅਸੀਂ ਜ਼ਮੀਨ ਦੇ ਕੁਝ ਨੇੜੇ ਹਾਂ।" ਉਸ ਤੋਂ ਬਾਅਦ ਉਹ ਜ਼ਮੀਨ ਦੇ ਨੇੜੇ ਹੁੰਦਾ ਗਿਆ। ਗ਼ਰੀਬ ਸੇਵਾਦਾਰ ਦੀ ਬਿਮਾਰ ਮਾਂ ਨੂੰ ਦੇਖਣ ਗਿਆ ਮਨੁੱਖੀ ਦਰਦ ਦੀ ਥਾਹ ਪਾਉਂਦਾ ਹੈ। ਖ਼ਤ 'ਚ ਲਿਖਦਾ ਹੈ ਕਿ ਉਹ ਗ਼ਰੀਬ ਬੁੜ੍ਹੀ ਔਰਤ ਇਲਾਜ ਖੁਣੋ ਮਰ ਰਹੀ ਹੈ। ਮੈਂ ਉਹਦੇ ਕਿਸੇ ਕੰਮ ਨਹੀਂ ਆ ਸਕਦਾ। ਉਹਨੇ ਮਹੀਨਿਆਂ ਬਾਅਦ ਡਾਕਟਰ ਦੇਖਿਆ ਹੈ ਪਰ ਉਹ ਸ਼ਾਨ ਨਾਲ ਜਿਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਸਦੀਆਂ ਨਜ਼ਰਾਂ 'ਚ ਮਾਫ਼ੀ ਤੇ ਸਬਰ-ਸੰਤੋਖ ਵਰਗਾ ਕੁਝ ਤੈਰਦਾ ਨਜ਼ਰ ਆਉਂਦਾ ਹੈ ਜੋ ਹੁਣ ਖਤਮ ਹੋ ਰਿਹਾ ਹੈ। ਉਸਦਾ ਸਰੀਰ ਸਾਡੇ ਆਲੇ-ਦੁਆਲੇ ਫੈਲੇ ਮਹਾਨ ਭੇਤ 'ਚ ਗ਼ਾਇਬ ਹੋ ਜਾਵੇਗਾ।" ਮਨੁੱਖ ਦੀ ਸ਼ਾਨ ਨਾਲ ਜਿਉਣ ਦੀ ਰੀਝ ਨੂੰ ਚੈਨ ਨਾਲ ਮਰਨ ਦੀ ਮਜਬੂਰੀ ਤੱਕ ਪੁਚਾ ਦਿੱਤਾ ਗਿਆ। ਇਲਾਜ ਖੁਣੋਂ ਮਰਦੀ ਬਜ਼ੁਰਗ ਬੀਬੀ ਉਨ੍ਹਾਂ ਪੰਛੀਆਂ ਦਾ ਬਿੰਬ ਦਿਸਦੀ ਹੈ ਜੋ ਲੋਕ-ਕਵੀ ਪਾਸ਼ ਮੁਤਾਬਕ ਚੈਨ ਨਾਲ ਮਰਨਾ ਸਿੱਖ ਰਹੇ ਹਨ।

ਚਿੱਲੀ ਦੇ ਵੀਰਾਨ ਮਾਰੂਥਲ 'ਚ ਕਿਸਾਨ ਮਰਦ-ਔਰਤ ਮਿਲਦੇ ਹਨ ਜਿਨ੍ਹਾਂ ਨੂੰ ਡਾਢਿਆਂ ਨੇ ਜ਼ਮੀਨ ਤੋਂ ਉਜਾੜ ਕੇ ਫਾਕੇ ਕੱਟਣ ਲਈ ਮਜਬੂਰ ਕਰ ਦਿੱਤਾ ਹੈ। ਕਿਸਾਨ ਔਰਤ ਦੇ ਸ਼ਬਦਾਂ 'ਚ, "ਇਸੇ ਨੂੰ ਉਹ 'ਤਰੱਕੀ' ਕਹਿੰਦੇ ਹਨ।" ਕਿਸਾਨ ਜੋੜਾ ਕੰਮ ਲਈ ਦਰ ਦਰ ਭਟਕ ਰਿਹਾ ਹੈ। ਉਨ੍ਹਾਂ ਉਤੇ ਕਿਸਾਨ ਅਤੇ ਕਮਿਊਨਿਸਟ ਹੋਣ ਦਾ ਦੋਸ਼ ਹੈ। ਆਪਣੇ ਪੁੱਤ ਨੂੰ ਪਰਿਵਾਰ ਕੋਲ ਛੱਡ ਆਏ ਹਨ। ਪੁਲਿਸ ਤੇ ਭੁੱਖ ਦੋਵਾਂ ਦਾ ਡਰ ਹੈ। ਉਨ੍ਹਾਂ ਦੇ ਮਿੱਤਰਾਂ ਨੂੰ ਮੱਛੀਆਂ ਦੀ ਖੁਰਾਕ ਬਣਾ ਕੇ ਸਮੁੰਦਰ ਦੇ ਤਲੇ 'ਤੇ ਸੁਆ ਦਿੱਤਾ ਗਿਆ ਹੈ। ਡਾਢੇ ਇਸ ਗੱਲ ਦੀ ਪਰਵਾਹ ਵੀ ਨਹੀਂ ਕਰਦੇ ਕਿ ਤੁਸੀਂ ਕਿਸ ਪਾਰਟੀ ਨਾਲ ਸਬੰਧਤ ਹੋ? ਇਹੀ ਵਰਤਾਰਾ ਸਾਡੇ ਮੁਲਕ 'ਚ ਪਿਛਲੇ ਇੱਕੀ ਸਾਲਾਂ ਤੋਂ ਹੋਰ ਤੇਜ਼ੀ ਨਾਲ ਸਾਹਮਣੇ ਆਇਆ ਹੈ। ਬਹੁਕੌਮੀ ਕੰਪਨੀਆਂ 'ਤਰੱਕੀ' ਦੇ ਨਾਮ 'ਤੇ ਕਿਸਾਨਾਂ ਦੀ ਜ਼ਮੀਨ ਅਤੇ ਖਣਿਜਾਂ ਸਣੇ ਸਾਰੇ ਕੁਦਰਤੀ ਵਸੀਲੇ ਹੜੱਪਣ 'ਚ ਲੱਗੀਆਂ ਹੋਈਆਂ ਹਨ। ਆਵਾਮ ਦੇ ਹਰ ਹੱਕੀ ਅੰਦੋਲਨ ਨੂੰ ਅਤਿਵਾਦੀ, ਨਕਸਲਵਾਦੀ ਤੇ ਮਾਓਵਾਦੀ ਕਰਾਰ ਦੇ ਕੇ ਕੁਚਲਿਆ ਜਾ ਰਿਹਾ ਹੈ। ਜੋ ਕੁਝ ਲਾਤੀਨੀ ਅਮਰੀਕਾ ਨੇ ਪਿਛਲੀ ਸਦੀ 'ਚ ਹੰਢਾਇਆ ਹੈ, ਸਾਡੇ ਮੁਲਕ ਨੇ ਉਸ ਦੀ ਅਜੇ ਝਲਕ ਹੀ ਦੇਖੀ ਹੈ। ਇਸ ਝਲਕ ਨੂੰ ਸਾਡਾ 'ਇਮਾਨਦਾਰ ਪ੍ਰਧਾਨ ਮੰਤਰੀ' ਵਡਿਆਉਂਦਾ ਨਹੀਂ ਥੱਕਦਾ। ਅਸੀਂ 'ਤਰੱਕੀ' ਦੇ ਭੰਬੂਤਾਰੇ ਅਜੇ ਦੇਖਣੇ ਹਨ। ਆਵਾਮ ਦਾ ਦਿਮਾਗ ਭਾਵੇਂ ਹੁਣੇ ਹੀ ਚੱਕਰ ਖਾਣੇ ਸ਼ੁਰੂ ਕਰ ਚੁੱਕਿਆ ਹੈ। ਕਿਸਾਨ-ਜੋੜੇ ਦੇ ਪੁੱਛਣ 'ਤੇ ਚੀ ਦੱਸਦਾ ਹੈ ਕਿ ਸਾਡੀ ਯਾਤਰਾ ਸਿਰਫ਼ ਯਾਤਰਾ ਲਈ ਸੀ। ਜੋੜਾ ਹੈਰਾਨ ਰਹਿ ਜਾਂਦਾ ਹੈ ਕਿਉਂਕਿ ਉਨ੍ਹਾਂ ਦੀ ਯਾਤਰਾ ਰੋਟੀ ਲੱਭਣ ਦੀ ਹੈ। ਚੀ ਯਾਤਰਾ ਦੇ ਨਵੇਂ ਅਰਥ ਸਮਝਣੇ ਸ਼ੁਰੂ ਕਰਦਾ ਹੈ। ਉਹ ਲਿਖਦਾ ਹੈ ਕਿ ਕਿਸਾਨ-ਜੋੜੇ ਦੇ ਚਿਹਰੇ ਮੁਰਝਾਏ ਹੋਏ ਤੇ ਡਰਾਉਣੇ ਸਨ। ਉਹ ਰਾਤ ਮੇਰੀ ਜ਼ਿੰਦਗੀ ਦੀਆਂ ਸਭ ਤੋਂ ਠੰਢੀਆਂ ਰਾਤਾਂ 'ਚੋਂ ਇਕ ਸੀ। ਸਿਰਫ਼ ਇਕ ਅਹਿਸਾਸ ਮੈਨੂੰ ਉਨ੍ਹਾਂ ਅਜਨਬੀਆਂ ਦੇ ਨੇੜੇ ਲੈ ਆਇਆ। ਉਹ ਅਹਿਸਾਸ ਸਾਂਝੀ ਮਨੁੱਖੀ ਨਸਲ ਦਾ ਸੀ। ਦੂਜੇ ਦਿਨ ਚੀ ਹੋਰੀਂ ਕਿਸਾਨ ਜੋੜੇ ਨਾਲ ਖਾਣਾਂ 'ਤੇ ਕੰਮ ਲੱਭਣ ਜਾ ਪਹੁੰਚਦੇ ਹਨ। ਲੇਬਰ ਚੌਕ 'ਚ ਖੜ੍ਹੇ ਮਜ਼ਦੂਰਾਂ ਦੀ ਬੋਲੀ ਲੱਗਦੀ ਹੈ। ਕਿਸਾਨ ਔਰਤ ਨੂੰ ਕੰਮ ਨਾ ਮਿਲ ਸਕਿਆ। ਮਜ਼ਦੂਰ ਪਾਣੀ ਤੋਂ ਵੀ ਪਿਆਸੇ ਹਨ। ਉਨ੍ਹਾਂ ਨੂੰ ਐਨਾਕੌਂਡਾ ਖਾਣ ਕੰਪਨੀ ਦੇ ਟਰੱਕਾਂ 'ਚ ਤੂੜਿਆ ਗਿਆ। ਚੀ ਖਾਣ ਦੇ ਅਫ਼ਸਰ ਤੋਂ ਪਿਆਸੇ ਕਾਮਿਆਂ ਲਈ ਪਾਣੀ ਦੀ ਮੰਗ ਕਰਦਾ ਹੈ। ਖਾਣ ਮਾਲਕਾਂ ਨੂੰ ਕਾਮਿਆਂ ਦੀ ਪਿਆਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਉਹਨੂੰ ਤਾਂ ਸਸਤੇ ਭਾਅ 'ਤੇ ਕੰਮ ਕਰਨ ਵਾਲੇ ਹੱਥਾਂ ਦੀ ਲੋੜ ਹੈ। ਅਫ਼ਸਰ ਚੀ ਹੋਰਾਂ ਨੂੰ ਉਥੋਂ ਦਫ਼ਾ ਹੋ ਜਾਣ ਲਈ ਕਹਿ ਕੇ ਟਰੱਕ 'ਚ ਚੜ੍ਹ ਜਾਂਦਾ ਹੈ। ਮੂਹਰਲੀ ਸੀਟ 'ਤੇ ਬੈਠੇ ਜਾਂਦੇ ਅਫ਼ਸਰ ਨੂੰ ਵੱਟਾ ਮਾਰ ਕੇ ਚੀ ਗੁੱਸਾ ਠੰਢਾ ਕਰਦਾ ਹੈ। ਖਾਣ ਕੰਪਨੀ ਦਾ ਨਾਮ ਐਨਾਕੌਂਡਾ ਨਾਂ ਦੇ ਅਜਗਰ ਤੋਂ ਰੱਖਿਆ ਗਿਆ ਸੀ ਜੋ ਦੁਨੀਆਂ ਦਾ ਸਭ ਤੋਂ ਵੱਡਾ ਅਜਗਰ ਹੈ। ਉਹ ਵੱਡੇ ਵੱਡੇ ਜਾਨਵਰ ਸਾਬਤ ਨਿਗਲ ਜਾਂਦਾ ਹੈ। ਬਹੁਕੌਮੀ ਕੰਪਨੀਆਂ ਅਜਿਹੀਆਂ ਹੀ ਅਜਗਰ ਹਨ। ਪ੍ਰੇਮਿਕਾ ਵੱਲੋਂ ਦਿੱਤੇ ਪੈਸੇ ਨੂੰ ਚੀ ਦਮੇ ਦੇ ਹੱਲੇ ਵੇਲੇ ਇਲਾਜ ਲਈ ਵੀ ਨਹੀਂ ਵਰਤਦਾ। ਦੋਸਤ ਨਾਲ ਉਨ੍ਹਾਂ ਪੈਸਿਆਂ ਪਿੱਛੇ ਝਗੜਦਾ ਰਹਿੰਦਾ ਹੈ। ਉਹ ਸਾਰੇ ਪੈਸੇ ਕਿਸਾਨ ਜੋੜੇ ਨੂੰ ਦੇ ਜਾਂਦਾ ਹੈ।



ਚੀ ਅਤੇ ਐਲਬਰਟੋ ਦੀ ਯਾਤਰਾ ਜਾਰੀ ਰਹਿੰਦੀ ਹੈ। ਐਂਡੀਜ਼ ਪਰਬਤ ਵੱਲ ਵਧਦੇ ਹੋਏ ਮੂਲਵਾਸੀ ਕਿਸਾਨ ਜ਼ਿਆਦਾ ਗਿਣਤੀ 'ਚ ਦਿਸਣੇ ਸ਼ੁਰੂ ਹੋ ਜਾਂਦੇ ਹਨ ਜਿਨ੍ਹਾਂ ਨੂੰ ਜ਼ਮੀਨ ਤੋਂ ਉਜਾੜਿਆ ਜਾ ਰਿਹਾ ਹੈ। ਪੇਰੂ ਪਹੁੰਚਣ 'ਤੇ ਸਪੇਨੀ ਬਸਤਾਨਾਂ ਦੇ ਖ਼ੂਨੀ ਕਾਰੇ ਪਤਾ ਲੱਗਣੇ ਸ਼ੁਰੂ ਹੁੰਦੇ ਹਨ ਜਿਨ੍ਹਾਂ ਨੇ ਵਪਾਰਕ ਕਾਰਨਾਂ ਕਰਕੇ ਮੂਲਵਾਸੀਆਂ ਦੀ ਰਵਾਇਤੀ ਰਾਜਧਾਨੀ ਕੂਜ਼ਕੋ ਨੂੰ ਛੱਡ ਕੇ ਲੀਮਾ ਨੂੰ ਪੇਰੂ ਦੀ ਰਾਜਧਾਨੀ ਬਣਾਇਆ ਸੀ। ਧਰਮ ਦੇ ਨਾਂ 'ਤੇ ਚਲਦਾ ਵਪਾਰ ਅਜੇ ਤੱਕ ਜਾਰੀ ਹੈ। ਮੁਕਾਮੀ ਇੰਕਾ ਲੋਕ ਤਾਰਾ ਵਿਗਿਆਨ, ਬ੍ਰੇਨ ਸਰਜਰੀ, ਗਣਿਤ ਅਤੇ ਹੋਰ ਚੀਜ਼ਾਂ ਦਾ ਭਰਪੂਰ ਗਿਆਨ ਰੱਖਦੇ ਸਨ ਪਰ ਸਪੇਨੀਆਂ ਕੋਲ ਬਾਰੂਦ ਸੀ। ਸਪੇਨੀ ਬਸਤਾਨਾਂ ਨਾਲ ਆਏ ਚੇਚਕ ਰੋਗ ਨੇ ਮਾਚਾ-ਪਿਚੂ ਵਰਗਾ ਘੁੱਗ ਵਸਦਾ ਸ਼ਹਿਰ ਸ਼ਮਸ਼ਾਨਘਾਟ ਬਣਾ ਦਿੱਤਾ ਸੀ। ਚੇਚਕ ਨਾਲ ਲੜਨ ਦੀ ਕੁਦਰਤੀ ਅੰਦਰੂਨੀ ਸ਼ਕਤੀ ਮੁਕਾਮੀ ਇੰਕਾ ਲੋਕਾਂ ਵਿਚ ਨਹੀਂ ਸੀ। ਕਤਲੇਆਮ ਤੇ ਤਬਾਹੀ ਦੇ ਮੰਜ਼ਰ ਅੱਜ ਵੀ ਮਾਚਾ-ਪਿਚੂ ਦੇ ਖੰਡ੍ਹਰਾਂ ਦੇ ਰੂਪ 'ਚ ਦੇਖੇ ਜਾ ਸਕਦੇ ਹਨ। ਬਸਤਾਨਾਂ ਦੇ ਰੂਪ ਬਦਲੇ ਹਨ ਪਰ ਮੂਲਵਾਸੀਆਂ ਦੀ ਲੁੱਟ ਬੇਰੋਕ ਜਾਰੀ ਹੈ। ਪੇਰੂ ਦੀ ਘਰੇਲੂ ਸਨਅਤ ਨੂੰ ਤਬਾਹ ਕਰ ਦਿੱਤਾ ਗਿਆ। ਅਣਗਿਣਤ ਕਾਮੇ ਵਿਹਲੇ ਹੋ ਗਏ। ਮੁਕਾਮੀ ਔਰਤ ਮੁਤਾਬਕ ਬਸਤਾਨਾਂ ਦੀ ਲੁੱਟ ਲਗਾਤਾਰ ਲੋਕਾਂ 'ਤੇ ਅਸਰ-ਅੰਦਾਜ਼ ਹੋ ਰਹੀ ਹੈ। ਅਮੀਰ ਜਗੀਰਦਾਰ ਪੁਲਿਸ ਤੇ ਪ੍ਰਸ਼ਾਸਨ ਦੀ ਮਦਦ ਨਾਲ ਕਿਸਾਨਾਂ ਨੂੰ ਜ਼ਮੀਨ ਤੋਂ ਉਜਾੜ ਰਹੇ ਹਨ। ਕਿਸਾਨ ਜੱਥੇਬੰਦ ਹੋ ਕੇ ਉਜਾੜੇ ਦੇ ਖ਼ਿਲਾਫ਼ ਲੜ ਰਹੇ ਹਨ। ਮਾਚਾ-ਪਿਚੂ ਦੇ ਖੰਡਰਾਂ 'ਚ ਬੈਠੇ ਚੀ ਤੇ ਐਲਬਰਟੋ ਕਾਗਜ਼ਾਂ 'ਤੇ ਕੁਝ ਝਰੀਟੀ ਜਾ ਰਹੇ ਹਨ। ਐਲਬਰਟੋ ਮੁਤਾਬਕ ਉਹ ਮੂਲਵਾਸੀ ਔਰਤ ਨਾਲ ਵਿਆਹ ਕਰਵਾਏਗਾ ਤੇ ਮੁਕਾਮੀ ਲੋਕਾਂ ਨੂੰ ਜੱਥੇਬੰਦ ਕਰਕੇ ਵੋਟਾਂ ਦੇ ਢਾਂਚੇ ਰਾਹੀਂ ਇਨਕਲਾਬ ਕਰੇਗਾ। ਚੀ ਦਾ ਸਪੱਸ਼ਟ ਜਵਾਬ ਹੈ, "ਹਥਿਆਰਾਂ ਤੋਂ ਬਿਨਾ ਕਦੇ ਇਨਕਲਾਬ ਨਹੀਂ ਹੋ ਸਕਦਾ।" ਉਸਦੇ ਸਾਹਮਣੇ ਵੱਡਾ ਸਵਾਲ ਹੈ ਕਿ ਇੰਨੀ ਗਿਆਨਵਾਨ ਸੱਭਿਅਤਾ ਨੂੰ ਤਬਾਹ ਕਰਕੇ 'ਤਰੱਕੀ' ਦੇ ਡੰਨ ਕਿਵੇਂ ਉਸਾਰੇ ਜਾ ਸਕਦੇ ਹਨ? ਦ੍ਰਿਸ਼ ਮਾਚਾ-ਪਿਚੂ ਦੇ ਖੰਡਰਾਂ ਤੋਂ ਰਾਜਧਾਨੀ ਲੀਮਾ ਦੇ ਕੰਕਰੀਟ ਰੂਪੀ ਜੰਗਲ 'ਚ ਤਬਦੀਲ ਹੋ ਜਾਂਦਾ ਹੈ। ਲੀਮਾ ਵਿਚ ਚੀ ਨੂੰ ਮੂਲਵਾਸੀਆਂ ਦੀ ਅਸੀਮ ਇਨਕਲਾਬੀ ਸਮਰੱਥਾ ਦਾ ਅਹਿਸਾਸ ਹੁੰਦਾ ਹੈ। ਉਨ੍ਹਾਂ ਦੀ ਅਸਲੀ ਸਮੱਸਿਆ 'ਜ਼ਮੀਨ' ਦੀ ਹੈ।

ਫ਼ਿਲਮ ਦਾ ਆਖਰੀ ਹਿੱਸਾ ਕੋਹੜ ਦੇ ਰੋਗੀਆਂ ਨਾਲ ਬਿਤਾਏ ਤਜਰਬਿਆਂ ਬਾਰੇ ਹੈ। ਐਮਾਜ਼ੋਨ ਦਰਿਆ ਦੇ ਦੱਖਣੀ ਕੰਢੇ 'ਤੇ ਕੋਹੜ ਦੇ ਰੋਗੀਆਂ ਨੂੰ ਰੱਖਿਆ ਜਾਂਦਾ ਹੈ। ਉਤਰੀ ਕੰਢੇ 'ਤੇ ਹਸਪਤਾਲ ਦਾ ਅਮਲਾ ਅਤੇ ਈਸਾਈ ਸਾਧਵੀਆਂ (ਨਨਜ਼) ਰਹਿੰਦੀਆਂ ਹਨ ਜੋ ਪੂਰਾ ਪ੍ਰਬੰਧ ਦੇਖਦੀਆਂ ਹਨ। ਦੋਵਾਂ ਵਿਚਕਾਰ ਸ਼ੂਕਦਾ ਦਰਿਆ ਹੈ। ਚਰਚ ਵਿਚ ਅਰਦਾਸ ਨਾ ਕਰਨ ਵਾਲੇ ਨੂੰ ਲੰਗਰ ਨਹੀਂ ਦਿੱਤਾ ਜਾਂਦਾ। ਚੀ ਰੋਗੀਆਂ ਨਾਲ ਹੁੰਦੇ ਵਿਤਕਰੇ ਦੇ ਖ਼ਿਲਾਫ਼ ਪੈਂਤੜਾ ਲੈਂਦਾ ਹੈ। ਉਹ ਮਨੁੱਖੀ ਹਮਦਰਦੀ ਨਾਲ ਭਰੇ ਮਨੁੱਖ ਦੇ ਰੂਪ 'ਚ ਸਾਡੇ ਸਾਹਮਣੇ ਆਉਂਦਾ ਹੈ। ਇਲਾਜ ਨਾ ਕਰਾਉਣ ਲਈ ਬਜ਼ਿੱਦ ਬੀਬੀ 'ਸਿਲਵੀਆ' ਨੂੰ ਮਨਾਉਣ ਲਈ ਕਹੇ ਸ਼ਬਦ ਚੀ ਦੇ ਆਖਰੀ ਸਾਹ ਤੱਕ ਨਿਭਦੇ ਨਜ਼ਰ ਆਉਂਦੇ ਹਨ। ਉਹ ਕਹਿੰਦਾ ਹੈ, "ਜ਼ਿੰਦਗੀ ਬਚਾਉਣ ਲਈ ਆਖਰੀ ਦਮ ਤੱਕ ਲੜਨਾ ਚਾਹੀਦਾ ਹੈ...ਮੌਤ ਨੂੰ ਕਹੋ ਨਰਕ 'ਚ ਜਾਵੇ।" ਮਨੁੱਖੀ ਜ਼ਿੰਦਗੀ ਦੀ ਕਦਰ ਸਮਝਾਉਣ ਤੇ ਉਸਦੀ ਰੱਖਿਆ ਲਈ ਤੁਰੇ ਚੀ ਦਾ ਗੁਆਤੇਮਾਲਾ, ਕਿਊਬਾ, ਵੈਂਜ਼ੂਏਲਾ, ਕਾਂਗੋ ਅਤੇ ਬੋਲੀਵੀਆ ਵਿਚ ਲੜਿਆ ਸੰਗਰਾਮ ਉਸਦੇ ਬੋਲਾਂ ਨਾਲ ਇਕਮਿੱਕ ਹੁੰਦਾ ਨਜ਼ਰ ਆਉਂਦਾ ਹੈ। ਰੋਗੀਆਂ ਅਤੇ ਅਮਲੇ ਵਿਚਕਾਰਲਾ ਸ਼ੂਕਦਾ ਦਰਿਆ ਬਿਮਾਰ ਬੰਦੇ ਨੂੰ ਸਿਹਤਮੰਦ ਬੰਦੇ ਤੋਂ ਵੱਖ ਕਰਦਾ ਹੈ। ਆਪਣੇ ਜਨਮ ਦਿਨ ਵਾਲੀ ਰਾਤ ਉਹ ਭਰੀ-ਭਰਾਈ ਪਾਰਟੀ ਛੱਡ ਕੇ ਰੋਗੀਆਂ ਨਾਲ ਜਨਮ-ਦਿਨ ਦੀ ਖ਼ੁਸ਼ੀ ਸਾਂਝੀ ਕਰਨ ਤੁਰ ਪੈਂਦਾ ਹੈ। ਦਮੇ ਦਾ ਮਰੀਜ਼ ਠੰਢੇ ਸੀਤ ਦਰਿਆ ਨੂੰ ਪਾਰ ਕਰਦਾ ਹੋਇਆ ਹਾਸ਼ੀਏ 'ਤੇ ਧੱਕੇ ਮਜ਼ਲੂਮਾਂ ਦੀ ਧਿਰ ਬਣਨ ਲਈ ਮੌਤ ਨੂੰ ਮਖੌਲ ਕਰ ਰਿਹਾ ਹੈ। ਗ਼ਾਲਬਾਂ ਅਤੇ ਦਬਾਏ ਜਾਂਦੇ ਲੋਕਾਂ ਵਿਚਲੀ ਵਿੱਥ ਮੇਟਣ ਲਈ ਉਹ ਸਾਰੀ ਉਮਰ ਅੱਗ ਦਾ ਦਰਿਆ ਪਾਰ ਕਰਦਾ ਰਿਹਾ। ਡਾਕਟਰ ਹੋਣ ਕਰਕੇ ਚੀ ਮਨੁੱਖੀ ਜ਼ਿੰਦਗੀ ਦੀ ਕੀਮਤ ਹੋਰ ਨੇੜਿਉਂ ਜਾਣਦਾ ਸੀ ਜਿਸਨੂੰ ਬਚਾਉਣ ਲਈ ਅਤੇ ਮਨੁੱਖਤਾ ਨੂੰ ਚਿੰਬੜੇ ਕੋਹੜ ਦਾ ਫ਼ਸਤਾ ਵੱਢਣ ਲਈ ਉਹ ਦਵਾਈਆਂ ਤੋਂ ਲੈ ਕੇ ਇਨਕਲਾਬ ਦੀ ਜੰਗ 'ਚ ਹਥਿਆਰ ਤੱਕ ਵਰਤਣ ਦੇ ਰਸਤੇ ਤੁਰਿਆ। ਕੋਹੜ ਦੇ ਰੋਗੀਆਂ ਨੂੰ ਰੱਖਣ ਵਾਲੀ ਥਾਂ ਦੱਖਣੀ ਕੰਢਾ ਅਸਲ 'ਚ ਦੱਖਣੀ ਅਮਰੀਕਾ ਹੈ ਜੋ ਚੀ ਦੇ ਸ਼ਬਦਾਂ 'ਚ ਮੈਕਸੀਕੋ ਤੋਂ ਲੈ ਕੇ ਮੈਗੇਲਨ ਸਟਰੇਟਸ ਤੱਕ ਫੈਲਿਆ ਹੋਇਆ ਹੈ। ਉਤਰੀ ਕੰਢੇ ਦਾ ਅਰਥ ਅਮਰੀਕਾ, ਯੂਰਪ ਤੇ ਕੈਨੇਡਾ ਜਿਹੇ ਸਾਮਰਾਜੀ ਮੁਲਕਾਂ ਤੋਂ ਹੈ ਜੋ ਦੱਖਣੀ ਕੰਢੇ ਦੇ ਅਰਥਾਂ ਨੂੰ ਮੋਕਲਾ ਕੀਤਾ ਜਾਵੇ ਤਾਂ ਸਾਮਰਾਜੀਆਂ ਦੀ ਲੁੱਟ ਦਾ ਸ਼ਿਕਾਰ ਸਾਰੇ ਆਲਮੀ ਮੁਲਕਾਂ ਦੇ ਨਾਮ ਗਿਣੇ ਜਾ ਸਕਦੇ ਹਨ।

# ਕਾਰਲ ਮਾਰਕਸ ਅਤੇ ਪੰਜਾਬ

(ਸਫਾ 14 ਦੀ ਬਾਕੀ)

ਬਾਦਸ਼ਾਹ ਦਾ ਉਤਾਰਾ ਨਹੀਂ ਸਮਝਣਾ ਚਾਹੀਦਾ। ਇਹ ਵੱਡਾ ਸਿਧਾਂਤਕ ਦਖਲ ਸੀ ਜਿਸ ਦੀ ਅੱਜ ਵੀ ਸਾਰਥਿਕਤਾ ਹੈ। ਅਸੀਂ ਆਪਣੇ ਲੋਕਤੰਤਰਾਂ ਵਿਚ ਏਕਤਾ ਵੀ ਚਾਹੁੰਦੇ ਹਾਂ ਅਤੇ ਵਚਿੱਤਰਤਾ ਕਾਇਮ ਰੱਖਣ ਵਾਲੀ ਅਨੇਕਤਾ ਵੀ, ਪਰ ਸਾਡੇ ਕੋਲ ਵਿਸ਼ਵ ਪੱਧਰ 'ਤੇ ਸਾਰੇ ਸੱਭਿਆਚਾਰਾਂ ਨੂੰ ਸਵੀਕਾਰ ਹੋਣ ਵਾਲੇ ਪ੍ਰਤੀਕ ਮੌਜੂਦ ਨਹੀਂ। ਵਾਹਿਗੁਰੂ ਦਾ ਪ੍ਰਤੀਕ ਸਾਡੀ ਉਸ ਜਗਿਆਸਾ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ।

ਪੰਜਾਬ ਦੀ ਸਿੱਖ ਕ੍ਰਾਂਤੀ ਸਿਧਾਂਤਕ ਪੱਧਰ 'ਤੇ ਦੋ ਅੰਦਰਲੀਆਂ ਤਾਂਸ਼ਾਹੀਆਂ ਦਾ ਟਾਕਰਾ ਕਰ ਰਹੀ ਸੀ। ਇਕ ਸੀ ਮੁਗ਼ਲ ਤਾਨਾਸ਼ਾਹੀ ਜਿਸ ਵਿਚ ਇਸਲਾਮ ਨੂੰ ਸਹਾਇਕ ਬਣਾਇਆ ਗਿਆ ਸੀ ਅਤੇ ਦੂਜੀ ਤਾਨਾਸ਼ਾਹੀ ਬ੍ਰਾਹਮਣਵਾਦ ਸੀ ਜਿਸ ਵਿਚ ਵੇਦਾਂ-ਉਪਨਿਸ਼ਦਾਂ ਨੂੰ ਸਹਾਇਕ ਸ਼ਕਤੀ ਵਾਂਗ ਵਰਤ ਲਿਆ ਗਿਆ ਸੀ। ਭਾਰਤੀ ਕਾਵਿ-ਸ਼ਾਸਤਰ ਅਤੇ ਇਸ ਦੇ ਵੱਖੋ-ਵੱਖਰੇ ਉਪ-ਪ੍ਰਬੰਧ ਵੀ ਅੰਦਰਖਾਤੇ ਬ੍ਰਾਹਮਣੀ ਅੰਤਰੀਵ ਸਾਮਰਾਜਵਾਦ ਨਾਲ ਹੀ ਜੁੜੇ ਹੋਏ ਸਨ। ਇਸ ਜੋੜ ਬਾਰੇ ਚੇਤਨਤਾ ਨਾਲ ਗੁਰਬਾਣੀ ਅਤੇ ਭਗਤ ਆਪਣਾ ਜੋੜ ਭਾਸ਼ਾਈ ਪੱਧਰ 'ਤੇ ਅਪਭਰੰਸ਼ਾਂ ਨਾਲ ਅਤੇ ਦਾਰਸ਼ਨਿਕ ਪੱਧਰ 'ਤੇ ਬੁੱਧਵਾਦ ਦੇ ਸਹਿਜ ਸ਼ਾਸਤਰ ਨਾਲ ਬਣਾਉਂਦੇ ਹਨ। ਇਹ ਵੀ ਸਮਝ ਆਉਣ ਵਾਲੀ ਗੱਲ ਹੈ ਕਿ ਗੁਰਬਾਣੀ ਅਤੇ ਭਗਤ ਬਾਣੀ ਵਿਚ ਲੋਕ ਰੂਪਾਂ ਦੀ ਵਰਤੋਂ ਕਿਉਂ ਕੀਤੀ ਗਈ ਹੈ। ਇਕ ਪਾਸੇ ਤਾਂ ਸ਼ਾਸਤਰੀ ਰਾਗਾਂ ਦਾ ਅਨੁਸ਼ਾਸਨ ਸਵੀਕਾਰ ਕੀਤਾ ਗਿਆ ਹੈ, ਦੂਜੇ ਪਾਸੇ ਪ੍ਰਚੱਲਿਤ ਲੋਕ ਰੂਪਾਂ ਦਾ। 'ਆਸਾ ਦੀ ਵਾਰ' ਰਾਗ ਆਸਾ ਵਿਚ ਵੀ ਹੈ ਅਤੇ ਨਾਲ ਹੀ ਇਸ ਨੂੰ ਟੁੰਡੇ ਅਸਰਾਜੈ ਦੀ ਧੁਨੀ ਵਿਚ ਗਾਉਣ ਲਈ ਵੀ ਆਖਿਆ ਗਿਆ ਹੈ। ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਦੇ ਮੇਲ ਵਿਚੋਂ ਕੋਈ ਤੀਜਾ ਰੂਪ ਕੀ ਹੋਵੇਗਾ, ਇਸ ਬਾਰੇ ਕਿਆਸਅਰਾਈ ਹੀ ਹੋ ਸਕਦੀ ਹੈ ਪਰ ਇਹ ਸਪਸ਼ਟ ਹੈ ਕਿ ਦੋ ਵਿਲੱਖਣ ਸੰਗੀਤਾਂ ਦਾ ਜੋੜ ਵੀ ਸਿੱਖ ਕ੍ਰਾਂਤੀ ਵੱਲੋਂ ਕੀਤੀ ਗਈ ਸਿਧਾਂਤਕ ਭੰਨਤੋੜ ਦਾ ਹਿੱਸਾ ਹੀ ਮੰਨਣਾ ਚਾਹੀਦਾ ਹੈ।

'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਰਾਗ ਗਉੜੀ ਵਿਚ ਕਰਹਲੇ ਹਨ, ਉਨ੍ਹਾਂ ਬਾਰੇ ਵੀ ਇਹੀ ਕਿਹਾ ਜਾ ਸਕਦਾ ਹੈ। ਕਰਹਲੇ ਊਠਾਂ 'ਤੇ ਸਾਮਾਨ ਲੱਦ ਕੇ ਛੋਟਾ ਵਪਾਰ ਕਰਨ ਵਾਲੇ ਲੋਕਾਂ ਦੇ ਗੀਤ ਸਨ। ਇਨ੍ਹਾਂ ਧੁਨੀਆਂ ਨੂੰ ਰਾਗ ਗਉੜੀ ਨਾਲ ਮੇਲ ਕੇ ਕੀ ਵਚਿੱਤਰ ਮੇਲ ਬਣੇਗਾ, ਇਹ ਤਾਂ ਸੰਗੀਤ ਸ਼ਾਸਤਰੀ ਹੀ ਦੱਸ ਸਕਦੇ ਹਨ, ਪਰ ਸਿਧਾਂਤਕ ਨੁਕਤਾ ਸਪਸ਼ਟ ਹੈ ਕਿ ਗੁਰੂ ਸਾਹਿਬ ਅਭਿਵਿਅਕਤੀ ਦੀ ਪੱਧਰ 'ਤੇ ਹੀ ਤਜਰਬਾ ਨਹੀਂ ਕਰ ਰਹੇ ਸਗੋਂ ਨਿਤਾਣਿਆਂ ਦੇ ਸ਼ੌਕ ਅਤੇ ਸਿਰਜਣਾਤਮਕਤਾ ਨੂੰ ਸ਼ਾਸਤਰੀ ਸਿਰਜਣਾਤਮਕਤਾ ਨਾਲ ਜੋੜ ਰਹੇ ਹਨ। ਨਾਲ ਹੀ ਸ਼ਾਸਤਰੀ ਸੰਗੀਤ ਦੀ ਅਜਾਰਾਦਾਰੀ 'ਤੇ ਵੀ ਪ੍ਰਸ਼ਨ ਲਾ ਰਹੇ ਹਨ। ਰੂਸ ਦੇ ਇਨਕਲਾਬ ਤੋਂ ਪਿੱਛੋਂ ਉਥੇ ਜੋ ਸੱਭਿਆਚਾਰਕ ਪਰਿਵਰਤਨ ਆਇਆ, ਉਸ ਵਿਚ ਲੋਕ ਰੂਪਾਂ ਨੂੰ ਸੁਰਜੀਤ ਕਰਨਾ ਵੀ ਵੱਡਾ ਮੁੱਦਾ ਸੀ। ਭਾਰਤ ਵਿਚ 'ਇਪਟਾ' (ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ-ਇਸ ਖੱਬੇਪੱਖੀ ਨਾਟ ਜਥੇਬੰਦੀ ਦਾ ਸ਼ਾਨਾਂਮੱਤਾ ਇਤਿਹਾਸ ਹੈ) ਲਹਿਰ ਵੀ ਉਸੇ ਮੁੱਦੇ ਦਾ ਅੰਗ ਸੀ। ਸਾਮੂਹਿਕ ਲੋਕ ਕਲਪਨਾ ਅਤੇ ਦਿਨ ਦੀ ਸ਼ਕਤੀ ਨੂੰ ਪ੍ਰਕਾਸ਼ਮਾਨ ਕਰਕੇ ਬੁਰਜੁਆਜ਼ੀ ਦੀ ਲਿਆਂਦੀ ਅਧੋਗਤੀ ਨੂੰ ਸਮਾਪਤ ਕਰਨਾ ਅਤੇ ਸਿਰਜਣਾਤਮਕਤਾ ਨੂੰ ਅੱਗੇ ਤੋਰਨਾ ਨਵੀਂ ਪ੍ਰਗਤੀਸ਼ੀਲ ਸੱਭਿਆਚਾਰਕ ਕ੍ਰਾਂਤੀ ਦਾ ਵੱਡਾ ਲਖਸ਼ ਸੀ। ਸਿੱਖ ਕ੍ਰਾਂਤੀ ਨੇ ਇਸ ਮੁੱਦੇ ਨੂੰ ਆਪਣੇ ਢੰਗ ਨਾਲ ਬਹੁਤ ਪਹਿਲਾਂ ਅਪਣਾਇਆ, ਇਹ ਬਹੁਤ ਸੰਤੋਖਜਨਕ ਗੱਲ ਹੈ। ਪੰਜਾਬ ਦਾ ਇਹ ਯੋਗਦਾਨ ਭੁਲਾਇਆ ਨਹੀਂ ਜਾ ਸਕਦਾ।

19ਵੀਂ ਸਦੀ ਦੇ ਅੱਧ ਵਿਚ ਮਾਰਕਸ ਨੇ ਅਤੇ ਫਲਾਬੇਅਰ ਨੇ (ਆਪਣੇ ਨਾਵਲ 'ਮਾਦਮ ਬਾਵੇਰੀ' ਵਿਚ) ਬੜੇ ਸ਼ਕਤੀਵਰ ਢੰਗ ਨਾਲ ਸਾਨੂੰ ਇਹ ਗੱਲ ਦੱਸ ਦਿੱਤੀ ਸੀ ਕਿ ਭਾਵੇਂ ਮੱਧ ਵਰਗ (ਬੁਰਜੁਆਜ਼ੀ) ਦਸਤਕਾਰੀ ਇਨਕਲਾਬ ਲਈ ਮੋਹਰੀ ਦਸਤਾ ਹੈ, ਪਰ ਇਹ ਅਸਲ ਵਿਚ ਫਿਲਿਸਟੀਨੀ ਹੈ, ਅੰਦਰੋਂ ਅੱਯਾਸ਼ ਅਤੇ ਦੂਜੇ ਦਰਜੇ ਦਾ ਵਰਗ ਹੈ, ਇਸ ਦੇ ਬਹੁਤੇ ਸੁਪਨੇ ਖੋਖਲੇ ਹਨ। ਇਸ ਲਈ ਇਸ ਦੀ ਸਿਰਜੀ ਪੂੰਜੀ ਨੂੰ ਵੀ ਸਮਾਪਤ ਕਰਨਾ ਹੋਵੇਗਾ। ਗੁਰਬਾਣੀ ਵਿਚ 'ਪੂੰਜੀ' ਲੋਟੂ ਨਹੀਂ, ਸਗੋਂ ਦੈਵਿਤਾ ਅਤੇ ਸਿਰਜਣਤਾਮਕਤਾ ਨਾਲ ਸਰਸ਼ਾਰ ਹੈ। ਇਸ ਪੂੰਜੀ ਦੇ ਸੰਕਲਪ ਨੂੰ ਵਿਕਸਿਤ ਕਰਕੇ ਕੇਟਲ 'ਵਿਕਾਸਵਾਦੀ' ਜਾਂ ਨਫ਼ੇ ਨਾਲ ਜੁੜੀ ਪੂੰਜੀ ਦੇ ਬਦਲ ਦੇ ਰੂਪ ਵਿਚ ਸਥਾਪਿਤ ਕੀਤਾ ਜਾ ਸਕਦਾ ਹੈ। ਸਿੱਖ ਕ੍ਰਾਂਤੀ ਨੇ ਅਜਿਹੀ ਸੰਭਾਵਨਾ ਹੋਂਦ ਵਿਚ ਲਿਆਂਦੀ ਹੈ, ਇਹ ਸਮਝਣ ਅਤੇ ਸਮਝਾਉਣ ਦੀ ਲੋੜ ਹੈ।

ਮਹਾਰਾਜਾ ਰਣਜੀਤ ਸਿੰਘ ਕੋਈ ਦਾਰਸ਼ਨਿਕ ਨਹੀਂ ਸੀ। ਉਸ ਨੇ ਆਪਣੀ ਮੋਟੀ ਸਮਝ ਨਾਲ ਜੋ ਖਾਲਸਾ ਰਾਜ ਕਾਇਮ ਕੀਤਾ, ਉਹ ਸਿੱਖ ਕ੍ਰਾਂਤੀ ਨੂੰ ਕੁਝ ਹੀ ਅੱਗੇ ਲੈ ਕੇ ਗਿਆ। ਉਸ ਦਾ ਰਾਜ ਭਾਵੇਂ ਬਹੁ-ਧਰਮੀ, ਬਹੁ-ਸੱਭਿਆਚਾਰਕ ਅਤੇ ਮਨੁੱਖ ਹਿਤੈਸ਼ੀ ਸੀ ਪਰ ਦਾਰਸ਼ਨਿਕ ਲੀਡਰਸ਼ਿਪ ਨਾ ਹੋਣ ਕਾਰਨ ਉਹ ਆਪਣੇ ਪ੍ਰਬੰਧ ਵਿਚ ਸਾਰੀਆਂ ਜਾਗੀਰਦਾਰੀ ਸੰਸਥਾਵਾਂ ਨੂੰ ਤੋੜ ਨਾ ਸਕਿਆ। ਲੋੜ ਇਸ ਗੱਲ ਦੀ ਹੈ ਕਿ ਸਿੱਖ ਕ੍ਰਾਂਤੀ ਨੇ ਸਿਧਾਂਤਕ ਭੰਨ-ਤੋੜ ਕਰਕੇ ਅਤੇ ਕੁਝ ਨਵੇਂ ਅਭਿਆਸਾਂ ਰਾਹੀਂ ਜਿਨ੍ਹਾਂ ਅੰਦਰਲੀਆਂ ਬਸਤੀਵਾਦੀ ਪ੍ਰਕਿਰਿਆਵਾਂ ਨੂੰ ਠੱਲ੍ਹ ਪਾਉਣ ਦਾ ਯਤਨ ਕੀਤਾ ਸੀ, ਉਸ ਯਤਨ ਨੂੰ ਅੱਜ ਦੇ ਵਿਸ਼ਵ ਅਤੇ ਬਹੁ-ਸੱਭਿਅਚਾਰਕ ਪ੍ਰਸੰਗ ਵਿਚ ਪ੍ਰਾਸੰਗਿਕ ਵਿਆਖਿਆ ਦਿੱਤੀ ਜਾਵੇ। ਇਹ ਬਰਤਾਨਵੀ ਬਸਤੀਵਾਦ ਦੇ ਹਿੱਤ ਵਿਚ ਸੀ ਕਿ ਇਕ ਬਣ ਰਹੇ 'ਸਾਬਤ ਪੂੰਜੀ' ਦੇ ਸੰਕਲਪ ਨਾਲ ਜੁੜੇ ਸਿਧਾਂਤ ਅਤੇ ਅਭਿਆਸ ਨੂੰ ਸਮਾਪਤ ਕੀਤਾ ਜਾਂਦਾ। ਬਰਤਾਨਵੀ ਬਸਤੀਵਾਦ ਨੇ ਇਹ ਕੰਮ ਆਪਣੀ ਤਕਨਾਲੋਜੀ ਅਤੇ ਸਾਜ਼ਿਸ਼ ਨਾਲ ਸਿਰੇ ਚੜ੍ਹਾ ਲਿਆ ਪਰ ਬਣ ਰਹੇ ਬਦਲ ਨੂੰ ਵੀ ਰੋਕ ਦਿੱਤਾ।

ਹੁਣ ਬੌਧਿਕ ਦਿਆਨਤਦਾਰੀ ਅਤੇ ਮਨੁੱਖੀ ਹਿੱਤ ਦੀ ਇਹ ਮੰਗ ਹੈ ਕਿ ਸਿੱਖ ਕ੍ਰਾਂਤੀ ਦੀਆਂ ਸੰਭਾਵਨਾਵਾਂ ਨੂੰ ਵਿਸ਼ਵ ਵਿਰਸੇ ਦਾ ਹਿੱਸਾ ਬਣਾਇਆ ਜਾਵੇ। ਜਿੱਥੇ ਬਰਤਾਨਵੀ ਬਸਤੀਵਾਦ ਨੇ ਇਸ ਨੂੰ ਰੋਕ ਦਿੱਤਾ, ਉਸ ਨੁਕਤੇ ਤੋਂ ਅੱਗੇ ਤੋਰਿਆ ਜਾਵੇ। ਮਾਰਕਸ ਨੇ ਆਪਣੇ ਦੂਜੇ ਰੂਪ ਵਿਚ ਗੈਰ-ਪੱਛਮੀ ਅਭਿਆਸਾਂ ਦੀ ਜੋ ਸਾਰਥਿਕਤਾ ਲੱਭੀ ਹੈ, ਉਸ ਨੂੰ ਹੋਰ ਵਿਸਥਾਰ ਦਿੱਤਾ ਜਾਵੇ।

ਮਾਰਕਸ ਅਤੇ ਏਂਗਲਜ਼ ਨੇ ਆਪਣੀਆਂ ਲਿਖਤਾਂ ਵਿਚ ਆਇਰਲੈਂਡ ਦੀ ਸੁਤੰਤਰਤਾ ਲਹਿਰ ਨੂੰ ਕਾਫੀ ਮਹੱਤਵ ਦਿੱਤਾ ਹੈ। ਆਇਰਲੈਂਡ ਆਪਣੀ ਸੱਭਿਆਚਾਰਕ ਵਿਲੱਖਣਤਾ ਦੀ ਚੇਨਤਨਤਾ ਨਾਲ ਆਜ਼ਾਦੀ ਲਈ ਲੜਦਾ ਰਿਹਾ ਹੈ। ਕਵੀ ਯੇਟਸ ਨੇ ਇਹ ਵਿਲੱਖਣਤਾ ਕਾਫੀ ਉਭਾਰੀ ਰੱਖੀ ਹੈ। ਮਾਰਕਸ ਨੇ ਆਇਰਲੈਂਡ ਦੀ ਸੁਤੰਤਰਤਾ ਨੂੰ ਵੀ ਬਰਤਾਨਵੀ ਪੂੰਜੀਵਾਦ ਅਤੇ ਇਸ ਦੇ ਨਿਸ਼ੇਧਾਤਮਕ ਰੁਝਾਨਾਂ ਨੂੰ ਠੱਲ੍ਹ ਪਾਉਣ ਲਈ ਸਹਾਇਕ ਲਹਿਰ ਵਜੋਂ ਸਵੀਕਾਰ ਕੀਤਾ ਅਤੇ ਲਹਿਰ ਦੀ ਵੱਡੀ ਹਾਮਇਤ ਕੀਤੀ।

ਮੈਨੂੰ ਆਸ ਹੈ ਕਿ ਆਉਣ ਵਾਲੇ ਸਮੇਂ ਵਿਚ ਮਾਰਕਸ ਦੇ ਦੂਜੇ ਰੂਪ ਦੀ ਲੋਅ ਵਿਚ, ਪੰਜਾਬ ਦੇ ਵਿਆਖਿਆਕਾਰ ਸਿੱਖ ਕ੍ਰਾਂਤੀ ਰਾਹੀਂ ਬਣ ਰਹੇ ਬਦਲ ਦੀ ਮਨੁੱਖ ਹਿਤੈਸ਼ੀ ਦੀ ਪਰਮਾਣਿਕ ਵਿਆਖਿਆ ਕਰਨਗੇ। ਹੁਣ ਤਕ ਇਨ੍ਹਾਂ ਵਿਆਖਿਆਕਾਰਾਂ ਨੇ ਵਿਸ਼ੇਸ਼ ਕਰਕੇ 'ਪ੍ਰਗਤੀਸ਼ੀਲ' ਵਿਆਖਿਆਕਾਰਾਂ ਨੇ ਇਹ ਜ਼ਿੰਮੇਵਾਰੀ ਨਹੀਂ ਨਿਭਾਈ।

*ਸੰਪਰਕ: 0175-2282255

# ਹੁਸਨ ਤੇ ਕਲਾ ਦਾ ਸੰਗਮ ਨਰਗਿਸ

ਹਿੰਦੀ ਫਿਲਮਾਂ ਦੇ ਇਤਿਹਾਸ ਵਿਚ ਨਰਗਿਸ ਅਭਿਨੈ ਤੇ ਸੁੰਦਰਤਾ ਦਾ ਅਨੌਖਾ ਸੰਗਮ ਸੀ। ਰਾਜ ਕਪੂਰ ਨਾਲ ਉਸ ਦੀ ਜੋੜੀ ਉਸ ਸਮੇਂ ਦੀ ਸਭ ਤੋਂ ਵੱਧ ਰੋਮਾਂਟਿਕ ਤੇ ਲੋਕਪ੍ਰਿਯ ਜੋੜੀ ਸਿੱਧ ਹੋਈ। ਇਹ ਜੋੜੀ ਕਈ ਸਾਲਾਂ ਤੱਕ ਸੁਨਹਿਰੀ ਪਰਦੇ 'ਤੇ ਦਰਸ਼ਕਾਂ ਦੇ ਦਿਲਾਂ 'ਤੇ ਛਾਈ ਰਹੀ। ਫਿਲਮ 'ਬਰਸਾਤ' ਵਿਚ ਉਸ ਦੀ ਆਨ ਸਕਰੀਨ ਮੁਦਰਾ ਆਰ.ਕੇ. ਫਿਲਮਜ਼ ਦਾ ਪ੍ਰਤੀਕ ਬਣ ਗਈ ਸੀ। ਸੁੰਦਰਤਾ ਤੇ ਦਮਦਾਰ ਅਭਿਨੈ ਸਮਰਥਾ ਨੇ ਵੀ ਨਰਗਿਸ ਨੂੰ ਸਿਖਰ ਤੱਕ ਪਹੁੰਚਣ ਵਿਚ ਮਦਦ ਕੀਤੀ ਸੀ।

ਫਾਤਿਮਾ ਰਾਸ਼ਿਦ ਦੇ ਨਾਂ ਨਾਲ ਜਨਮੀ ਨਰਗਿਸ ਹੀਰੋਇਨ, ਗਾਇਕਾ, ਫਿਲਮ ਨਿਰਮਾਤਾ ਜੱਦਨਬਾਈ ਦੀ ਬੇਟੀ ਸੀ। ਉਸ ਨੇ ਸਿਰਫ ਪੰਜ ਸਾਲ ਦੀ ਉਮਰ ਤੋਂ ਨਰਗਿਸ ਨੂੰ ਬੇਬੀ ਨਰਗਿਸ ਦੇ ਨਾਂ ਨਾਲ ਫਿਲਮਾਂ ਵਿਚ ਦਾਖ਼ਲਾ ਕਰਵਾਇਆ। ਉਸ ਦਾ ਪਿਤਾ ਉਤਮ ਚੰਦ ਮੋਹਨ ਚੰਦ ਰਾਵਲਪਿੰਡੀ ਦਾ ਖੁਸ਼ਹਾਲ ਡਾਕਟਰ ਸਨ। ਉਸ ਦਾ ਇਕਲੌਤਾ ਭਰਾ ਅਨਵਰ ਹੁਸੈਨ ਵੀ ਹਿੰਦੀ ਫਿਲਮਾਂ ਦਾ ਪ੍ਰਸਿੱਧ ਕਲਾਕਾਰ ਸੀ।

ਉਸ ਦੀ ਪਹਿਲੀ ਫਿਲਮ 'ਤਲਾਸ਼-ਏ-ਹੱਕ' ਵਿਚ ਉਸ ਨੂੰ ਬੇਬੀ ਨਰਗਿਸ ਦੇ ਤੌਰ 'ਤੇ ਪੇਸ਼ ਕੀਤਾ ਗਿਆ। ਇਹ ਨਾਂ ਹੀ ਅੱਗੇ ਜਾ ਕੇ ਉਸ ਦਾ ਫਿਲਮੀ ਨਾਂ ਬਣ ਗਿਆ।

ਹੀਰੋਇਨ ਦੇ ਰੂਪ ਵਿਚ ਉਸ ਦੀ ਪਹਿਲੀ ਫਿਲਮ ਮੋਤੀ ਲਾਲ ਦੇ ਆਪੋਜ਼ਿਟ ਮਹਿਬੂਬ ਖਾਨ ਨਿਰਦੇਸ਼ਿਤ 'ਤਕਦੀਰ' (1943) ਸੀ ਪਰ ਉਸ ਨੂੰ ਅਸਲੀ ਪ੍ਰਸਿੱਧੀ ਰਾਜ ਕਪੂਰ ਦੀਆਂ ਫਿਲਮਾਂ ਤੋਂ ਹੀ ਮਿਲੀ ਜਿਨ੍ਹਾਂ ਵਿਚ 'ਬਰਸਾਤ', 'ਅੰਦਾਜ਼', 'ਆਵਾਰਾ', 'ਸ਼੍ਰੀ 420' ਤੇ 'ਅਨਹੋਨੀ' ਸ਼ਾਮਲ ਹਨ। ਉਸ ਨੇ ਦਲੀਪ ਕੁਮਾਰ ਦੇ ਆਪੋਜ਼ਿਟ ਵੀ ਕਈ ਫਿਲਮਾਂ ਕੀਤੀਆਂ।ਨਰਗਿਸ ਵੱਲੋਂ ਨਿਭਾਏ ਸਭ ਤੋਂ ਵੱਧ ਲੋਕਪ੍ਰਿਯ ਕਿਰਦਾਰਾਂ 'ਚੋਂ ਇਕ ਫਿਲਮ 'ਮਦਰ ਇੰਡੀਆ' (1957) ਦਾ ਕਿਰਦਾਰ ਸੀ। ਮਹਿਬੂਬ ਖਾਂ ਨਿਰਦੇਸ਼ਿਤ ਇਹ ਪਹਿਲੀ ਭਾਰਤੀ ਫਿਲਮ ਸੀ ਜਿਸ ਦੀ ਨਾਮਜ਼ਦਗੀ ਆਸਕਰ ਪੁਰਸਕਾਰ ਲਈ ਹੋਈ ਸੀ।


'ਮਦਰ ਇੰਡੀਆ' ਨਰਗਿਸ

**ਫਾਤਿਮਾ ਰਾਸ਼ਿਦ ਦੇ ਨਾਂ ਨਾਲ ਜਨਮੀ ਨਰਗਿਸ ਹੀਰੋਇਨ, ਗਾਇਕਾ, ਫਿਲਮ ਨਿਰਮਾਤਾ ਜੱਦਨਬਾਈ ਦੀ ਬੇਟੀ ਸੀ। ਉਸ ਨੇ ਸਿਰਫ ਪੰਜ ਸਾਲ ਦੀ ਉਮਰ ਤੋਂ ਨਰਗਿਸ ਨੂੰ ਬੇਬੀ ਨਰਗਿਸ ਦੇ ਨਾਂ ਨਾਲ ਫਿਲਮਾਂ ਵਿਚ ਦਾਖ਼ਲਾ ਕਰਵਾਇਆ। ਉਸ ਦਾ ਪਿਤਾ ਰਾਵਲਪਿੰਡੀ ਦਾ ਖੁਸ਼ਹਾਲ ਡਾਕਟਰ ਸੀ। ਉਸ ਦਾ ਇਕਲੌਤਾ ਭਰਾ ਅਨਵਰ ਹੁਸੈਨ ਵੀ ਹਿੰਦੀ ਫਿਲਮਾਂ ਦਾ ਪ੍ਰਸਿੱਧ ਕਲਾਕਾਰ ਸੀ।**

ਇਸ ਫਿਲਮ ਲਈ ਉਸ ਨੂੰ ਫਿਲਮ ਫੇਅਰ ਦਾ ਸਰਵਸ੍ਰੇਸ਼ਠ ਹੀਰੋਇਨ ਦਾ ਪੁਰਸਕਾਰ ਦਿੱਤਾ ਗਿਆ ਸੀ। 'ਮਦਰ ਇੰਡੀਆ' ਦੇ ਫਿਲਮਾਂਕਣ ਦੌਰਾਨ ਨਰਗਿਸ ਅਚਾਨਕ ਅੱਗ ਦਾ ਸ਼ਿਕਾਰ ਹੋ ਗਈ। ਉਸ ਨੂੰ ਅੱਗ ਦੀਆਂ ਲਪਟਾਂ ਤੋਂ ਸੁਨੀਲ ਦੱਤ ਨੇ ਬਚਾਇਆ ਸੀ ਜੋ ਇਸ ਫਿਲਮ ਵਿਚ ਉਸ ਦੇ ਬੇਟੇ ਦੀ ਭੂਮਿਕਾ ਵਿਚ ਸੀ। ਅੱਗੇ ਜਾ ਕੇ ਸੁਨੀਲ ਦੱਤ ਨਾਲ ਹੀ ਉਸ ਦਾ ਵਿਆਹ ਹੋਇਆ। ਵਿਆਹ ਤੋਂ ਬਾਅਦ ਨਰਗਿਸ ਨੇ ਫਿਲਮਾਂ ਵਿਚ ਕੰਮ ਘੱਟ ਤਾਂ ਕਰ ਦਿੱਤਾ ਪਰ ਛੱਡਿਆ ਨਹੀਂ।


ਜੁਗਲਬੰਦੀ: ਰਾਜ ਕਪੂਰ ਤੇ ਨਰਗਿਸ

ਸੰਨ 1967 ਵਿਚ ਫਿਲਮ 'ਰਾਤ ਔਰ ਦਿਨ' ਵਿਚ ਉਸ ਨੂੰ ਯਾਦਗਾਰ ਅਭਿਨੈ ਕਰਕੇ ਸਰਵਸ੍ਰੇਸ਼ਠ ਹੀਰੋਇਨ ਦਾ ਰਾਸ਼ਟਰੀ ਪੁਰਸਕਾਰ ਦਿੱਤਾ ਗਿਆ ਸੀ। ਇਹ ਪੁਰਸਕਾਰ ਪ੍ਰਾਪਤ ਕਰਨ ਵਾਲੀ ਉਹ ਪਹਿਲੀ ਭਾਰਤੀ ਹੀਰੋਇਨ ਸੀ। ਇਸ ਸ਼੍ਰੇਣੀ ਵਿਚ ਹੀ ਉਹ ਫਿਲਮ ਫੇਅਰ ਪੁਰਸਕਾਰ ਲਈ ਵੀ ਨਾਮਜ਼ਦ ਹੋਈ ਸੀ। ਭਾਰਤ ਸਰਕਾਰ ਵੱਲੋਂ ਉਸ ਨੂੰ ਪਦਮਸ਼੍ਰੀ ਨਾਲ ਵੀ ਨਿਵਾਜਿਆ ਗਿਆ ਸੀ ਤੇ ਇਹ ਸਨਮਾਨ ਪ੍ਰਾਪਤ ਕਰਨ ਵਾਲੀ ਵੀ ਉਹ ਪਹਿਲੀ ਭਾਰਤੀ ਹੀਰੋਇਨ ਸੀ। ਉਹ 'ਕਾਰਲੋਵੀ ਵੇਰੀ ਪੁਰਸਕਾਰ' ਜਿੱਤਣ ਵਾਲੀ ਪਹਿਲੀ ਭਾਰਤੀ ਹੀਰੋਇਨ ਸੀ।

ਸੁਨੀਲ ਦੱਤ ਨਾਲ ਸੁਖੀ ਵਿਆਹੁਤਾ ਜੀਵਨ ਦੌਰਾਨ ਉਸ ਦੇ ਤਿੰਨ ਸੰਤਾਨਾਂ ਹੋਈਆਂ-ਸੰਜੇ ਦੱਤ, ਨਮਰਤਾ ਦੱਤ ਤੇ ਪ੍ਰਿਯਾ ਦੱਤ। ਫਿਲਮਾਂ ਤੋਂ ਥੋੜ੍ਹਾ ਧਿਆਨ ਹਟਾ ਕੇ ਨਰਗਿਸ ਸਮਾਜ ਸੇਵਾ ਵਿਚ ਲੱਗ ਗਈ ਤੇ ਉਸ ਨੇ ਸੁਨੀਲ ਦੱਤ ਨਾਲ ਅਜੰਤਾ ਆਰਟਸ ਕਲਚਰਲ ਟਰੁੱਪ ਦੀ ਸਥਾਪਨਾ ਕੀਤੀ। ਇਸ ਟਰੁੱਪ ਵਿਚ ਪ੍ਰਮੁੱਖ ਭਾਰਤੀ ਫਿਲਮੀ ਸਿਤਾਰੇ ਸ਼ਾਮਲ ਸਨ ਜੋ ਦੂਰ ਦੇ ਖੇਤਰਾਂ ਵਿਚ ਤਾਇਨਾਤ ਫੌਜੀਆਂ ਦਾ ਮਨੋਰੰਜਨ ਕਰਦੇ ਸਨ।

ਅੱਗੇ ਜਾ ਕੇ ਨਰਗਿਸ ਨੇ 'ਸਪਾਸਟਿਕ' ਬੱਚਿਆਂ ਲਈ 'ਦਿ ਸਪਾਸਟਿਕਸ ਸੁਸਾਇਟੀ ਆਫ ਇੰਡੀਆ' ਨਾਂ ਦੇ ਸੰਗਠਨ ਦੀ ਸਥਾਪਨਾ ਕੀਤੀ।ਉਮਰ ਦੇ ਆਖਰੀ ਪੜਾਅ ਵਿਚ ਨਰਗਿਸ ਨੂੰ ਪੈਂਕ੍ਰਿਆਟਿਕ ਕੈਂਸਰ ਹੋ ਗਿਆ। ਨਿਊਯਾਰਕ ਵਿਚ ਇਲਾਜ ਕਰਾਉਣ ਉਪਰੰਤ ਭਾਰਤ ਆਉਣ 'ਤੇ ਉਸ ਦੀ ਹਾਲਤ ਹੋਰ ਵਿਗੜ ਗਈ ਤੇ ਉਸ ਨੂੰ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਉਥੇ 3 ਮਈ 1981 ਨੂੰ ਉਹ ਸਵਰਗਵਾਸ ਹੋ ਗਈ। ਆਪਣੇ ਆਖਰੀ ਸਮੇਂ ਵਿਚ ਉਹ ਰਾਜ ਸਭਾ ਦੀ ਮੈਂਬਰ ਵੀ ਰਹੀ ਸੀ। ਸੰਨ 1982 ਵਿਚ ਉਸ ਦੀ ਯਾਦ 'ਚ ਨਰਗਿਸ ਦੱਤ ਮੈਮੋਰੀਅਲ ਕੈਂਸਰ ਫਾਊਂਡੇਸ਼ਨ ਦੀ ਸਥਾਪਨਾ ਕੀਤੀ ਗਈ ਜੋ ਅੱਜ ਵੀ ਕੈਂਸਰ ਪੀੜਤਾਂ ਦੀ ਸੇਵਾ ਵਿਚ ਜੁਟੀ ਹੈ । ਉਸ ਦੇ ਸਨਮਾਨ ਵਿਚ ਰਾਸ਼ਟਰੀ ਫਿਲਮ ਪੁਰਸਕਾਰਾਂ



'ਚ ਰਾਸ਼ਟਰੀ ਏਕਤਾ ਉਪਰ ਬਣੀ ਸਰਵਸ੍ਰੇਸ਼ਠ ਫਿਲਮ ਲਈ 'ਨਰਗਿਸ ਦੱਤ ਐਵਾਰਡ' ਵੀ ਦਿੱਤਾ ਜਾਂਦਾ ਹੈ।

# 'ਦੇਸੀ ਬੁਆਇਜ਼' ਦਾ ਜਲਵਾ

ਹਿੱਟ ਫਿਲਮਾਂ ਦੇਣ ਵਾਲੇ ਕਾਮੇਡੀ ਕਿੰਗ ਡੇਵਿਡ ਧਵਨ ਦਾ ਬੇਟਾ ਰੋਹਿਤ ਧਵਨ ਹੀਰੋ ਹੀ ਨਹੀਂ ਸਗੋਂ ਨਿਰਦੇਸ਼ਕ ਬਣ ਗਿਆ ਹੈ ਤੇ ਉਹ ਵੀ ਅਕਸ਼ੈ ਕੁਮਾਰ ਤੇ ਜਾਨ ਅਬਰਾਹਿਮ ਵਰਗੇ ਅਹਿਮ ਕਲਾਕਾਰਾਂ ਨਾਲ। ਫਿਲਮ 'ਪਾਰਟਨਰ' ਤੇ 'ਮੈਨੇ ਪਿਆਰ ਕਿਉਂ ਕੀਆ' 'ਚ ਡੈਡੀ ਦਾ ਸਹਾਇਕ ਬਣ ਕੇ ਉਸ ਨੇ ਨਿਰਦੇਸ਼ਨ ਦੇ ਗੁਰ ਸਿੱਖੇ ਤੇ ਉਸ ਨੇ ਇਸ ਫਿਲਮ 'ਚ ਕੁਝ ਅਜਿਹੀਆਂ ਜੋੜੀਆਂ ਬਣਾਈਆਂ ਹਨ ਜਿਨ੍ਹਾਂ ਨੂੰ ਬੇਮੇਲ ਕਿਹਾ ਜਾ ਸਕਦਾ ਹੈ ਭਾਵ ਅਕਸ਼ੈ ਨਾਲ ਚਿਤਰਾਂਗਦਾ ਸਿੰਘ ਤੇ ਜਾਨ ਨਾਲ ਦੀਪਿਕਾ ਪਾਦੁਕੋਣ। ਸ਼ਾਇਦ ਦਰਸ਼ਕਾਂ ਨੂੰ ਇਹ ਅਟਪਟਾ ਲੱਗੇ ਪਰ ਉਸ ਨੇ ਇਹ ਰਿਸਕ ਜ਼ਰੂਰ ਲਿਆ ਹੈ। ਇਸ ਤੋਂ ਪਹਿਲਾਂ ਚਿਤਰਾਂਗਦਾ ਸਿੰਘ ਦਾ ਨਾਂ ਬੀ ਗ੍ਰੇਡ ਦੀ ਹੀਰੋਇਨ ਦੇ ਤੌਰ 'ਤੇ ਹੀ ਲਿਆ ਜਾਂਦਾ ਸੀ ਕਿਉਂਕਿ ਉਸ ਦੀਆਂ 'ਹਜ਼ਾਰੋਂ ਖਾਹਿਸ਼ੇਂ ਐਸੀ' ਤੋਂ ਲੈ ਕੇ 'ਸੌਰੀ ਭਾਈ' ਤਕ ਕੋਈ ਵੀ ਫਿਲਮ ਬਾਕਸ ਆਫਿਸ 'ਤੇ ਕਲਿਕ ਨਹੀਂ ਕਰ ਸਕੀ। ਇਹ ਗੱਲ ਚਰਚਾ 'ਚ ਹੈ ਕਿ ਉਸ ਨੇ ਆਪਣੀ ਐਕਟਿੰਗ ਨਾਲ ਪ੍ਰਭਾਵਿਤ ਕਰਨ ਦੇ ਹਰ ਸੰਭਵ ਯਤਨ ਕੀਤੇ ਹਨ ਤਾਂ ਹੀ ਉਸ ਨੂੰ ਇਹ ਫਿਲਮ ਮਿਲੀ ਹੈ ਜੋ ਉਸ ਨੂੰ ਅਗਾਂਹ ਤਕ ਲਿਜਾਣ 'ਚ ਸਹਾਇਕ ਸਿੱਧ ਹੋਵੇਗੀ। ਤਕਰੀਬਨ ਛੇ ਸਾਲਾਂ ਦੇ ਫਰਕ ਪਿੱਛੋਂ ਅਕਸ਼ੈ ਤੇ ਜਾਨ ਇਕੱਠੇ ਆ ਰਹੇ ਹਨ। ਇਸ ਤੋਂ ਪਹਿਲਾਂ ਉਹ ਹਿੱਟ ਫਿਲਮ 'ਗਰਮ ਮਸਾਲਾ' 'ਚ ਇਕੱਠੇ ਕੰਮ ਕਰ ਚੁੱਕੇ ਹਨ। ਲੰਬੇ ਸਮੇਂ ਤੋਂ ਅਕਸ਼ੈ ਕੁਮਾਰ ਦੀ ਵੀ ਕੋਈ ਫਿਲਮ ਬਾਕਸ ਆਫਿਸ 'ਤੇ ਧਮਾਲ ਨਹੀਂ ਮਚਾ ਸਕੀ। ਇਹ ਫਿਲਮ ਰੋਹਿਤ ਨੇ ਸੋਨਮ ਕਪੂਰ ਤੇ ਅਨੁਸ਼ਕਾ ਸ਼ਰਮਾ ਨੂੰ ਵੀ ਆਫਰ ਕੀਤੀ ਸੀ ਪਰ ਕਈ ਕਾਰਨਾਂ ਕਰਕੇ ਇਹ ਦੋਵੇਂ ਅਭਿਨੇਤਰੀਆਂ ਇਹ ਫਿਲਮ ਨਹੀਂ ਕਰ ਸਕੀਆਂ। ਇਸ ਫਿਲਮ ਦੀ ਕਹਾਣੀ ਸ਼ੁਰੂ ਹੁੰਦੀ ਹੈ ਸਾਲ 2009 ਤੋਂ ਜਦੋਂ ਚਾਰੇ ਪਾਸੇ ਆਰਥਿਕ ਮੰਦੀ ਛਾਈ ਹੋਈ ਸੀ। ਜ਼ਿਆਦਾਤਰ ਲੋਕ ਪ੍ਰੇਸ਼ਾਨ ਹਨ। ਨਿਕ ਮਾਥੁਰ (ਜਾਨ ਅਬਰਾਹਮ) ਜਿਸ ਨੂੰ ਰੋਕੋ ਦੇ ਨਾਂ ਨਾਲ ਤੇ ਜੇਰੀ ਪਟੇਲ (ਅਕਸ਼ੈ ਕੁਮਾਰ) ਜਿਸ ਨੂੰ ਲੋਕ ਪਿਆਰ ਨਾਲ ਹੰਟਰ ਵੀ ਕਹਿੰਦੇ ਹਨ, ਦੇ ਮੱਥੇ 'ਤੇ ਚਿੰਤਾ ਦੀ ਇਕ ਵੀ ਲਕੀਰ ਨਹੀਂ। ਨਿਊਯਾਰਕ ਸਥਿਤ ਆਪਣੇ ਪੈਡ 'ਚ ਉਹ ਆਰਾਮਦਾਇਕ ਜ਼ਿੰਦਗੀ ਦੇ ਮਜ਼ੇ ਲੁੱਟ ਰਹੇ ਹਨ। ਆਪਣੀ ਬੈਂਕਿੰਗ ਜੌਬ ਤੋਂ ਨਿਕ ਖੁਸ਼ ਹੈ। ਬੋਨਸ ਨਾਲ ਉਸ ਦੀ ਜੇਬ ਭਰੀ ਹੋਈ ਹੈ। ਖੂਬਸੂਰਤ ਮੰਗੇਤਰ ਰਾਧਿਕਾ ਅਵਸਥੀ (ਦੀਪਿਕਾ ਪਾਦੁਕੋਣ) ਉਸ ਦੀ ਬਗਲ 'ਚ ਹੈ। ਉਸ ਨੂੰ ਹੋਰ ਕੀ ਚਾਹੀਦੈ? ਉਥੇ ਦੂਜੇ ਪਾਸੇ ਜੇਰੀ ਆਪਣੇ ਖਾਸ ਦੋਸਤ ਨਿਕ ਦੇ ਭਰੋਸੇ 'ਤੇ ਹੈ। ਕਮਾਉਣ-ਖਾਣ ਦੀ ਕੋਈ ਚਿੰਤਾ ਨਹੀਂ ਹੈ ਪਰ ਜ਼ਿੰਦਗੀ ਹਮੇਸ਼ਾ ਇਕੋ ਜਿਹੀ ਕਿਥੇ ਰਹਿੰਦੀ ਹੈ। ਦੋਹਾਂ ਦੇ ਚਿਹਰੇ ਤੋਂ ਮੁਸਕਰਾਹਟ ਗਾਇਬ ਹੋ ਜਾਂਦੀ ਹੈ ਕਿਉਂਕਿ ਨਿਕ ਦੀ ਕੰਪਨੀ ਉਸ ਨੂੰ ਬਾਹਰ ਕੱਢ ਦਿੰਦੀ ਹੈ। ਨਿਕ ਤੇ ਜੇਰੀ ਆਰਥਿਕ ਮੁਸੀਬਤ ਨਾਲ ਘਿਰ ਜਾਂਦੇ ਹਨ। ਇਸ ਸਥਿਤੀ ਤੋਂ ਬਾਹਰ ਆਉਣ ਲਈ ਉਹ ਸਾਰੀਆਂ ਹੱਦਾਂ ਤੋੜ ਦਿੰਦੇ ਹਨ। ਮੁਸ਼ਕਲ ਸਮੇਂ 'ਚ ਉਨ੍ਹਾਂ ਦੀ ਹਰ ਥਾਂ ਪ੍ਰੀਖਿਆ ਹੁੰਦੀ ਹੈ, ਇਥੋਂ ਤਕ ਦੋਸਤੀ ਦੀ ਵੀ। ਦੇਸੀ ਬੁਆਇਜ਼ ਕਿਵੇਂ ਇਸ ਦਾ ਸਾਹਮਣਾ ਕਰਦੇ ਹਨ, ਇਹ ਫਿਲਮ 'ਚ ਕਾਮੇਡੀ ਨਾਲ ਦਿਖਾਇਆ ਗਿਆ ਹੈ। ਚਿਤਰਾਂਗਦਾ ਸਿੰਘ ਦੀ ਐਂਟਰੀ ਫਿਲਮਾਂ ਵਿਚ ਪੈਰੇਲਲ ਸਿਨੇਮਾ ਦੀ ਫਿਲਮ 'ਹਜ਼ਾਰੋਂ ਖਾਹਿਸ਼ੇਂ ਐਸੀ' ਨਾਲ ਹੋਈ ਸੀ ਪਰ ਚਿਤਰਾਂਗਦਾ ਪੈਰੇਲਲ ਤੇ ਕਮਰਸ਼ੀਅਲ ਦੋਹਾਂ ਹੀ ਤਰ੍ਹਾਂ ਦੀਆਂ ਫਿਲਮਾਂ ਪਸੰਦ ਕਰਦੀ ਹੈ। ਇਸ ਫਿਲਮ 'ਚ ਉਹ ਅਕਸ਼ੈ ਕੁਮਾਰ ਦੀ ਹੀਰੋਇਨ ਬਣ ਕੇ ਆ ਰਹੀ ਹੈ। ਇਕ ਤਰ੍ਹਾਂ ਨਾਲ ਕਮਰਸ਼ੀਅਲ ਸਿਨੇਮਾ 'ਚ ਉਸ ਲਈ ਅਕਸ਼ੈ ਨਾਲ ਕੰਮ ਕਰਨਾ ਜੰਪ ਵਾਂਗ ਹੀ ਹੈ। ਡੇਵਿਡ ਨੂੰ ਕਾਮੇਡੀ ਫਿਲਮਾਂ ਬਣਾਉਣ 'ਚ ਮੁਹਾਰਤ ਹਾਸਲ ਹੈ ਤੇ ਇਸ ਦਾ ਪ੍ਰਭਾਵ ਰੋਹਿਤ ਧਵਨ 'ਤੇ ਵੀ ਪਿਆ। ਉਸ ਨੇ ਵੀ ਕਾਮੇਡੀ ਫਿਲਮ ਬਣਾਈ। ਰੋਹਿਤ ਕਹਿੰਦੈ ਕਿ ਉਸ ਦੇ ਡੈਡੀ ਦੀਆਂ ਫਿਲਮਾਂ ਲਾਊਡ ਹੁੰਦੀਆਂ ਹਨ। ਉਹ ਕਦੇ ਵੀ ਸਕ੍ਰਿਪਟ 'ਚ ਤਬਦੀਲੀ ਕਰ ਦਿੰਦੇ ਹਨ। ਰੋਹਿਤ ਬਾਊਂਡ ਸਕ੍ਰਿਪਟ ਅਨੁਸਾਰ ਚੱਲਦਾ ਹੈ।





# ਕਲਕੀ ਦੀ ਕੜਕੀ

ਕਲਕੀ ਕੋਚਲਿਨ ਨੇ ਕਰੀਅਰ ਦੀ ਸ਼ੁਰੂਆਤ 'ਦੇਵ-ਡੀ' ਨਾਲ ਕੀਤੀ ਸੀ ਪਰ ਉਸ ਤੋਂ ਕਾਫੀ ਸਮੇਂ ਬਾਅਦ ਤਕ ਉਸ ਕੋਲ ਕਿਸੇ ਹੋਰ ਫਿਲਮ ਦੀ ਪੇਸ਼ਕਸ਼ ਨਹੀਂ ਆਈ। ਕਲਕੀ 'ਚ ਸਭ ਤੋਂ ਵੱਡੀ ਕਮੀ ਇਹ ਨਜ਼ਰ ਆਉਂਦੀ ਹੈ ਕਿ ਉਹ ਭਾਰਤੀ ਨਹੀਂ ਲੱਗਦੀ। ਉਸ ਦਾ ਰੰਗਰੂਪ ਆਮ ਭਾਰਤੀ ਅਭਿਨੇਤਰੀਆਂ ਨਾਲੋਂ ਬਿਲਕੁਲ ਵੱਖਰਾ ਹੈ ਤੇ ਇਸ ਦਾ ਉਸ ਨੂੰ ਨੁਕਸਾਨ ਵੀ ਹੋ ਰਿਹਾ ਹੈ।

ਦੂਜੀ ਗੱਲ ਕਰੀਅਰ ਦੀ ਸ਼ੁਰੂਆਤ 'ਚ ਹੀ ਉਸ ਨੇ ਨਿਰਦੇਸ਼ਕ ਅਨੁਰਾਗ ਕਸ਼ਯਪ ਨਾਲ ਵਿਆਹ ਕਰਕੇ ਆਪਣੇ ਕਰੀਅਰ 'ਚ ਠਹਿਰਾ ਪੈਦਾ ਕਰ ਲਿਆ ਪਰ ਅੱਜਕਲ੍ਹ ਉਸ ਦੇ ਕਰੀਅਰ ਨੇ ਫਿਰ ਰਫਤਾਰ ਫੜੀ ਹੈ। ਇਸ ਸਾਲ ਕਲਕੀ ਦੀਆਂ 'ਸ਼ੈਤਾਨ', 'ਜ਼ਿੰਦਗੀ ਨਾ ਮਿਲੇਗੀ ਦੋਬਾਰਾ', 'ਦੈਟ ਗਰਲ ਇਨ ਯੈਲੋ ਬੂਟਸ' ਤੇ 'ਮਾਈ ਫ੍ਰੈਂਡ ਪਿੰਟੋ' ਫਿਲਮਾਂ ਪ੍ਰਦਰਸ਼ਿਤ ਹੋ ਚੁੱਕੀਆਂ ਹਨ। 'ਸ਼ੰਘਾਈ' ਪ੍ਰਦਰਸ਼ਨ ਲਈ ਤਿਆਰ ਹੈ। ਕਲਕੀ ਦੀ ਹਿੰਦੀ 'ਚ ਕਾਫੀ ਸੁਧਾਰ ਦੇਖਿਆ ਜਾ ਰਿਹਾ ਹੈ। 'ਦੇਵ-ਡੀ' ਵਾਂਗ ਉਹ ਆਪਣੀਆਂ ਫਿਲਮਾਂ 'ਚ ਬੋਲਡ ਦ੍ਰਿਸ਼ ਵੀ ਦੇ ਰਹੀ ਹੈ। ਪਿਛਲੇ ਦੋ ਸਾਲਾਂ 'ਚ ਬਤੌਰ ਅਦਾਕਾਰਾ ਉਸ ਨੇ ਕਾਫੀ ਜ਼ਬਰਦਸਤ ਮਿਹਨਤ ਵੀ ਕੀਤੀ ਹੈ ਪਰ ਦਰਸ਼ਕ ਫਿਰ ਵੀ ਉਸ ਨੂੰ ਓਨਾ ਮਹੱਤਵ ਨਹੀਂ ਦੇ ਰਹੇ।

ਪਹਿਲਾਂ ਸਹਿਮੀ-ਸਹਿਮੀ ਕਲਕੀ ਨੇ ਹੁਣ ਆਪਣੇ ਕਿਰਦਾਰ ਨਾਲ ਪੂਰੀ ਤਰ੍ਹਾਂ ਜੁੜਨਾ ਸਿੱਖ ਲਿਆ ਹੈ ਤੇ ਉਹ ਆਫਬੀਟ ਫਿਲਮਾਂ ਤੋਂ ਹੁਣ ਮੇਨਸਟਰੀਮ ਫਿਲਮਾਂ 'ਚ ਆ ਕੇ ਧੁੰਮਾਂ ਪਾਉਣੀਆਂ ਚਾਹੁੰਦੀ ਹੈ। ਉਸ ਨੂੰ ਰੋਮਾਂਟਿਕ ਫਿਲਮਾਂ ਕਰਨੀਆਂ ਪਸੰਦ ਹਨ। ਉਹ ਰੋਣਧੋਣ ਵਾਲੇ ਕਿਰਦਾਰਾਂ ਦੀ ਬਜਾਏ 'ਗੋ ਲੱਕੀ ਐਂਡ ਬੀ ਹੈਪੀ' ਵਾਲੇ ਕਿਰਦਾਰ ਨਿਭਾਉਣਾ ਚਾਹੁੰਦੀ ਹੈ। ਹੁਣੇ ਜਿਹੇ ਉਸ ਨੇ ਪ੍ਰਤੀਕ ਬੱਬਰ ਨਾਲ ਇਕ ਕਮਰਸ਼ੀਅਲ ਫਿਲਮ ਵੀ ਸਾਈਨ ਕੀਤੀ ਹੈ।



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2200 minutes
$50 4500 minutes
$100 9500 minutes
✓ No Pin Needed
✓ No Connection Fee
✓ No Monthly Fee
USE FROM HOME OR CELL PHONE
LIMITED TIME OFFER.
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013




Vista CCTV TECHNOLOGY
A leader of worldwide CCTV surveillance
24X7 HIGH END SECURITY SOLUTIION
FOR
HOTELS, GAS STATIONS,
STORES, HOMES & ANY KIND OF BUSINESS
(14 YEARS EXPERIENCE IN CCTV BUSINESS)
2 years warranty
DIRECT ACCESS FROM SMART PHONE
We Install anywhere In USA
Buy Online
www.eZchase.com
Special Offers
4 Cameras with 4Ch DVR
Just @ $ 949.00 + TAX
INSTALLATION INCLUDED
Special Offer
Just @
$1799.00 + TAX
12 Cameras Installation $ 2499.00 + TAX
Call :- SUKHPAL@ 661-586-5080
Customer Services :- 1-800-235-1391
Email :- sales@ezchase.com




WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
STOP
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

# Golden State Realty

**Real Estate and Loans Under One Roof**

ਪਿਛਲੇ 24 ਸਾਲਾਂ ਤੋਂ ਬਿਜਨਸ ਵਿਚ ਦਿਤੇ ਭਰਪੂਰ ਸਹਿਯੋਗ ਲਈ ਸਮੂਚੇ ਭਾਈਚਾਰੇ ਦਾ ਬਹੁਤ ਬਹੁਤ ਧੰਨਵਾਦ

## Refinance Now

15 & 30 Yr Fixed Rates Are Getting Better!!!
5/1, 7/1 ARM are also attractive
Refinance Now At Zero Cost

**Call Sukhi Gill @ 510-207-9067**

CA DRE Lic.#01180969, NMLS# 352095

## Short Sale Specialist

**We can sell your house in short sale at no cost to you.**

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## Hot Listing




4172 Eugene St.
Fremont, CA 94538
3 Bedrooms, 2 Baths,
2 Car Garage
Living Area: 2225 Sq. Ft.
Lot 5500 Sq. Ft.
Offered at $329,000




847 Downing Cir.,
Lincoln, CA 95648
3 Bedrooms,
2.5 Baths,
2 Car Garage
Living Area: 2225 Sq. Ft.
Offered at $180,000



4611 Carmen Way
Union City, CA 94587
4 Bedrooms, 2.5 Baths,
2 Car Garage Living
Area: 2031 Sq. Ft.
Lot 6900 Sq. Ft.
Offered at $449,000



304 Pennyhill drive
San Jose, CA 95127
4 Bedrooms, 3 Baths,
2 Car Garage.
Area 1933 Sq. Ft.
Lot 4500 Sq. Ft
Offered at $450,000



1921 Delafield Way
Sacramento, CA 95835
4 Bedrooms, 3.5 Baths,
3 Car Garage
Area 2734 Sq. Ft.
Lot 6100 Sq. Ft.
Offered at $249,000

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



Jaswinder Gill M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings